Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

MOVING To INDIANA?
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Beenu Sikand
Legacy Homes Intl.
Broker Owner,
Realtor, CRS, MBA
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!

Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 11, March 13, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਸਿਆਸੀ ਜਮਾਤਾਂ ਵੱਲੋਂ ਕਿਸਾਨਾਂ ਦੀ ਥਾਂ ਚੋਣਾਂ ਨੂੰ ਪਹਿਲ

## ਕੈਪਟਨ ਨੇ ਬਜਟ ਵਿਚ ਛੋਟਾਂ ਦਾ ਛੱਟਾ ਦਿੱਤਾ; ਦੂਜੀਆਂ ਧਿਰਾਂ ਵੀ ਉਸੇ ਰਾਹ ਪਈਆਂ

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਵੱਡੇ ਪੱਧਰ ਉਤੇ ਘੋਲ ਲੜ ਰਹੇ ਹਨ ਪਰ ਕੈਪਟਨ ਸਰਕਾਰ ਦਾ ਆਖਰੀ ਬਜਟ ਚੁਣਾਵੀ ਬਜਟ ਹੋ ਨਿੱਬੜਿਆ ਹੈ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਬਜਟ ਉਤੇ ਪਹਿਲੀ ਝਾਤ ਤੋਂ ਹੀ ਸਾਫ ਹੋ ਜਾਂਦਾ ਹੈ ਕਿ ਕਾਂਗਰਸ ਨੇ ਉਹੀ ਚੁਸਤੀਆਂ-ਚਲਾਕੀਆਂ ਵਰਤਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਆਸਰੇ 2017 ਵਿਚ ਸੱਤਾ ਵਿਚ ਆਈ ਸੀ। ਚਰਚਾ ਹੈ ਕਿ ਇਸ ਬਜਟ ਦਾ ਸਾਰਾ ਤਾਣਾ-ਬਾਣਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਤਾਜ਼ਾ ਸਲਾਹਕਾਰ ਬਣੇ ਪ੍ਰਸ਼ਾਂਤ ਕਿਸ਼ੋਰ ਨੇ ਬੁਣਿਆ ਹੈ। ਪ੍ਰਸ਼ਾਂਤ ਕਿਸ਼ੋਰ ਉਹੀ ਸ਼ਖਸ ਹੈ ਜਿਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਫਤਿਹ ਲਈ ਰਣਨੀਤੀ ਤੈਅ ਕੀਤੀ ਸੀ। ਦੂਜੇ ਪਾਸੇ, ਸੂਬੇ ਦੀਆਂ ਹੋਰ ਸਿਆਸੀ ਪਾਰਟੀਆਂ ਵੀ ਆਪਣੀਆਂ ਨੀਤੀਆਂ-ਰਣਨੀਤੀਆਂ ਹੁਣ ਚੋਣਾਂ ਦੇ ਹਿਸਾਬ ਨਾਲ ਘੜਨ ਵਿਚ ਜੁਟ ਗਈਆਂ ਹਨ। ਇਹੀ ਹਾਲ ਕੇਂਦਰ ਵਿਚ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦਾ ਹੈ।

ਚੋਣਾਂ ਵਿਚ ਲੋਕਾਂ ਨੂੰ ਵਾਅਦਿਆਂ ਦੇ ਅਜਿਹੇ ਸਬਜ਼ਬਾਗ ਦਿਖਾਏ ਗਏ ਜਿਨ੍ਹਾਂ ਨੇ ਕੈਪਟਨ ਦੀ ਜਿੱਤ ਯਕੀਨੀ ਬਣਾ ਦਿੱਤੀ ਪਰ ਇਨ੍ਹਾਂ ਵਾਅਦਿਆਂ ਨੂੰ ਸਿਰੇ ਚਾੜ੍ਹਨ ਲਈ ਪਿਛਲੇ 4 ਸਾਲਾਂ ਤੋਂ ਨਾ ਕੋਈ ਨੀਤੀ ਬਣਾਈ ਗਈ ਅਤੇ ਨਾ ਹੀ ਕੋਈ ਨੀਅਤ ਦਿਸੀ। ਹੁਣ ਸੱਤਾ ਦੇ ਆਖਰੀ ਬਜਟ ਵਿਚ ਕੁਝ ਐਲਾਨਾਂ ਨਾਲ ਕੈਪਟਨ ਸਰਕਾਰ ਨੇ ਸਾਫ ਕਰ ਦਿੱਤਾ ਹੈ ਕਿ ਇਕ ਸਾਲ ਦੀ ਬੱਚੀ ਸੱਤਾ ਵਿਚ ਪਿਛਲੇ 4 ਸਾਲਾਂ ਦੇ ਉਲਾਂਭੇ ਲਾਹ ਕੇ 2022 ਲਈ ਪਿੜ ਤਿਆਰ ਕਰਨ ਦੀ ਕੋਸ਼ਿਸ਼ ਹੋਵੇਗੀ। ਇਸ ਸਮੇਂ ਪੰਜਾਬ ਵੱਡੇ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ ਪਰ ਸਰਕਾਰ ਨੇ ਵਿੱਤੀ ਸਾਧਨਾਂ ਦੀ ਮਜ਼ਬੂਤੀ ਬਾਰੇ ਕੋਈ ਰਣਨੀਤੀ ਦੱਸਣ ਦੀ ਥਾਂ ਕੁਝ ਲੋਕ ਲਭਾਊ ਐਲਾਨ ਕਰ ਕੇ ਅਗਲਾ ਨਿਸ਼ਾਨਾ ਸਿਰਫ ਮੁੜ ਸੱਤਾ ਪ੍ਰਾਪਤੀ ਵੱਲ ਲਾਇਆ ਹੈ।

ਸਰਕਾਰੀ ਬੱਸਾਂ ਵਿਚ ਔਰਤਾਂ ਨੂੰ ਮੁਫਤ ਸਫਰ, ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਾ ਪੈਨਸ਼ਨ ਦੁੱਗਣੀ ਕਰ ਕੇ 1500 ਰੁਪਏ ਮਹੀਨਾ ਕਰਨ, ਆਸ਼ੀਰਵਾਦ ਸਕੀਮ 51 ਹਜ਼ਾਰ ਰੁਪਏ ਕਰਨ, ਸਰਕਾਰੀ ਮੁਲਾਜ਼ਮਾਂ ਲਈ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ 9 ਹਜ਼ਾਰ ਕਰੋੜ ਰੁਪਏ ਰੱਖਣਾ ਆਦਿ ਅਜਿਹੇ ਹੀ ਐਲਾਨ ਹਨ। ਵਿੱਤ ਮੰਤਰੀ ਨੇ 2.73 ਲੱਖ ਕਰੋੜ ਦੇ ਕਰਜ਼ੇ ਦੇ ਵਿਆਜ ਵਾਪਸੀ ਲਈ ਹੋਰ 25 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਲੋੜ ਦੇ ਜਵਾਬ ਵਿਚ ਸੂਬੇ ਦੇ ਕੁੱਲ ਘਰੇਲੂ ਉਤਪਾਦਨ ਵਧਾਉਣ ਉਤੇ ਜ਼ੋਰ ਦਿੱਤਾ ਪਰ ਇਸ ਨੂੰ ਵਧਾਉਣ ਬਾਰੇ ਕੋਈ ਪੁਖਤਾ ਖਾਕਾ ਨਹੀਂ ਹੈ।

ਬਜਟ ਵਿਚ ਬਜ਼ੁਰਗਾਂ ਦੀ ਮਾਸਿਕ ਪੈਨਸ਼ਨ 750 ਰੁਪਏ ਤੋਂ ਵਧਾ ਕੇ 1500 ਰੁਪਏ ਕਰਨ, ਲੜਕੀਆਂ ਨੂੰ ਵਿਆਹ ਸਮੇਂ ਦਿੱਤੀ ਜਾਣ ਵਾਲੀ ਸਹਾਇਤਾ ਦੀ ਰਾਸ਼ੀ 21 ਹਜ਼ਾਰ ਰੁਪਏ ਤੋਂ ਵਧਾ ਕੇ 51 ਹਜ਼ਾਰ ਰੁਪਏ ਅਤੇ ਵਿਦਿਆਰਥੀਆਂ ਨੂੰ ਸਮਾਰਟ ਫੋਨ ਦੇਣ ਦੇ ਐਲਾਨ, ਉਹ ਵਾਅਦੇ ਹਨ ਜਿਹੜੇ ਕੈਪਟਨ ਸਰਕਾਰ ਦੇ ਚੋਣ ਮੈਨੀਫੈਸਟੋ ਵਿਚ ਸਭ ਤੋਂ ਉਪਰ ਸਨ ਤੇ ਸੱਤਾ ਮਿਲਦਿਆਂ ਹੀ ਇਨ੍ਹਾਂ ਨੂੰ ਪੂਰਾ ਕਰਨ ਦਾ ਵਾਅਦਾ ਸੀ। ਸੱਤਾ ਦੇ ਆਖਰੀ ਬਜਟ ਵਿਚ ਕੈਪਟਨ ਸਰਕਾਰ ਇਨ੍ਹਾਂ ਨੂੰ ਪੂਰਾ ਕਰ ਕੇ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਨ ਦੀ ਕੋਸ਼ਿਸ਼ ਕਰੇਗੀ। ਘਰ-ਘਰ ਨੌਕਰੀ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਕਾਂਗਰਸ ਨੇ ਆਪਣੇ ਆਖਰੀ ਸਾਲ ਸਰਕਾਰੀ ਖੇਤਰ ਵਿਚ 48000 ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਰਾਜ ਰੁਜ਼ਗਾਰ ਯੋਜਨਾ ਤਹਿਤ 48,989 ਅਸਾਮੀਆਂ ਭਰੀਆਂ ਜਾਣਗੀਆਂ ਜਦੋਂ ਕਿ ਬੇਕਾਰੀ ਭੱਤੇ ਲਈ ਬਜਟ ਵਿਚ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ।

ਵਿੱਤ ਮੰਤਰੀ ਨੇ ਸਦਨ ਵਿਚ 8622.31 ਕਰੋੜ ਰੁਪਏ ਦੇ ਮਾਲੀ ਘਾਟੇ ਵਾਲਾ ਬਜਟ ਪੇਸ਼ ਕੀਤਾ। ਵਿੱਤੀ ਵਰ੍ਹੇ 2021-22 ਲਈ


(ਬਾਕੀ ਸਫਾ 6 ਉਤੇ)

### ਬਜਟ ਦਾ ਸਾਰ-ਤੱਤ

ਬਜਟ ਸਾਰ ਵਿਚ ਦੱਸਿਆ ਗਿਆ ਕਿ ਸੈਕਟਰ ਵਾਰ ਯੋਜਨਾ ਉਪਬੰਦ ਵਿਚ ਸਭ ਤੋਂ ਵੱਧ 62 ਪ੍ਰਤੀਸ਼ਤ ਪੈਸਾ ਸਮਾਜਿਕ ਸੇਵਾਵਾਂ ਲਈ ਰੱਖਿਆ ਹੈ, ਜਦੋਂ ਕਿ ਖੇਤੀਬਾੜੀ ਅਤੇ ਸਬੰਧਤ ਸੇਵਾਵਾਂ ਲਈ 15.13 ਪ੍ਰਤੀਸ਼ਤ, ਦਿਹਾਤੀ ਵਿਕਾਸ ਲਈ 6.98 ਪ੍ਰਤੀਸ਼ਤ, ਸਿੰਜਾਈ ਅਤੇ ਹੜ੍ਹ ਕੰਟਰੋਲ ਲਈ 5.08, ਟਰਾਂਸਪੋਰਟ ਲਈ 5.48, ਸਾਇੰਸ ਟੈਕਨਾਲੋਜੀ ਅਤੇ ਵਾਤਾਵਰਨ ਲਈ 1.33 ਪ੍ਰਤੀਸ਼ਤ, ਉਦਯੋਗ ਅਤੇ ਖਣਿਜ ਲਈ 0.46, ਆਮ ਆਰਥਿਕ ਸੇਵਾਵਾਂ ਲਈ 1.77 ਅਤੇ ਪਾਵਰ ਲਈ 0.62 ਪ੍ਰਤੀਸ਼ਤ ਬਜਟ ਦਾ ਹਿੱਸਾ ਰੱਖਿਆ ਗਿਆ ਹੈ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਸੂਬੇ ਦਾ ਕੁੱਲ ਖਰਚੇ ਦਾ 23 ਫੀਸਦੀ ਹਿੱਸਾ ਤਨਖਾਹਾਂ ਅਤੇ ਉਜਰਤਾਂ ਵਿਚ ਜਾਂਦਾ ਹੈ, ਜਦੋਂ ਕਿ 16 ਪ੍ਰਤੀਸ਼ਤ ਕੁੱਲ ਖਰਚੇ ਦਾ ਹਿੱਸਾ ਵਿਆਜ ਦੀਆਂ ਅਦਾਇਗੀਆਂ ਵਿਚ ਜਾਂਦਾ ਹੈ।

## ਕਿਸਾਨੀ ਕਰਜ਼ੇ ਬਾਰੇ ਦਾਅਵੇ ਖੋਖਲੇ!

**ਚੰਡੀਗੜ੍ਹ:** ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਸੂਬੇ ਦਾ ਬਜਟ ਸਮਰਪਿਤ ਕਰਨ ਦੀ ਕੋਸ਼ਿਸ਼ ਵਜੋਂ ਕਿਸਾਨਾਂ ਦੀ ਭਲਾਈ ਲਈ 17051 ਕਰੋੜ ਰੁਪਏ ਦਾ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਹੈ। ਕਿਸਾਨਾਂ ਸਿਰ ਚੜ੍ਹਿਆ ਇਕ ਲੱਖ ਕਰੋੜ ਰੁਪਏ ਦੇ ਕਰਜ਼ੇ ਦੀ ਮੁਆਫੀ ਲਈ 9800 ਕਰੋੜ ਰੱਖੇ ਗਏ ਜੋ ਕੁੱਲ ਕਰਜ਼ੇ ਦਾ 10 ਫੀਸਦ ਬਣਦਾ ਹੈ। ਪਿਛਲੇ ਸਾਲ ਕਰਜ਼ਾ ਮੁਆਫ ਕਰਨ ਲਈ 2000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਹੁਣ ਘਟ ਕੇ 1186 ਕਰੋੜ ਰੁਪਏ ਰਹਿ ਗਿਆ ਹੈ। ਸਰਕਾਰ ਨੇ ਇਸ ਐਲਾਨ ਨੇ ਸਾਫ ਕਰ ਦਿੱਤਾ ਹੈ ਕਿ ਉਹ ਕਿਸਾਨਾਂ ਦੇ ਪੂਰੇ ਕਰਜ਼ੇ ਉਤੇ ਲੀਕ ਮਾਰਨ ਵਾਲੇ ਵਾਅਦੇ ਤੋਂ ਭੱਜ ਗਈ ਹੈ। ਸਰਕਾਰ ਨੇ ਗੈਰ ਜਥੇਬੰਦਕ (ਪ੍ਰਾਈਵੇਟ) ਅਦਾਰਿਆਂ ਦੇ ਕਰਜ਼ੇ ਬਾਰੇ ਹੁਣ ਘੇਸਲ ਹੀ ਮਾਰ ਲਈ ਹੈ। ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਲਈ ਰਾਹਤ ਰਾਸ਼ੀ ਬਾਰੇ ਵਿੱਤ ਮੰਤਰੀ ਖਾਮੋਸ਼ ਰਹੇ।



2017 ਵਿਚ ਕਾਂਗਰਸ ਦੀ ਅਗਵਾਈ ਵਾਲੀ ਇਹ ਸਰਕਾਰ ਆਪਣੇ ਚੋਣ ਮੈਨੀਫੈਸਟੋ ਵਿਚ ਕਿਸਾਨਾਂ ਨਾਲ 'ਕਰਜ਼ਾ ਕੁਰਕੀ ਖਤਮ-ਫਸਲਾਂ ਦੀ ਪੂਰੀ ਰਕਮ' ਦੇ ਨਾਅਰੇ ਹੇਠ ਸੱਤਾ 'ਚ ਆਈ ਸੀ ਪਰ ਚੋਣਾਂ ਜਿੱਤਦਿਆਂ ਹੀ ਕਾਂਗਰਸ ਸਰਕਾਰ ਨੇ ਵਾਅਦੇ ਤੋਂ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ। ਸਰਕਾਰ ਦੀ ਸੂਈ ਤਿਲਕ ਕੇ ਪੰਜ ਏਕੜ

(ਬਾਕੀ ਸਫਾ 6 ਉਤੇ)

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਕਿਸਾਨਾਂ ਨੇ ਏਕੇ ਅਤੇ ਹੌਸਲੇ ਨਾਲ ਸਿਖਰਾਂ ਉਤੇ ਪਹੁੰਚਾਇਆ ਸੰਘਰਸ਼

**ਨਵੀਂ ਦਿੱਲੀ:** ਤਿੰਨਾਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਦੇ ਦਿੱਲੀ ਵਿਚ ਲੱਗੇ ਮੋਰਚਿਆਂ ਦੇ 100 ਦਿਨ ਪੂਰੇ ਹੋ ਗਏ ਹਨ ਤੇ ਇਸ ਵਕਫੇ ਦੌਰਾਨ ਮੋਰਚੇ ਦੇ ਕਈ ਰੰਗ ਨਜ਼ਰ ਆਏ ਹਨ। 'ਦਿੱਲੀ ਚੱਲੋ' ਮੁਹਿੰਮ ਤੋਂ ਸ਼ੁਰੂ ਹੋਏ ਇਸ ਕਿਸਾਨੀ ਘੋਲ ਦੌਰਾਨ ਜਿਥੇ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਕਿਸਾਨਾਂ ਦਰਮਿਆਨ ਸਾਂਝ ਵਧੀ ਉਥੇ ਹੀ ਕੌਮੀ ਪੱਧਰ ਉਤੇ ਵੀ ਕਿਸਾਨਾਂ ਦੇ ਮੁੱਦੇ ਚਰਚਾ ਦਾ ਕੇਂਦਰ ਬਣੇ ਹਨ।

ਇਸ ਅੰਦੋਲਨ ਦੀ ਕੌਮਾਂਤਰੀ ਪੱਧਰ ਤੱਕ ਚਰਚਾ ਹੋ ਚੁੱਕੀ ਹੈ। 26 ਜਨਵਰੀ ਦੀਆਂ ਮੰਦਭਾਗੀਆਂ ਘਟਨਾਵਾਂ ਨੂੰ ਛੱਡ ਕੇ ਇਸ ਅੰਦੋਲਨ ਦੌਰਾਨ ਕਿਸਾਨਾਂ ਨੇ ਏਕੇ, ਸੰਜਮ, ਦ੍ਰਿੜ੍ਹਤਾ ਤੇ ਹੌਸਲੇ ਨਾਲ ਮੌਸਮ ਦੀ ਮਾਰ ਤੋਂ ਲੈ ਕੇ ਪੁਲਿਸ ਦੀ ਮਾਰ ਵੀ ਸਹੀ ਹੈ। 25 ਨਵੰਬਰ 2020 ਨੂੰ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਤੋਂ ਕਿਸਾਨਾਂ ਨੇ ਦਿੱਲੀ ਕੂਚ ਕੀਤਾ ਤੇ ਹਰਿਆਣਾ ਸਰਕਾਰ ਦੀਆਂ ਰੁਕਾਵਟਾਂ ਪਾਰ ਕਰਦੇ ਹੋਏ 26 ਨਵੰਬਰ ਨੂੰ ਸਿੰਘੂ ਬਾਰਡਰ ਪੁੱਜੇ ਜਿਥੇ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਰੋਕ ਦਿੱਤਾ। ਫਿਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਬੁਰਾੜੀ ਦੇ ਮੈਦਾਨ ਵਿਚ ਜਾਣ ਦਾ ਸੱਦਾ ਦਿੱਤਾ ਤੇ ਗੱਲਬਾਤ ਦੀ ਪੇਸ਼ਕਸ਼ ਵੀ ਕੀਤੀ। ਜਦਕਿ ਕਿਸਾਨ ਜੰਤਰ-ਮੰਤਰ



ਜਾਣਾ ਚਾਹੁੰਦੇ ਸਨ। 3 ਦਸੰਬਰ 2020 ਨੂੰ ਕਿਸਾਨ ਆਗੂਆਂ ਨਾਲ ਕੇਂਦਰ ਸਰਕਾਰ ਦੇ ਤਿੰਨ ਮੰਤਰੀਆਂ ਵੱਲੋਂ ਗੱਲਬਾਤ ਸ਼ੁਰੂ ਕੀਤੀ ਗਈ ਤੇ 11 ਬੈਠਕਾਂ ਹੋਣ ਦੇ ਬਾਵਜੂਦ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗੀ।

ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ (ਭਾਨੂੰ) ਵੱਲੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਤੇ ਸੁਪਰੀਮ ਕੋਰਟ ਨੇ ਚਾਰ ਮੈਂਬਰੀ ਕਮੇਟੀ ਬਣਾਈ। 26 ਜਨਵਰੀ ਨੂੰ ਲਾਲ ਕਿਲ੍ਹੇ ਤੇ ਆਈ.ਟੀ.ਓ. ਵਿਖੇ ਵਾਪਰੀਆਂ ਹਿੰਸਕ ਘਟਨਾਵਾਂ ਕਾਰਨ ਅੰਦੋਲਨ ਨੂੰ ਢਾਹ ਲੱਗੀ ਪਰ ਛੇਤੀ ਹੀ ਕਿਸਾਨ ਆਗੂਆਂ ਦੀ ਮਿਹਨਤ ਨਾਲ ਅੰਦੋਲਨ ਅੱਗੇ ਵਧਿਆ। ਦਿੱਲੀ ਪੁਲਿਸ ਵੱਲੋਂ ਇਨ੍ਹਾਂ ਘਟਨਾਵਾਂ ਲਈ ਸਵਾ ਸੌ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ 40 ਤੋਂ ਵੱਧ ਮੁਕੱਦਮੇ ਦਿੱਲੀ ਦੇ ਵੱਖ-ਵੱਖ ਥਾਣਿਆਂ ਵਿਚ ਦਰਜ ਕੀਤੇ ਗਏ। ਪਰ ਉਹ ਕਿਸਾਨਾਂ ਦੇ ਹੌਸਲੇ ਨਾ ਡੇਗ ਸਕੇ। ਮੁੱਖ ਧਰਨਿਆਂ ਵਿਚ ਨੌਜਵਾਨਾਂ, ਔਰਤਾਂ ਨੇ ਭਰਵੀਂ ਸ਼ਿਰਕਤ ਕੀਤੀ ਤੇ ਕਿਸਾਨਾਂ ਨੇ ਕੜਾਕੇ ਦੀ ਠੰਢ ਵੀ ਝੱਲੀ। ਅੰਦੋਲਨ ਨੂੰ ਕਈ ਨਾਵਾਂ ਨਾਲ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕਿਸਾਨਾਂ ਨੇ ਨਾਕਾਮ ਕਰ ਦਿੱਤੀ।

## ਸਰਕਾਰ ਖੇਤੀ ਕਾਨੂੰਨਾਂ 'ਚ ਸੋਧ ਲਈ ਤਿਆਰ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਸੰਘਰਸ਼ਸ਼ੀਲ ਕਿਸਾਨਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਚ ਸੋਧ ਕਰਨ ਲਈ ਤਿਆਰ ਹੈ। ਉਨ੍ਹਾਂ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਖੇਤੀ ਅਰਥਵਿਵਸਥਾ ਦੇ ਮੁੱਦੇ 'ਤੇ ਸਿਆਸਤ ਕਰਕੇ ਕਿਸਾਨਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਇਥੇ ਖੇਤੀ ਬਾਰੇ ਕਰਵਾਏ 5ਵੇਂ ਕੌਮੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ ਕਿਸਾਨ ਯੂਨੀਅਨਾਂ ਨਾਲ 11 ਗੇੜ ਦੀ ਗੱਲਬਾਤ ਕਰ ਚੁੱਕੀ ਹੈ ਅਤੇ ਇਨ੍ਹਾਂ ਕਾਨੂੰਨਾਂ ਵਿਚ ਸੋਧ ਦੀ ਵੀ ਪੇਸ਼ਕਸ਼ ਕੀਤੀ ਗਈ ਹੈ। ਤੋਮਰ ਨੇ ਕਿਹਾ ਕਿ ਸਰਕਾਰ ਨੇ ਖੇਤੀ ਖੇਤਰ ਵਿਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਤਿੰਨ ਕਾਨੂੰਨ ਪਾਸ ਕੀਤੇ ਹਨ ਅਤੇ ਕਿਸਾਨਾਂ ਨੂੰ ਕਿਤੇ ਵੀ ਆਪਣੀ ਮਨਮਰਜ਼ੀ ਦੀ ਕੀਮਤ 'ਤੇ ਫਸਲ ਵੇਚਣ ਦੀ ਆਜ਼ਾਦੀ ਦਿੱਤੀ ਗਈ ਹੈ।

## 'ਭਾਜਪਾ ਦੇ ਹੰਕਾਰ ਦੇ ਸੌ ਦਿਨ ਲੋਕਤੰਤਰ ਲਈ ਕਾਲਾ ਸਫਾ'

ਨਵੀਂ ਦਿੱਲੀ: ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਅੰਦੋਲਨ ਦੇ 100 ਦਿਨ ਮੁਕੰਮਲ ਹੋਣ 'ਤੇ ਕਾਂਗਰਸ ਨੇ ਕਿਹਾ ਕਿ ਇਸ ਸਮੇਂ ਦੌਰਾਨ ਅੰਦੋਲਨਕਾਰੀਆਂ ਪ੍ਰਤੀ ਅਪਣਾਇਆ ਗਿਆ ਵਤੀਰਾ ਮੁਲਕ ਦੇ ਲੋਕਤੰਤਰ ਲਈ 'ਕਾਲਾ ਅਧਿਆਏ' ਹੈ। ਉਨ੍ਹਾਂ ਇਨ੍ਹਾਂ 100 ਦਿਨਾਂ ਨੂੰ ਹੁਕਮਰਾਨ ਭਾਜਪਾ ਦਾ ਹੰਕਾਰ ਵੀ ਕਰਾਰ ਦਿੱਤਾ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਕੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਉਨ੍ਹਾਂ ਕਿਸਾਨਾਂ ਲਈ ਕਿੱਲਾਂ ਗੱਡੀਆਂ ਜਿਨ੍ਹਾਂ ਦੇ ਪੁੱਤ ਮੁਲਕ ਦੀਆਂ ਸਰਹੱਦਾਂ 'ਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। 'ਅੰਨਦਾਤੇ ਆਪਣੇ ਹੱਕਾਂ ਦੀ ਮੰਗ ਰਹੇ ਹਨ ਅਤੇ ਸਰਕਾਰ ਉਨ੍ਹਾਂ 'ਤੇ ਵਧੀਕੀਆਂ ਕਰ ਰਹੀ ਹੈ।'

# ਪੰਜਾਬ ਵਿਧਾਨ ਸਭਾ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਬਜਟ ਇਜਲਾਸ ਦੌਰਾਨ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਉਂਜ ਮਤਾ ਪਾਸ ਕਰਨ ਤੋਂ ਪਹਿਲਾਂ ਹੀ ਅਕਾਲੀ ਦਲ ਦੇ ਵਿਧਾਇਕਾਂ ਦੀ ਸਪੀਕਰ ਵੱਲੋਂ ਮੁਅੱਤਲੀ ਹੋ ਚੁੱਕੀ ਸੀ ਜਦੋਂਕਿ 'ਆਪ' ਮੈਂਬਰ ਵੋਟਿੰਗ ਤੋਂ ਪਹਿਲਾਂ ਹੀ ਵਾਕਆਊਟ ਕਰ ਚੁੱਕੇ ਸਨ।

ਵਿਧਾਨ ਸਭਾ ਵਿਚ ਹਾਲਾਂਕਿ ਪਹਿਲਾਂ ਵੀ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ ਹੋ ਚੁੱਕਾ ਹੈ, ਪਰ ਮੁੜ ਵਿਧਾਨ ਸਭਾ ਨੇ ਇਹ ਮਤਾ ਪਾਸ ਕੀਤਾ ਹੈ। ਲੋਕ ਇਨਸਾਫ ਪਾਰਟੀ ਅਤੇ 'ਆਪ' ਦੇ ਬਾਗੀ ਵਿਧਾਇਕਾਂ ਨੇ ਵੀ ਸਦਨ 'ਚ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਪੇਸ਼ ਮਤੇ ਦੀ ਹਮਾਇਤ ਕੀਤੀ। ਮੁੱਖ ਮੰਤਰੀ ਨੇ ਕੇਂਦਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਲਿਆਉਂਦਿਆਂ ਵਿਧਾਨ ਸਭਾ ਵਿਚ ਐਲਾਨ ਕੀਤਾ ਕਿ ਇਨ੍ਹਾਂ ਕਾਨੂੰਨਾਂ ਨੂੰ ਨਾ ਤਾਂ ਮਨਜ਼ੂਰ ਕੀਤਾ ਜਾ ਸਕਦਾ ਤੇ ਨਾ ਹੀ ਇਨ੍ਹਾਂ ਨੂੰ ਜਿਉਂ ਦਾ ਤਿਉਂ ਰੱਖਿਆ ਜਾ ਸਕਦਾ ਹੈ, ਕਿਉਂਕਿ ਇਹ ਨਾ ਸਿਰਫ ਸਹਿਕਾਰੀ ਸੰਘਵਾਦ ਦੇ ਸਿਧਾਂਤਾਂ ਖਿਲਾਫ ਹਨ ਸਗੋਂ ਇਨ੍ਹਾਂ ਦਾ ਉਦੇਸ਼ ਸਪਸ਼ਟ ਤੌਰ 'ਤੇ ਨਿਰਾਰਥਕ ਹੈ।

ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅੰਦੋਲਨਕਾਰੀ ਕਿਸਾਨਾਂ ਖਿਲਾਫ ਦਰਜ ਸਾਰੇ ਕੇਸਾਂ ਅਤੇ ਨੋਟਿਸਾਂ ਨੂੰ ਵਾਪਸ ਕੀਤਾ ਜਾਵੇ। ਉਨ੍ਹਾਂ ਕਿਹਾ ਭਾਰਤ ਸਰਕਾਰ ਪਰਖੀ ਹੋਈ ਮੌਜੂਦਾ ਖੇਤੀ ਮੰਡੀਕਰਨ ਪ੍ਰਣਾਲੀ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇਵੇ।

ਸਦਨ ਨੇ ਪੁਰਜ਼ੋਰ ਅਪੀਲ ਕੀਤੀ ਹੈ ਕਿ ਭਾਰਤ ਸਰਕਾਰ ਕਿਸਾਨਾਂ ਅਤੇ ਸੂਬੇ ਦੇ ਵਡੇਰੇ ਹਿੱਤਾਂ ਦੇ ਮੱਦੇਨਜ਼ਰ ਬਿਨਾਂ ਸ਼ਰਤ ਇਹ ਤਿੰਨੇ ਖੇਤੀ ਕਾਨੂੰਨ ਵਾਪਸ ਲਏ ਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਅਧਾਰਿਤ ਅਨਾਜ ਦੀ ਖਰੀਦ ਦੀ ਮੌਜੂਦਾ ਪ੍ਰਣਾਲੀ ਨੂੰ ਜਾਰੀ ਰੱਖੇ। ਮੁੱਖ ਮੰਤਰੀ ਨੇ ਮੁਲਕ ਅੱਗੇ 10 ਅਹਿਮ ਸਵਾਲ ਵੀ ਰੱਖੇ, ਜੋ ਇਨ੍ਹਾਂ ਕਾਨੂੰਨਾਂ ਦੀਆਂ ਕਮੀਆਂ ਦਾ ਪਰਦਾਫਾਸ਼ ਕਰਦੇ ਹਨ।

## ਕਿਸਾਨ ਹਿੱਤਾਂ ਦੀ ਰਾਖੀ ਹਰ ਹਾਲ ਕਰਾਂਗੇ: ਕੈਪਟਨ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਇਜਲਾਸ ਵਿਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਦੀ ਪਿੱਠ ਥਾਪੜੀ ਤੇ ਪੰਜਾਬ ਸਰਕਾਰ ਦਾ ਖੇਤੀ ਕਾਨੂੰਨਾਂ ਪ੍ਰਤੀ ਨਜ਼ਰੀਆ ਪੇਸ਼ ਕੀਤਾ। ਰਾਜਪਾਲ ਦੇ ਭਾਸ਼ਣ ਲਈ ਪੇਸ਼ ਧੰਨਵਾਦ ਮਤੇ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਚੱਲ ਰਿਹਾ ਕਿਸਾਨ ਅੰਦੋਲਨ ਸ਼ਾਂਤਮਈ ਹੈ ਅਤੇ ਪੰਜਾਬ ਸਰਕਾਰ ਨੇ ਹਮੇਸ਼ਾ ਇਸ ਦੀ ਹਮਾਇਤ ਕੀਤੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਰ ਹਾਲਾਤ ਵਿਚ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਦੀ ਰਹੇਗੀ।

## ਕਿਸਾਨ ਧਿਰਾਂ ਵੱਲੋਂ ਮਤੇ ਦੀ ਸ਼ਲਾਘਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਸਰਬਸੰਮਤੀ ਨਾਲ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਪਾਸ ਕੀਤੇ ਮਤੇ ਨੂੰ ਕਿਸਾਨ ਧਿਰਾਂ ਨੇ ਚੰਗਾ ਕਦਮ ਦੱਸਿਆ ਹੈ ਅਤੇ ਕਿਹਾ ਹੈ ਕਿ ਦੂਸਰੇ ਸੂਬਿਆਂ ਨੂੰ ਵੀ ਆਪੋ ਆਪਣੀ ਵਿਧਾਨ ਸਭਾ 'ਚ ਖੇਤੀ ਕਾਨੂੰਨਾਂ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 5 ਮਾਰਚ ਨੂੰ ਵਿਧਾਨ ਸਭਾ ਵਿਚ ਤਿੰਨ ਖੇਤੀ ਕਾਨੂੰਨਾਂ ਖਿਲਾਫ ਮਤਾ ਪੇਸ਼ ਕੀਤਾ ਸੀ ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ, ਭਾਰਤੀ ਕਿਸਾਨ ਯੂਨੀਅਨ (ਦੁਆਬਾ) ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਤੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਪਾਸ ਕੀਤਾ ਮਤਾ ਚੰਗੀ ਗੱਲ ਹੈ।

### ਕੈਪਟਨ ਨੇ ਖੇਤੀ ਕਾਨੂੰਨਾਂ ਬਾਰੇ ਝੂਠ ਬੋਲਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਕਿਸਾਨ ਵਿੰਗ ਦੇ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਬਿਆਨ ਨੂੰ ਕੋਰਾ ਝੂਠ ਦੱਸਿਆ ਹੈ। ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਾਨੂੰਨਾਂ ਸਬੰਧੀ ਬਣੀ ਉਚ ਤਾਕਤੀ ਕਮੇਟੀ ਦਾ ਮੈਂਬਰ ਬਣਨ ਸਬੰਧੀ ਹਾਲੇ ਤੱਕ ਕੁਝ ਸਪੱਸ਼ਟ ਨਹੀਂ ਕੀਤਾ।


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

**Ph: (408) 737-7100**

Fax: (408)737-7102 www.homeopathicvibes.com

*We sell and ship homeopathic remedies through out North America.*




# ਜਥੇਬੰਦੀਆਂ ਵੱਲੋਂ ਦਿੱਲੀ ਦੇ ਰਾਹ ਰੋਕ ਕੇ ਸਰਕਾਰ ਨੂੰ ਸਖਤ ਸੁਨੇਹਾ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੇ 100 ਦਿਨ ਪੂਰੇ ਹੋਣ 'ਤੇ ਕਿਸਾਨਾਂ ਨੇ ਦਿੱਲੀ ਦੇ ਆਊਟਰ ਰਿੰਗ ਰੋਡ ਨੂੰ ਜਾਮ ਕੀਤਾ। ਉਨ੍ਹਾਂ ਦਿੱਲੀ ਦੇ ਚੁਫੇਰਿਉਂ ਲੰਘਦੇ ਪੱਛਮੀ ਤੇ ਪੂਰਬੀ ਪੈਰੀਫੇਰੀਅਲ ਐਕਸਪ੍ਰੈੱਸਵੇਅ ਦੇ ਕੁੰਡਲੀ-ਮਾਨੇਸਰ-ਪਲਵਲ (ਕੇ.ਐਮ.ਪੀ.) ਅਤੇ ਕੁੰਡਲੀ-ਗਾਜ਼ੀਆਬਾਦ-ਪਲਵਲ (ਕੇ.ਜੀ.ਪੀ.) ਮਾਰਗ ਜਾਮ ਕੀਤੇ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਸੜਕਾਂ ਜਾਮ ਕਰਨ ਦੇ ਦਿੱਤੇ ਗਏ ਸੱਦੇ 'ਚ ਔਰਤਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਹਰਿਆਣਵੀਆਂ ਨੇ ਵੀ ਬੰਦ 'ਚ ਭਰਪੂਰ ਸਾਥ ਦਿੱਤਾ ਅਤੇ ਉਹ ਆਪਣੇ ਟਰੈਕਟਰ ਲੈ ਕੇ ਸੜਕ ਜਾਮ ਕਰਨ ਲਈ ਪੁੱਜੇ। ਕਿਸਾਨਾਂ ਨੇ ਹੱਥਾਂ 'ਚ ਕਾਲੇ ਝੰਡੇ ਫੜੇ ਹੋਏ ਸਨ ਜਦਕਿ ਕੁਝ ਨੇ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਾ ਮੰਨਣ ਦੇ ਵਿਰੋਧ 'ਚ ਕੁਝ ਮਹਿਲਾ ਅੰਦੋਲਨਕਾਰੀਆਂ ਨੇ ਕਾਲੇ ਦੁਪੱਟੇ ਸਿਰਾਂ 'ਤੇ ਲਏ ਹੋਏ ਸਨ। ਨੌਜਵਾਨਾਂ ਨੇ 5 ਘੰਟੇ ਦੇ ਜਾਮ ਦੌਰਾਨ ਹਰ ਪਾਸੇ ਨਜ਼ਰ ਰੱਖੀ। ਜ਼ਰੂਰੀ ਸੇਵਾਵਾਂ ਵਾਲੀਆਂ ਗੱਡੀਆਂ ਨੂੰ ਹੀ ਮਾਰਗਾਂ ਤੋਂ ਲੰਘਣ ਦਿੱਤਾ ਗਿਆ ਅਤੇ ਟੌਲ ਪਲਾਜ਼ੇ ਪਰਚੀ ਮੁਕਤ ਰੱਖੇ ਗਏ।

ਕਿਸਾਨ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਐਕਸਪ੍ਰੈੱਸਵੇਅ ਬੰਦ ਦਾ ਸੱਦਾ ਸ਼ਾਂਤੀ ਨਾਲ ਨੇਪਰੇ ਚੜ੍ਹ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਕੇਂਦਰ ਸਰਕਾਰ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਕਰਦੀ ਅਤੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਉਦੋਂ ਤੱਕ ਕਿਸਾਨ ਅੱਗੇ ਹੋਰ ਵੀ ਐਕਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਤਿੰਨੋਂ ਕਾਨੂੰਨ ਰੱਦ ਨਾ ਕੀਤੇ ਤਾਂ ਦਿੱਲੀ ਦੇ ਬਾਰਡਰਾਂ ਵਾਂਗ ਕੁੰਡਲੀ-ਮਾਨੇਸਰ-ਪਲਵਲ ਮਾਰਗ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ ਅਤੇ ਅੱਜ ਦਾ 5 ਘੰਟੇ ਦਾ ਜਾਮ ਇਕ ਅਜ਼ਮਾਇਸ਼ ਸੀ।



## ਕਾਨੂੰਨ ਵਾਪਸੀ ਤੱਕ ਅੰਦੋਲਨ ਜਾਰੀ ਰਹੇਗਾ: ਟਿਕੈਤ

**ਮੁਜ਼ੱਫਰਨਗਰ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਉਨ੍ਹਾਂ ਦਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ ਜਾਂਦਾ। ਟਿਕੈਤ ਨੇ ਇਥੇ ਰਾਮਰਾਜ ਕਸਬੇ ਵਿਚ ਖੇਤੀਬਾੜੀ ਕਾਨੂੰਨਾਂ ਵਿਰੁੱਧ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਦੇ ਸੌ ਦਿਨਾਂ ਪੂਰੇ ਹੋਣ ਦੇ ਮੌਕੇ ਸਮਾਗਮ ਵਿਚ ਕਿਹਾ ਕਿ ਕਿਸਾਨਾਂ ਦੀ ਮੰਗ ਹੈ ਕਿ ਤਿੰਨੋਂ ਖੇਤੀਬਾੜੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ ਅਤੇ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸਹਿਮਤ ਨਹੀਂ ਹੁੰਦੀ।

ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਜਾਗਣ ਦਾ ਸੱਦਾ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਕਿ ਹੁਣ ਤੱਕ ਕੇਂਦਰ ਸਰਕਾਰ ਨਾਲ 11 ਮੀਟਿੰਗਾਂ ਬੇਸਿੱਟਾ ਰਹੀਆਂ ਹਨ ਅਤੇ ਇਨ੍ਹਾਂ ਵਿਚ ਕਾਨੂੰਨਾਂ ਦੀ ਹਰ ਮੱਦ ਉਪਰ ਚਰਚਾ ਹੋਈ ਸੀ। ਉਨ੍ਹਾਂ ਕਿਹਾ,"ਮੋਦੀ ਸਰਕਾਰ ਝੂਠ ਬੋਲ ਰਹੀ ਹੈ ਜਦੋਂ ਕਿ ਸਾਰੀ ਦੁਨੀਆਂ ਇਸ ਸ਼ਾਂਤਮਈ ਅੰਦੋਲਨ ਨੂੰ ਦੇਖ ਰਹੀ ਹੈ ਅਤੇ ਕੇਂਦਰੀ ਮੰਤਰੀਆਂ ਨੇ ਬੈਠਕਾਂ ਦੌਰਾਨ ਇਸ਼ਾਰਾ ਕੀਤਾ ਸੀ ਕਿ ਕਾਨੂੰਨ ਨੂੰ ਖਾਲੀ ਪੀਪਾ ਬਣਾ ਦਿੰਦੇ ਹਾਂ ਪਰ ਵਾਪਸ ਨਹੀਂ ਲੈ ਸਕਦੇ ਕਿਉਂਕਿ ਇਸ ਨਾਲ ਸਰਕਾਰ ਦੀ ਕਿਰਕਿਰੀ ਹੋਵੇਗੀ।" ਆਗੂਆਂ ਨੇ ਕਿਹਾ ਕਿ ਅਗਲੇ ਦਿਨਾਂ ਦੌਰਾਨ ਵਿਧਾਨ ਸਭਾ ਚੋਣਾਂ ਵਾਲੇ ਰਾਜਾਂ ਵੱਲ ਰੁਖ ਕੀਤਾ ਜਾਵੇਗਾ ਤੇ ਉਥੋਂ ਦੇ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਦੀਆਂ ਕਮੀਆਂ ਦੱਸੀਆਂ ਜਾਣਗੀਆਂ।

ਗਾਜ਼ੀਪੁਰ ਦੇ ਕਿਸਾਨਾਂ ਨੇ ਡਾਸਨਾ ਕੋਲ ਕੁੰਡਲੀ-ਗਾਜ਼ੀਆਬਾਦ-ਪਲਵਲ (ਕੇ.ਜੀ.ਪੀ.) ਮਾਰਗ ਜਾਮ ਕਰਕੇ ਕੌਮੀ ਤਿਰੰਗੇ ਅਤੇ ਯੂਨੀਅਨਾਂ ਦੇ ਝੰਡੇ ਲੈ ਕੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਜਗਤਾਰ ਸਿੰਘ ਬਾਜਵਾ ਨੇ ਦੱਸਿਆ ਕਿ ਜਾਮ ਸਫਲ ਰਹਿਣ 'ਤੇ ਸਰਕਾਰ ਨੂੰ ਕੰਬਣੀ ਜ਼ਰੂਰ ਛਿੜੀ ਹੋਵੇਗੀ। ਉਨ੍ਹਾਂ ਦੱਸਿਆ ਕਿ ਜਾਮ ਦੌਰਾਨ ਰਾਹਗੀਰਾਂ ਲਈ ਲੰਗਰ, ਪਾਣੀ, ਚਾਹ ਅਤੇ ਹੋਰ ਪ੍ਰਬੰਧ ਕੀਤੇ ਗਏ ਸਨ। ਪੈਰੀਫੇਰੀਅਲ ਮਾਰਗ ਬੰਦ ਹੋਣ ਕਰਕੇ ਲੋਕਾਂ ਨੂੰ ਬਦਲਵੇਂ ਰੂਟਾਂ ਤੋਂ ਗੱਡੀਆਂ ਕੱਢ ਕੇ ਆਪਣੀਆਂ ਮੰਜ਼ਿਲਾਂ ਵੱਲ ਜਾਣਾ ਪਿਆ।

ਉਧਰ, ਕੁੰਡਲੀ-ਮਾਨੇਸਰ-ਪਲਵਲ (ਕੇ.ਐਮ.ਪੀ.) ਟੌਲ ਪਲਾਜੇ 'ਤੇ ਬੀ.ਕੇ.ਯੂ. ਏਕਤਾ ਉਗਰਾਹਾਂ ਵੱਲੋਂ ਜਾਮ ਲਗਾਇਆ ਗਿਆ। ਜਥੇਬੰਦੀ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੇ ਅੰਦੋਲਨ ਨੂੰ ਅਣਗੌਲਿਆ ਕਰਕੇ ਭੁਲੇਖਾ ਪਾਲ ਰਹੀ ਹੈ ਕਿ ਉਹ ਘਰਾਂ ਨੂੰ ਪਰਤ ਜਾਣਗੇ। ਉਨ੍ਹਾਂ ਕਿਹਾ ਕਿ ਪਿਛਲੇ 100 ਦਿਨਾਂ ਤੋਂ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਿਹਾ ਸ਼ਾਂਤਮਈ ਕਿਸਾਨ ਮੋਰਚਾ ਲੋਕ ਵਿਰੋਧੀ ਕਾਲੇ ਕਾਨੂੰਨ ਰੱਦ ਕਰਵਾਉਣ ਤੱਕ ਜਾਰੀ ਰਹੇਗਾ। ਉਨ੍ਹਾਂ ਮੁਤਾਬਕ ਇਹ ਲੜਾਈ ਮੋਦੀ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਸਥਾ, ਵਿਦੇਸ਼ੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਦੀਆਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਨਾਲ ਹੈ। ਉਨ੍ਹਾਂ ਕਿਹਾ ਕਿ ਇਹ ਸਬਰ ਅਤੇ ਏਕੇ ਨਾਲ ਇਹ ਲੜਾਈ ਲੜਨ ਦੀ ਲੋੜ ਹੈ।

# ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਸਿੱਧੀ ਅਦਾਇਗੀ ਦੀ ਤਿਆਰੀ

**ਚੰਡੀਗੜ੍ਹ:** ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਕਣਕ ਦੀ ਖਰੀਦ ਲਈ ਉਹ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਸਿੱਧੀ ਅਦਾਇਗੀ ਕਰੇਗੀ। ਕਣਕ ਖਰੀਦ ਅਗਲੇ ਮਹੀਨੇ ਸ਼ੁਰੂ ਹੋਣੀ ਹੈ। ਹੁਣ ਤੱਕ ਅਦਾਇਗੀ ਏਜੰਟਾਂ (ਆੜ੍ਹਤੀਆਂ) ਨੂੰ ਕੀਤੀ ਜਾਂਦੀ ਹੈ, ਜੋ ਅੱਗੋਂ ਕਿਸਾਨਾਂ ਨੂੰ ਅਦਾਇਗੀ ਕਰਦੇ ਹਨ।

ਐਫ.ਸੀ.ਆਈ. ਇਸ ਵਰ੍ਹੇ 130 ਲੱਖ ਟਨ ਕਣਕ ਦੀ ਖਰੀਦ ਕਰੇਗੀ, ਜਿਸ ਲਈ ਕਿਸਾਨਾਂ 24 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾਵੇਗੀ। ਇਸ ਸਬੰਧੀ ਐਫ.ਸੀ.ਆਈ. ਵੱਲੋਂ ਫੂਡ ਅਤੇ ਸਪਲਾਈ ਵਿਭਾਗ, ਪੰਜਾਬ ਨੂੰ ਪੱਤਰ ਭੇਜਿਆ ਗਿਆ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਖਰੀਦ ਸੀਜ਼ਨ ਲਈ ਕਿਸਾਨਾਂ ਦੀ ਜ਼ਮੀਨੀ ਰਿਕਾਰਡ ਦੀ ਜਾਣਕਾਰੀ ਦੇਣੀ ਵੀ ਲਾਜ਼ਮੀ ਹੋਵੇਗੀ।

ਕਿਸਾਨਾਂ ਤੇ ਕਮਿਸ਼ਨ ਏਜੰਟਾਂ ਨੇ ਕਿਹਾ ਕਿ ਪੰਜਾਬ ਵਰਗੇ ਸੂਬੇ ਲਈ ਇਹ ਪ੍ਰਣਾਲੀ ਕਾਰਗਰ ਨਹੀਂ ਹੈ ਕਿਉਂਕਿ ਇਥੇ 40 ਫੀਸਦੀ ਜ਼ਮੀਨ ਕਿਸਾਨਾਂ ਵੱਲੋਂ ਹੋਰ ਕਿਸਾਨਾਂ ਨੂੰ ਠੇਕੇ 'ਤੇ ਦਿੱਤੀ ਹੋਈ ਹੈ। ਉਨ੍ਹਾਂ ਨੇ ਇਸ ਫੈਸਲੇ ਨੂੰ ਕੇਂਦਰ ਦਾ ਪੰਜਾਬ 'ਤੇ ਇਕ ਹੋਰ ਹਮਲਾ ਕਰਾਰ ਦਿੱਤਾ ਹੈ। ਦੂਜੇ ਪਾਸੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਆਫ ਪੰਜਾਬ ਦੇ ਉਪ ਪ੍ਰਧਾਨ ਵਿਜੈ ਕਾਲੜਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਜਿਹੇ ਕਦਮ ਦਿੱਲੀ ਦੇ ਬਾਰਡਰਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਧਰਨਾ ਦੇ ਰਹੇ ਸੂਬੇ ਦੇ ਕਿਸਾਨਾਂ ਨੂੰ ਤੰਗ ਕਰਨ ਲਈ ਚੁੱਕੇ ਜਾ ਰਹੇ ਹਨ।

**ਕਿਸਾਨ ਸੰਸਦ ਦੇ ਗੇਟ 'ਤੇ ਵੇਚਣਗੇ ਕਣਕ:** ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਇਸ ਵਾਰ ਕਿਸਾਨ ਆਪਣੀ ਕਣਕ ਦੀ ਫਸਲ ਨੂੰ ਸੰਸਦ ਦੇ ਗੇਟ 'ਤੇ ਵੇਚਣ ਲਈ ਟਰੈਕਟਰ-ਟਰਾਲੀਆਂ ਵਿਚ ਲੈ ਕੇ ਜਾਣਗੇ। ਉਨ੍ਹਾਂ ਕਿਹਾ ਸਰਕਾਰ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਕਿਸੇ ਵੀ ਥਾਂ 'ਤੇ ਫਸਲਾਂ ਵੇਚਣ ਦਾ ਅਧਿਕਾਰ ਦਿੱਤਾ ਗਿਆ ਹੈ। ਅਜਿਹੀ ਸਥਿਤੀ ਉਹ ਦੇਸ ਵਿਚ ਕਿਤੇ ਵੀ ਜਾ ਕੇ ਫਸਲ ਵੇਚ ਸਕਦਾ ਹੈ, ਜਿਸ ਕਰਕੇ ਕਿਸਾਨ ਟਰੈਕਟਰ-ਟਰਾਲੀਆਂ ਵਿਚ ਕਣਕ ਲੱਦ ਕੇ ਸੰਸਦ ਦੇ ਬਾਹਰ ਵੇਚਣਗੇ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Wanted Workers
Need workers for Restaurant and Gas station in Eureka, CA. Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ। ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
7-10

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

# ਵਾਅਦੇ ਪੂਰੇ ਕਰਨ 'ਚ ਨਾਕਾਮ ਸਰਕਾਰ ਦੀ ਵਿਧਾਨ ਸਭਾ 'ਚ ਖਿੱਚ-ਧੂਹ

**ਚੰਡੀਗੜ੍ਹ:** ਚੋਣ ਵਾਅਦੇ ਪੂਰੇ ਕਰਨ ਵਿਚ ਨਾਕਾਮ ਰਹੀ ਕੈਪਟਨ ਸਰਕਾਰ ਦੀ ਪੰਜਾਬ ਵਿਧਾਨ ਸਭਾ 'ਚ ਖੂਬ ਖਿਚ-ਧੂਹ ਹੋਈ। ਵਿਰੋਧੀ ਧਿਰਾਂ ਨੇ ਸਰਕਾਰ ਨੂੰ ਆੜੇ ਹੱਥੀਂ ਲਿਆ। ਵਿਧਾਨ ਸਭਾ 'ਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਤੇ ਤਨਖਾਹ ਕਮਿਸ਼ਨ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਅਕਾਲੀ ਵਿਧਾਇਕਾਂ ਵਲੋਂ ਭਾਰੀ ਨਾਅਰੇਬਾਜ਼ੀ ਅਤੇ ਬਾਅਦ ਵਿਚ ਸਦਨ ਤੋਂ ਵਾਕਆਊਟ ਕੀਤਾ ਗਿਆ, ਜਦੋਂ ਕਿ 'ਆਪ' ਵਿਧਾਇਕਾਂ ਨੇ ਮਹਿੰਗੀ ਬਿਜਲੀ ਤੇ ਬਿਜਲੀ ਸਮਝੌਤੇ ਰੱਦ ਕਰਨ ਦੀ ਮੰਗ ਨੂੰ ਲੈ ਕੇ ਸਦਨ 'ਚੋਂ ਵਾਕਆਊਟ ਕੀਤਾ।

ਹੁਕਮਰਾਨ ਧਿਰ ਤੇ ਵਿਰੋਧੀ ਧਿਰ ਦਰਮਿਆਨ ਤਿੱਖੀ ਨੋਕ-ਝੋਕ ਹੁੰਦੀ ਰਹੀ ਪਰ ਭਾਜਪਾ ਮੈਂਬਰ ਅਰੁਣ ਨਾਰੰਗ ਨੇ ਜਦੋਂ ਬੋਲਣਾ ਸ਼ੁਰੂ ਕੀਤਾ ਤਾਂ ਸਾਰੀਆਂ ਪਾਰਟੀਆਂ ਨੇ ਇਕਮੁੱਠ ਹੋ ਕੇ ਉਸ ਦਾ ਵਿਰੋਧ ਕੀਤਾ ਤੇ ਸਦਨ ਦੇ ਰੋਹ ਨੂੰ ਦੇਖਦਿਆਂ ਭਾਜਪਾ ਮੈਂਬਰ ਕੁਝ ਕਹਿਣ ਤੋਂ ਬਿਨਾਂ ਹੀ ਬੈਠ ਗਏ। ਪੰਜਾਬ ਵਿਧਾਨ ਸਭਾ ਵਿਚ ਸਵਾਲਾਂ ਜਵਾਬਾਂ ਦੇ ਸਮੇਂ ਤੋਂ ਬਾਅਦ ਸਿਫਰ ਕਾਲ ਦੌਰਾਨ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਵਜ਼ੀਫੇ ਜਾਰੀ ਨਾ ਹੋਣ ਕਾਰਨ ਉਨ੍ਹਾਂ ਨੂੰ ਕਾਲਜਾਂ ਵਲੋਂ ਸਰਟੀਫਿਕੇਟ ਨਾ ਦੇਣ ਅਤੇ ਸੂਬੇ ਵਿਚ ਹੋਏ ਇਸ ਵੱਡੇ ਘਪਲੇ ਦੀ ਕੋਈ ਪਾਰਦਰਸ਼ੀ ਜਾਂਚ ਕਰਾਉਣ ਤੋਂ ਕੈਪਟਨ ਸਰਕਾਰ ਦੇ ਗੁਰੇਜ਼ ਕਰਨ ਦਾ ਮੁੱਦਾ ਉਠਾਇਆ ਤੇ ਕੇਂਦਰ ਸਰਕਾਰ ਤੋਂ ਜਾਰੀ ਇਕ ਪੱਤਰ ਵੀ ਸਦਨ ਵਿਚ ਪੇਸ਼ ਕੀਤਾ, ਜਿਸ ਵਿਚ



ਰਾਜ ਸਰਕਾਰ ਨੂੰ ਉਕਤ ਪੈਸੇ ਸਬੰਧੀ ਵਰਤੋਂ ਸਰਟੀਫਿਕੇਟ ਜਾਰੀ ਨਾ ਕਰਨ ਲਈ ਵਾਰ-ਵਾਰ ਦੋਸ਼ੀ ਠਹਿਰਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਇਕ ਪਾਸੇ ਮੁੱਖ ਮੰਤਰੀ ਐਲਾਨ ਕਰ ਰਹੇ ਹਨ ਕਿ ਕੇਂਦਰ ਦੀ ਯੋਜਨਾ ਬੰਦ ਹੋ ਗਈ ਹੈ ਪਰ ਕੇਂਦਰ ਵਲੋਂ ਪੱਤਰ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਇਹ ਯੋਜਨਾ ਜਾਰੀ ਹੈ। ਉਨ੍ਹਾਂ ਕਿਹਾ ਕਿ ਮਗਰਲੇ ਤਿੰਨ ਸਾਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਨਾ ਮਿਲਣ ਕਾਰਨ ਉਹ ਨੌਕਰੀਆਂ ਲਈ ਉਮੀਦਵਾਰ ਨਹੀਂ ਬਣ ਰਹੇ, ਜਦੋਂ ਕਿ ਕੈਪਟਨ ਸਰਕਾਰ ਘਰ-ਘਰ ਨੌਕਰੀ ਦੇਣ ਦੇ ਦਾਅਵੇ ਕਰ ਰਹੀ ਹੈ। ਉਨ੍ਹਾਂ ਵੱਲੋਂ ਸਪੀਕਰ ਰਾਣਾ ਕੇ.ਪੀ. ਸਿੰਘ ਦੇ ਹਲਕੇ ਵਿਚ ਖੈਰ ਦੇ 2 ਕਰੋੜ ਰੁਪਏ ਦੇ ਦਰਖ਼ਤ 40 ਲੱਖ ਵਿਚ ਵੇਚਣ ਦਾ ਮੁੱਦਾ ਵੀ ਉਠਾਇਆ ਗਿਆ, ਪਰ ਸਪੀਕਰ ਨੇ ਕਿਹਾ ਕਿ ਤੁਸੀਂ 60 ਲੱਖ ਦੀ ਹੀ ਬੋਲੀ ਲਗਾਓ ਅਤੇ ਉਹ ਸਰਕਾਰ ਨੂੰ ਕਹਿਣਗੇ ਕਿ ਪਹਿਲੀ ਬੋਲੀ ਰੱਦ ਕਰ ਕੇ ਦੁਬਾਰਾ ਬੋਲੀ ਕਰਵਾਈ ਜਾਵੇ।

ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਸਦਨ 'ਚ ਯੂ.ਪੀ. ਦੇ ਇਕ ਗੈਂਗਸਟਰ ਅੰਸਾਰੀ ਨੂੰ ਧੱਕੇ ਨਾਲ ਪੰਜਾਬ ਦੀ ਜੇਲ੍ਹ ਵਿਚ ਰੱਖਣ ਦਾ ਮੁੱਦਾ ਉਠਾਇਆ ਗਿਆ ਅਤੇ ਕਿਹਾ ਕਿ ਦੋ ਸਾਲ ਪਹਿਲਾਂ ਇਕ ਫਿਰੌਤੀ ਦੀ ਸ਼ਿਕਾਇਤ ਮੁਹਾਲੀ ਦੇ ਇਕ ਕਾਲੋਨਾਈਜਰ ਤੋਂ ਲੈ ਕੇ ਕੇਸ ਦਰਜ ਕਰਦਿਆਂ ਉਸ ਨੂੰ ਯੂ.ਪੀ. ਤੋਂ ਲਿਆਂਦਾ ਗਿਆ ਪਰ ਦੋ ਸਾਲਾਂ 'ਚ ਨਾ ਅੰਸਾਰੀ ਨੇ ਹੀ ਜ਼ਮਾਨਤ ਮੰਗੀ ਅਤੇ ਪੁਲਿਸ ਨੇ ਵੀ 90 ਦਿਨਾਂ ਵਿਚ ਪੇਸ਼ ਕੀਤੇ ਜਾਣ ਵਾਲੇ ਚਲਾਨ ਨੂੰ ਦੋ ਸਾਲਾਂ 'ਚ ਵੀ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਇਨ੍ਹਾਂ ਗੈਂਗਸਟਰਾਂ ਨੂੰ ਆਪਣੇ ਸਿਆਸੀ ਵਿਰੋਧੀਆਂ ਵਿਰੁੱਧ ਵਰਤਣਾ ਚਾਹੁੰਦੀ ਹੈ।

ਸਿਫਰ ਕਾਲ 'ਚ ਹੀ ਅਕਾਲੀ ਦਲ ਦੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਗਰੀਬਾਂ ਤੇ ਵਿਧਵਾਵਾਂ ਦੇ ਕਾਰਡ ਕੱਟੇ ਜਾਣ ਦਾ ਮਾਮਲਾ ਉਠਾਇਆ ਅਤੇ ਕਿਹਾ ਕਿ ਗਰੀਬ ਇਕੱਲੇ ਕਾਂਗਰਸ ਦੇ ਹੀ ਨਹੀਂ ਬਲਕਿ ਗੈਰ ਕਾਂਗਰਸੀ ਵੀ ਹੋ ਸਕਦੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕਿਸੇ ਡਿਪਟੀ ਕਮਿਸ਼ਨਰ ਨੂੰ ਵੀ ਵਿਧਾਇਕ ਦੀ ਸਿਫਾਰਸ਼ ਤੋਂ ਬਿਨਾਂ ਕਾਰਡ ਬਣਾਉਣ ਦਾ ਅਧਿਕਾਰ ਨਹੀਂ। 'ਆਪ' ਦੇ ਮਨਜੀਤ ਸਿੰਘ ਬਿਲਾਸਪੁਰ ਨੇ ਅਧਿਆਪਕਾਂ ਦੇ ਸਾਂਝੇ ਮੋਰਚੇ ਵਲੋਂ ਸਿੱਖਿਆ ਮੰਤਰੀ ਦੇ ਘਰ ਅੱਗੇ ਦਿੱਤੇ ਜਾ ਰਹੇ ਧਰਨੇ ਦਾ ਮੁੱਦਾ ਉਠਾਉਂਦਿਆਂ ਅਧਿਆਪਕਾਂ ਦੀਆਂ ਮੰਗਾਂ ਮੰਨੇ ਜਾਣ ਦਾ ਮੁੱਦਾ ਉਠਾਇਆ।

'ਆਪ' ਦੇ ਵਿਧਾਇਕ ਬੁੱਧ ਰਾਮ ਨੇ ਦੋਸ਼ ਲਗਾਇਆ ਕਿ ਪੰਜਾਬੀ ਯੂਨੀਵਰਸਿਟੀ ਦੀਆਂ ਕੋਈ 1850 ਅਸਾਮੀਆਂ 'ਚੋਂ 1500 ਖਾਲੀ ਪਈਆਂ ਹਨ ਤੇ 250 ਪ੍ਰੋਫੈਸਰ ਠੇਕੇ ਉਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਪ੍ਰਮੁੱਖ ਯੂਨੀਵਰਸਿਟੀ ਵਿਚ 1996 ਤੋਂ ਬਾਅਦ ਕਿਸੇ ਪ੍ਰੋਫੈਸਰ ਦੀ ਭਰਤੀ ਨਹੀਂ ਹੋਈ ਅਤੇ ਹੁਣ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਕਿਹਾ ਕਿ ਸਰਕਾਰ ਸਮਾਰਟ ਸਕੂਲ ਬਣਾਉਣ ਦੇ ਦਾਅਵੇ ਕਰ ਰਹੀ ਹੈ ਪਰ ਉਨ੍ਹਾਂ ਵਿਚ ਲੈਕਚਰਾਰਾਂ ਦੀਆਂ ਅਸਾਮੀਆਂ ਖਾਲੀ ਹਨ।

## ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ: ਮਾਨ

ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਹੈ ਕਿ ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਬਣਨੇ ਚਾਹੀਦੇ ਹਨ ਅਤੇ ਇਨ੍ਹਾਂ ਵਿਚ ਦਰਜ ਵਾਅਦੇ ਪੂਰੇ ਨਾ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਕਰਨੀ ਚਾਹੀਦੀ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਇਹ ਇਹ ਮੁੱਦਾ ਲੋਕ ਸਭਾ ਵਿਚ ਵੀ ਚੁੱਕਿਆ ਸੀ। ਇਸ ਮੌਕੇ ਉਨ੍ਹਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀ ਮੋਦੀ ਸਰਕਾਰ 'ਤੇ ਨਿਸ਼ਾਨੇ ਸਾਧੇ ਅਤੇ ਪੰਜਾਬ ਦੀ ਕੈਪਟਨ ਸਰਕਾਰ ਨੂੰ ਵੀ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਕਿਸਾਨ ਮਹਾਂਸੰਮੇਲਨ ਨੂੰ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸੰਬੋਧਨ ਕਰਨਗੇ। ਉਨ੍ਹਾਂ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਾਘਾਪੁਰਾਣਾ 'ਚ ਹੋਣ ਵਾਲੇ ਇਕੱਠ ਵਿੱਚ ਪੁੱਜ ਕੇ ਪਾਰਟੀ ਆਗੂਆਂ ਦੇ ਵਿਚਾਰ ਸੁਣਨ ਅਤੇ ਕਿਸਾਨੀ ਸੰਘਰਸ਼ ਨਾਲ ਵਧ ਤੋਂ ਵਧ ਜੁੜਨ।

# ਪੰਜ ਪਿੰਡਾਂ ਪਿੱਛੇ ਇਕ ਕੋਲਡ ਸਟੋਰ ਬਣਾਇਆ ਜਾਵੇ: ਨਵਜੋਤ ਸਿੱਧੂ

**ਚੰਡੀਗੜ੍ਹ:** ਸਾਬਕਾ ਮੰਤਰੀ ਤੇ ਕਾਂਗਰਸ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਮਸ਼ਵਰਾ ਰੱਖਿਆ ਹੈ ਕਿ ਪੰਜਾਬ ਨੂੰ ਕਿਸਾਨੀ ਬਚਾਉਣ ਲਈ ਗੇਮ ਚੇਂਜਰ ਬਣਨਾ ਬਣੇਗਾ। ਉਨ੍ਹਾਂ ਖੇਤੀ ਵਿਭਿੰਨਤਾ ਲਈ ਹੱਲ ਸੁਝਾਏ ਅਤੇ ਪੰਜਾਬ ਦੇ ਕਿਸਾਨਾਂ ਦੇ ਹੱਕ ਵਿਚ ਡਟਣ ਦਾ ਭਰੋਸਾ ਦਿੱਤਾ। ਬਜਟ ਇਜਲਾਸ ਦੌਰਾਨ ਹੀ ਨਵਜੋਤ ਸਿੱਧੂ ਵੱਲੋਂ ਇਹ ਗੱਲਾਂ ਸਦਨ ਵਿਚ ਰੱਖਣ ਦੀ ਥਾਂ ਪ੍ਰੈੱਸ ਕਾਨਫਰੰਸ ਕਰਕੇ ਆਪਣੀ ਗੱਲ ਰੱਖਣ ਨੂੰ ਤਰਜੀਹ ਦਿੱਤੀ।

ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵੱਲੋਂ ਕਿਸਾਨਾਂ ਤੋਂ ਐਮ.ਐਸ.ਪੀ. ਉਤੇ ਮਾਰਕਫੈੱਡ ਅਤੇ ਪਨਸਪ ਜਰੀਏ ਦਾਲਾਂ ਦੀ ਖਰੀਦ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਫਲ ਅਤੇ ਸਬਜ਼ੀਆਂ ਦੀ ਸਰਕਾਰੀ ਖਰੀਦ ਦਾ ਭਰੋਸਾ ਦਿਵਾਇਆ ਜਾਵੇ। ਪੰਜ ਪਿੰਡਾਂ ਪਿੱਛੇ ਇਕ ਕੋਲਡ ਸਟੋਰ ਬਣਾਇਆ ਜਾਵੇ। ਨਵਜੋਤ ਸਿੱਧੂ ਨੇ ਕੇਂਦਰੀ ਖੇਤੀ ਕਾਨੂੰਨਾਂ ਨੂੰ ਗੈਰ ਸੰਵਿਧਾਨਿਕ ਅਤੇ ਗੈਰਕਾਨੂੰਨੀ ਦੱਸਦਿਆਂ ਕਿਹਾ ਕਿ ਇਹ ਸੰਘੀ ਢਾਂਚੇ ਉਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਇਹ ਖੇਤੀਬਾੜੀ ਕਾਨੂੰਨਾਂ




ਸਬੰਧੀ ਐਗਰੀਕਲਚਰ ਅਤੇ ਮਾਰਕਿਟ ਦਾ 7ਵਾਂ ਸ਼ਡਿਊਲ ਸਾਫ ਕਹਿੰਦਾ ਹੈ ਕਿ ਇਹ ਰਾਜਾਂ ਦਾ ਅਧਿਕਾਰ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਹੋਰ ਵੀ ਠੋਸ ਕਦਮ ਚੁੱਕੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਤੇ ਪੰਜਾਬੀਆਂ ਲਈ ਹਮੇਸ਼ਾ ਖੜ੍ਹੇ ਰਹਿਣਗੇ।

# ਸ਼੍ਰੋਮਣੀ ਕਮੇਟੀ ਦਿੱਲੀ 'ਚ ਕਿਸਾਨਾਂ ਲਈ ਕਰੇਗੀ ਆਰਜ਼ੀ ਸ਼ੈੱਡਾਂ ਦਾ ਪ੍ਰਬੰਧ

**ਅੰਮ੍ਰਿਤਸਰ:** ਵਿੱਤੀ ਵਰ੍ਹਾ 2021-22 ਵਾਸਤੇ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਪਾਸ ਕਰਨ ਲਈ ਬਜਟ ਸਮਾਗਮ (ਜਨਰਲ ਇਜਲਾਸ) 30 ਮਾਰਚ ਨੂੰ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਮੀਟਿੰਗ ਵਿਚ ਕਿਸਾਨੀ ਸੰਘਰਸ਼ ਦੌਰਾਨ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਦਿੱਲੀ ਮੋਰਚਿਆਂ ਵਾਲੀਆਂ ਥਾਵਾਂ 'ਤੇ ਟੀਨਾਂ ਦੇ ਆਰਜ਼ੀ ਸ਼ੈੱਡ ਬਣਾਉਣ ਅਤੇ ਪੱਖੇ ਲਾਉਣ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਅਪੀਲ ਕੀਤੀ। ਵਿਸਾਖੀ ਮੌਕੇ ਪਾਕਿਸਤਾਨ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਣ ਬਾਰੇ ਉਨ੍ਹਾਂ ਕਿਹਾ ਕਿ ਭਾਰਤੀ ਏਜੰਸੀ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਇਹ ਜਥੇ ਨੂੰ ਜਾਣ ਸਬੰਧੀ ਕੇਂਦਰ ਸਰਕਾਰ ਵੱਲੋਂ ਪ੍ਰਵਾਨਗੀ ਮਿਲੇਗੀ ਪਰ ਹਰੇਕ ਯਾਤਰੂ ਲਈ ਕਰੋਨਾ ਟੀਕਾ ਲਾਜ਼ਮੀ ਹੋਵੇਗਾ।

# ਬਰਤਾਨੀਆ ਵਿਚ ਲੱਗੇਗਾ ਸਿੱਖ ਪਾਇਲਟ ਦਾ ਬੁੱਤ

**ਲੰਡਨ:** ਇੰਗਲੈਂਡ ਦੇ ਬੰਦਰਗਾਹ ਸ਼ਹਿਰ ਸਾਊਥੈਂਪਟਨ ਵਿਚ ਵਿਸ਼ਵ ਯੁੱਧ ਵਿਚ ਲੜੇ ਸਮੁੱਚੇ ਭਾਰਤੀਆਂ ਦੀ ਯਾਦ ਵਿਚ ਬਣਾਈ ਜਾ ਰਹੀ ਯਾਦਗਾਰ ਵਿਚ 20ਵੀਂ ਸਦੀ ਦੇ ਸ਼ੁਰੂਆਤੀ ਦੌਰ ਦੇ ਲੜਾਕੂ ਜਹਾਜ਼ ਦੇ ਸਿੱਖ ਪਾਇਲਟ ਹਰਦਿੱਤ ਸਿੰਘ ਮਲਿਕ ਦੇ ਸਥਾਪਤ ਕੀਤੇ ਜਾਣ ਵਾਲੇ ਬੁੱਤ ਦੇ ਡਿਜ਼ਾਈਨ ਨੂੰ ਮਨਜ਼ੂਰੀ ਹੁਣ ਮਿਲ ਗਈ ਹੈ।



ਹਰਦਿੱਤ ਸਿੰਘ ਮਲਿਕ ਪਹਿਲੀ ਵਾਰ 1980 ਵਿਚ 14 ਸਾਲ ਦੀ ਉਮਰ ਵਿਚ ਔਕਸਫੋਰਡ ਯੂਨੀਵਰਸਿਟੀ ਦੇ ਬੈਲਿਓਲ ਕਾਲਜ ਵਿਚ ਪਹੁੰਚੇ ਸਨ ਅਤੇ ਪਹਿਲੇ ਵਿਸ਼ਵ ਯੁੱਧ ਦੌਰਾਨ ਰੌਇਲ ਫਲਾਈਂਗ ਕੋਰ ਦੇ ਮੈਂਬਰ ਬਣੇ ਸਨ। ਉਹ ਪਹਿਲੇ ਭਾਰਤੀ ਅਤੇ ਵਿਸ਼ੇਸ਼ ਹੈਲਮੇਟ ਨਾਲ ਦਸਤਾਰ ਵਾਲੇ ਪਾਈਲਟ ਸਨ, ਜੋ 'ਫਲਾਈਂਗ ਸਿੱਖ' ਵਜੋਂ ਮਸ਼ਹੂਰ ਹੋਏ। 'ਵਨ ਕਮਿਊਨਿਟੀ ਹੈਪਸ਼ਾਇਰ ਐਂਡ ਡੋਰਸੈੱਟ (ਓ.ਸੀ.ਐਚ.ਡੀ.) ਨੇ ਯਾਦਗਾਰ ਸਥਾਪਤ ਕਰਨ ਦੀ ਮੁਹਿੰਮ ਚਲਾਈ ਸੀ। ਇਸ ਯਾਦਗਾਰ ਨੂੰ ਬੀਤੇ ਸਾਲ ਸਾਊਥੈਂਪਟਨ ਸਿਟੀ ਕੌਂਸਲ ਵੱਲੋਂ ਪ੍ਰਵਾਨਗੀ ਦਿੱਤੀ ਗਈ ਸੀ। ਓ.ਸੀ.ਐਚ.ਡੀ. ਨੇ ਕਿਹਾ, 'ਪਹਿਲੇ ਵਿਸ਼ਵ ਯੁੱਧ ਦੇ ਨਾਇਕ, ਹਰਦਿੱਤ ਸਿੰਘ ਮਲਿਕ ਦਾ ਬੁੱਤ, ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿਚ ਬਰਤਾਨਵੀ ਹਥਿਆਰਬੰਦ ਬਲਾਂ ਵਿਚ ਪੂਰੇ ਸਿੱਖ ਭਾਈਚਾਰੇ ਦੇ ਯੋਗਦਾਨ ਦਾ ਪ੍ਰਤੀਕ ਰਹੇਗਾ।' ਮਲਿਕ ਨੇ ਸਸੈਕਸ ਲਈ ਕ੍ਰਿਕਟ ਵੀ ਖੇਡੀ ਅਤੇ ਭਾਰਤੀ ਸਿਵਲ ਸੇਵਾ ਵਿਚ ਲੰਮੇ ਅਤੇ ਵਿਸ਼ੇਸ਼ ਕਰੀਅਰ ਮਗਰੋਂ ਫਰਾਂਸ ਵਿਚ ਭਾਰਤੀ ਰਾਜਦੂਤ ਵੀ ਰਹੇ। ਹਾਲਾਂਕਿ ਉਨ੍ਹਾਂ ਨੂੰ 1917-19 ਦੌਰਾਨ ਲੜਾਕੂ ਜਹਾਜ਼ ਲਈ ਇਕ ਪਾਇਲਟ ਵਜੋਂ ਵੱਧ ਜਾਣਿਆ ਜਾਂਦਾ ਹੈ।

# ਪੰਜਾਬ ਦਾ ਵਿੱਤੀ ਸੰਕਟ ਹੋਰ ਡੂੰਘਾ ਹੋਇਆ; ਕਰਜ਼ੇ ਨੇ ਛਾਲਾਂ ਚੁੱਕੀਆਂ

**ਚੰਡੀਗੜ੍ਹ:** ਪੰਜਾਬ ਦਾ ਵਿੱਤੀ ਸੰਕਟ ਲਗਾਤਾਰ ਵਧਦਾ ਜਾ ਰਿਹਾ ਹੈ। ਕੰਟਰੋਲਰ ਤੇ ਆਡੀਟਰ ਜਨਰਲ ਆਫ ਇੰਡੀਆ (ਕੈਗ) ਦੀ ਰਿਪੋਰਟ ਅਨੁਸਾਰ 2019-2020 ਵਿਚ ਸੂਬੇ ਦਾ ਕਰਜ਼ਾ 1.93 ਲੱਖ ਕਰੋੜ ਰੁਪਏ ਸੀ, ਜਿਹੜਾ 2024-25 ਵਿਚ 3.73 ਲੱਖ ਕਰੋੜ ਤੱਕ ਪਹੁੰਚ ਜਾਵੇਗਾ। 2007 ਵਿਚ ਅਕਾਲੀ-ਭਾਜਪਾ ਦੇ ਸੱਤਾ ਵਿਚ ਆਉਣ ਸਮੇਂ ਇਹ ਕਰਜ਼ਾ ਕਰੀਬ 40,000 ਕਰੋੜ ਰੁਪਏ ਸੀ ਜਿਹੜਾ ਇਸ ਸਰਕਾਰ ਦੇ ਦਸ ਸਾਲ ਸੱਤਾ ਵਿਚ ਰਹਿਣ ਦੌਰਾਨ ਵਧ ਕੇ 1.53 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ।

ਵਿੱਤੀ ਸਾਲ 2016-17 ਵਿਚ 54,579 ਕਰੋੜ ਰੁਪਏ ਕਰਜ਼ਾ ਲਿਆ ਗਿਆ। ਕੈਗ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੂਬਾ ਲਗਾਤਾਰ ਨਵਾਂ ਕਰਜ਼ ਲੈ ਰਿਹਾ ਹੈ ਅਤੇ ਨਵੇਂ ਕਰਜ਼ਿਆਂ ਦੀ ਵਰਤੋਂ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਜਾਂ ਕਿਸੇ ਹੋਰ ਸਾਕਾਰਾਤਮਕ ਢੰਗ ਨਾਲ ਨਹੀਂ ਹੁੰਦੀ ਸਗੋਂ ਇਨ੍ਹਾਂ ਵਿਚੋਂ ਲਗਭਗ 73 ਫੀਸਦੀ ਪੈਸੇ ਨਾਲ ਪੁਰਾਣਾ ਕਰਜ਼ਾ ਮੋੜਿਆ ਜਾਂਦਾ ਹੈ। ਕੁਝ ਕਰਜ਼ੇ ਅਜਿਹੇ ਵੀ ਹਨ ਜਿਹੜੇ ਅਗਲੇ ਤਿੰਨ ਸਾਲਾਂ ਵਿਚ ਖਤਮ ਕਰਨੇ ਪੈਣਗੇ ਜਿਨ੍ਹਾਂ ਕਾਰਨ ਵਿੱਤੀ ਹਾਲਤ ਹੋਰ ਖਰਾਬ ਹੋਣ ਦੀ ਸੰਭਾਵਨਾ ਹੈ।

ਪੰਜਾਬ ਦੇ ਮਾੜੇ ਵਿੱਤੀ ਹਾਲਾਤ ਲਈ ਕਈ ਦਹਾਕਿਆਂ ਤੋਂ ਸਿਆਸੀ ਜਮਾਤ ਅਤੇ ਪ੍ਰਸ਼ਾਸਨ ਵੱਲੋਂ ਅਪਣਾਈ ਗਈ ਗੈਰ-ਪੇਸ਼ੇਵਾਰਾਨਾ ਪਹੁੰਚ ਅਤੇ ਪ੍ਰਤੀਬੱਧਤਾ ਦੀ ਘਾਟ ਜ਼ਿੰਮੇਵਾਰ ਹਨ। ਹੁਣ ਸਿਆਸੀ ਪਾਰਟੀਆਂ ਇਕ ਦੂਜੇ 'ਤੇ ਇਲਜ਼ਾਮ ਲਗਾਉਣ ਵਿਚ ਰੁੱਝੀਆਂ ਹੋਈਆਂ ਹਨ। ਕਈ ਖੇਤਰਾਂ ਵਿਚ ਲਗਾਤਾਰ ਭਰਤੀ ਕੀਤੀ ਗਈ ਅਤੇ ਕਈ ਖੇਤਰਾਂ ਨੂੰ ਬਿਲਕੁਲ ਵਿਸਾਰ ਦਿੱਤਾ ਗਿਆ। ਪ੍ਰਾਈਵੇਟ ਖੇਤਰ ਦੀਆਂ ਥਰਮਲ ਕੰਪਨੀਆਂ ਨਾਲ ਘਾਟਾ ਪਾਉਣ ਵਾਲੇ ਸਮਝੌਤੇ ਕੀਤੇ ਗਏ। ਵਿਧਾਨ ਸਭਾ ਦੀਆਂ ਚੋਣਾਂ ਵਾਲੇ ਸਾਲ ਵਿਚ ਲੋਕ-ਲੁਭਾਊ ਪ੍ਰੋਗਰਾਮਾਂ 'ਤੇ ਬਹੁਤ ਖਰਚ ਕੀਤਾ ਜਾਂਦਾ ਹੈ ਅਤੇ ਕਈ ਮਹਿਕਮਿਆਂ ਵਿਚ ਤੇਜ਼ੀ ਨਾਲ ਭਰਤੀ ਕੀਤੀ ਜਾਂਦੀ ਹੈ। ਵੱਖ-ਵੱਖ ਵਰਗਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਲਈ ਅਜਿਹੀ ਵਿਉਂਤਬੰਦੀ ਨਹੀਂ ਕੀਤੀ ਗਈ ਕਿ ਰਾਹਤ ਲੋੜਵੰਦਾਂ ਨੂੰ ਪਹੁੰਚੇ।

ਕੈਗ ਨੇ ਹੈਮਿਲਟਨ ਅਤੇ ਫਲੈਵਿਨ ਦੇ ਮਾਡਲ 'ਤੇ ਆਧਾਰਿਤ ਮਾਪਦੰਡ ਦਿੱਤੇ ਹਨ ਜਿਨ੍ਹਾਂ ਅਨੁਸਾਰ ਸਰਕਾਰਾਂ ਕਰਜ਼ਿਆਂ ਦੇ ਬੋਝ ਸਹਿੰਦੀਆਂ ਅੱਗੇ ਵਧ ਸਕਦੀਆਂ ਹਨ। ਮੁੱਖ ਮਾਪਦੰਡ ਇਹ ਹੈ ਕਿ ਹੁਣ ਅਤੇ ਭਵਿੱਖ ਵਿਚ ਹੋਣ ਵਾਲੇ ਬੁਨਿਆਦੀ ਖਰਚੇ, ਹੁਣ ਅਤੇ ਭਵਿੱਖ ਵਿਚ ਹੋਣ ਵਾਲੀ ਆਮਦਨ ਅਤੇ ਮੁਢਲੇ ਕਰਜ਼ਿਆਂ ਦੇ ਜੋੜ ਤੋਂ ਜ਼ਿਆਦਾ ਨਾ ਹੋਣ। ਕੈਗ ਦੇ ਅੰਕੜਿਆਂ



ਅਨੁਸਾਰ ਪੰਜਾਬ ਸਰਕਾਰ ਦੇ ਖਰਚ ਕਰਨ ਦੇ ਤਰੀਕੇ ਇਨ੍ਹਾਂ ਮਾਪਦੰਡਾਂ 'ਤੇ ਪੂਰੇ ਨਹੀਂ ਉਤਰਦੇ ਅਤੇ ਇਸ ਕਾਰਨ ਆਉਣ ਵਾਲੇ ਸਮਿਆਂ ਵਿਚ ਸੰਕਟ ਵਧੇਗਾ। ਇਸ ਤੋਂ ਪਹਿਲਾਂ ਨੀਤੀ ਆਯੋਗ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਔਸਤ ਕੌਮੀ ਆਮਦਨ ਤੋਂ ਘਟ ਗਈ ਹੈ ਅਤੇ ਪੰਜਾਬ ਦਾ ਸ਼ੁਮਾਰ ਹੁਣ ਉਨ੍ਹਾਂ ਰਾਜਾਂ ਵਿਚ ਹੁੰਦਾ ਹੈ ਜਿਹੜੇ ਆਪਣੇ ਬੁਨਿਆਦੀ ਢਾਂਚੇ 'ਤੇ ਸਭ ਤੋਂ ਘੱਟ ਖਰਚ ਕਰਦੇ ਹਨ। ਕੈਗ ਦੀ ਰਿਪੋਰਟ ਵਿਚ ਖੇਤੀ ਲਈ ਦਿੱਤੀ ਮੁਫਤ ਬਿਜਲੀ ਬਾਰੇ ਵੀ ਗੱਲ ਕੀਤੀ ਗਈ। ਇਹ ਇਕ ਨਾਜ਼ਕ ਮੁੱਦਾ ਹੈ ਕਿਉਂਕਿ ਖੇਤੀ 'ਤੇ ਪੰਜਾਬ ਦੀ ਨਿਰਭਰਤਾ ਇਸ ਤਰ੍ਹਾਂ ਦੀ ਹੈ ਕਿ ਦੂਸਰੇ ਖੇਤਰਾਂ ਦੀ ਕਾਰਗੁਜ਼ਾਰੀ ਇਸੇ ਖੇਤਰ ਦੀ ਕਾਰਗੁਜ਼ਾਰੀ ਨਾਲ ਡੂੰਘੇ ਤੌਰ 'ਤੇ ਜੁੜੀ ਹੋਈ ਹੈ। ਪੰਜਾਬ ਦੀਆਂ ਬਹੁਤ ਸਾਰੀਆਂ ਸਨਅਤਾਂ ਦੂਸਰੇ ਸੂਬਿਆਂ ਵਿਚ ਚਲੀਆਂ ਗਈਆਂ ਹਨ ਅਤੇ ਨਵੀਆਂ ਸਨਅਤਾਂ ਲਗਾਉਣ ਵੱਲ ਕੋਈ ਵੱਡੇ ਕਦਮ ਨਹੀਂ ਚੁੱਕੇ ਗਏ।

## ਕੈਗ ਨੇ ਕੈਪਟਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ: ਚੀਮਾ

**ਚੰਡੀਗੜ੍ਹ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਗ ਦੀ ਤਾਜ਼ੀ ਰਿਪੋਰਟ ਤੋਂ ਸਪੱਸ਼ਟ ਹੁੰਦਾ ਹੈ ਕਿ ਕੈਪਟਨ ਸਰਕਾਰ ਸੂਬੇ ਦਾ ਪ੍ਰਬੰਧ ਚਲਾਉਣ 'ਚ ਨਾਕਾਮ ਸਿੱਧ ਹੋਈ ਹੈ। ਉਨ੍ਹਾਂ ਕਿਹਾ ਕਿ ਕੈਗ ਦੀ ਰਿਪੋਰਟ ਅਨੁਸਾਰ ਕੈਪਟਨ ਦੇ ਸ਼ਾਸਨ ਕਾਲ ਵਿਚ ਸੂਬੇ ਦੀ ਸਿੱਖਿਆ ਵਿਚ 2 ਫ਼ੀਸਦ ਅਤੇ ਸਿਹਤ 'ਤੇ ਖਰਚ ਵਿਚ 0.63 ਫੀਸਦੀ ਦੀ ਕਮੀ ਆਈ ਹੈ। ਕੈਪਟਨ ਸਰਕਾਰ ਨੇ ਭਾਰਤ ਦੇ ਹੋਰ ਸੂਬਿਆਂ ਮੁਕਾਬਲੇ ਸਿੱਖਿਆ ਅਤੇ ਸਿਹਤ 'ਤੇ ਕਾਫੀ ਘੱਟ ਪੈਸਾ ਖਰਚ ਕੀਤਾ ਹੈ। ਇੰਨਾ ਹੀ ਨਹੀਂ ਸਰਕਾਰ ਨੇ ਵਿਕਾਸ ਕੰਮਾਂ 'ਤੇ ਵੀ ਬਹੁਤ ਘੱਟ ਖਰਚ ਕੀਤਾ ਹੈ।

## ਅਕਾਲੀਆਂ ਨੇ ਚਾੜ੍ਹਿਆ ਪੰਜਾਬ ਸਿਰ ਕਰਜ਼ਾ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪਿਛਲੀ ਗੱਠਜੋੜ ਸਰਕਾਰ ਵੱਲੋਂ ਅਨਾਜ ਖਰੀਦ ਮਾਮਲੇ ਦੇ ਬਕਾਇਆ ਕੇਸ ਦੇ ਨਿਬੇੜੇ ਲਈ 31000 ਕਰੋੜ ਦਾ ਕਰਜ਼ ਪੰਜਾਬ ਸਿਰ ਠੋਕ ਕੇ ਪੰਜਾਬ ਦੇ ਭਵਿੱਖ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਕੇਂਦਰ ਸਰਕਾਰ ਤਾਂ ਸਿਰਫ 13000 ਕਰੋੜ ਰੁਪਏ ਵਿਚ ਹੀ ਇਸ ਕੇਸ ਦਾ ਨਬੇੜਾ ਕਰਨ ਨੂੰ ਤਿਆਰ ਸੀ। ਸੁਨੀਲ ਜਾਖੜ ਨੇ ਇਥੇ ਭਾਰਤ ਸਰਕਾਰ ਦੀ ਇਕ ਰਿਪੋਰਟ ਦੀ ਕਾਪੀ ਮੀਡੀਆ ਨਾਲ ਸਾਂਝਾ ਕਰਦਿਆਂ ਤਤਕਾਲੀ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਸੱਚ ਰੱਖਣ ਲਈ ਵੰਗਾਰਿਆ। ਜਾਖੜ ਨੇ ਕਿਹਾ ਕਿ ਇਹ ਸਹੀ ਸਮਾਂ ਹੈ ਜਦ ਸ੍ਰੀ ਢੀਂਡਸਾ ਆਪਣੇ ਕੀਤੇ ਪਾਪ ਨੂੰ ਧੋ ਸਕਦੇ ਹਨ।

# XPressCargo

**Tel.: 317-426-5410**
Ext. 2001 & 2403

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਫਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

**Punjab Times**

Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਿਸਾਨ ਬੀਬੀਆਂ ਵੱਲੋਂ ਅਗਲਾ ਮੋਰਚਾ ਈ.ਵੀ.ਐਮ. ਖਿਲਾਫ ਲਾਉਣ ਦਾ ਹੋਕਾ

**ਨਵੀਂ ਦਿੱਲੀ:** ਕੌਮਾਂਤਰੀ ਮਹਿਲਾ ਦਿਵਸ ਮੌਕੇ ਦਿੱਲੀ ਦੇ ਬਾਰਡਰਾਂ ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਪਲਵਲ 'ਤੇ ਲੱਗੇ ਮੋਰਚਿਆਂ 'ਚ ਔਰਤਾਂ ਨੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਸਮੇਤ ਔਰਤਾਂ ਦੀ ਬਰਾਬਰੀ ਦੇ ਹੱਕ ਦਾ ਹੋਕਾ ਦਿੱਤਾ। ਉਨ੍ਹਾਂ ਵੱਡੀ ਗਿਣਤੀ 'ਚ ਹਾਜਰੀ ਲੁਆ ਕੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿਚ ਡਟਣ ਦਾ ਇਰਾਦਾ ਜ਼ਾਹਿਰ ਕੀਤਾ। ਹਰਿਆਣਵੀ ਔਰਤਾਂ ਨੇ ਵੱਡੀ ਗਿਣਤੀ ਵਿਚ ਮੋਰਚਿਆਂ 'ਤੇ ਸ਼ਾਮਲ ਹੋ ਕੇ ਮੋਦੀ ਸਰਕਾਰ ਹਟਾਉਣ ਦੇ ਨਾਅਰੇ ਲਾਏ।

ਗਾਜ਼ੀਪੁਰ ਮੋਰਚੇ 'ਤੇ ਇਸ ਅੰਦੋਲਨ ਦੀ ਜਿੱਤ ਮਗਰੋਂ ਈ.ਵੀ.ਐਮਜ. (ਇਲੈਕਟ੍ਰਾਨਿਕ ਵੋਟਿੰਗ ਮਸ਼ੀਨ) ਦੀ ਵਰਤੋਂ ਬੰਦ ਕਰਨ ਲਈ ਇੰਨਾ ਹੀ ਵੱਡਾ ਮੋਰਚਾ ਲਾਉਣ ਦਾ ਸੱਦਾ ਦਿੱਤਾ ਗਿਆ। ਔਰਤਾਂ ਨੇ ਆਪਣੀਆਂ ਭਾਵਨਾਵਾਂ ਭਾਸ਼ਣਾਂ, ਲੋਕ ਨਾਚਾਂ, ਗੀਤਾਂ, ਕਵਿਤਾਵਾਂ ਰਾਹੀਂ ਪੇਸ਼ ਕੀਤੀਆਂ ਅਤੇ ਦਰਸਾਇਆ ਕਿ ਉਹ ਵੀ ਕਿਸਾਨ ਘੋਲ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਕਈ ਔਰਤਾਂ ਟਰੈਕਟਰ ਚਲਾ ਕੇ ਮੋਰਚਿਆਂ ਵਿਚ ਸ਼ਾਮਲ ਹੋਈਆਂ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਮੇਤ ਦੱਖਣੀ ਰਾਜਾਂ ਤੋਂ ਵੀ ਦਿੱਲੀ ਦੇ ਮੋਰਚਿਆਂ ਵਿਚ ਹਜ਼ਾਰਾਂ ਔਰਤਾਂ ਨੇ ਹਾਜਰੀ ਭਰੀ। ਭਾਸ਼ਣਾਂ ਦੌਰਾਨ ਔਰਤਾਂ ਨੇ ਮੋਦੀ ਸਰਕਾਰ ਖਿਲਾਫ ਸੁਰ ਤਿੱਖੀ ਰੱਖੀ।

# ਬਰਤਾਨਵੀ ਸੰਸਦ 'ਚ ਕਿਸਾਨ ਅੰਦੋਲਨ ਦੀ ਗੂੰਜ

**ਲੰਡਨ:** ਇੰਗਲੈਂਡ ਦੀ ਸੰਸਦ ਵਿਚ ਕਿਸਾਨ ਅੰਦੋਲਨ ਨੂੰ ਮੈਂਬਰਾਂ ਨੇ ਬੜੀ ਗੰਭੀਰ ਨਾਲ ਉਠਾਇਆ ਹੈ। ਹਾਲਾਂਕਿ ਸੰਸਦ ਮੈਂਬਰਾਂ ਨੇ ਕਿਹਾ ਕਿ ਭਾਵੇਂ ਇਹ ਮਾਮਲਾ ਭਾਰਤ ਦਾ ਅੰਦਰੂਨੀ ਹੈ ਪਰ ਇਹ ਮਨੁੱਖੀ ਅਧਿਕਾਰਾਂ ਨਾਲ ਵੀ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਜਲੰਧਰ ਨਾਲ ਸਬੰਧਤ ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ ਅਤੇ ਪ੍ਰੀਤ ਕੌਰ ਗਿੱਲ ਦੇ ਨਾਲ ਨਾਲ ਖਾਲਿਦ ਮਹਿਮੂਦ ਨੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਹਰ ਕਿਸੇ ਨੂੰ ਪ੍ਰਦਰਸ਼ਨ ਕਰਨ ਦਾ ਹੱਕ ਹੈ। ਸੈਂਕੜੇ ਕਿਸਾਨ ਅੰਦੋਲਨ ਕਰਦੇ ਹੋਏ ਆਪਣੀ ਜਾਨ ਗਵਾ ਚੁੱਕੇ ਹਨ। ਦਿੱਲੀ ਦੇ ਬਾਰਡਰਾਂ 'ਤੇ ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਪ੍ਰਦਰਸ਼ਨ ਦਾ ਹਿੱਸਾ ਹਨ। ਕਈ ਪੱਤਰਕਾਰਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਸਮਾਜਿਕ ਕਾਰਕੁਨਾਂ 'ਤੇ ਵੀ ਤਸ਼ੱਦਦ ਢਾਹੇ ਗਏ ਹਨ। ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਵੀ ਲਗਾਏ ਜਾ ਰਹੇ ਹਨ। ਇਸ ਅੰਦੋਲਨ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇਸ ਲਈ ਉਨ੍ਹਾਂ ਨੂੰ ਵੱਖਵਾਦੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਕੋਈ ਵੀ ਹਿੰਸਾ ਦੀ ਵਕਾਲਤ ਨਹੀਂ ਕਰਦਾ ਪਰ ਇਸ ਮਸਲੇ ਦਾ ਜਲਦ ਹੱਲ ਨਿਕਲਣਾ ਚਾਹੀਦਾ ਹੈ। ਖੇਤੀ ਕਾਨੂੰਨ ਠੀਕ ਜਾਂ ਗਲਤ ਵੱਖਰਾ ਮਾਮਲਾ ਹੈ ਪਰ ਮਨੁੱਖੀ ਹੱਕਾਂ ਲਈ ਉਹ ਕਿਸਾਨਾਂ ਨਾਲ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਨੌਦੀਪ ਕੌਰ ਅਤੇ ਦਿਸ਼ਾ ਰਵੀ ਵਰਗੇ ਕਾਰਕੁਨਾਂ ਦੀ ਗ੍ਰਿਫਤਾਰੀ ਅਤੇ ਪੱਤਰਕਾਰਾਂ ਖਿਲਾਫ ਸਖਤ ਕਾਰਵਾਈ ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਖਤਰੇ ਵਿਚ ਹੋਣ ਦੇ ਸੰਕੇਤ ਹਨ। ਬਰਤਾਨਵੀ ਸੰਸਦ ਮੈਂਬਰ ਖਾਲਿਦ ਮਹਿਮੂਦ ਨੇ ਕਿਹਾ ਕਿ ਇਹ ਕਾਫੀ ਅਹਿਮ ਤੇ ਗੰਭੀਰ ਮਸਲਾ ਹੈ। ਇਹ ਕਿਸਾਨਾਂ ਦੀ ਰੋਜੀ-ਰੋਟੀ ਦਾ ਮੁੱਦਾ ਹੈ।

ਉਧਰ, ਭਾਰਤੀ ਹਾਈ ਕਮਿਸ਼ਨ ਨੇ ਕਿਸਾਨ ਅੰਦੋਲਨ ਨਾਲ ਜੁੜੇ ਮੁੱਦੇ 'ਤੇ ਯੂਕੇ ਵਿਚ ਚਲਾਈ ਗਈ ਈ-ਪਟੀਸ਼ਨ ਮੁਹਿੰਮ ਦੇ ਜਵਾਬ ਵਿਚ ਕਿਹਾ ਹੈ ਕਿ ਯੂਕੇ ਦੀ ਸੰਸਦ ਵਿਚ ਸੰਸਦ ਮੈਂਬਰਾਂ ਵਿਚਾਲੇ ਹੋਈ ਚਰਚਾ ਇਕਪਾਸੜ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ 'ਤੇ ਅਫਸੋਸ ਹੈ ਕਿ ਸੰਤੁਲਿਤ ਬਹਿਸ ਦੀ ਥਾਂ ਝੂਠੇ ਦਾਅਵੇ, ਬਿਨਾਂ ਪੁਸ਼ਟੀ ਵਾਲੇ ਤੱਥਾਂ ਨੂੰ ਆਧਾਰ ਬਣਾ ਕੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਢਾਹ ਲਗਾਈ ਹੈ।

## ਸੁਖਪਾਲ ਖਹਿਰਾ ਦੇ ਘਰ ਈ.ਡੀ. ਦਾ ਛਾਪਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਸਾਬਕਾ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਚੰਡੀਗੜ੍ਹ ਸੈਕਟਰ-5 ਵਿਚ ਸਥਿਤ ਘਰ ਵਿਚ ਈਡੀ ਦੀ ਟੀਮ ਨੇ ਛਾਪਾ ਮਾਰਿਆ। ਦਰਜਨ ਦੇ ਕਰੀਬ ਅਧਿਕਾਰੀਆਂ ਨੇ ਛਾਪੇ ਦੌਰਾਨ ਸ੍ਰੀ ਖਹਿਰਾ ਤੋਂ ਪੁੱਛ ਪੜਤਾਲ ਸ਼ੁਰੂ ਕਰ ਦਿੱਤੀ। ਸ੍ਰੀ ਸੁਖਪਾਲ ਸਿੰਘ ਖਹਿਰਾ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਵਿਚ ਕਿਸਾਨਾਂ ਦੀ ਹਮਾਇਤ ਕਰਦੇ ਆ ਰਹੇ ਹਨ। ਇਸ ਤੋਂ ਇਲਾਵਾ ਯੂ.ਏ.ਪੀ.ਏ. ਸਬੰਧੀ ਦਰਜ ਕੀਤੇ ਕਈ ਕੇਸਾਂ ਦੀ ਖਿਲਾਫ ਆਵਾਜ਼ ਚੁੱਕ ਰਹੇ ਹਨ।

ਵਿਧਾਇਕ ਸੁਖਪਾਲ ਖਹਿਰਾ ਨੇ ਈਡੀ ਦੇ ਛਾਪੇ 'ਤੇ ਪ੍ਰਤੀਕ੍ਰਿਆ ਦਿੰਦੇ ਕਿਹਾ ਕਿ ਸਰਕਾਰ ਖਿਲਾਫ ਆਵਾਜ਼ ਚੁੱਕਣ ਵਾਲੇ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲਈ ਛਾਪਾ ਮਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਈਡੀ ਦੇ ਅਧਿਕਾਰੀ ਉਨ੍ਹਾਂ ਉਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾ ਰਹੇ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਸਾਰਾ ਘਰ ਅਤੇ ਕਾਗਜ਼ਾਤ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੇ ਹਨ।

# ਬਾਲ ਜਿਨਸੀ ਸ਼ੋਸ਼ਣ ਦੇ ਰੋਜ਼ਾਨਾ ਚਾਰ ਪੀੜਤ ਇਨਸਾਫ ਤੋਂ ਵਾਂਝੇ

**ਨਵੀਂ ਦਿੱਲੀ:** ਸਬੂਤਾਂ ਦੀ ਘਾਟ ਕਾਰਨ ਮਾਮਲੇ ਬੰਦ ਹੋ ਜਾਣ ਕਾਰਨ ਬਾਲ ਜਿਨਸੀ ਸ਼ੋਸ਼ਣ ਦੇ ਰੋਜ਼ਾਨਾ ਚਾਰ ਪੀੜਤ ਇਨਸਾਫ ਤੋਂ ਵਾਂਝੇ ਹਨ। ਇਕ ਅਧਿਐਨ 'ਚ ਖੁਲਾਸਾ ਕੀਤਾ ਗਿਆ ਹੈ ਕਿ 'ਕੈਲਾਸ਼ ਸੱਤਿਆਰਥੀ ਚਿਲਡਰਨਜ ਫਾਊਂਡੇਸ਼ਨ' (ਕੇ.ਐਸ.ਸੀ.ਐਫ.) ਨੇ 'ਪੁਲਿਸ ਵੱਲੋਂ ਕੇਸਾਂ ਦੇ ਨਿਬੇੜੇ ਦਾ ਢੰਗ: ਪੋਕਸੋ ਐਕਟ, 212 ਤਹਿਤ ਦਾਇਰ ਮਾਮਲਿਆਂ ਦੀ ਜਾਂਚ', ਸਿਰਲੇਖ ਤਹਿਤ 2017 ਤੋਂ 2019 ਤੱਕ ਪੁਲਿਸ ਵੱਲੋਂ ਪੋਕਸੋ ਮਾਮਲਿਆਂ ਦੇ ਨਿਬੇੜੇ ਦੇ ਢੰਗ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਹ ਵਿਸ਼ਲੇਸ਼ਣ ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਪ੍ਰਕਾਸ਼ਿਤ ਸੂਚਨਾ ਦੇ ਆਧਾਰ 'ਤੇ ਕੀਤਾ ਗਿਆ ਹੈ। ਕੌਮਾਂਤਰੀ ਮਹਿਲਾ ਦਿਵਸ ਮੌਕੇ ਜਾਰੀ ਇਸ ਅਧਿਐਨ ਦੇ ਨਤੀਜੇ 'ਚ ਕਿਹਾ ਗਿਆ ਹੈ, 'ਅਜਿਹਾ ਸਾਹਮਣੇ ਆਇਆ ਹੈ ਕਿ 2017 ਤੋਂ 2019 ਵਿਚਾਲੇ ਉਨ੍ਹਾਂ ਕੇਸਾਂ ਦੀ ਗਿਣਤੀ ਵਧੀ ਹੈ ਜੋ ਪੁਲਿਸ ਨੇ ਦੋਸ਼ ਪੱਤਰ ਦਾਇਰ ਕੀਤੇ ਬਿਨਾਂ ਜਾਂਚ ਮਗਰੋਂ ਬੰਦ ਕਰ ਦਿੱਤੇ ਹਨ।'

ਅਧਿਐਨ 'ਚ ਕਿਹਾ ਗਿਆ ਹੈ ਕਿ ਪਿਛਲੇ ਕੁਝ ਸਾਲਾਂ 'ਚ ਦੇਸ਼ ਅੰਦਰ ਜਿਨਸੀ ਅਪਰਾਧ ਦੇ ਕੇਸ ਵਧੇ ਹਨ। ਦੇਸ਼ 'ਚ ਪੋਕਸੋ ਕਾਨੂੰਨ ਦਾ ਅਮਲ ਸਹੀ ਢੰਗ ਨਾਲ ਨਹੀਂ ਹੋ ਰਿਹਾ। ਇਸ 'ਚ ਕਿਹਾ ਗਿਆ ਹੈ ਕਿ ਪੋਕਸੋ ਦੇ ਹਰ ਸਾਲ ਘੱਟ ਤੋਂ ਘੱਟ 3000 ਅਜਿਹੇ ਕੇਸ ਹਨ ਜੋ ਸੁਣਵਾਈ ਲਈ ਅਦਾਲਤ ਨਹੀਂ ਪਹੁੰਚ ਸਕੇ।

# ਕਰੋਨਾ ਤੋਂ ਥੋੜ੍ਹੀ ਰਾਹਤ ਪਿੱਛੋਂ ਮੋਦੀ ਨੇ ਮੁੜ ਸ਼ੁਰੂ ਕੀਤੇ ਵਿਦੇਸ਼ੀ ਦੌਰੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਾਰਚ ਦੇ ਅਖੀਰ ਤੋਂ ਵਿਦੇਸ਼ਾਂ 'ਚ ਆਪਣੇ ਸਫਾਰਤੀ ਦੌਰਿਆਂ ਦੀ ਕਵਾਇਦ ਸ਼ੁਰੂ ਕਰ ਰਹੇ ਹਨ। ਪ੍ਰਧਾਨ ਮੰਤਰੀ ਕਰੋਨਾ ਕਾਰਨ ਪਿਛਲੇ ਤਕਰੀਬਨ 1 ਸਾਲ ਤੋਂ ਵਰਚੁਅਲ ਪ੍ਰੋਗਰਾਮਾਂ 'ਚ ਹਿੱਸਾ ਲੈ ਰਹੇ ਹਨ ਪਰ 25 ਮਾਰਚ ਨੂੰ ਉਹ ਬੰਗਲਾਦੇਸ਼ ਦੇ ਦੌਰੇ 'ਤੇ ਜਾ ਰਹੇ ਹਨ, ਜਿਸ ਤੋਂ ਬਾਅਦ ਮਈ 'ਚ ਪੁਰਤਗਾਲ ਅਤੇ ਜੂਨ ਵਿਚ ਜੀ-7 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਬਰਤਾਨੀਆ ਜਾਣਗੇ।

ਮੋਦੀ ਸ਼ੇਖ ਮੁਜੀਬਰ ਰਹਿਮਾਨ ਦੇ ਸ਼ਤਾਬਦੀ ਸਮਾਗਮ 'ਚ ਹਿੱਸਾ ਲੈਣਗੇ ਅਤੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਮੁਲਾਕਾਤ ਕਰਨਗੇ। ਅਪਰੈਲ 'ਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਭਾਰਤ ਆ ਸਕਦੇ ਹਨ। ਬਰਤਾਨੀਆ ਹਾਈ ਕਮਿਸ਼ਨ ਦੇ ਬੁਲਾਰੇ ਨੇ ਸੰਭਾਵਿਤ ਦੌਰੇ ਬਾਰੇ ਦੱਸਦਿਆਂ ਕਿਹਾ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਾਲ ਦੇ ਪਹਿਲੇ ਮੱਧ 'ਚ ਅਤੇ ਜੂਨ ਵਿਚ ਤੈਅਸ਼ੁਦਾ ਜੀ-7 ਸਿਖਰ ਸੰਮੇਲਨ ਤੋਂ ਪਹਿਲਾਂ ਭਾਰਤ ਆ ਸਕਦੇ ਹਨ। ਜੂਨ 'ਚ ਹੋਣ ਵਾਲੇ ਸਿਖਰ ਸੰਮੇਲਨ ਲਈ ਮੋਦੀ ਬਰਤਾਨੀਆ ਜਾਣਗੇ। ਸਿਖਰ ਸੰਮੇਲਨ 'ਚ ਬਰਤਾਨੀਆ, ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਅਮਰੀਕਾ ਅਤੇ ਯੂਰਪੀਅਨ ਯੂਨੀਅਨ ਸ਼ਾਮਲ ਹਨ। ਬਰਤਾਨੀਆ ਦੇ ਦੌਰੇ ਤੋਂ ਪਹਿਲਾਂ ਮੋਦੀ ਮਈ 'ਚ ਪੁਰਤਗਾਲ ਦੇ ਦੌਰੇ ਉਤੇ ਵੀ ਰਵਾਨਾ ਹੋ ਸਕਦੇ ਹਨ ਜਿਥੇ ਭਾਰਤ ਅਤੇ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਦੇ ਮੁਲਾਕਾਤ ਕਰਨ ਦੀ ਸੰਭਾਵਨਾ ਹੈ।

## ਮੱਧ ਪ੍ਰਦੇਸ਼ ਵਿਧਾਨ ਸਭਾ ਵੱਲੋਂ ਧਾਰਮਿਕ ਆਜ਼ਾਦੀ ਬਿੱਲ ਪਾਸ

**ਭੋਪਾਲ:** ਮੱਧ ਪ੍ਰਦੇਸ਼ ਵਿਧਾਨ ਸਭਾ 'ਚ 'ਮੱਧ ਪ੍ਰਦੇਸ਼ ਧਾਰਮਿਕ ਆਜ਼ਾਦੀ ਬਿੱਲ-2021' ਪਾਸ ਕਰ ਦਿੱਤਾ ਗਿਆ। ਬਿੱਲ 'ਚ ਵਿਆਹ ਜਾਂ ਕਿਸੇ ਹੋਰ ਧੋਖੇ ਵਾਲੇ ਢੰਗ ਨਾਲ ਕੀਤੀ ਗਈ ਧਰਮ ਤਬਦੀਲੀ ਮਾਮਲੇ 'ਚ ਵੱਧ ਤੋਂ ਵੱਧ 10 ਸਾਲ ਦੀ ਕੈਦ ਦੀ ਸਜਾ ਤੇ ਭਾਰੀ ਜਰਮਾਨੇ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।

ਮੱਧ ਪ੍ਰਦੇਸ਼ ਦੀ ਰਾਜਪਾਲ ਆਨੰਦੀਬੇਨ ਪਟੇਲ ਦੀ ਮਨਜ਼ੂਰੀ ਮਿਲਣ ਮਗਰੋਂ ਇਹ ਕਾਨੂੰਨ ਨੌਂ ਜਨਵਰੀ ਨੂੰ ਨੋਟੀਫਾਈ ਕੀਤੇ 'ਮੱਧ ਪ੍ਰਦੇਸ਼ ਧਾਰਮਿਕ ਆਜ਼ਾਦੀ ਅਧਿਆਦੇਸ਼-2020' ਦੀ ਥਾਂ ਲੈ ਲਵੇਗਾ। ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਪਹਿਲੀ ਮਾਰਚ ਨੂੰ ਇਹ ਬਿੱਲ ਸਦਨ 'ਚ ਪੇਸ਼ ਕੀਤਾ ਸੀ ਅਤੇ ਚਰਚਾ ਤੋਂ ਬਾਅਦ ਇਸ ਨੂੰ ਜੁਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਆਹ ਨੂੰ ਮਾਨਤਾ ਪ੍ਰਾਪਤ ਨਹੀਂ ਮੰਨਿਆ ਜਾਵੇਗਾ।

## ਕਿਸਾਨੀ ਕਰਜ਼ੇ ਬਾਰੇ ਦਾਅਵੇ ਖੋਖਲੇ!

(ਸਫਾ ਇਕ ਦੀ ਬਾਕੀ)

ਵਾਲੇ ਕਿਸਾਨਾਂ 'ਤੇ ਆ ਟਿਕੀ।

ਪਿਛਲੇ ਸਾਲ ਇਸੇ ਸਰਕਾਰ ਨੇ ਬਜਟ ਵਿਚ ਬਿਨਾਂ ਧੇਲਾ ਰੱਖਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਦਲੇ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਸੀ ਪਰ ਇਸ ਬਜਟ 'ਚੋਂ ਇਹ ਵਾਅਦਾ ਵੀ ਗਾਇਬ ਹੋ ਗਿਆ ਹੈ। ਮੌਜੂਦਾ ਕਿਸਾਨ ਅੰਦੋਲਨ ਖੇਤੀ ਤੇ ਕਿਸਾਨੀ ਦੇ ਗੰਭੀਰ ਸੰਕਟ ਦਾ ਪ੍ਰਗਟਾਵਾ ਕਰ ਰਿਹਾ ਹੈ।

ਪੰਜਾਬ ਸਰਕਾਰ ਨੇ ਆਖਰੀ ਸਾਲ ਵਿਚ ਵੀ ਕਿਸਾਨ ਅਤੇ ਖੇਤੀ ਕਾਮਿਆਂ ਦੇ ਕਮਿਸ਼ਨ ਦੀ ਰਿਪੋਰਟ ਉਤੇ ਚਰਚਾ ਕਰਨ ਦੀ ਲੋੜ ਨਹੀਂ ਸਮਝੀ। ਸੂਬੇ ਦੀ ਹੁਣ ਤੱਕ ਆਪਣੀ ਕੋਈ ਖੇਤੀ ਨੀਤੀ ਨਹੀਂ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਊਠ ਦੇ ਮੂੰਹ ਵਿਚ ਜ਼ੀਰੇ ਵਾਲੀ ਗੱਲ ਹੈ। ਫਸਲੀ ਵੰਨ-ਸਵੰਨਤਾ ਲਈ ਹੋਰਨਾਂ ਫਸਲਾਂ ਦੀ ਖਰੀਦ ਵਿਚ ਸਹਾਇਤਾ ਕਰਨ ਬਾਰੇ ਕੋਈ ਠੋਸ ਤਜਵੀਜ਼ ਨਹੀਂ ਹੈ।

# ਸਿਆਸੀ ਜਮਾਤਾਂ ਵੱਲੋਂ ਕਿਸਾਨਾਂ ਦੀ ਥਾਂ ਚੋਣਾਂ ਨੂੰ ਪਹਿਲ

(ਸਫਾ ਇਕ ਦੀ ਬਾਕੀ)

95,257.60 ਕਰੋੜ ਦੀਆਂ ਮਾਲੀ ਪ੍ਰਾਪਤੀਆਂ ਹੋਣ ਦਾ ਅਨੁਮਾਨ ਹੈ ਜਦੋਂ ਕਿ 1,03,879 ਕਰੋੜ ਮਾਲੀ ਖਰਚ ਦਾ ਅਨੁਮਾਨ ਹੈ। ਕੁੱਲ ਘਰੇਲੂ ਪੈਦਾਵਾਰ ਦਾ ਵਿੱਤੀ ਘਾਟਾ 3.99 ਫੀਸਦ ਰਹਿਣ ਦਾ ਅਨੁਮਾਨ ਹੈ।

ਪੰਜਾਬ ਸਿਰ 2021-22 ਵਿਚ ਕਰਜ਼ਾ ਵਧ ਕੇ 2,73,703.88 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕੁੱਲ ਘਰੇਲੂ ਪੈਦਾਵਾਰ ਦਾ 45 ਫੀਸਦੀ ਹੈ; ਮਤਲਬ ਕਿ ਮੌਜੂਦਾ ਕਾਂਗਰਸ ਸਰਕਾਰ ਦੇ ਰਾਜ ਭਾਗ ਦੇ ਪੰਜ ਵਰ੍ਹਿਆਂ ਦੌਰਾਨ ਸੂਬੇ ਸਿਰ ਨਵਾਂ ਕਰੀਬ 91,000 ਕਰੋੜ ਦਾ ਕਰਜ਼ਾ ਹੋਰ ਵਧਣਾ ਹੈ। ਆਉਂਦੇ ਵਿੱਤੀ ਵਰ੍ਹੇ ਦੌਰਾਨ ਰਾਜ ਦੇ ਵਿਕਾਸ ਲਈ 20,823 ਕਰੋੜ ਦਾ ਵਾਧੂ ਕਰਜ਼ ਲਿਆ ਜਾਣਾ ਹੈ।

ਬਜਟ 'ਚ ਕਰਜ਼ੇ ਦੀ ਵਿਆਜ ਅਦਾਇਗੀ ਲਈ 38,828 ਕਰੋੜ ਰੁਪਏ ਰੱਖੇ ਗਏ ਹਨ ਜਦੋਂ ਕਿ 35,041 ਕਰੋੜ ਦਾ ਨਵਾਂ ਕਰਜ਼ਾ ਲਿਆ ਜਾਣਾ ਹੈ। ਛੇਵਾਂ ਪੇਅ ਕਮਿਸ਼ਨ ਲਾਗੂ ਹੋਣ ਮਗਰੋਂ ਰਾਜ 'ਤੇ 9000 ਕਰੋੜ ਰੁਪਏ ਦਾ ਹੋਰ ਨਵਾਂ ਬੋਝ ਪਵੇਗਾ ਅਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪਹਿਲੀ ਜੁਲਾਈ 2021 ਤੋਂ ਲਾਗੂ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ।

ਘਰ-ਘਰ ਰੁਜ਼ਗਾਰ ਦਾ ਵਾਅਦਾ ਹੁਨਰ ਵਿਕਾਸ ਤੱਕ ਸੀਮਤ ਕਰ ਦਿੱਤਾ ਗਿਆ ਹੈ। ਬੇਰੁਜ਼ਗਾਰੀ ਭੱਤੇ ਦਾ ਸ਼ਬਦ ਸੁਣਨ ਵਿਚ ਨਹੀਂ ਆਇਆ। ਗੈਰ-ਰਸਮੀ ਖੇਤਰ ਦੇ ਕਰੋਨਾ ਅਤੇ ਹੋਰ ਕਾਰਨਾਂ ਕਰ ਕੇ ਬੇਕਾਰ ਹੋਏ ਲੱਖਾਂ ਕਿਰਤੀਆਂ ਲਈ ਕੋਈ ਤਜਵੀਜ਼ ਨਹੀਂ ਹੈ। ਕੇਂਦਰ ਸਰਕਾਰ ਨੇ ਮਗਨਰੇਗਾ ਦਾ ਬਜਟ ਘਟਾ ਦਿੱਤਾ ਹੈ ਪਰ ਪੰਜਾਬ ਸਰਕਾਰ ਨੇ ਵੀ ਆਪਣੇ ਪੱਧਰ 'ਤੇ ਇਸ ਦਿਸ਼ਾ ਵੱਲ ਕੋਈ ਕਦਮ ਪੁੱਟਣ ਦਾ ਸੰਕੇਤ ਨਹੀਂ ਦਿੱਤਾ। ਵਿੱਤ ਮੰਤਰੀ ਦੇ ਕਈ ਐਲਾਨ ਜੁਲਾਈ 2021 ਤੋਂ ਲਾਗੂ ਹੋਣੇ ਹਨ ਭਾਵ ਚੋਣਾਂ ਦੇ ਐਲਾਨ ਤੋਂ ਮਹਿਜ਼ ਕੁਝ ਮਹੀਨੇ ਪਹਿਲਾਂ। ਬਿਜਲੀ ਮਹਿੰਗਾਈ ਬਾਰੇ ਵਿੱਤ ਮੰਤਰੀ ਨੇ ਸਾਫ ਕਿਹਾ ਕਿ ਕਿਸਾਨਾਂ, ਅਨੁਸੂਚਿਤ ਜਾਤੀਆਂ, ਗਰੀਬਾਂ ਤੇ ਉਦਯੋਗਾਂ ਲਈ ਕਰੀਬ ਚੌਦਾਂ ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਤੋਂ ਵੱਧ ਹੋਰ ਕੋਈ ਗੁੰਜਾਇਸ਼ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮਿਸ਼ੀਗਨ ਜਿਮਨਾਸਟਿਕ ਮੁਕਾਬਲਿਆਂ ਵਿਚ ਸਿਮਰ ਕੌਰ ਨੇ ਬਾਜ਼ੀ ਮਾਰੀ

**ਬੈਟਲ ਕਰੀਕ, ਮਿਸ਼ੀਗਨ (ਡੀ. ਐਸ. ਮਾਂਗਟ):** 'ਸੀਰੀਅਲ ਸਿਟੀ ਆਫ ਦਾ ਵਰਲਡ' ਦੇ ਨਾਂ ਨਾਲ ਜਾਣੇ ਜਾਂਦੇ ਸ਼ਹਿਰ ਬੈਟਲ ਕਰੀਕ ਵਿਚ ਜਿਮਨਾਸਟਿਕ ਮੁਕਾਬਲੇ ਵਿਚ ਪੰਜਾਬੀ ਪਰਿਵਾਰ ਦੀ ਬਾਰਾਂ ਸਾਲਾ ਲੜਕੀ ਸਿਮਰ ਕੌਰ ਨੇ ਆਲ-ਰਾਊਂਡ ਖਿਤਾਬ ਜਿੱਤਣ ਦੇ ਨਾਲ-ਨਾਲ ਰਿਕਾਰਡ ਵੀ ਕਾਇਮ ਕੀਤਾ ਹੈ। ਇਹ ਪ੍ਰੋਗਰਾਮ 'ਬਰਾਂਚ ਜਿਮਨਾਸਟਿਕ' ਕੈਲਮਜ਼ੂ ਨੇ 18 ਤੋਂ 21 ਫਰਵਰੀ ਤੱਕ 'ਸੀਰੀਅਲ ਸਿਟੀ ਕਲਾਸਿਕ' ਨਾਂ ਤਹਿਤ ਕੈਲੋਗ ਆਰੀਨਾ ਵਿਚ ਕਰਵਾਇਆ ਸੀ। ਇਸ ਪ੍ਰੋਗਰਾਮ ਵਿਚ 20 ਬੱਚਿਆਂ ਨੇ ਹਿੱਸਾ ਲਿਆ, ਜਿਸ ਵਿਚ ਸਿਮਰ ਕੌਰ ਨੇ ਆਪਣੇ ਬੈਚ ਮੁਕਾਬਲੇ ਵਿਚ ਕੁਲ ਮਿਲਾ ਕੇ 40 ਵਿਚੋਂ 36.925 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

ਵੌਲਟ ਈਵੈਂਟ: 9.400
ਬਾਰ ਈਵੈਂਟ: 9.450
ਬੀਮ ਈਵੈਂਟ: 9.050
ਫਲੋਰ ਈਵੈਂਟ: 9.025

ਆਰਗੇਨਾਈਜੇਸ਼ਨ 'ਬਰਾਂਚ ਜਿਮਨਾਟਿਕ' ਕੈਲਮਜ਼ੂ, ਜਿਥੇ ਸਿਮਰ ਕੌਰ ਪਿਛਲੇ ਪੰਜ ਸਾਲਾਂ ਤੋਂ ਟਰੇਨਿੰਗ ਲੈ ਰਹੀ ਹੈ, ਦੀ ਸ਼ਲਾਘਾ ਕਰਨੀ ਹੋਵੇਗੀ, ਜਿਨ੍ਹਾਂ ਨੇ ਕਰੋਨਾ ਮਹਾਮਾਰੀ ਨੂੰ ਧਿਆਨ ਵਿਚ ਰੱਖਦਿਆਂ ਸਟੇਟ ਅਤੇ ਫੈਡਰਲ ਹਦਾਇਤਾਂ ਉਪਰ ਪਹਿਰਾ ਦਿੰਦਿਆਂ ਕੰਪੀਟੀਟਰ ਲਈ ਮਾਸਕ, ਟੈਂਪਰੇਚਰ, ਸੋਸ਼ਲ ਡਿਸਟੈਂਸ ਤੇ ਸੈਨੀਟੇਸ਼ਨ ਸਬੰਧੀ ਖਾਸ ਇੰਤਜ਼ਾਮ ਕੀਤੇ।

ਸਿਮਰ ਕੌਰ ਅਜੇ ਸੱਤਵੀਂ ਕਲਾਸ ਵਿਚ ਪੋਰਟੇਜ ਸੈਂਟਰਲ ਸਕੂਲ ਦੀ ਵਿਦਿਆਰਥਣ ਹੈ, ਜੋ ਪੜ੍ਹਾਈ ਦੇ ਨਾਲ-ਨਾਲ ਸੱਤ ਸਾਲ ਦੀ ਉਮਰ ਤੋਂ ਹੀ ਜਿਮਨਾਸਟਿਕ ਦੀ ਟਰੇਨਿੰਗ ਲੈ ਰਹੀ ਹੈ। ਉਸ ਦਾ ਸੁਪਨਾ ਉਲੰਪਿਕ ਤੱਕ ਪਹੁੰਚਣ ਦਾ ਹੈ। ਯਾਦ ਰਹੇ, ਉਹ 13 ਸਾਲ ਦੀ ਹੋਣ ਤੋਂ ਬਾਅਦ ਉਲੰਪਿਕ ਵਿਚ ਹਿੱਸਾ ਲੈ ਸਕਦੀ ਹੈ। ਜ਼ਿਕਰਯੋਗ ਹੈ ਕਿ 1976 ਦੀਆਂ ਮੌਂਟਰੀਅਲ ਉਲੰਪਿਕ ਖੇਡਾਂ ਵਿਚ ਰੋਮਾਨੀਆ ਦੀ ਨਾਦੀਆ ਕਮੈਨਸੀ ਨੇ ਦਸ ਵਟਾ ਦਸ ਅੰਕ ਹਾਸਲ ਕਰ ਕੇ ਰਿਕਾਰਡ ਬਣਾਇਆ ਸੀ, ਜਿਸ ਉਪਰ ਅਮਰੀਕਾ ਦੀ ਸੀਮੋਨਾ ਬਾਈਲਜ਼ ਨੇ ਰੀਓ ਉਲੰਪਿਕ ਵਿਚ ਮੋਹਰ ਲਾ ਦਿੱਤੀ। ਸਿਮਰ ਕੌਰ ਵੀ ਉਨ੍ਹਾਂ ਦੇ ਕਦਮਾਂ 'ਤੇ ਚੱਲਦਿਆਂ ਸਕੂਲ ਵਿਚ ਪੜ੍ਹਦਿਆਂ ਹੀ 2024 ਦੀਆਂ ਪੈਰਿਸ ਉਲੰਪਿਕ ਖੇਡਾਂ ਵਿਚ ਹਿਸਾ ਲੈ ਕੇ ਆਪਣਾ ਸੁਪਨਾ ਪੂਰਾ ਕਰਨਾ ਚਾਹੁੰਦੀ ਹੈ।

ਸਿਮਰ ਕੌਰ ਤਾਲੀਮ ਹਾਸਲ ਕਰਨ ਦੇ ਨਾਲ-ਨਾਲ ਸਮਾਜ ਸੇਵਾ, ਘੋੜ-ਸਵਾਰੀ ਅਤੇ ਕਲਚਰਲ ਪ੍ਰੋਗਰਾਮਾਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦੀ ਹੈ। ਇਹ ਹਵਾਲਾ ਦੇਣਾ ਜ਼ਰੂਰੀ ਹੈ ਕਿ ਪੰਜਾਬੀ ਹੈਰੀਟੇਜ ਸੁਸਾਇਟੀ, ਮਿਸ਼ੀਗਨ ਵੱਲੋਂ 2019 ਵਿਚ ਸਿਮਰ ਕੌਰ ਦਾ ਟੇਲੈਂਟ ਐਵਾਰਡ ਨਾਲ ਸਨਮਾਨ ਕੀਤਾ ਗਿਆ ਸੀ, ਜੋ ਮਾਤਾ-ਪਿਤਾ ਅਤੇ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਉਪਰ ਦਰਸਾਏ ਮੁਕਾਬਲੇ ਵਿਚ ਸਿਮਰ ਕੌਰ ਵੱਲੋਂ ਮਾਰੀ ਬਾਜ਼ੀ, ਹਰ ਮਾਪੇ ਨੂੰ ਸੁਨੇਹਾ ਦਿੰਦੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੀਆਂ ਉਪਲਬਧੀਆਂ ਲਈ ਸਹਿਯੋਗ ਦੇਣਾ ਚਾਹੀਦਾ ਹੈ।




## Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com

Sikh (Jatt) parents invite matrimonial alliance for their daughter 35yrs old, 5'- 10" tall, beautiful, family oriented, never married. Masters in Bio-Engineering Management-executive position in Bay Area, California. The boy should be good-natured, professionally qualified; tall and well settled in USA with family values. Serious inquiries only. Please respond with latest photo and bio-data to kaurprincess11@yahoo.com 8-11

### ਲੜਕੇ ਦੀ ਲੋੜ ਹੈ

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 9-12

Match for Arora Sikh clean shaven graduate boy 30 years, 6'-2', business man at Patiala. Contact, Balkar Singh Ph: +91-93163-01328 or balkarsingh@gmail.com 8-11

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com



*Kamaljeet Kaur*

*Mortgage rates available from 2.1% to 3%*

Midland Realty Group-Company You Trust

**FRONTIER FUEL CARD**

No obligation or contracts *(cancel anytime)*
No minimum amount of fuel to buy
Minimal up front to put down
Receive detailed fuel reports

Jagdeep Bains
Jbains@frontierfundinginc.com
Ph: 417-818-1054

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਕਰੋਨਾ ਦਾ ਕਹਿਰ ਮੁੜ ਵਧਿਆ, ਮੌਤਾਂ ਦੇ ਮਾਮਲੇ 'ਚ ਪੰਜਾਬ ਪਹਿਲੇ ਨੰਬਰ 'ਤੇ

## ਕੇਂਦਰ ਸਰਕਾਰ ਨੇ ਪੰਜਾਬ ਤੇ ਮਹਾਰਾਸ਼ਟਰ 'ਚ ਟੀਮਾਂ ਭੇਜੀਆਂ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਟੀਕਾਕਰਨ ਦੇ ਦੂਜੇ ਗੇੜ 'ਚ ਜਿਥੇ ਹਰ ਦਿਨ ਟੀਕਾ ਲਗਵਾਉਣ ਵਾਲਿਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ, ਉਥੇ ਕਰੋਨਾ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਪੰਜਾਬ ਅਤੇ ਮਹਾਰਾਸ਼ਟਰ 'ਚ ਕਰੋਨਾ ਲਾਗ ਦੇ ਕੇਸ ਮੁੜ ਵਧਣ ਦੇ ਮੱਦੇਨਜ਼ਰ ਦੋਵਾਂ ਸੂਬਿਆਂ 'ਚ ਉਚ ਪੱਧਰੀ ਬਹੁ ਅਨੁਸ਼ਾਸਨੀ ਜਨਤਕ ਸਿਹਤ ਟੀਮਾਂ ਭੇਜੀਆਂ ਹਨ।



ਦੇਸ਼ ਦੇ 15 ਰਾਜਾਂ 'ਚ ਕਰੋਨਾ ਮਰੀਜ਼ਾਂ ਦੀ ਗਿਣਤੀ ਫਿਰ ਵਧ ਰਹੀ ਹੈ। ਇਨ੍ਹਾਂ 15 ਰਾਜਾਂ 'ਚ ਕਰੋਨਾ ਦੀ ਪਾਜ਼ੀਟਿਵੀ ਦਰ (ਭਾਵ ਕਰੋਨਾ ਮਰੀਜ਼ਾਂ ਦੇ ਮਿਲਣ ਦੀ ਦਰ) 5 ਫੀਸਦੀ ਤੋਂ ਜ਼ਿਆਦਾ ਹੈ। ਵਿਸ਼ਵ ਸਿਹਤ ਸੰਸਥਾ ਦੇ ਮਾਨਕਾਂ ਮੁਤਾਬਕ 5 ਫੀਸਦੀ ਤੋਂ ਵੱਧ ਦਰ ਦਾ ਮਤਲਬ ਸਥਿਤੀ ਕਾਬੂ 'ਚ ਨਾ ਹੋਣਾ ਹੈ। ਮਹਾਰਾਸ਼ਟਰ ਕਰੋਨਾ ਦੀ ਰਫਤਾਰ 13.2 ਫੀਸਦੀ ਨਾਲ ਪਹਿਲੇ ਨੰਬਰ ਉਤੇ ਹੈ ਜਦਕਿ ਗੋਆ 'ਚ ਇਹ ਦਰ 11.1 ਫੀਸਦੀ, ਨਾਗਾਲੈਂਡ 'ਚ 9.3 ਫੀਸਦੀ ਅਤੇ ਕੇਰਲ 'ਚ 9.2 ਫੀਸਦੀ ਹੈ। ਦੂਜੇ ਪਾਸੇ ਕਰੋਨਾ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ 'ਚ ਪੰਜਾਬ ਪਹਿਲੇ ਨੰਬਰ ਉਤੇ ਹੈ। ਪੰਜਾਬ 'ਚ ਹਰ 100 ਕਰੋਨਾ ਮਰੀਜ਼ਾਂ 'ਤੇ ਤਕਰੀਬਨ 3 ਲੋਕ ਜਾਨ ਗਵਾ ਰਹੇ ਹਨ। ਪੰਜਾਬ 'ਚ 3.2 ਅਤੇ ਮਹਾਰਾਸ਼ਟਰ 'ਚ ਇਹ ਦਰ 2.4 ਫੀਸਦੀ ਹੈ। ਭਾਰਤ ਫਿਰ ਤੋਂ ਦੁਨੀਆ ਦਾ 5ਵਾਂ ਦੇਸ਼ ਬਣ ਗਿਆ ਹੈ, ਜਿਥੇ ਹਰ ਦਿਨ ਸਭ ਤੋਂ ਵੱਧ ਮਰੀਜ਼ ਮਿਲ ਰਹੇ ਹਨ। ਹਾਲਾਂਕਿ ਰਾਹਤ ਦੀ ਖਬਰ ਇਹ ਹੈ ਕਿ ਦੇਸ਼ ਦੇ 5 ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਅਜਿਹੇ ਵੀ ਹਨ, ਜਿਥੇ 99 ਫੀਸਦੀ ਤੋਂ ਵੱਧ ਮਰੀਜ਼ ਠੀਕ ਹੋ ਚੁੱਕੇ ਹਨ।

ਕੇਂਦਰ ਸਰਕਾਰ ਨੇ ਪੰਜਾਬ ਅਤੇ ਮਹਾਰਾਸ਼ਟਰ 'ਚ ਕਰੋਨਾ ਲਾਗ ਦੇ ਕੇਸ ਮੁੜ ਵਧਣ ਦੇ ਮੱਦੇਨਜ਼ਰ ਦੋਵਾਂ ਸੂਬਿਆਂ 'ਚ ਉਚ ਪੱਧਰੀ ਬਹੁ ਅਨੁਸ਼ਾਸਨੀ ਜਨਤਕ ਸਿਹਤ ਟੀਮਾਂ ਭੇਜੀਆਂ ਹਨ। ਇਸੇ ਦੌਰਾਨ ਕੇਂਦਰ ਨੇ ਕੇਸਾਂ 'ਚ ਵਾਧੇ ਵਾਲੇ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ 'ਟੈਸਟ-ਟਰੈਕ-ਟਰੀਟ' ਰਣਨੀਤੀ ਜਾਰੀ ਰੱਖਦਿਆਂ ਮੁੱਢਲੀ ਪਹਿਲ ਵਾਲੇ ਵਰਗਾਂ ਦੇ ਲੋਕਾਂ ਦਾ ਕਰੋਨਾ ਟੀਕਾਕਰਨ ਤੇਜ਼ ਕਰਨ ਲਈ ਆਖਿਆ ਹੈ।

ਕੇਂਦਰੀ ਸਿਹਤ ਮੰਤਰਾਲੇ ਨੇ ਦੱਸਿਆ ਕਿ ਕਰੋਨਾ ਸਬੰਧੀ ਨਿਗਰਾਨੀ, ਕੰਟਰੋਲ ਤੇ ਰੋਕਥਾਮ ਦੇ ਹੋਰ ਉਪਾਅ ਕਰਨ ਵਾਸਤੇ ਇਹ ਟੀਮਾਂ ਸੂਬਾਈ ਸਿਹਤ ਵਿਭਾਗਾਂ ਦੀ ਮਦਦ ਲਈ ਤੈਨਾਤ ਕੀਤੀਆਂ ਜਾਣਗੀਆਂ। ਮੰਤਰਾਲੇ ਨੇ ਦੱਸਿਆ ਕਿ ਇਹ ਟੀਮਾਂ ਸੂਬਿਆਂ ਵਿਚ ਸਭ ਤੋਂ ਵੱਧ ਕਰੋਨਾ ਕੇਸਾਂ ਵਾਲੇ (ਹੌਟਸਪੌਟ) ਖੇਤਰਾਂ ਦਾ ਦੌਰਾ ਕਰਕੇ ਕੇਸ ਵਧਣ ਦੇ ਕਾਰਨਾਂ ਦਾ ਪਤਾ ਲਾਉਣਗੀਆਂ। ਟੀਮਾਂ ਪੜਤਾਲ ਅਤੇ ਕਰੋਨਾ ਦੀ ਰੋਕਥਾਮ ਲਈ ਸਬੰਧਤ ਸੂਬਾ ਸਿਹਤ ਅਧਿਕਾਰੀਆਂ ਵੱਲੋਂ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਮੁੱਖ ਸਕੱਤਰ ਤੇ ਸਕੱਤਰ (ਸਿਹਤ) ਨੂੰ ਵੀ ਦੇਣਗੀਆਂ।

## ਪੰਜਾਬ ਦੀ ਹਵਾ ਗੁਣਵੱਤਾ 'ਚ ਹੋਇਆ ਸੁਧਾਰ

**ਲੁਧਿਆਣਾ:** ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪੰਜਾਬ ਦੇ 6 ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਮਾਪਣ ਲਈ ਬਣਾਏ ਏਅਰ ਕੁਆਲਟੀ ਸਟੇਸ਼ਨਾਂ ਵਿਚ ਹਵਾ ਗੁਣਵੱਤਾ ਨਾਪੀ ਗਈ ਹੈ। ਜਨਵਰੀ 2021 ਦੇ ਮੁਕਾਬਲੇ ਫਰਵਰੀ 2021 'ਚ ਪੰਜਾਬ ਦੀ ਹਵਾ ਗੁਣਵੱਤਾ 'ਚ ਸੁਧਾਰ ਹੋਇਆ ਹੈ ਅਤੇ ਹਵਾ ਪ੍ਰਦੂਸ਼ਣ 149 ਅੰਕ ਉਤੇ ਪੁੱਜ ਗਿਆ ਗਿਆ, ਜੋ ਪਿਛਲੇ ਮਹੀਨੇ ਨਾਲੋਂ 8 ਅੰਕ ਘੱਟ ਰਿਹਾ। ਫਰਵਰੀ 2021 'ਚ ਜਲੰਧਰ 126, ਪਟਿਆਲਾ 119, ਮੰਡੀ ਗੋਬਿੰਦਗੜ੍ਹ 149, ਲੁਧਿਆਣਾ 112, ਖੰਨਾ 91 ਤੇ ਅੰਮ੍ਰਿਤਸਰ ਵਿਚ 136 ਹਵਾ ਗੁਣਵੱਤਾ ਮਾਪੀ ਗਈ। ਫਰਵਰੀ 2021 'ਚ ਸਭ ਤੋਂ ਵੱਧ ਹਵਾ 149 ਅੰਕ ਮੰਡੀ ਗੋਬਿੰਦਗੜ੍ਹ ਦੀ ਖਰਾਬ ਰਹੀ, ਜਦਕਿ ਸਭ ਤੋਂ ਘੱਟ ਹਵਾ 91 ਅੰਕ ਖੰਨਾ ਦੀ ਦਰਜ ਕੀਤੀ ਗਈ। ਜਨਵਰੀ 2021 'ਚ ਸਭ ਤੋਂ ਵੱਧ ਹਵਾ ਮੰਡੀ ਗੋਬਿੰਦਗੜ੍ਹ ਦੀ ਖਰਾਬ ਰਹੀ, ਜਦਕਿ ਸਭ ਤੋਂ ਘੱਟ ਅੰਮ੍ਰਿਤਸਰ ਨਾਪੀ ਗਈ। ਦਸੰਬਰ 2020 'ਚ ਪੰਜਾਬ 'ਚ ਸਭ ਤੋਂ ਵੱਧ ਹਵਾ ਮੰਡੀ ਗੋਬਿੰਦਗੜ੍ਹ ਤੇ ਖੰਨਾ ਦੀ ਖਰਾਬ ਰਹੀ, ਜਦਕਿ ਸਭ ਤੋਂ ਘੱਟ ਅੰਮ੍ਰਿਤਸਰ ਦੀ ਨਾਪੀ ਗਈ। ਜਨਵਰੀ 2021 'ਚ ਪੰਜਾਬ ਦੇ ਜਲੰਧਰ 'ਚ 113, ਪਟਿਆਲਾ 128, ਮੰਡੀ ਗੋਬਿੰਦਗੜ੍ਹ 157, ਲੁਧਿਆਣਾ 108, ਖੰਨਾ 'ਚ 112 ਤੇ ਅੰਮ੍ਰਿਤਸਰ 'ਚ 106 ਹਵਾ ਗੁਣਵੱਤਾ ਮਾਪੀ ਗਈ।

## 'ਬਜ਼ੁਰਗਾਂ ਦਾ ਤਰਜੀਹੀ ਆਧਾਰ 'ਤੇ ਇਲਾਜ ਹੋਵੇ'

ਸੁਪਰੀਮ ਕੋਰਟ ਨੇ ਸਾਰੇ ਪ੍ਰਾਈਵੇਟ ਹਸਪਤਾਲਾਂ ਨੂੰ ਬਜ਼ੁਰਗਾਂ ਦੇ ਇਲਾਜ ਨੂੰ ਤਰਜੀਹ ਦੇਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਇਸ ਤੋਂ ਪਹਿਲਾਂ 4 ਅਗਸਤ, 2020 ਨੂੰ ਸਰਕਾਰੀ ਹਸਪਤਾਲਾਂ ਨੂੰ ਇਹ ਆਦੇਸ਼ ਦਿੱਤਾ ਸੀ। ਆਪਣੇ ਪਿਛਲੇ ਸਾਲ ਦੇ ਆਦੇਸ਼ 'ਚ ਅਦਾਲਤ ਨੇ ਸਰਕਾਰੀ ਅਤੇ ਪ੍ਰਾਈਵੇਟ ਦੋਵਾਂ ਹਸਪਤਾਲਾਂ ਨੂੰ ਇਸ 'ਚ ਸ਼ਾਮਲ ਕਰ ਲਿਆ। ਸੁਪਰੀਮ ਕੋਰਟ ਨੇ ਸਾਬਕਾ ਕਾਨੂੰਨ ਮੰਤਰੀ ਡਾ: ਅਸ਼ਵਨੀ ਕੁਮਾਰ ਦੀ ਪਟੀਸ਼ਨ 'ਤੇ ਇਹ ਫੈਸਲਾ ਦਿੱਤਾ। ਡਾ. ਅਸ਼ਵਨੀ ਕੁਮਾਰ ਨੇ ਕਿਹਾ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਕਾਗਜ਼ਾਂ ਦੇ ਦਾਇਰੇ ਤੋਂ ਬਾਹਰ ਲਿਆਉਣ ਅਤੇ ਹੋਰ ਪ੍ਰਭਾਵੀ ਬਣਾਉਣ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਆਦੇਸ਼ ਦੀ ਤਾਮੀਲ ਕਿਵੇਂ ਹੋ ਰਹੀ ਹੈ।

## ਕੈਪਟਨ ਨੇ ਕੋਵਿਡ ਵੈਕਸੀਨ ਦੀ ਪਹਿਲੀ ਖੁਰਾਕ ਲਈ

**ਮੁਹਾਲੀ:** ਇਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫੇਜ਼-6 ਸਥਿਤ ਸਰਕਾਰੀ ਹਸਪਤਾਲ ਵਿਚ ਕਰੋਨਾ ਤੋਂ ਬਚਾਅ ਸਬੰਧੀ ਵੈਕਸੀਨ ਦੀ ਪਹਿਲੀ ਖੁਰਾਕ ਲਈ ਗਈ। ਉਨ੍ਹਾਂ ਕਿਹਾ ਕਿ ਟੀਕਾ ਲਵਾਉਣ ਮਗਰੋਂ ਉਹ ਚੜ੍ਹਦੀ ਕਲਾ ਵਿਚ ਹਨ ਤੇ ਬਿਲਕੁਲ ਠੀਕ ਮਹਿਸੂਸ ਕਰ ਰਹੇ ਹਨ। ਇਸ ਤੋਂ ਪਹਿਲਾਂ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਸਣੇ ਹੋਰ ਕਈ ਕੈਬਨਿਟ ਮੰਤਰੀ ਤੇ ਉੱਚ ਅਧਿਕਾਰੀ ਵੀ ਵੈਕਸੀਨ ਦੀ ਖੁਰਾਕ ਲੈ ਚੁੱਕੇ ਹਨ। ਮੁੱਖ ਮੰਤਰੀ ਨੇ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਦੇ ਉਸ ਦਾਅਵੇ ਦੀ ਆਲੋਚਨਾ ਕੀਤੀ, ਜਿਸ ਵਿਚ ਉਸ ਨੇ ਕਿਹਾ ਕਿ ਪੰਜਾਬ ਸਮੇਤ ਵਿਰੋਧੀ ਪਾਰਟੀਆਂ ਵਾਲੇ ਹੋਰ ਸੂਬਿਆਂ ਵੱਲੋਂ ਕਰੋਨਾ ਵੈਕਸੀਨ ਸਬੰਧੀ ਖਦਸ਼ੇ ਜ਼ਾਹਰ ਕੀਤੇ ਗਏ ਅਤੇ ਟੀਕਾਕਰਨ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

# ਬੰਗਲੂਰੂ ਅਤੇ ਸ਼ਿਮਲਾ ਰਹਿਣ ਲਈ ਸਭ ਤੋਂ ਵਧੀਆ ਸ਼ਹਿਰ

**ਨਵੀਂ ਦਿੱਲੀ:** ਸਰਕਾਰ ਵੱਲੋਂ ਈਜ਼ ਆਫ ਲਿਵਿੰਗ (ਸੌਖੀ ਜ਼ਿੰਦਗੀ) ਲਈ ਤੈਅ ਕੀਤੇ ਮਾਪਦੰਡਾਂ ਮੁਤਾਬਕ ਬੰਗਲੂਰੂ ਨੂੰ ਦੇਸ਼ ਦੇ 111 ਸ਼ਹਿਰਾਂ 'ਚੋਂ ਸਿਖਰਲਾ ਦਰਜਾ ਮਿਲਿਆ ਹੈ। ਇਸ ਸੂਚੀ ਵਿਚ ਦੂਜਾ ਨੰਬਰ ਪੁਣੇ ਤੇ ਤੀਜਾ ਅਹਿਮਦਾਬਾਦ ਦਾ ਹੈ। ਕਤਾਰ 'ਚ ਸ਼ਾਮਲ ਹੋਰਨਾਂ ਸ਼ਹਿਰਾਂ ਵਿਚ ਚੇਨੱਈ, ਸੂਰਤ, ਨਵੀ ਮੁੰਬਈ, ਕੋਇੰਮਬਟੂਰ, ਵਡੋਦਰਾ, ਇੰਦੌਰ ਤੇ ਗ੍ਰੇਟਰ ਮੁੰਬਈ ਸ਼ਾਮਲ ਹਨ। ਦਸ ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ 'ਚੋਂ ਸ਼ਿਮਲਾ ਅੱਵਲ ਰਿਹਾ।

'ਖ਼ੂਬਸੂਰਤ ਸ਼ਹਿਰ' ਦੇ ਨਾਂ ਨਾਲ ਮਕਬੂਲ ਚੰਡੀਗੜ੍ਹ, ਜਿਸ ਨੂੰ ਸਾਲ 2018 ਦੀ ਦਰਜਾਬੰਦੀ 'ਚ ਪੰਜਵਾਂ ਸਥਾਨ ਮਿਲਿਆ ਸੀ, 2020 'ਈਜ਼ ਆਫ ਲਿਵਿੰਗ ਇੰਡੈਕਸ' ਵਿਚ ਖੈਕਕੀਂ 29ਵੀਂ ਸਥਾਨ 'ਤੇ ਖਿਸਕ ਗਿਆ ਹੈ। ਕੌਮੀ ਰਾਜਧਾਨੀ 13ਵੇਂ ਅਤੇ ਸ੍ਰੀਨਗਰ ਸਭ ਤੋਂ ਹੇਠਲੇ ਸਥਾਨ 'ਤੇ ਹੈ। ਕੇਂਦਰੀ ਮਕਾਨ ਉਸਾਰੀ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਵੱਲੋਂ ਜਾਰੀ ਇੰਡੈਕਸ ਮੁਤਾਬਕ 'ਦਸ ਲੱਖ ਤੋਂ ਘੱਟ ਆਬਾਦੀ ਵਾਲੇ' ਸ਼ਹਿਰਾਂ ਦੀ ਸ਼੍ਰੇਣੀ ਵਿਚ ਸ਼ਿਮਲਾ ਸਿਖਰ 'ਤੇ ਹੈ। ਇਸ ਵਰਗ ਵਿਚ ਭੁਬਨੇਸ਼ਵਰ ਦੂਜੇ ਤੇ ਸਿਲਵਾਸਾ ਤੀਜੇ ਸਥਾਨ 'ਤੇ ਹਨ। 62 ਸ਼ਹਿਰਾਂ ਦੀ ਇਸ ਸੂਚੀ ਵਿਚ ਮੁਜ਼ੱਫਰਪੁਰ ਹੇਠਲੇ ਸਥਾਨ 'ਤੇ ਹੈ। 'ਲੱਖ ਤੋਂ ਵੱਧ ਦੀ ਆਬਾਦੀ' ਵਾਲੇ ਵਰਗ ਵਿਚ ਗਾਜ਼ੀਆਬਾਦ ਤੇ ਮੇਰਠ ਕ੍ਰਮਵਾਰ 30ਵੇਂ ਤੇ 36ਵੇਂ ਥਾਵੇਂ ਹਨ। ਅਲਾਹਾਬਾਦ 32ਵੀਂ ਤੇ ਪਟਨਾ 33ਵੇਂ ਸਥਾਨ 'ਤੇ ਹੈ। 'ਈਜ਼ ਆਫ ਲਿਵਿੰਗ ਇੰਡੈਕਸ' ਲਈ ਸ਼ਹਿਰਾਂ ਦੀ ਕਾਰਗੁਜ਼ਾਰੀ ਨੂੰ ਮਾਪਣ ਲਈ ਚਾਰ ਮਾਪਦੰਡ- ਸੁਸ਼ਾਸਨ ਅਤੇ ਸਮਾਜਿਕ, ਸਰੀਰਕ ਤੇ ਆਰਥਿਕ ਬੁਨਿਆਦੀ ਢਾਂਚੇ ਨੂੰ ਅਧਾਰ ਬਣਾਇਆ ਗਿਆ ਸੀ।




ਸਰਕਾਰ ਨੇ ਕਿਹਾ ਕਿ 'ਈਜ਼ ਆਫ ਲਿਵਿੰਗ ਇੰਡੈਕਸ' ਅਸਲ ਵਿਚ ਮੁਲਾਂਕਣ ਸੰਦ ਹੈ, ਜੋ ਜ਼ਿੰਦਗੀ ਦੇ ਮਿਆਰ ਤੇ ਸ਼ਹਿਰੀ ਵਿਕਾਸ ਲਈ ਕੀਤੀ ਪਹਿਲਕਦਮੀਆਂ ਦੇ ਅਸਰ ਦੀ ਸਮੀਖਿਆ ਕਰਦਾ ਹੈ। ਪੁਰੀ ਨੇ ਕਿਹਾ, 'ਇਹ ਸ਼ਹਿਰ ਵਿਕਾਸ ਦੇ ਮਾਡਲ ਵਜੋਂ ਉਭਰੇ ਹਨ, ਜੋ ਹੋਰਨਾਂ ਨੂੰ ਬਿਹਤਰ ਕਾਰਗੁਜ਼ਾਰੀ ਲਈ ਪ੍ਰੇਰਿਤ ਕਰਨਗੇ। ਇਹੀ ਨਹੀਂ ਇਨ੍ਹਾਂ ਸ਼ਹਿਰਾਂ ਨੂੰ ਆਪਣੀਆਂ ਬਿਹਤਰੀਨ ਰਵਾਇਤਾਂ ਜਾਰੀ ਰੱਖਣ ਦਾ ਵੀ ਲਾਹਾ ਮਿਲੇਗਾ।'

'ਮਿਉਂਸਪਲ ਕਾਰਗੁਜ਼ਾਰੀ ਇੰਡੈਕਸ' ਵਿਚ ਇੰਦੌਰ ਸਿਖਰ 'ਤੇ ਰਿਹਾ ਜਦੋਂਕਿ ਦਸ ਲੱਖ ਤੋਂ ਵੱਧ ਦੀ ਆਬਾਦੀ ਵਾਲੇ ਵਰਗ ਵਿਚ ਆਉਂਦੀਆਂ 51 ਨਗਰ ਨਿਗਮਾਂ 'ਚੋਂ ਗੁਹਾਟੀ ਸਭ ਤੋਂ ਹੇਠਲੇ ਸਥਾਨ 'ਤੇ ਰਿਹਾ। ਦਸ ਲੱਖ ਤੋਂ ਘੱਟ ਦੀ ਆਬਾਦੀ ਵਾਲੇ ਇਸੇ ਵਰਗ ਵਿਚ ਨਵੀਂ ਦਿੱਲੀ ਮਿਉਂਸਪਲ ਕੌਂਸਲ ਸਿਖਰ 'ਤੇ ਰਹੀ। ਤਿਰੂਪਤੀ ਦੂਜੇ ਤੇ ਗਾਂਧੀਨਗਰ ਤੀਜੀ ਥਾਵੇਂ ਰਹੇ।

# ਕੈਪਟਨ ਵਜ਼ਾਰਤ ਵੱਲੋਂ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਵੱਖ-ਵੱਖ ਲੇਖਿਆਂ ਦੇ ਮਾਲੀ ਘਾਟਿਆਂ ਦੇ ਵਿਰੁੱਧ ਮੁਆਵਜ਼ੇ ਸਮੇਤ 6ਵੇਂ ਪੰਜਾਬ ਵਿੱਤ ਕਮਿਸ਼ਨ ਦੀਆਂ ਕਈ ਪ੍ਰਮੁੱਖ ਸਿਫਾਰਸ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕਮਿਸ਼ਨ ਨੇ 29 ਜਨਵਰੀ ਨੂੰ ਪੰਜਾਬ ਦੇ ਰਾਜਪਾਲ ਨੂੰ ਸਾਲ 2021-22 ਲਈ ਸੱਤ ਸਿਫਾਰਸ਼ਾਂ ਸੌਂਪੀਆਂ ਸਨ, ਜਿਨ੍ਹਾਂ 'ਚੋਂ 6 ਉਤੇ ਮੰਤਰੀ ਮੰਡਲ ਨੇ ਮੋਹਰ ਲਾ ਦਿੱਤੀ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ ਵਿਚ ਪ੍ਰਵਾਨ ਕੀਤੀਆਂ ਪ੍ਰਮੁੱਖ ਸਿਫਾਰਸ਼ਾਂ ਵਿਚ ਸਾਲ 2021-22 ਲਈ ਸਥਾਨਕ ਸੰਸਥਾਵਾਂ ਨੂੰ ਬਿਜਲੀ ਤੇ ਸ਼ਰਾਬ ਉਤੇ ਚੁੰਗੀ ਦੇ ਖਾਤਮੇ ਨਾਲ ਪੈਦਾ ਹੋਏ ਮਾਲੀ ਘਾਟੇ ਦੇ ਸਬੰਧ ਵਿਚ ਮੁਆਵਜ਼ੇ ਦੀ ਅਦਾਇਗੀ ਨੂੰ ਜਾਰੀ ਰੱਖਣਾ, ਭਾਰਤ ਵਿਚ ਬਣੀ ਵਿਦੇਸ਼ੀ ਸ਼ਰਾਬ (ਆਈ.ਐਮ.ਐਫ.ਐਲ.) ਉਤੇ ਆਬਕਾਰੀ ਡਿਊਟੀ ਦਾ 16 ਫੀਸਦੀ ਹਿੱਸਾ ਅਤੇ ਠੇਕਿਆਂ ਦੀ ਬੋਲੀ ਦੀ ਰਕਮ ਦਾ 10 ਫੀਸਦੀ ਹਿੱਸਾ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿਕਾਸ ਲਈ ਜਾਰੀ ਰਹਿਣਾ ਸ਼ਾਮਲ ਹੈ। ਇਸੇ ਤਰ੍ਹਾਂ ਪੰਜਾਬ ਕੈਬਨਿਟ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਸਮੇਤ ਪ੍ਰਸ਼ਾਸਨਿਕ ਸੁਧਾਰ, ਵਾਤਾਵਰਣ ਅਤੇ ਮੌਸਮੀ ਤਬਦੀਲੀ, ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗਾਂ ਦਾ ਪੁਨਰਗਠਨ ਕੀਤੇ ਜਾਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਪ੍ਰਸ਼ਾਸਨਿਕ ਵਿਭਾਗ ਦੇ ਪੁਨਰਗਠਨ ਨਾਲ 56 ਨਵੀਆਂ ਅਸਾਮੀਆਂ ਸਿਰਜਣ ਦੇ ਨਾਲ 75 ਪੁਰਾਣੀਆਂ ਗੈਰ ਜ਼ਰੂਰੀ ਅਸਾਮੀਆਂ ਖਤਮ ਕੀਤੀਆਂ ਜਾਣਗੀਆਂ।



ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਵੱਲੋਂ 57 ਮੌਜੂਦਾ ਗੈਰਜ਼ਰੂਰੀ ਅਸਾਮੀਆਂ ਦੀ ਥਾਂ 'ਤੇ ਵੱਖ-ਵੱਖ ਕਾਡਰਾਂ ਦੀਆਂ 29 ਨਵੀਆਂ ਅਸਾਮੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ-1969 ਦਾ ਦਾਇਰਾ ਵਧਾਉਣ ਦਾ ਵੀ ਫੈਸਲਾ ਕੀਤਾ ਹੈ ਜਿਸ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਮੁਖੀਆਂ ਨਾਲ ਸਰਕਾਰੀ ਸਕੂਲਾਂ ਦੇ ਸੂਬਾਈ ਅਤੇ ਕੌਮੀ ਐਵਾਰਡ ਪ੍ਰਾਪਤ ਪ੍ਰਿੰਸੀਪਲ ਤੇ ਹੈੱਡਮਾਸਟਰ ਬੋਰਡ ਦੀ ਮੈਂਬਰਸ਼ਿਪ ਲਈ ਨਾਮਜ਼ਦ ਹੋਣ ਦੇ ਯੋਗ ਹੋਣਗੇ। ਮੰਤਰੀ ਮੰਡਲ ਨੇ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਾਲ 2018-19 ਲਈ ਕੈਗ ਆਡਿਟ ਰਿਪੋਰਟਾਂ ਦੇ ਨਾਲ ਸਾਲ 2020-21 ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਦੀ ਪੇਸ਼ਕਾਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਦਨ ਵਿਚ 31 ਮਾਰਚ, 2019 ਨੂੰ ਖਤਮ ਹੋਏ ਸਾਲ ਲਈ ਵਿੱਤੀ ਲੇਖੇ ਅਤੇ ਨਮਿੱਤਣ ਬਿੱਲ ਸਦਨ ਵਿਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਮੰਤਰੀ ਮੰਡਲ ਵੱਲੋਂ ਸਾਲ 2017-2018 ਅਤੇ 2018-19 ਲਈ ਨਗਰ ਅਤੇ ਸ਼ਹਿਰੀ ਯੋਜਨਾਬੰਦੀ ਵਿਭਾਗ ਦੀਆਂ ਸਲਾਨਾ ਪ੍ਰਬੰਧਕੀ ਰਿਪੋਰਟਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

ਕੈਬਨਿਟ ਨੇ ਸਰਕਾਰੀ ਸਕੂਲਾਂ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਡਾ. ਹਰਗੋਬਿੰਦ ਖੁਰਾਣਾ ਸਕਾਲਰਸ਼ਿਪ ਦੀ ਰਕਮ 2500 ਰੁਪਏ ਤੋਂ ਵਧਾ ਕੇ 3000 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ। ਇਸ ਯੋਜਨਾ ਵਿਚ ਕੀਤੀ ਸੋਧ ਅਨੁਸਾਰ ਹੁਣ 80 ਫੀਸਦੀ ਅੰਕਾਂ ਦੀ ਬਜਾਏ 90 ਫੀਸਦੀ ਜਾਂ ਇਸ ਤੋਂ ਜ਼ਿਆਦਾ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਸ ਦਾ ਲਾਭ ਲੈ ਸਕਣਗੇ।

## ਧਰਤੀ ਹੇਠਲਾ ਪਾਣੀ ਬਚਾਉਣ ਲਈ ਕਮੇਟੀ ਕਾਇਮ

**ਚੰਡੀਗੜ੍ਹ:** ਬਜਟ ਇਜਲਾਸ ਵਿਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਚਿੰਤਾ ਜ਼ਾਹਿਰ ਕਰਦਿਆਂ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਅਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਗਈ ਕਿ ਉਹ ਇਸ ਮਾਮਲੇ 'ਚ ਫੌਰੀ ਕਦਮ ਚੁੱਕੇ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਹਾਊਸ ਦੀ ਉਚ ਪੱਧਰੀ ਕਮੇਟੀ ਬਣਾਉਣ ਦਾ ਐਲਾਨ ਕਰਦਿਆਂ ਆਖਿਆ ਕਿ ਇਹ ਕਮੇਟੀ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਬਾਰੇ ਸਟੇਟਸ ਰਿਪੋਰਟ ਅਤੇ ਪਾਣੀ ਰੀਚਾਰਜ ਕਰਨ ਦੇ ਤਰੀਕਿਆਂ ਅਤੇ ਸਾਧਨਾਂ ਸਬੰਧੀ ਤਜਵੀਜ਼ ਪੇਸ਼ ਕਰੇਗੀ। ਸਪੀਕਰ ਨੇ ਪੰਜਾਬ ਸਰਕਾਰ ਨੂੰ ਕਮੇਟੀ ਦੀ ਸਹਾਇਤਾ ਲਈ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਨਿਯੁਕਤ ਕਰਨ ਦੀ ਹਦਾਇਤ ਕੀਤੀ। ਇਹ ਕਮੇਟੀ ਤਿੰਨ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ।

## ਲੋਕ ਕਾਂਗਰਸੀਆਂ ਤੋਂ ਵਾਅਦਿਆਂ ਬਾਰੇ ਪੁੱਛਣ: ਹਰਸਿਮਰਤ

**ਮਾਨਸਾ:** ਸਾਬਕਾ ਕੇਂਦਰੀ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕ ਵਿਧਾਨ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ ਤਾਂ ਜੋ ਕੈਪਟਨ ਅਮਰਿੰਦਰ ਸਿੰਘ ਨੂੰ ਗੁਟਕਾ ਸਾਹਿਬ ਦੀ ਝੂਠੀ ਸਹੁੰ ਚੁੱਕਣ ਦਾ ਸਬਕ ਸਿਖਾਇਆ ਜਾਵੇ।

ਸ੍ਰੀਮਤੀ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਸ਼ਾਂਤ ਕਿਸ਼ੋਰ ਨੂੰ ਇਕ ਵਾਰ ਫਿਰ ਤੋਂ ਆਪਣਾ ਪ੍ਰਮੁੱਖ ਸਲਾਹਕਾਰ ਨਿਯੁਕਤ ਕਰਨ 'ਤੇ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਉਹੀ ਵਿਅਕਤੀ ਹੈ, ਜਿਸ ਨੇ ਕਾਂਗਰਸ ਦੇ ਆਗੂਆਂ ਤੇ ਵਰਕਰਾਂ ਨੂੰ ਚਾਰ ਸਾਲ ਪਹਿਲਾਂ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਵੋਟਾਂ ਹਾਸਲ ਕਰਨ ਦੀ ਸਿਖਲਾਈ ਦਿੱਤੀ ਸੀ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਮੰਤਰੀਆਂ ਨੇ ਪੰਜਾਬ ਲਈ ਕੁਝ ਨਹੀਂ ਕੀਤਾ, ਬਲਕਿ ਆਪਣੀਆਂ ਜੇਬਾਂ ਭਰਨ ਲਈ ਸਰਕਾਰੀ ਖਜ਼ਾਨੇ ਦੀ ਲੁੱਟ ਕੀਤੀ।

# ਪੰਜਾਬ 'ਚ ਤੀਜੇ ਸਿਆਸੀ ਫਰੰਟ ਲਈ ਮੁੜ ਸਰਗਰਮੀਆਂ ਤੇਜ਼ ਹੋਈਆਂ

## ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਵਾਇਤੀ ਧਿਰਾਂ ਖਿਲਾਫ ਲਾਮਬੰਦੀ ਦਾ ਹੋਕਾ



**ਚੰਡੀਗੜ੍ਹ:** ਪੰਜਾਬ ਵਿਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਕਾਰਨ ਰਵਾਇਤੀ ਧਿਰਾਂ ਖਿਲਾਫ ਕਿਸਾਨਾਂ ਦੇ ਰੋਹ ਪਿੱਛੋਂ ਸੂਬੇ ਵਿਚ ਤੀਜੇ ਬਦਲ ਦੀ ਮੰਗ ਮੁੜ ਉਠਣ ਲੱਗੀ ਹੈ।

ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਬਾਕੀ ਧਿਰਾਂ ਨਾਲ ਸੂਬੇ ਵਿਚ ਤੀਜਾ ਫਰੰਟ ਬਣਾਉਣ ਦੀ ਹਮਾਇਤ ਕੀਤੀ ਹੈ। ਇਹ ਪ੍ਰਗਟਾਵਾ ਇਥੇ ਪਾਰਟੀ ਦੀ ਕੋਰ ਕਮੇਟੀ, ਅਹੁਦੇਦਾਰਾਂ ਅਤੇ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕੀਤਾ।

ਉਨ੍ਹਾਂ ਮੀਟਿੰਗ ਮਗਰੋਂ ਮੀਡੀਆ ਨੂੰ ਦੱਸਿਆ ਕਿ ਸਰਬਸੰਮਤੀ ਨਾਲ ਫੈਸਲਾ ਹੋਇਆ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਨੂੰ ਛੱਡ ਕੇ ਹੋਰ ਹਮਖਿਆਲੀ ਪਾਰਟੀਆਂ, ਜੋ ਇਨ੍ਹਾਂ ਦਾ ਵਿਰੋਧ ਕਰਦੀਆਂ ਹਨ, ਨਾਲ ਇਕੱਠੇ ਹੋ ਕੇ ਤੀਜਾ ਫਰੰਟ ਬਣਾਉਣ ਦੀ ਹਮਾਇਤ ਕੀਤੀ ਜਾਵੇਗੀ। ਇਸ ਸਬੰਧੀ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਗੈਰ-ਰਸਮੀ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਉਨ੍ਹਾਂ ਦੇ ਨਿਰੰਤਰ ਸੰਪਰਕ ਵਿਚ ਹਨ। ਬ੍ਰਹਮਪੁਰਾ ਨੇ ਦੱਸਿਆ ਕਿ ਪਾਰਟੀ ਦੀ ਨੀਤੀ ਅਤੇ ਪੰਜਾਬ ਦੇ ਮਸਲਿਆਂ 'ਤੇ ਵਿਚਾਰ ਕਰਨ ਲਈ 21 ਮਾਰਚ ਨੂੰ ਤਰਨ ਤਾਰਨ ਜ਼ਿਲ੍ਹੇ ਵਿਚ ਇਕ ਰੈਲੀ ਕੀਤੀ ਜਾਵੇਗੀ, ਜਿਸ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ, ਸ਼੍ਰੋਮਣੀ ਕਮੇਟੀ ਚੋਣਾਂ ਅਤੇ ਹੋਰ ਮਸਲਿਆਂ ਸਬੰਧੀ ਵਿਚਾਰ ਚਰਚਾ ਹੋਵੇਗੀ।

ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨੂੰ ਵੀ ਇਕਜੁੱਟ ਹੋਣ ਦੀ ਅਪੀਲ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਕਾਂਗਰਸ ਪਾਰਟੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੀ ਲੋਕ ਦੇਖ ਚੁੱਕੇ ਹਨ, ਇਸ ਵੇਲੇ ਲੋਕ ਤੀਜਾ ਫਰੰਟ ਚਾਹੁੰਦੇ ਹਨ। ਕੇਂਦਰ ਦੀ ਭਾਜਪਾ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ 'ਤੇ ਜਬਰੀ ਖੇਤੀ ਕਾਨੂੰਨ ਥੋਪ ਰਹੀ ਹੈ, ਜਦੋਂਕਿ ਕਿਸਾਨ ਇਸ ਦਾ ਲਗਾਤਾਰ ਵਿਰੋਧ ਕਰ ਰਹੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਕਿਸਾਨ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਖੇਤੀ ਕਾਨੂੰਨ ਵਾਪਸ ਲਏ ਜਾਣ। ਉਨ੍ਹਾਂ ਨਾਰਾਜ਼ਗੀ ਪ੍ਰਗਟਾਈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਵੀ ਬੇਲੋੜਾ ਲਟਕਾਇਆ ਜਾ ਰਿਹਾ ਹੈ, ਜਦੋਂਕਿ ਇਹ ਚੋਣਾਂ ਵੀ ਬਾਕੀ ਚੋਣਾਂ ਵਾਂਗ ਪੰਜ ਸਾਲ ਬਾਅਦ ਹੋਣੀਆਂ ਚਾਹੀਦੀਆਂ ਹਨ।

### ਕਾਂਗਰਸ ਤੇ ਬਾਦਲਾਂ ਤੋਂ ਬਚਾਅ ਲਈ ਤੀਜਾ ਬਦਲ ਜ਼ਰੂਰੀ: ਬ੍ਰਹਮਪੁਰਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਹੈ ਕਿ ਪੰਜਾਬ ਅਤੇ ਪੰਜਾਬ ਦੇ ਲੋਕਾਂ ਨੂੰ ਕਾਂਗਰਸ ਅਤੇ ਅਕਾਲੀ ਦਲ ਬਾਦਲ ਤੋਂ ਬਚਾਉਣ ਲਈ ਪੰਜਾਬ ਵਿਚ ਤੀਜਾ ਬਦਲ ਜ਼ਰੂਰੀ ਹੈ। ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਲੰਮੇ ਸਮੇਂ ਤੋਂ ਅਕਾਲੀ ਦਲ ਬਾਦਲ ਅਤੇ ਕਾਂਗਰਸ ਨੂੰ ਦੇਖ ਲਿਆ ਹੈ ਤੇ ਇਨ੍ਹਾਂ ਪਾਰਟੀਆਂ ਨੇ ਕੁੱਝ ਨਹੀਂ ਸਵਾਰਿਆ। ਉਨ੍ਹਾਂ ਕਿਹਾ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੀਜਾ ਗੱਠਜੋੜ ਬਣਾਉਣ ਦੀ ਅਤਿਅੰਤ ਲੋੜ ਹੈ ਤੇ ਇਸ ਲਈ ਉਨ੍ਹਾਂ ਦੀ ਪਾਰਟੀ ਬਿਨਾ ਸ਼ਰਤ ਸ਼ਾਮਲ ਹੋਣ ਲਈ ਤਿਆਰ ਹੈ।

# ਖੇੜੀ ਗੰਡਿਆਂ ਕੇਸ: ਮਾਂ ਨੇ ਹੀ ਕਰਵਾਇਆ ਸੀ ਪੁੱਤਾਂ ਦਾ ਕਤਲ



**ਪਟਿਆਲਾ:** ਜ਼ਿਲ੍ਹੇ ਦੇ ਪਿੰਡ ਖੇੜੀ ਗੰਡਿਆਂ ਦੇ ਦੋ ਮਾਸੂਮਾਂ ਦੀ ਹੱਤਿਆ ਦੇ ਡੇਢ ਸਾਲ ਪੁਰਾਣੇ ਮਾਮਲੇ ਨੂੰ ਪੁਲਿਸ ਨੇ ਸੁਲਝਾ ਲਿਆ ਹੈ। ਚਾਰ ਸਾਲਾ ਹਸਨਦੀਪ ਸਿੰਘ ਅਤੇ 10 ਸਾਲਾ ਜਸ਼ਨਦੀਪ ਸਿੰਘ ਨੂੰ ਉਨ੍ਹਾਂ ਦੀ ਮਾਂ ਮਨਜੀਤ ਕੌਰ ਨੇ ਹੀ ਆਪਣੇ ਪ੍ਰੇਮੀ ਤੇ ਪਤੀ ਦੇ ਮਸੇਰੇ ਭਰਾ ਬਲਜੀਤ ਸਿੰਘ ਮਹਿਮਾ ਤੋਂ ਨਹਿਰ ਵਿਚ ਸੁਟਵਾ ਦਿੱਤਾ ਸੀ। ਪੁਲਿਸ ਲਈ ਵੱਡੀ ਚੁਣੌਤੀ ਬਣੇ ਇਸ ਕੇਸ ਨੂੰ ਘਨੌਰ ਦੇ ਡੀ.ਐਸ.ਪੀ. ਜਸਵਿੰਦਰ ਟਿਵਾਣਾ ਦੀ ਅਗਵਾਈ ਹੇਠ ਥਾਣਾ ਖੇੜੀ ਗੰਡਿਆਂ ਦੇ ਮੁਖੀ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਹੱਲ ਕੀਤਾ ਹੈ। ਬੱਚਿਆਂ ਦੇ ਲਾਪਤਾ ਹੋਣ ਦੀ ਗੱਲ ਆਖਣ 'ਤੇ ਪੁਲਿਸ ਵੱਲੋਂ ਉਨ੍ਹਾਂ ਦੀ ਭਾਲ ਵਿਚ ਕਰੀਬ ਇਕ ਮਹੀਨਾ ਵੱਡੀ ਪੱਧਰ 'ਤੇ ਮੁਹਿੰਮ ਚਲਾਈ ਗਈ ਸੀ। ਪਰਿਵਾਰ ਤੇ ਪਿੰਡ ਵਾਸੀਆਂ ਵੱਲੋਂ ਕਈ ਵਾਰ ਕੌਮੀ ਸ਼ਾਹਰਾਹ ਜਾਮ ਕੀਤਾ ਗਿਆ। ਵਿਰੋਧੀ ਧਿਰਾਂ ਵੀ ਇਸ ਮੁੱਦੇ 'ਤੇ ਸਰਕਾਰ ਨੂੰ ਘੇਰਦੀਆਂ ਰਹੀਆਂ। ਭਾਵੇਂ ਕਿ ਮਾਂ 'ਤੇ ਸ਼ੱਕ ਤਾਂ ਪਹਿਲਾਂ ਹੀ ਸੀ, ਪਰ ਸਿੱਧੇ ਤੌਰ 'ਤੇ ਉਂਗਲ ਧਰਨ ਦੀ ਬਜਾਏ ਪੁਲਿਸ ਨੇ ਤਕਨੀਕੀ ਅਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ।

ਇਹ ਕਤਲ ਕਾਂਡ ਸੁਲਝਾਉਣ ਦਾ ਖੁਲਾਸਾ ਐਸ.ਐਸ.ਪੀ. ਵਿਕਰਮਜੀਤ ਦੁੱਗਲ ਨੇ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਪਤੀ ਦੀਦਾਰ ਸਿੰਘ ਨੂੰ ਪ੍ਰੇਮ ਸਬੰਧਾਂ ਦਾ ਪਤਾ ਲੱਗਣ 'ਤੇ ਘਰ ਵਿਚ ਕਲੇਸ਼ ਰਹਿਣ ਲੱਗਾ ਸੀ ਅਤੇ ਪਤੀ ਨੂੰ ਸਬਕ ਸਿਖਾਉਣ ਲਈ ਮਨਜੀਤ ਕੌਰ ਨੇ 22 ਜੁਲਾਈ 2019 ਨੂੰ ਆਪਣੇ ਪ੍ਰੇਮੀ ਰਾਹੀਂ ਬੱਚਿਆਂ ਦੀ ਹੱਤਿਆ ਕਰਵਾ ਦਿੱਤੀ। ਬੱਚਿਆਂ ਨੂੰ ਰਾਤ 8.30 ਵਜੇ ਕੋਲਡ ਡਰਿੰਕ ਮੰਗਵਾਉਣ ਬਹਾਨੇ ਪਿੰਡ ਦੇ ਗੁਰਦੁਆਰੇ ਕੋਲ ਭੇਜਿਆ ਗਿਆ। ਉਥੋਂ ਬਲਜੀਤ ਬੱਚਿਆਂ ਨੂੰ ਸਕੂਟਰ ਰਾਹੀਂ ਲੈ ਗਿਆ ਅਤੇ ਉਸ ਨੇ ਦੋਹਾਂ ਬੱਚਿਆਂ ਨੂੰ ਪਿੰਡ ਨੇੜਿਓਂ ਲੰਘਦੀ ਨਰਵਾਣਾ ਬ੍ਰਾਂਚ ਨਹਿਰ 'ਚ ਸੁੱਟ ਦਿੱਤਾ।

ਉਪਰੰਤ ਬੱਚਿਆਂ ਦੀ ਮਾਂ ਨੇ ਬੱਚਿਆਂ ਦੇ ਅਗਵਾ ਹੋਣ ਦੀ ਅਫਵਾਹ ਫੈਲਾ ਦਿੱਤੀ। 23 ਜੁਲਾਈ 2019 ਨੂੰ ਪੁਲਿਸ ਨੇ ਧਾਰਾ 365 ਤਹਿਤ ਕੇਸ ਦਰਜ ਕਰਦਿਆਂ ਬੱਚਿਆਂ ਦੀ ਭਾਲ ਵਿਚ ਵਿਸ਼ੇਸ਼ ਮੁਹਿੰਮ ਚਲਾ ਕੇ ਪਿੰਡ ਵਿਚਲੇ ਸਮੂਹ ਘਰਾਂ ਤੇ ਖੇਤਾਂ ਦੀ ਤਲਾਸ਼ੀ ਲਈ। ਫਿਰ ਨਹਿਰ ਖਾਲੀ ਕਰਵਾਈ ਗਈ ਅਤੇ ਦੋਵੇਂ ਬੱਚਿਆਂ ਦੀਆਂ ਲਾਸ਼ਾਂ ਨਹਿਰ ਵਿਚੋਂ ਮਿਲ ਗਈਆਂ। ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਡੀ.ਐਸ.ਪੀ. ਜਸਵਿੰਦਰ ਟਿਵਾਣਾ ਦੀ ਅਗਵਾਈ ਹੇਠ ਇੰਸਪੈਕਟਰ ਕੁਲਵਿੰਦਰ ਸਿੰਘ ਤੇ ਟੀਮ ਵੱਲੋਂ ਤਕਨੀਕੀ ਅਤੇ ਵਿਗਿਆਨਕ ਢੰਗ ਨਾਲ ਅਮਲ 'ਚ ਲਿਆਂਦੀ ਗਈ ਤਫਤੀਸ਼ ਹੀ ਇਸ ਪੇਚੀਦਾ ਮਾਮਲੇ ਨੂੰ ਸੁਲਝਾਉਣ ਵਿਚ ਕਾਰਗਰ ਸਾਬਤ ਹੋਈ।

# ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਕੁਝ ਸੇਵਾਵਾਂ ਦੇ ਨਿੱਜੀਕਰਨ ਦੀ ਤਿਆਰੀ

**ਅੰਮ੍ਰਿਤਸਰ:** ਭਾਰਤੀ ਰੇਲ ਮੰਤਰਾਲੇ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਚ ਕੁਝ ਸੇਵਾਵਾਂ ਭਾਰਤੀ ਰੇਲਵੇ ਸਟੇਸ਼ਨ ਵਿਕਾਸ ਕਾਰਪੋਰੇਸ਼ਨ ਨੂੰ ਸੌਂਪੇ ਜਾਣ ਦੀ ਸੰਭਾਵਨਾ ਹੈ। ਰੇਲਵੇ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਇਸ ਦਾ ਰਸਮੀ ਐਲਾਨ ਉਤਰੀ ਰੇਲਵੇ ਦੇ ਜਨਰਲ ਮੈਨੇਜਰ ਦੇ ਅੰਮ੍ਰਿਤਸਰ ਦੌਰੇ ਮੌਕੇ ਕੀਤਾ ਜਾ ਸਕਦਾ ਹੈ। ਇਸ ਵੇਲੇ ਰੇਲ ਵਿਭਾਗ ਵੱਲੋਂ ਯਾਤਰੀ ਤੇ ਮਾਲ ਗੱਡੀਆਂ ਦੀ ਆਵਾਜਾਈ, ਸਟੇਸ਼ਨ ਪ੍ਰਬੰਧ, ਵੈਗਨਾਂ ਦੀ ਸਾਂਭ ਸੰਭਾਲ, ਸਾਸ਼ ਸਫਾਈ, ਰੇਲ ਪਟੜੀਆਂ ਦੀ ਸਾਫ ਸਫਾਈ, ਸਿਵਲ ਤੇ ਬਿਜਲੀ ਆਦਿ ਦਾ ਕੰਮ ਸਮੇਤ ਹੋਰ ਕੰਮ ਸ਼ਾਮਲ ਹਨ। ਇਨ੍ਹਾਂ 'ਚੋਂ ਰੇਲਵੇ ਸਟੇਸ਼ਨ ਦੀ ਸਾਫ ਸਫਾਈ, ਪਾਰਕਿੰਗ ਸਹੂਲਤ, ਦੁਕਾਨਾਂ ਅਤੇ ਸਟਾਲ, ਟਰਾਲੀਆਂ ਸਮੇਤ ਹੋਰ ਸੇਵਾਵਾਂ ਭਾਰਤੀ ਰੇਲਵੇ ਸਟੇਸ਼ਨ ਵਿਕਾਸ ਨਿਗਮ ਨੂੰ ਦਿੱਤੀਆਂ ਜਾ ਸਕਦੀਆਂ ਹਨ।




ਅੰਮ੍ਰਿਤਸਰ ਦਾ ਰੇਲਵੇ ਸਟੇਸ਼ਨ ਦੇਸ਼ ਦੇ 'ਏ' ਸ਼੍ਰੇਣੀ ਦੇ ਰੇਲਵੇ ਸਟੇਸ਼ਨਾਂ ਦੀ ਸੂਚੀ ਵਿਚ ਸ਼ਾਮਲ ਹੈ, ਜਿਥੇ ਰੋਜ਼ਾਨਾ ਲਗਭਗ 100 ਤੋਂ ਵੱਧ ਰੇਲ ਗੱਡੀਆਂ ਦੀ ਆਵਾਜਾਈ ਹੈ ਅਤੇ ਲਗਭਗ 200 ਕਰੋੜ ਤੋਂ ਵੱਧ ਦਾ ਸਾਲਾਨਾ ਮਾਲੀਆ ਇਕੱਠਾ ਹੁੰਦਾ ਹੈ। ਇਥੋਂ ਰੋਜ਼ਾਨਾ 50 ਹਜ਼ਾਰ ਤੋਂ ਵੱਧ ਲੋਕਾਂ ਸਫਰ ਕਰਦੇ ਹਨ ਜਿਨ੍ਹਾਂ ਵਿਚੋਂ ਵਧੇਰੇ ਸੈਲਾਨੀ ਹੁੰਦੇ ਹਨ।

ਕਿਸਾਨ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਨਿੱਜੀਕਰਨ ਤਹਿਤ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਨੂੰ ਨਿੱਜੀ ਹੱਥਾਂ ਵਿਚ ਦੇਣ ਦੀ ਸੰਭਾਵਨਾ ਹੈ। ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਜੀਤ ਸਿੰਘ ਝੀਤਾ ਨੇ ਆਖਿਆ ਕਿ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਕੋਲੋਂ ਮੰਗ ਕੀਤੀ ਗਈ ਹੈ ਕਿ ਉਹ ਲਿਖਤੀ ਭਰੋਸਾ ਦੇਣ ਕਿ ਇਸ ਰੇਲਵੇ ਸਟੇਸ਼ਨ ਨੂੰ ਨਿੱਜੀ ਹੱਥਾਂ ਵਿਚ ਨਹੀਂ ਦਿੱਤਾ ਜਾਵੇਗਾ ਜਾਂ ਵੇਚਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਬੀਤੇ ਕੱਲ ਇਸੇ ਸਬੰਧ ਵਿਚ ਉਨ੍ਹਾਂ ਦਾ ਘਿਰਾਓ ਕਰਨ ਦਾ ਵੀ ਯਤਨ ਕੀਤਾ ਗਿਆ ਸੀ ਪਰ ਉਨ੍ਹਾਂ ਇਸ ਮੰਗ ਸਬੰਧੀ ਕੋਈ ਭਰੋਸਾ ਨਹੀਂ ਦਿੱਤਾ ਹੈ।

# ਬੇਅਦਬੀ ਕਾਂਡ: ਡੇਰੇ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰਾਂ ਖਿਲਾਫ ਕੇਸ ਦਰਜ

**ਫਰੀਦਕੋਟ:** ਬੇਅਦਬੀ ਕਾਂਡ ਵਿਚ ਅਦਾਲਤੀ ਹੁਕਮਾਂ ਦੇ ਬਾਵਜੂਦ ਡੇਰੇ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰ ਇਥੇ ਅਦਾਲਤ ਵਿਚ ਪੇਸ਼ ਨਹੀਂ ਹੋਏ। ਅਦਾਲਤ ਨੇ ਕਮੇਟੀ ਦੇ ਮੈਂਬਰ ਹਰਸ਼ ਧੁਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੂੰ ਭਗੌੜੇ ਐਲਾਨਣ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ ਕੁਰਕ ਕਰਨ ਅਤੇ ਆਈ.ਪੀ.ਸੀ. ਦੀ ਧਾਰਾ 174ਏ ਤਹਿਤ ਮੁਕੱਦਮਾ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਬਾਜਾਖਾਨਾ ਪੁਲਿਸ ਨੇ ਜੁਡੀਸ਼ਲ ਮੈਜਿਸਟਰੇਟ ਸੁਰੇਸ਼ ਕੁਮਾਰ ਦੇ ਹੁਕਮਾਂ ਅਨੁਸਾਰ ਕਮੇਟੀ ਮੈਂਬਰਾਂ ਖਿਲਾਫ ਪਰਚਾ ਦਰਜ ਕਰ ਲਿਆ ਹੈ।

ਜਾਂਚ ਟੀਮ ਨੇ 6 ਜੁਲਾਈ ਨੂੰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਸੱਤ ਜਣਿਆਂ ਖਿਲਾਫ ਚਲਾਨ ਅਦਾਲਤ ਵਿਚ ਪੇਸ਼ ਕੀਤਾ ਸੀ। ਜਾਂਚ ਟੀਮ ਨੇ ਡੇਰੇ ਦੇ ਕੌਮੀ ਕਮੇਟੀ ਮੈਂਬਰ ਹਰਸ਼ ਧੁਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੂੰ ਫੜਨ ਲਈ ਅਦਾਲਤ ਪਾਸੋਂ ਗ੍ਰਿਫਤਾਰੀ ਵਰੰਟ ਹਾਸਲ ਕੀਤੇ ਸਨ। ਅਦਾਲਤ ਨੇ ਇਨ੍ਹਾਂ ਕਮੇਟੀ ਮੈਂਬਰਾਂ ਦੇ ਚਾਰ ਵਾਰ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਪਰ ਜਾਂਚ ਟੀਮ ਨੂੰ ਇਹ ਬੰਦੇ ਨਹੀਂ ਲੱਭੇ, ਅਖੀਰ ਅਦਾਲਤ ਨੇ 18 ਜਨਵਰੀ ਨੂੰ ਭਗੌੜੇ ਐਲਾਨ ਦਿੱਤਾ ਅਤੇ ਪਰਚਾ ਵੀ ਦਰਜ ਕਰ ਲਿਆ।

ਸੂਤਰਾਂ ਅਨੁਸਾਰ ਬੇਅਦਬੀ ਕਾਂਡ ਤੋਂ ਬਾਅਦ ਡੇਰੇ ਦੀ ਕੌਮੀ ਕਮੇਟੀ ਦੇ ਉਪਰੋਕਤ ਤਿੰਨੇ ਮੈਂਬਰ ਰੂਪੋਸ਼ ਹੋ ਗਏ ਸਨ ਜੋ ਅੱਜ ਤੱਕ ਕਿਸੇ ਵੀ ਜਾਂਚ ਟੀਮ ਨੂੰ ਲੱਭ ਨਹੀਂ ਸਕੇ। ਬੇਅਦਬੀ ਕਾਂਡ ਤੋਂ ਬਾਅਦ ਡੇਰੇ ਦੀ ਕੌਮੀ ਕਮੇਟੀ ਦੇ ਤਿੰਨੇ ਮੈਂਬਰ ਜਾਂਚ ਏਜੰਸੀਆਂ ਨੂੰ ਚਕਮਾ ਦੇ ਕੇ ਵਿਦੇਸ਼ ਭੱਜ ਗਏ ਸਨ। ਜਾਂਚ ਏਜੰਸੀਆਂ ਲੰਬੀ ਪੜਤਾਲ ਤੋਂ ਬਾਅਦ ਇਨ੍ਹਾਂ ਦੀਆਂ ਤਸਵੀਰਾਂ ਵੀ ਨਹੀਂ ਲੱਭ ਸਕੀਆਂ।

# ਰੇਹੜੀ 'ਤੇ ਪਾਵਨ ਸਰੂਪ ਲਿਜਾਣ ਦਾ ਮੁੱਦਾ ਅਕਾਲ ਤਖਤ ਪੁੱਜਿਆ

**ਚੋਹਲਾ ਸਾਹਿਬ:** ਨੇੜਲੇ ਪਿੰਡ ਗੰਡੀਵਿੰਡ ਧੱਤਲ ਵਿਚ ਇਕ ਵਿਅਕਤੀ ਵੱਲੋਂ ਪੰਚਾਇਤੀ ਜਗ੍ਹਾ 'ਤੇ ਨਿਸ਼ਾਨ ਸਾਹਿਬ ਲਗਾਉਣ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਰੇਹੜੀ 'ਤੇ ਰੱਖ ਕੇ ਲਿਜਾਣ ਬਾਰੇ ਪਿੰਡ ਵਾਸੀਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼ਿਕਾਇਤ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸੇਵਾਮੁਕਤ ਮੁਲਾਜ਼ਮ ਪ੍ਰਤਾਪ ਸਿੰਘ ਗੰਡੀਵਿੰਡ ਨੇ ਜਥੇਦਾਰ ਅਤੇ ਕਮੇਟੀ ਪ੍ਰਧਾਨ ਜਗੀਰ ਕੌਰ ਨੂੰ ਸ਼ਿਕਾਇਤ ਵਿਚ ਦੱਸਿਆ ਕਿ ਪਿੰਡ ਦੇ ਇਕ ਵਿਅਕਤੀ ਵੱਲੋਂ ਸ਼ਮਸ਼ਾਨਘਾਟ ਵਾਲੀ ਪੰਚਾਇਤੀ ਜਗ੍ਹਾ 'ਤੇ ਕਬਜ਼ਾ ਕਰਨ ਲਈ ਵਾਰ-ਵਾਰ ਨਿਸ਼ਾਨ ਸਾਹਿਬ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਜਦੋਂ ਉਸ ਨੇ ਅਜਿਹਾ ਕੀਤਾ ਸੀ ਤਾਂ ਸ਼੍ਰੋਮਣੀ ਕਮੇਟੀ ਦੀ ਹਦਾਇਤ ਅਨੁਸਾਰ ਨਿਸ਼ਾਨ ਸਾਹਿਬ ਉਥੋਂ ਹਟਾ ਦਿੱਤਾ ਗਿਆ ਸੀ ਪਰ ਹੁਣ ਫਿਰ ਉਸ ਵੱਲੋਂ ਅਜਿਹਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬੀਤੀ ਰਾਤ ਉਹੀ ਵਿਅਕਤੀ ਮੋਟਰਸਾਈਕਲ ਵਾਲੀ ਰੇਹੜੀ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰੱਖ ਕੇ ਉਸੇ ਜਗ੍ਹਾ ਲੈ ਗਿਆ, ਜੋ ਪਾਵਨ ਸਰੂਪ ਦਾ ਨਿਰਾਦਰ ਹੈ। ਪਿੰਡ ਵਾਸੀਆਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਇਸ ਦਾ ਵਿਰੋਧ ਕੀਤਾ, ਜਿਸ ਮਗਰੋਂ ਪਾਵਨ ਸਰੂਪ ਮੁੜ ਗੁਰਦੁਆਰੇ ਲਿਜਾਇਆ ਗਿਆ। ਸਾਬਕਾ ਮੈਨੇਜਰ ਪ੍ਰਤਾਪ ਸਿੰਘ ਗੰਡੀਵਿੰਡ ਨੇ ਇਸ ਸਬੰਧੀ ਜਾਂਚ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਸ਼੍ਰੋਮਣੀ ਕਮੇਟੀ ਮੀਟਿੰਗ ਵਿਚ ਹੋਏ ਅਹਿਮ ਫੈਸਲੇ

## ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ 30 ਨੂੰ ਹੋਵੇਗਾ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਇਜਲਾਸ 30 ਮਾਰਚ ਨੂੰ ਹੋਵੇਗਾ, ਜਿਸ 'ਚ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ, ਟਰੱਸਟ ਫੰਡਜ਼, ਪ੍ਰੈੱਸਾਂ, ਜਨਰਲ ਬੋਰਡ ਫੰਡ, ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਵਿਦਿਅਕ ਅਦਾਰਿਆਂ ਸਮੇਤ ਗੁਰਦੁਆਰਾ ਸਾਹਿਬਾਨ ਦਾ ਬਜਟ ਪੇਸ਼ ਕੀਤਾ ਜਾਵੇਗਾ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਗਰੋਂ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਬਜਟ ਇਜਲਾਸ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਬਜਟ ਦੀ ਤੈਅ ਤਰੀਕ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਬਜਟ ਦੀਆਂ ਕਾਪੀਆਂ ਭੇਜੀਆਂ ਜਾਣਗੀਆਂ। ਅੰਤ੍ਰਿੰਗ ਕਮੇਟੀ ਵਲੋਂ ਲਏ ਗਏ ਫੈਸਲਿਆਂ ਦਾ ਵਿਸਥਾਰ ਦਿੰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕਿਸਾਨ ਸੰਘਰਸ਼ ਦੌਰਾਨ ਦਿੱਲੀ ਦੇ ਬਾਰਡਰਾਂ ਉਤੇ ਬੈਠੇ ਕਿਸਾਨਾਂ ਲਈ ਸ਼੍ਰੋਮਣੀ ਕਮੇਟੀ ਵਲੋਂ ਟੀਨ ਦੇ ਸ਼ੈੱਡ ਤਿਆਰ ਕਰਵਾ ਕੇ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸ਼ੈੱਡਾਂ 'ਚ ਗਰਮੀ ਤੋਂ ਬਚਾਅ ਲਈ ਪੱਖਿਆਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕਿਸਾਨ ਸੰਘਰਸ਼ ਦੌਰਾਨ ਲੰਗਰਾਂ ਅਤੇ ਪਖਾਨਿਆਂ ਆਦਿ ਦੀਆਂ ਸੇਵਾਵਾਂ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰਹਿਣਗੀਆਂ।

ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਵਾਤਾਵਰਨ ਦੀ ਸ਼ੁੱਧਤਾ ਅਤੇ ਹਰਿਆਲੀ ਲਈ ਵੀ ਇਕ ਅਹਿਮ ਫੈਸਲਾ ਕੀਤਾ ਹੈ, ਜਿਸ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਡੀ ਗਿਣਤੀ 'ਚ ਬੂਟੇ ਲਗਾਏ ਜਾਣਗੇ। ਇਸ ਦੇ ਨਾਲ ਹੀ ਇਸ ਇਤਿਹਾਸਕ ਦਿਹਾੜੇ ਨੂੰ ਵਿਸ਼ਾਲ ਪੱਧਰ ਉਤੇ ਮਨਾਉਣ ਲਈ ਵੱਖ-ਵੱਖ ਸਮਾਗਮ ਕੀਤੇ ਜਾਣਗੇ, ਜੋ ਬੰਗਲਾ ਦੇਸ਼, ਪਟਨਾ ਸਾਹਿਬ, ਨਾਨਕਮਤਾ ਸਾਹਿਬ, ਧਮਧਾਨ ਸਾਹਿਬ, ਹਰਿਆਣਾ, ਕਾਨਪੁਰ ਅਤੇ ਦੇਸ਼ ਦੇ ਹੋਰ ਭਾਗਾਂ ਦੇ ਨਾਲ-ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ, ਬਾਬਾ ਬਕਾਲਾ ਸਾਹਿਬ, ਸ੍ਰੀ ਅੰਮ੍ਰਿਤਸਰ ਆਦਿ ਥਾਵਾਂ ਉਤੇ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨੌਵੇਂ ਪਾਤਸ਼ਾਹ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਤੋਂ 15 ਮਾਰਚ ਨੂੰ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ, ਜੋ ਦਿੱਲੀ ਵਿਖੇ ਸੰਪੂਰਨ ਹੋਵੇਗਾ। ਮੁੱਖ ਸਮਾਗਮ 1 ਮਈ ਅੰਮ੍ਰਿਤਸਰ ਵਿਖੇ ਹੋਵੇਗਾ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਭਾਰਤ ਸਰਕਾਰ ਨੂੰ ਲਿਖੇ ਪੱਤਰ ਦੇ ਜਵਾਬ 'ਚ ਸਰਕਾਰ ਨੇ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਬੰਧੀ ਯਾਦਗਾਰੀ ਸਿੱਕੇ, ਡਾਕ ਟਿਕਟ ਅਤੇ ਚਿੱਠੀ ਪੱਤਰ ਲਿਫਾਫੇ ਜਾਰੀ ਕਰਨ ਬਾਰੇ ਸ਼੍ਰੋਮਣੀ ਕਮੇਟੀ ਦੀ ਰਾਇ ਮੰਗੀ ਗਈ ਹੈ, ਜਿਸ ਸਬੰਧੀ ਸਬ-ਕਮੇਟੀ ਫੈਸਲਾ ਲਵੇਗੀ।

# ਮੋਦੀ ਸਰਕਾਰ ਦੀ ਅਗਵਾਈ 'ਚ ਭਾਰਤ ਦੀ 'ਜਮਹੂਰੀ ਤਾਕਤ' ਨੂੰ ਖੋਰਾ

## 'ਫਰੀਡਮ ਹਾਊਸ' ਦੀ ਰਿਪੋਰਟ ਵਿਚ ਭਾਰਤ ਨੂੰ 'ਅੰਸ਼ਿਕ ਆਜ਼ਾਦੀ' ਦਾ ਦਰਜਾ

**ਨਵੀਂ ਦਿੱਲੀ:** ਅਮਰੀਕਾ ਦੀ ਗੈਰ-ਸਰਕਾਰੀ ਜਥੇਬੰਦੀ 'ਫਰੀਡਮ ਹਾਊਸ' ਜਿਹੜੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਸਿਆਸੀ ਆਜ਼ਾਦੀਆਂ 'ਤੇ ਨਿਗਾਹਬਾਨੀ ਕਰਦੀ ਹੈ, ਨੇ ਇਸ ਸਬੰਧੀ ਭਾਰਤ ਦਾ ਦਰਜਾ 'ਆਜ਼ਾਦ' ਤੋਂ ਘਟਾ ਕੇ 'ਅਰਧ-ਆਜ਼ਾਦ' ਵਾਲਾ ਕਰ ਦਿੱਤਾ ਹੈ। ਇਹ ਸੰਸਥਾ ਜਮਹੂਰੀਅਤ ਅਤੇ ਆਜ਼ਾਦੀ ਦੀ ਆਵਾਜ਼ ਹੋਣ ਦਾ ਦਾਅਵਾ ਕਰਦੀ ਹੈ। ਸੰਸਥਾ ਹਰ ਸਾਲ ਸਰਵੇਖਣ 'ਦੁਨੀਆ ਵਿਚ ਆਜ਼ਾਦੀ' ਕਰਵਾਉਂਦੀ ਅਤੇ ਪ੍ਰਕਾਸ਼ਿਤ ਕਰਦੀ ਹੈ ਜਿਸ ਵਿਚ ਵੱਖ-ਵੱਖ ਦੇਸ਼ਾਂ ਵਿਚ ਜਨਤਕ ਆਜ਼ਾਦੀਆਂ ਅਤੇ ਸਿਆਸੀ ਅਧਿਕਾਰਾਂ ਦਾ ਜਾਇਜ਼ਾ ਲਿਆ ਜਾਂਦਾ ਹੈ।



ਇਸ ਦੇ ਸਰਵੇਖਣਾਂ ਵਿਚ ਭਾਰਤ ਨੂੰ ਹਮੇਸ਼ਾ ਆਜ਼ਾਦ ਸਮਾਜ ਵਜੋਂ ਮਾਨਤਾ ਦਿੱਤੀ ਜਾਂਦੀ ਰਹੀ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਦੇਸ਼ ਦੇ ਸਮਾਜ ਨੂੰ ਪੂਰੀ ਤਰ੍ਹਾਂ ਆਜ਼ਾਦ ਨਹੀਂ ਮੰਨਿਆ ਗਿਆ। ਰਿਪੋਰਟ ਅਨੁਸਾਰ 'ਇਉਂ ਲੱਗਦਾ ਹੈ ਜਿਵੇਂ ਭਾਰਤ ਨੇ ਵਿਸ਼ਵ ਪੱਧਰ ਦੇ ਜਮਹੂਰੀ ਆਗੂ ਹੋਣ ਦੀ ਸੰਭਾਵਨਾ ਤੋਂ ਮੂੰਹ ਮੋੜ ਲਿਆ ਹੋਵੇ।' ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 2014 ਤੋਂ ਸਿਆਸੀ ਅਧਿਕਾਰਾਂ ਅਤੇ ਜਨਤਕ ਆਜ਼ਾਦੀਆਂ 'ਤੇ ਰੋਕਾਂ ਜ਼ਿਆਦਾ ਤੇਜ਼ੀ ਨਾਲ ਲੱਗਣੀਆਂ ਸ਼ੁਰੂ ਹੋਈਆਂ। ਰਿਪੋਰਟ ਵਿਚ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰਨ ਵਾਲੀਆਂ ਜਥੇਬੰਦੀਆਂ 'ਤੇ ਵਧ ਰਹੇ ਦਬਾਉ ਅਤੇ ਪੱਤਰਕਾਰਾਂ ਤੇ ਵਿਦਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ ਚੀਨ ਜਿਹੇ ਤਾਨਾਸ਼ਾਹੀ ਦੇਸ਼ ਵਿਰੁੱਧ ਇਕ ਜਮਹੂਰੀ ਤਾਕਤ ਵਜੋਂ ਖੜ੍ਹੇ ਹੋਣਾ ਚਾਹੀਦਾ ਸੀ ਪਰ ਕੇਂਦਰ ਸਰਕਾਰ ਅਤੇ ਸੱਤਾਧਾਰੀ ਪਾਰਟੀ ਦੇਸ਼ ਨੂੰ 'ਤਾਨਾਸ਼ਾਹੀ ਵੱਲ ਧੱਕ ਰਹੇ ਹਨ'।

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹੋ ਜਿਹੇ ਅਦਾਰੇ ਖਾਸ ਨੀਤੀਆਂ ਅਨੁਸਾਰ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਦੇਸ਼ਾਂ ਦੇ ਅੰਦਰੂਨੀ ਹਾਲਾਤ ਬਾਰੇ ਟਿੱਪਣੀਆਂ ਕਰਨ ਦਾ ਕੋਈ ਹੱਕ ਨਹੀਂ ਹੈ। ਮੁਸ਼ਕਲ ਇਹ ਹੈ ਕਿ ਅਜਿਹੀਆਂ ਦਲੀਲਾਂ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਇਸ ਰਿਪੋਰਟ ਵਿਚ ਨਾਗਰਿਕਤਾ ਸੋਧ ਕਾਨੂੰਨ ਸਮੇਤ ਲਗਭਗ ਉਨ੍ਹਾਂ ਸਾਰੇ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਹੜੇ ਜਮਹੂਰੀ ਹੱਕਾਂ ਦੇ ਖੇਤਰ ਵਿਚ ਕੰਮ ਕਰਨ ਵਾਲੇ ਕਾਰਕੁਨ ਲਗਾਤਾਰ ਉਠਾ ਰਹੇ ਹਨ। ਇਹ ਰਿਪੋਰਟ ਸਿਰਫ ਭਾਰਤ 'ਤੇ ਕੇਂਦਰਿਤ ਨਹੀਂ ਹੈ। ਇਸ ਵਿਚ ਚੀਨ, ਅਮਰੀਕਾ, ਕਿਰਗਿਸਤਾਨ, ਹੰਗਰੀ, ਫਿਲਪੀਨਜ਼, ਐੱਲ ਸੈਲਵਾਡੋਰ ਅਤੇ ਕਈ ਹੋਰ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਨੂੰ ਲੱਗ ਰਹੇ ਖੋਰੇ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਜਿਥੇ ਸੱਜੇ-ਪੱਖੀ ਤਾਕਤਾਂ ਹਮੇਸ਼ਾ ਇਸ ਸੰਸਥਾ ਅਤੇ ਇਹਦੀਆਂ ਰਿਪੋਰਟਾਂ ਦਾ ਵਿਰੋਧ ਕਰਦੀਆਂ ਹਨ ਕਿਉਂਕਿ ਇਹ ਰਿਪੋਰਟਾਂ ਕੱਟੜਪੰਥੀ ਰੁਝਾਨਾਂ 'ਤੇ ਉਂਗਲ ਰੱਖਦੀਆਂ ਹਨ, ਉਥੇ ਕਈ ਖੱਬੇ-ਪੱਖੀ ਚਿੰਤਕ ਇਸ ਸੰਸਥਾ ਦੀਆਂ ਕਾਰਵਾਈਆਂ ਨੂੰ ਸੰਸਾਰ ਵਿਚ ਅਮਰੀਕਾ ਦੀ ਸਰਬਉੱਚਤਾ ਨੂੰ ਬਣਾਈ ਰੱਖਣ ਦੇ ਯਤਨਾਂ ਵਜੋਂ ਦੇਖਦੇ ਹਨ। ਸੰਸਥਾ ਦੇ ਉਦੇਸ਼ਾਂ ਬਾਰੇ ਤਾਂ ਸਵਾਲ ਉਠਾਏ ਜਾ ਸਕਦੇ ਹਨ ਪਰ ਰਿਪੋਰਟ ਵਿਚ ਉਠਾਏ ਗਏ ਮੁੱਦਿਆਂ ਤੋਂ ਨਹੀਂ ਭੱਜਿਆ ਜਾ ਸਕਦਾ।

ਦੇਸ਼ ਵਿਚ ਕਈ ਵਰ੍ਹਿਆਂ ਤੋਂ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਵਿਅਕਤੀਆਂ ਨੂੰ 'ਟੁਕੜੇ ਟੁਕੜੇ ਗੈਂਗ', 'ਦੇਸ਼-ਧ੍ਰੋਹੀ', 'ਸ਼ਹਿਰੀ ਨਕਸਲੀ' ਜਾਂ 'ਅੰਦੋਲਨ-ਜੀਵੀ' ਕਹਿ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਈ ਚਿੰਤਕ, ਪੱਤਰਕਾਰ, ਸਮਾਜਿਕ ਕਾਰਕੁਨ ਅਤੇ ਵਿਦਿਆਰਥੀ ਆਗੂ ਨਜ਼ਰਬੰਦ ਕੀਤੇ ਗਏ ਹਨ। ਇਹ ਸਭ ਕੁਝ 2014 ਵਿਚ ਸ਼ੁਰੂ ਹੋਇਆ। 1975 ਵਿਚ ਦੇਸ਼ ਵਿਚ ਐਮਰਜੈਂਸੀ ਲਗਾਈ ਗਈ ਅਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਨਜ਼ਰਬੰਦ ਕਰਨ ਦੇ ਨਾਲ ਨਾਲ ਸਭ ਤਰ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਮਨਸੂਖ ਕਰ ਦਿੱਤਾ ਗਿਆ। ਮੁਕੱਦਮਾ ਚਲਾਏ ਬਗੈਰ ਹਿਰਾਸਤ ਵਿਚ ਰੱਖਣ ਵਾਲੇ ਕਾਨੂੰਨ ਬਣਾਏ ਗਏ ਅਤੇ ਦੇਸ਼ ਦੇ ਵੱਖ ਵੱਖ ਸੂਬਿਆਂ ਵਿਚ ਚਲਾਏ ਗਏ ਜਨਤਕ ਅੰਦੋਲਨਾਂ ਦੇ ਆਗੂ ਕੈਦ ਕੀਤੇ ਗਏ। ਪਿਛਲੇ ਕੁਝ ਵਰ੍ਹਿਆਂ ਤੋਂ ਅਸਹਿਣਸ਼ੀਲਤਾ ਬਹੁਤ ਤੇਜ਼ੀ ਨਾਲ ਵਧੀ ਹੈ। ਘੱਟਗਿਣਤੀ ਫਿਰਕੇ ਨਾਲ ਸਬੰਧਤ ਲੋਕਾਂ ਅਤੇ ਦਲਿਤਾਂ ਨੂੰ ਵੱਡੀ ਪੱਧਰ 'ਤੇ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ।

### ਭਾਰਤ ਨੂੰ 'ਅੰਸ਼ਿਕ ਆਜ਼ਾਦੀ' ਦਾ ਦਰਜਾ ਦਿੰਦੀ ਰਿਪੋਰਟ ਰੱਦ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਫਰੀਡਮ ਹਾਊਸ ਦੀ ਭਾਰਤ ਨੂੰ 'ਅੰਸ਼ਿਕ ਆਜ਼ਾਦੀ' ਦਾ ਦਰਜਾ ਦੇਣ ਵਾਲੀ ਰਿਪੋਰਟ ਰੱਦ ਕਰਦਿਆਂ ਇਸ ਨੂੰ 'ਭਰਮਾਊ, ਗਲਤ ਅਤੇ ਅਢੁਕਵੀਂ' ਕਰਾਰ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਦੇਸ਼ ਵਿੱਚ ਸਾਰੇ ਨਾਗਰਿਕਾਂ ਨਾਲ ਬਿਨਾਂ ਭੇਦ-ਭਾਵ ਤੋਂ ਬਰਾਬਰਤਾ ਵਾਲਾ ਸਲੂਕ ਕੀਤਾ ਜਾਂਦਾ ਹੈ ਅਤੇ ਜ਼ੋਰ ਦਿੱਤਾ ਕਿ ਵਿਚਾਰ-ਵਟਾਂਦਰਾ, ਬਹਿਸ ਅਤੇ ਅਸਹਿਮਤੀ ਭਾਰਤੀ ਜਮਹੂਰੀਅਤ ਦਾ ਹਿੱਸਾ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ, ''ਫਰੀਡਮ ਹਾਊਸ ਵੱਲੋਂ 'ਘੇਰਾਬੰਦੀ ਅਧੀਨ ਜਮਹੂਰੀਅਤ' ਸਿਰਲੇਖ ਹੇਠ ਜਾਰੀ ਰਿਪੋਰਟ ਵਿਚ ਭਾਰਤ ਦੇ ਆਜ਼ਾਦ ਦੇਸ਼ ਦੇ ਦਰਜੇ ਨੂੰ ਘਟਾ ਕੇ 'ਅੰਸ਼ਿਕ ਆਜ਼ਾਦ' ਦੇਸ਼ ਕੀਤਾ ਗਿਆ ਹੈ। ਇਹ ਰਿਪੋਰਟ ਭਰਮਾਊ, ਗਲਤ ਅਤੇ ਅਢੁਕਵੀਂ ਹੈ।''

### ਸੰਘ ਦੇਸ਼ ਪ੍ਰੇਮ ਬਾਰੇ ਵਿਸ਼ਵ ਦਾ ਸਭ ਤੋਂ ਵੱਡਾ ਸਕੂਲ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੂੰ 'ਵਤਨਪ੍ਰਸਤੀ ਬਾਰੇ ਵਿਸ਼ਵ ਦਾ ਸਭ ਤੋਂ ਵੱਡਾ ਸਕੂਲ' ਦੱਸ ਕੇ ਵਡਿਆਇਆ ਹੈ। ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਸੰਘ ਦੀ ਤੁਲਨਾ ਪਾਕਿਸਤਾਨ ਦੇ ਕੱਟੜਪੰਥੀ ਇਸਲਾਮਿਕ ਸੰਗਠਨਾਂ ਨਾਲ ਕਰਨ 'ਤੇ ਭਾਜਪਾ ਨੇ ਰਾਹੁਲ ਗਾਂਧੀ ਨੂੰ ਕਰਾਰੇ ਹੱਥੀਂ ਲਿਆ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਆਗੂ ਨੂੰ ਆਰ.ਐਸ.ਐਸ. ਨੂੰ ਸਮਝਣ ਲਈ ਬਹੁਤ ਸਮਾਂ ਲੱਗੇਗਾ। ਉਨ੍ਹਾਂ ਕਿਹਾ, 'ਆਰ.ਐਸ.ਐਸ. ਦੁਨੀਆਂ ਵਿਚ ਵਤਨਪ੍ਰਸਤੀ ਦਾ ਸਭ ਤੋਂ ਵੱਡਾ ਸਕੂਲ ਹੈ ਤੇ ਇਸੇ ਲਈ ਦੁਨੀਆਂ ਵਿਚ ਇਸ ਦਾ ਸਤਿਕਾਰ ਹੈ।'

# ਦਿੱਲੀ ਮਿਊਂਸਿਪਲ ਜ਼ਿਮਨੀ ਚੋਣਾਂ 'ਚ ਭਾਜਪਾ ਦਾ ਸਫਾਇਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਵਿਚ ਪੰਜ ਮਿਊਂਸਿਪਲ ਵਾਰਡਾਂ ਲਈ ਹੋਈ ਜ਼ਿਮਨੀ ਚੋਣ ਵਿਚ ਚਾਰ 'ਤੇ ਜਿੱਤ ਦਰਜ ਕੀਤੀ ਹੈ। ਇਕ ਵਾਰਡ ਕਾਂਗਰਸ ਦੇ ਹਿੱਸੇ ਆਇਆ ਜਦੋਂਕਿ ਭਾਜਪਾ, ਜੋ ਤਿੰਨ ਮਿਊਂਸਿਪਲਾਂ ਵਿਚ ਸੱਤਾਧਾਰੀ ਪਾਰਟੀ ਹੈ, ਕੋਈ ਵੀ ਸੀਟ ਨਹੀਂ ਜਿੱਤ ਸਕੀ। ਜ਼ਿਮਨੀ ਚੋਣ ਨਤੀਜੇ ਭਾਜਪਾ ਲਈ ਵੱਡਾ ਝਟਕਾ ਹੈ, ਜੋ ਅਗਲੇ ਸਾਲ ਕਾਰਪੋਰੇਸ਼ਨਾਂ ਵਿਚ ਚੌਥੀ ਵਾਰ ਜਿੱਤਣ ਦੀ ਉਮੀਦ ਕਰੀ ਬੈਠੀ ਹੈ।



ਕਾਂਗਰਸ ਨੇ ਚੌਹਾਨ ਬਾਂਗਰ ਵਾਰਡ 'ਆਪ' ਨੂੰ ਹਰਾ ਕੇ ਵੱਡੇ ਫਰਕ ਨਾਲ ਜਿੱਤਿਆ। 'ਆਪ' ਨੇ ਕਲਿਆਣਪੁਰੀ, ਤ੍ਰਿਲੋਕਪੁਰੀ ਈਸਟ, ਸ਼ਾਲੀਮਾਰ ਬਾਗ ਤੇ ਰੋਹਿਣੀ-ਸੀ ਵਾਰਡ ਜਿੱਤੇ। ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਕ ਟਵੀਟ ਵਿੱਚ ਕਿਹਾ, 'ਦਿੱਲੀ ਦੇ ਲੋਕਾਂ ਨੇ ਇਕ ਵਾਰ ਫਿਰ ਚੰਗੇ ਸ਼ਾਸਨ ਲਈ ਵੋਟ ਦਿੱਤੀ ਹੈ। ਨਤੀਜਿਆਂ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਲੋਕ ਐਮ.ਸੀ.ਡੀ. ਵਿਚ 15 ਸਾਲਾਂ ਤੋਂ ਭਾਜਪਾ ਦੇ ਸ਼ਾਸਨ ਤੋਂ ਥੱਕ ਗਏ ਹਨ। ਲੋਕ ਐਮ.ਸੀ.ਡੀਜ਼. ਵਿਚ 'ਆਪ' ਨੂੰ ਲਿਆਉਣ ਲਈ ਉਤਸੁਕ ਹਨ।' ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਟਵੀਟ 'ਚ ਕਿਹਾ, 'ਐਮ.ਸੀ.ਡੀ. ਦੀਆਂ ਚਾਰ ਸੀਟਾਂ 'ਤੇ ਵੱਡੀ ਜਿੱਤ ਲਈ 'ਆਪ' ਵਰਕਰਾਂ ਨੂੰ ਵਧਾਈ। ਦਿੱਲੀ ਦੇ ਲੋਕ ਭਾਜਪਾ ਤੋਂ ਤੰਗ ਆ ਚੁੱਕੇ ਹਨ। ਅਗਲੇ ਸਾਲ ਹੋਣ ਵਾਲੀਆਂ ਮਿਊਂਸਪਲ ਚੋਣਾਂ ਵਿਚ ਦਿੱਲੀ ਦੇ ਲੋਕ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਬਿਹਤਰੀਨ ਸ਼ਾਸਨ ਮਾਡਲ ਲਈ 'ਆਪ' ਨੂੰ ਸੱਤਾ ਵਿਚ ਲਿਆਉਣਗੇ।'

ਚੇਤੇ ਰਹੇ ਕਿ ਇਕ ਕੌਂਸਲਰ ਦੀ ਮੌਤ ਅਤੇ ਚਾਰ ਕੌਂਸਲਰਾਂ ਦੇ ਪਿਛਲੇ ਸਾਲ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਪੰਜ ਸੀਟਾਂ ਖਾਲੀ ਹੋ ਗਈਆਂ ਸਨ। ਭਾਜਪਾ ਉਨ੍ਹਾਂ ਚਾਰੋਂ ਵਾਰਡਾਂ 'ਚ ਦੂਜੇ ਸਥਾਨ ਉਤੇ ਰਹੀ ਜਿਥੇ 'ਆਪ' ਨੇ ਜਿੱਤ ਹਾਸਲ ਕੀਤੀ ਤੇ ਜਿੱਤ ਦਾ ਫਰਕ 2700 ਵੋਟਾਂ ਤੋਂ ਜ਼ਿਆਦਾ ਦਾ ਰਿਹਾ। ਕਲਿਆਣਪੁਰੀ ਵਿਚ 'ਆਪ' ਨੇ ਭਾਜਪਾ ਨੂੰ 7043 ਵੋਟਾਂ ਨਾਲ ਹਰਾਇਆ। ਤ੍ਰਿਲੋਕਪੁਰੀ ਈਸਟ ਵਿਚ 'ਆਪ' ਦੇ ਵਿਜੈ ਕੁਮਾਰ ਨੇ ਭਾਜਪਾ ਦੇ ਓਮ ਪ੍ਰਕਾਸ਼ ਨੂੰ 4986 ਵੋਟਾਂ ਨਾਲ ਹਰਾਇਆ। ਚੌਹਾਨ ਬਾਂਗਰ ਤੋਂ ਕਾਂਗਰਸ ਦੇ ਉਮੀਦਵਾਰ ਜ਼ੁਬੈਰ ਅਹਿਮਦ ਨੇ 'ਆਪ' ਦੇ ਸਾਬਕਾ ਵਿਧਾਇਕ ਮੁਹੰਮਦ ਇਸ਼ਰਾਕ ਖਾਨ ਨੂੰ 10,642 ਵੋਟਾਂ ਨਾਲ ਹਰਾਇਆ ਜੋ ਕਿ ਮਿਊਂਸਪਲ ਜ਼ਿਮਨੀ ਚੋਣਾਂ ਵਿਚ ਵੱਡਾ ਫਰਕ ਹੈ।

ਪੰਜ ਵਾਰ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਦੇ ਦਿੱਗਜ ਮਤੀਨ ਅਹਿਮਦ ਦੇ ਬੇਟੇ ਅਹਿਮਦ ਨੂੰ 14,303 ਵੋਟਾਂ ਪਈਆਂ ਜਦੋਂ ਕਿ ਖਾਨ ਨੂੰ 7259 ਵੋਟਾਂ ਮਿਲੀਆਂ। 2017 ਮਿਊਂਸਪਲ ਜ਼ਿਮਨੀ ਚੋਣਾਂ ਵਿਚ 'ਆਪ' ਚੌਹਾਨ ਬਾਂਗਰ ਵਾਰਡ ਜਿੱਤੀ ਸੀ। 'ਆਪ' ਦੇ ਕੌਂਸਲਰ ਅਬਦੁੱਲ ਰਹਿਮਾਨ ਨੇ 2020 ਵਿਚ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ। ਸ਼ਾਲੀਮਾਰ ਬਾਗ ਭਾਜਪਾ ਨੇ 2017 ਵਿਚ ਜਿੱਤੀ, ਪਰ 'ਆਪ' ਦੀ ਸੁਨੀਤਾ ਮਿਸਰਾ ਨੇ ਭਾਜਪਾ ਦੀ ਸੁਰਭੀ ਜਾਜੂ ਨੂੰ 2705 ਵੋਟਾਂ ਨਾਲ ਹਰਾਇਆ।

# ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ 50,192 ਕਰੋੜ ਦਾ ਬਜਟ ਪੇਸ਼

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਵਿੱਤੀ ਵਰ੍ਹੇ 2021-22 ਦਾ ਬਜਟ ਪੇਸ਼ ਕਰਦਿਆਂ ਕਿਹਾ ਕਿ ਸੂਬੇ ਦੇ ਵਿਧਾਇਕਾਂ ਨੂੰ ਪਹਿਲੀ ਅਪਰੈਲ ਤੋਂ ਪੂਰੀ ਤਨਖਾਹ ਮਿਲੇਗੀ ਅਤੇ ਐਮ.ਐਲ.ਏ. ਲੈਡ ਫੰਡ ਬਹਾਲ ਕੀਤਾ ਜਾਵੇਗਾ।




ਮੁੱਖੀ ਮੰਤਰੀ ਠਾਕੁਰ ਨੇ ਵਿਧਾਨ ਸਭਾ 'ਚ ਆਪਣਾ ਚੌਥਾ ਬਜਟ ਪੇਸ਼ ਕਰਦਿਆਂ ਕਿਹਾ ਕਿ ਵਿੱਤੀ ਸਾਲ 2021-22 ਲਈ 50,192 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ, ਜੋ ਕਰੋਨਾ ਮਹਾਮਾਰੀ ਦੇ ਬਾਵਜੂਦ ਪਿਛਲੇ ਵਿੱਤੀ ਵਰ੍ਹੇ ਦੇ ਬਜਟ ਨਾਲੋਂ 1,061 ਕਰੋੜ ਰੁਪਏ ਵੱਧ ਹੈ। ਪਿਛਲੇ ਸਾਲ 49,131 ਕਰੋੜ ਦਾ ਬਜਟ ਰੱਖਿਆ ਗਿਆ ਸੀ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਬਜਟ 'ਚ ਸਿੱਖਿਆ ਲਈ 8,024 ਕਰੋੜ ਰੁਪਏ ਜਦਕਿ ਸਿਹਤ ਸੇਵਾਵਾਂ ਲਈ 3,016 ਕਰੋੜ ਰੁਪਏ ਰੱਖੇ ਗਏ ਹਨ। ਬਜਟ ਪੇਸ਼ ਕਰਨ ਮਗਰੋਂ ਉਨ੍ਹਾਂ ਕਿਹਾ ਕਿ ਸੂਬੇ 'ਤੇ 60,500 ਕਰੋੜ ਰੁਪਏ ਦਾ ਕਰਜ਼ ਹੈ। ਵਿੱਤੀ ਸਾਲ 2020-21 ਦੌਰਾਨ ਕਰਜ਼ 'ਚ 4,763 ਕਰੋੜ ਦਾ ਵਾਧਾ ਹੋਇਆ ਹੈ।

ਇਸ ਤੋਂ ਪਹਿਲਾਂ ਸ੍ਰੀ ਠਾਕੁਰ, ਜਿਨ੍ਹਾਂ ਕੋਲ ਵਿੱਤ ਮੰਤਰਾਲਾ ਵੀ ਹੈ, ਨੇ ਵਿਧਾਨ ਸਭਾ 'ਚ ਐਲਾਨ ਕੀਤਾ ਕਿ ਵਿਧਾਇਕਾਂ ਨੂੰ ਪਹਿਲੀ ਅਪਰੈਲ ਤੋਂ ਪੂਰੀ ਤਨਖਾਹ ਮਿਲੇਗੀ। ਇਸ ਤੋਂ ਇਲਾਵਾ ਐਮ.ਐਲ.ਏ. ਲੈਡ ਫੰਡ 'ਚ 5 ਲੱਖ ਰੁਪਏ ਦਾ ਵਾਧਾ ਵੀ ਹੋਵੇਗਾ। ਇਸ ਨਾਲ ਐਮ.ਐਲ.ਏ. ਲੈਡ ਫੰਡ 1.75 ਕਰੋੜ ਰੁਪਏ ਤੋਂ ਵਧ ਕੇ 1.80 ਕਰੋੜ ਰੁਪਏ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਸਰਕਾਰ ਨੇ ਪਿਛਲੇ ਵਰ੍ਹੇ ਕਰੋਨਾ ਮਹਾਮਾਰੀ ਕਾਰਨ ਵਿਧਾਇਕਾਂ ਦੀ ਤਨਖਾਹਾਂ 'ਚ 30 ਫੀਸਦੀ ਕੱਟ ਲਾਉਣ ਅਤੇ ਐਮ.ਐਲ.ਏ. ਲੈਡ ਫੰਡ ਮੁਅੱਤਲ ਕਰਨ ਦਾ ਫੈਸਲਾ ਕੀਤਾ ਸੀ।

# ਲੱਦਾਖ ਦੇ ਬਾਕੀ ਹਿੱਸਿਆਂ ਵਿਚੋਂ ਚੀਨ ਜਲਦੀ ਫੌਜਾਂ ਪਿੱਛੇ ਹਟਾਏਗਾ: ਭਾਰਤ



**ਨਵੀਂ ਦਿੱਲੀ:** ਭਾਰਤ ਨੇ ਪੂਰਬੀ ਲੱਦਾਖ ਵਿਵਾਦ ਦੇ ਮੁੱਦੇ 'ਤੇ ਉਮੀਦ ਜ਼ਾਹਿਰ ਕੀਤੀ ਹੈ ਕਿ ਚੀਨ ਕੂਟਨੀਤਕਾਂ ਤੇ ਫੌਜੀ ਕਮਾਂਡਰਾਂ ਵਿਚਾਲੇ ਮੌਜੂਦਾ ਵਾਰਤਾ ਰਾਹੀਂ ਫੌਜੀਆਂ ਦੀ ਵਾਪਸੀ ਯਕੀਨੀ ਬਣਾਉਣ ਵਾਸਤੇ ਪੂਰਬੀ ਲੱਦਾਖ ਦੇ ਬਾਕੀ ਇਲਾਕਿਆਂ 'ਚੋਂ ਫੌਜ ਪਿੱਛੇ ਹਟਾਉਣ ਦੀ ਪ੍ਰਕਿਰਿਆ ਜਲਦੀ ਪੂਰੀ ਕਰੇਗਾ ਤਾਂ ਜੋ ਦੋਵੇਂ ਧਿਰਾਂ ਆਪਣੀਆਂ ਫੌਜਾਂ ਪਿੱਛੇ ਹਟਾ ਸਕਣ।

ਭਾਰਤ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਪੈਂਗੌਂਗ ਝੀਲ ਦੇ ਉੱਤਰੀ ਤੇ ਦੱਖਣੀ ਕਿਨਾਰਿਆਂ ਤੋਂ ਫੌਜ ਹਟਾਉਣ ਦੀ ਪ੍ਰਕਿਰਿਆ ਹਾਲ ਹੀ 'ਚ ਪੂਰੀ ਕੀਤੀ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਪ੍ਰੈੱਸ ਵਾਰਤਾ ਦੌਰਾਨ ਕਿਹਾ ਕਿ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਪਿਛਲੇ ਹਫਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨਾਲ ਗੱਲਬਾਤ ਹੋਈ ਸੀ ਜਿਸ 'ਚ ਹੌਟਲਾਈਨ ਸਥਾਪਤ ਕਰਨ 'ਤੇ ਸਹਿਮਤੀ ਜ਼ਾਹਿਰ ਕੀਤੀ ਗਈ ਸੀ। ਉਨ੍ਹਾਂ ਕਿਹਾ, 'ਸਾਨੂੰ ਉਮੀਦ ਹੈ ਕਿ ਚੀਨੀ ਧਿਰ ਭਾਰਤ-ਚੀਨ ਸਰਹੱਦੀ ਮੁੱਦਿਆਂ 'ਤੇ ਵਿਚਾਰ ਚਰਚਾ ਤੇ ਸਹਿਯੋਗ ਤੰਤਰ (ਡਬਲਿਊ.ਐਮ.ਸੀ.ਸੀ.) ਅਤੇ ਸੀਨੀਅਰ ਕਮਾਂਡਰ ਪੱਧਰ 'ਤੇ ਮੀਟਿੰਗ 'ਚ ਸਾਡੇ ਨਾਲ ਕੰਮ ਕਰੇ ਤਾਂ ਜੋ ਬਾਕੀ ਖੇਤਰਾਂ 'ਚ ਫੌਜ ਨੂੰ ਪਿੱਛੇ ਹਟਾਉਣ ਦੀ ਪ੍ਰਕਿਰਿਆ ਜਲਦੀ ਪੂਰੀ ਕੀਤੀ ਜਾ ਸਕੇ।'

ਬੁਲਾਰੇ ਨੇ ਕਿਹਾ, 'ਇਸ ਨਾਲ ਦੋਵਾਂ ਧਿਰਾਂ ਲਈ ਪੂਰਬੀ ਲੱਦਾਖ 'ਚ ਆਪਣੇ ਦਸਤੇ ਪਿੱਛੇ ਹਟਾਉਣਾ ਸੌਖਾ ਹੋਵੇਗਾ ਕਿਉਂਕਿ ਇਸ ਨਾਲ ਹੀ ਸ਼ਾਂਤੀ ਬਹਾਲ ਹੋ ਸਕੇਗੀ ਅਤੇ ਸਾਡੇ ਦੁਵੱਲੇ ਸਬੰਧਾਂ ਲਈ ਸੁਖਾਵਾਂ ਮਾਹੌਲ ਬਣ ਸਕੇਗਾ।'

### ਭਾਰਤ ਜੰਮੂ ਕਸ਼ਮੀਰ ਦੇ ਮੁੱਦੇ 'ਤੇ ਗੱਲਬਾਤ ਤੋਂ ਨਾ ਭੱਜੇ: ਪਾਕਿ

**ਇਸਲਾਮਾਬਾਦ:** ਪਾਕਿਸਤਾਨ ਨੇ ਵਾਰਤਾ ਦੀ ਮੁੜ ਪੇਸ਼ਕਸ਼ ਕਰਦਿਆਂ ਭਾਰਤ ਨੂੰ ਕਿਹਾ ਹੈ ਕਿ ਉਹ ਜੰਮੂ ਕਸ਼ਮੀਰ ਦੇ ਮੁੱਦੇ 'ਤੇ ਗੱਲਬਾਤ ਤੋਂ ਨਾ ਭੱਜੇ। ਵਿਦੇਸ਼ ਦਫਤਰ ਦੇ ਤਰਜਮਾਨ ਨੇ ਕਿਹਾ, ''ਸਾਡਾ ਉਨ੍ਹਾਂ ਨਾਲ ਝਗੜਾ ਕਸ਼ਮੀਰ ਨੂੰ ਲੈ ਕੇ ਹੈ ਅਤੇ ਇਸ ਦਾ ਹੱਲ ਸਿਰਫ ਵਾਰਤਾ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਪਾਕਿਸਤਾਨ ਕਦੇ ਵੀ ਗੱਲਬਾਤ ਤੋਂ ਪਿੱਛੇ ਨਹੀਂ ਹਟਿਆ ਅਤੇ ਉਸ ਨੇ ਹਮੇਸ਼ਾ ਸਾਰੇ ਬਕਾਇਆ ਮਸਲਿਆਂ ਦੇ ਸ਼ਾਂਤਮਈ ਹੱਲ ਦਾ ਸੱਦਾ ਦਿੱਤਾ ਹੈ।'' ਉਨ੍ਹਾਂ ਕਿਹਾ ਕਿ ਕਮਜ਼ੋਰ ਸਥਿਤੀ ਵਾਲਾ ਹੀ ਗੱਲਬਾਤ ਤੋਂ ਭੱਜਦਾ ਹੈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਮਸਲੇ ਦਾ ਹੱਲ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਦੇ ਮਤਿਆਂ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ।

### ਭਾਰਤ-ਪਾਕਿ ਸਰਹੱਦੀ ਤਲਖੀ ਘਟਾਉਣ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਦਰਮਿਆਨ ਪੈਂਦੀ ਕੰਟਰੋਲ ਰੇਖਾ 'ਤੇ ਘੁਸਪੈਠ ਦੀ ਤਾਕ 'ਚ ਬੈਠੇ ਦਹਿਸ਼ਤਗਰਦਾਂ ਦੀ ਨਿਖੇਧੀ ਕੀਤੀ ਹੈ। ਅਮਰੀਕਾ ਨੇ ਦੋਵਾਂ ਮੁਲਕਾਂ ਨੂੰ ਸੱਦਾ ਦਿੱਤਾ ਕਿ ਉਹ ਸਰਹੱਦ 'ਤੇ ਤਲਖੀ ਘਟਾ ਕੇ 2003 ਦੇ ਗੋਲੀਬੰਦੀ ਕਰਾਰ ਦੀ ਪਾਲਣਾ ਯਕੀਨੀ ਬਣਾਉਣ। ਗ੍ਰਹਿ ਵਿਭਾਗ ਦੇ ਤਰਜਮਾਨ ਨੈਡ ਪ੍ਰਾਈਸ ਨੇ ਇਹ ਟਿੱਪਣੀਆਂ ਭਾਰਤ ਤੇ ਪਾਕਿਸਤਾਨ ਦੇ ਫੌਜੀ ਅਪਰੇਸ਼ਨਾਂ ਬਾਰੇ ਡਾਇਰੈਕਟਰ ਜਨਰਲਾਂ (ਡੀ.ਜੀ.ਐਮ.ਓਜ਼.) ਨਾਲ ਹੌਟਲਾਈਨ 'ਤੇ ਚਰਚਾ ਮਗਰੋਂ ਜਾਰੀ ਬਿਆਨ 'ਚ ਕੀਤੀਆਂ। 25 ਫਰਵਰੀ ਨੂੰ ਹੋਈ ਇਸ ਗੱਲਬਾਤ ਦੌਰਾਨ ਦੋਵਾਂ ਧਿਰਾਂ ਨੇ ਕੰਟਰੋਲ ਰੇਖਾ ਤੇ ਹੋਰਨਾਂ ਸਾਰੇ ਖੇਤਰਾਂ ਨਾਲ ਸਬੰਧਤ ਸਾਰੇ ਸਮਝੌਤਿਆਂ, ਸਮਝ ਤੇ ਗੋਲੀਬੰਦੀ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਸਹਿਮਤੀ ਦਿੱਤੀ ਸੀ।

# ਪੱਛਮੀ ਬੰਗਾਲ ਫਤਿਹ ਕਰਨ ਲਈ ਭਾਜਪਾ ਹਰ ਹਰਬਾ ਵਰਤਣ 'ਤੇ ਉਤਾਰੂ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਪੰਜ ਰਾਜਾਂ- ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ, ਅਸਾਮ ਅਤੇ ਪੁੱਡੂਚੇਰੀ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕੀਤਾ ਹੈ ਪਰ ਸਭ ਦੀਆਂ ਨਜ਼ਰਾਂ ਪੱਛਮੀ ਬੰਗਾਲ ਦੀਆਂ ਚੋਣਾਂ ਉਤੇ ਲੱਗੀਆਂ ਹੋਈਆਂ ਹਨ। 294 ਸੀਟਾਂ ਵਾਲੀ ਵਿਧਾਨ ਸਭਾ ਲਈ 27 ਮਾਰਚ ਤੋਂ 29 ਅਪਰੈਲ ਤੱਕ ਅੱਠ ਗੇੜਾਂ ਵਿਚ ਵੋਟਾਂ ਪੈਣਗੀਆਂ।



ਭਾਰਤੀ ਜਨਤਾ ਪਾਰਟੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਦਸ ਸਾਲ ਤੋਂ ਬਣੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਦਾ ਪਾਸਾ ਪਲਟਣ ਲਈ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਲਕਾਤਾ ਵਿਚ ਪਹਿਲੀ ਵੱਡੀ ਰੈਲੀ ਕਰਦਿਆਂ ਪੂਰਨ ਬਦਲਾਓ ਦਾ ਸੱਦਾ ਦਿੱਤਾ ਹੈ। ਫਿਲਮੀ ਕਲਾਕਾਰ ਮਿਥੁਨ ਚੱਕਰਵਰਤੀ ਨੂੰ ਭਾਜਪਾ ਵਿਚ ਸ਼ਾਮਲ ਕੀਤਾ ਹੈ। ਉਧਰ, ਮਮਤਾ ਬੈਨਰਜੀ ਨੇ ਸਿਲੀਗੁੜੀ ਵਿਚ ਪੈਦਲ ਮਾਰਚ ਦੀ ਅਗਵਾਈ ਕਰਦਿਆਂ ਮਹਿੰਗਾਈ ਦਾ ਮੁੱਦਾ ਉਠਾਇਆ ਅਤੇ ਕੇਂਦਰ ਸਰਕਾਰ ਵਿਚ ਤਬਦੀਲੀ ਦੀ ਗੱਲ ਕੀਤੀ। ਪਿਛਲੇ ਲੰਮੇ ਸਮੇਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਆਪੋ-ਆਪਣੇ ਅਧਿਕਾਰਾਂ ਨੂੰ ਲੈ ਕੇ ਟਕਰਾਅ ਦਾ ਮਾਹੌਲ ਬਣਿਆ ਹੋਇਆ ਹੈ।

ਭਾਜਪਾ ਉਤੇ ਇਹ ਦੋਸ਼ ਵੀ ਲੱਗਦਾ ਹੈ ਕਿ ਇਹ ਕੇਂਦਰੀ ਏਜੰਸੀਆਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ ਜਿਸ ਕਾਰਨ ਡਰ ਅਤੇ ਲਾਲਚ, ਦੋਵਾਂ ਪੱਖਾਂ ਤੋਂ ਤ੍ਰਿਣਮੂਲ ਦੇ ਆਗੂਆਂ ਤੋਂ ਦਲ-ਬਦਲੀ ਕਰਵਾਈ ਜਾ ਰਹੀ ਹੈ। ਇਸ ਦੌਰਾਨ ਦੇਸ਼ ਵਿਚ ਕਿਸਾਨ ਅੰਦੋਲਨ ਲਗਾਤਾਰ ਹੋਰਾਂ ਰਾਜਾਂ ਵਿਚ ਫੈਲ ਰਿਹਾ ਹੈ। ਭਾਜਪਾ ਸਰਕਾਰ ਤਿੰਨ ਖੇਤੀ ਕਾਨੂੰਨਾਂ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਵੱਡੇ ਅੰਦੋਲਨ ਦਾ ਸਾਹਮਣਾ ਕਰ ਰਹੀ ਹੈ। ਇਸੇ ਰਣਨੀਤੀ ਤਹਿਤ ਮਮਤਾ ਬੈਨਰਜੀ ਨੇ ਨੰਦੀਗ੍ਰਾਮ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਭਾਜਪਾ ਹਿੰਦੂ-ਮੁਸਲਿਮ ਪੱਤਾ ਉਭਾਰਨ ਦੀ ਕੋਸ਼ਿਸ਼ ਵਿਚ ਹੈ, ਉਥੇ ਮਮਤਾ ਬੈਨਰਜੀ ਨੇ ਆਪਣੇ ਪੁਰਾਣੇ ਨਾਅਰੇ 'ਮਾ, ਮਾਟੀ ਤੇ ਮਾਨੁਸ਼' (ਮਾਂ, ਮਾਂ ਭੂਮੀ ਅਤੇ ਲੋਕ) ਉੱਤੇ ਚੋਣ ਲੜਨ ਦੀ ਰਣਨੀਤੀ ਬਣਾਈ ਹੈ। ਸਿੰਗੂਰ ਅਤੇ ਨੰਦੀਗ੍ਰਾਮ ਦੇ ਇਲਾਕੇ 2007 ਵਿਚ ਦੁਨੀਆਂ ਭਰ ਵਿਚ ਚਰਚਿਤ ਹੋਏ ਸਨ ਜਦੋਂ ਤੱਤਕਾਲੀ ਸਰਕਾਰ ਨੇ ਵਿਸ਼ੇਸ਼ ਆਰਥਿਕ ਜੋਨ ਦੀ ਨੀਤੀ ਤਹਿਤ ਕੰਪਨੀ ਨੂੰ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕਰ ਕੇ ਦਿੱਤੀ ਸੀ। ਉਦੋਂ ਇਹ ਅਜਿਹਾ ਕਿਸਾਨ ਅੰਦੋਲਨ ਹੋ ਨਿੱਬੜਿਆ ਸੀ ਜਿਸ ਕਾਰਨ 34 ਸਾਲ ਪੁਰਾਣੀ ਖੱਬੇ-ਪੱਖੀ ਸਰਕਾਰ ਚਲੀ ਗਈ ਅਤੇ 2011 ਵਿਚ ਤ੍ਰਿਣਮੂਲ ਕਾਂਗਰਸ ਸੱਤਾ ਵਿਚ ਆਈ ਜੋ ਅਜੇ ਤੱਕ ਜਾਰੀ ਹੈ।

ਪੱਛਮੀ ਬੰਗਾਲ ਵਿਚ ਭਾਜਪਾ, ਤ੍ਰਿਣਮੂਲ ਤੋਂ ਇਲਾਵਾ ਖੱਬੇ-ਪੱਖੀ ਧਿਰਾਂ ਅਤੇ ਕਾਂਗਰਸ ਸਾਂਝੇ ਤੌਰ ਉਤੇ ਚੋਣ ਲੜ ਰਹੇ ਹਨ। ਭਾਜਪਾ ਤ੍ਰਿਣਮੂਲ ਆਗੂਆਂ ਦੀਆਂ ਦਲ-ਬਦਲੀਆਂ ਦੇ ਨਾਲ ਨਾਲ ਕਈ ਅਜਿਹੀਆਂ ਪਾਰਟੀਆਂ ਨੂੰ ਸ਼ਹਿ ਦੇਣ ਦੀ ਕੋਸ਼ਿਸ਼ ਵੀ ਕਰ ਰਹੀ ਹੈ ਜੋ ਮਮਤਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਾ ਸਕਣ। ਇਸੇ ਦੌਰਾਨ ਦੇਸ਼ ਵਿਚ ਚੱਲ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ 12 ਮਾਰਚ ਤੋਂ ਪੱਛਮੀ ਬੰਗਾਲ ਸਮੇਤ ਸਾਰੇ ਰਾਜਾਂ ਵਿਚ ਕਾਫਲੇ ਭੇਜ ਕੇ ਭਾਜਪਾ ਨੂੰ ਹਰਾਉਣ ਦਾ ਸੱਦਾ ਦੇਣ ਦਾ ਐਲਾਨ ਕੀਤਾ ਹੈ।

### ਮਮਤਾ ਨੇ ਬੰਗਾਲ ਦੇ ਲੋਕਾਂ ਨਾਲ ਦਗਾ ਕੀਤਾ: ਮੋਦੀ

**ਕੋਲਕਾਤਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਟੀ.ਐਮ.ਸੀ. ਸੁਪਰੀਮੋ 'ਤੇ ਸੂਬੇ ਦੇ ਲੋਕਾਂ ਨਾਲ 'ਦਗਾ ਕਮਾਉਣ' ਤੇ 'ਬੇਇੱਜ਼ਤ' ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਬੰਗਾਲ ਦੇ ਲੋਕਾਂ ਨੇ ਮਮਤਾ 'ਤੇ ਭਰੋਸਾ ਕੀਤਾ ਸੀ ਕਿ ਉਹ ਖੱਬੇ ਪੱਖੀਆਂ ਦੀ ਹਕੂਮਤ ਮਗਰੋਂ ਤਬਦੀਲੀ ਲਿਆਏਗੀ, ਪਰ 'ਦੀਦੀ' ਨੇ ਲੋਕਾਂ ਨਾਲ ਧੋਖਾ ਕੀਤਾ। ਉਨ੍ਹਾਂ ਮੁੱਖ ਮੰਤਰੀ 'ਤੇ ਕੁਨਬਾਪ੍ਰਸਤੀ ਦੇ ਦੋਸ਼ ਲਾਉਂਦਿਆਂ ਕਿਹਾ ਕਿ ਮਮਤਾ ਨੇ ਲੋਕਾਂ ਦੀ 'ਦੀਦੀ' (ਵੱਡੀ ਭੈਣ) ਬਣਨ ਦੀ ਥਾਂ ਆਪਣੇ 'ਭਤੀਜੇ' ਦੀ 'ਭੂਆ' ਬਣਨ ਦੇ ਸੀਮਤ ਕਿਰਦਾਰ ਨੂੰ ਚੁਣਿਆ। ਉਨ੍ਹਾਂ ਕਿਹਾ ਕਿ ਬੰਗਾਲ ਵਿਚ ਦੀਦੀ ਵੱਲੋਂ ਕੀਤੇ 'ਚਿੱਕੜ' 'ਚ ਭਾਜਪਾ ਦਾ 'ਕਮਲ' ਖਿੜੇਗਾ।

### ਖੋਖਲੇ ਵਾਅਦਿਆਂ ਨਾਲ ਗੁਮਰਾਹ ਕਰ ਰਹੇ ਨੇ ਮੋਦੀ: ਮਮਤਾ

**ਸਿਲੀਗੁੜੀ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸੱਜਰਾ ਵਾਰ ਕਰਦਿਆਂ ਕਿਹਾ ਕਿ ਉਹ ਸੂਬੇ ਦੇ ਵੋਟਰਾਂ ਨੂੰ ਗੁਮਰਾਹ ਕਰਨ ਲਈ ਝੂਠ ਦਾ ਸਹਾਰਾ ਲੈ ਰਹੇ ਹਨ। ਤ੍ਰਿਣਮੂਲ ਕਾਂਗਰਸ ਸੁਪਰੀਮੋ ਨੇ ਰਸੋਈ ਗੈਸ ਕੀਮਤਾਂ 'ਚ ਵਾਧੇ ਖਿਲਾਫ ਰੋਸ ਦਰਜ ਕਰਵਾਉਂਦਿਆਂ ਇਥੇ 'ਪਦਯਾਤਰਾ' ਵੀ ਕੀਤੀ। ਮਾਰਚ ਮਗਰੋਂ ਰੈਲੀ ਨੂੰ ਸੰਬੋਧਨ ਕਰਦਿਆਂ ਟੀ.ਐਮ.ਸੀ. ਸੁਪਰੀਮੋ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਬੀਤੇ ਸਾਲਾਂ ਵਿਚ ਕਈ 'ਖੋਖਲੇ' ਵਾਅਦੇ ਕੀਤੇ ਹਨ ਤੇ ਲੋਕ ਹੁਣ ਉਨ੍ਹਾਂ 'ਤੇ ਯਕੀਨ ਨਹੀਂ ਕਰਦੇ।

## ਜੰਮੂ 'ਚ ਗੈਰਕਾਨੂੰਨੀ ਤੌਰ 'ਤੇ ਰਹਿੰਦੇ 168 ਰੋਹਿੰਗੀਆ ਜੇਲ੍ਹ ਭੇਜੇ

**ਜੰਮੂ:** ਜੰਮੂ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ 168 ਰੋਹਿੰਗੀਆ ਮੁਸਲਮਾਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਜੰਮੂ ਵਿਚ ਰਹਿੰਦੇ ਰੋਹਿੰਗੀਆ ਮੁਸਲਮਾਨਾਂ ਦੀ ਬਾਇਓਮੀਟਰਿਕ ਤੇ ਹੋਰ ਤਫਸੀਲ ਇਕੱਤਰ ਕਰਨ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿੰਮ ਦਾ ਮੁੱਖ ਮੰਤਵ ਜੰਮੂ 'ਚ ਪ੍ਰਮਾਣਕ ਦਸਤਾਵੇਜ਼ ਤੋਂ ਬਿਨਾਂ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੀ ਪਛਾਣ ਕਰਨਾ ਸੀ।

ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ 'ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਘੱਟੋ-ਘੱਟ 168 ਰੋਹਿੰਗੀਆ ਮੁਸਲਮਾਨਾਂ ਨੂੰ ਹੀਰਾਨਗਰ ਜੇਲ੍ਹ ਭੇਜ ਦਿੱਤਾ ਗਿਆ ਹੈ।' ਅਧਿਕਾਰੀ ਨੇ ਕਿਹਾ ਕਿ ਮਿਆਂਮਾਰ ਤੋਂ ਆਏ ਰੋਹਿੰਗੀਆ ਮੁਸਲਮਾਨਾਂ ਦੀ ਪਛਾਣ ਲਈ ਐਮ.ਏ.ਐਮ. ਸਟੇਡੀਅਮ ਵਿਚ ਉਚ ਸੁਰੱਖਿਆ ਦਰਮਿਆਨ ਮੁਹਿੰਮ ਚਲਾਈ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਮੁਹਿੰਮ ਤਹਿਤ ਰੋਹਿੰਗੀਆ ਦੇ ਬਾਇਓਮੀਟਰਕ ਤੇ ਹੋਰ ਤਫਸੀਲ ਤੋਂ ਇਲਾਵਾ ਠਹਿਰ ਦੀ ਥਾਂ ਆਦਿ ਦਾ ਵੇਰਵਾ ਵੀ ਇਕੱਤਰ ਕੀਤਾ ਗਿਆ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਜੰਮੂ ਤੇ ਸਾਂਬਾ ਜਿਲ੍ਹਿਆਂ ਵਿਚ 13700 ਤੋਂ ਵੱਧ ਵਿਦੇਸ਼ੀ, ਜਿਨ੍ਹਾਂ ਵਿਚ ਰੋਹਿੰਗੀਆ ਮੁਸਲਮਾਨ ਤੇ ਬੰਗਲਾਦੇਸ਼ੀ ਨਾਗਰਿਕ ਵੀ ਸ਼ਾਮਲ ਹਨ, ਰਹਿੰਦੇ ਹਨ। ਸਾਲ 2008 ਤੋਂ 2016 ਦੇ ਅਰਸੇ ਦਰਮਿਆਨ ਇਨ੍ਹਾਂ ਦੀ ਆਬਾਦੀ 6000 ਦੇ ਕਰੀਬ ਵਧ ਗਈ ਹੈ। ਜੰਮੂ ਦੀਆਂ ਕਈ ਸਿਆਸੀ ਤੇ ਸਮਾਜਿਕ ਜਥੇਬੰਦੀਆਂ ਨੇ ਰੋਹਿੰਗੀਆ ਮੁਸਲਮਾਨਾਂ ਨੂੰ ਉਨ੍ਹਾਂ ਦੇ ਮੁਲਕ ਮਿਆਂਮਾਰ ਭੇਜਣ ਲਈ ਫੌਰੀ ਕਦਮ ਚੁੱਕਣ ਲਈ ਕਿਹਾ ਹੈ। ਉਨ੍ਹਾਂ ਦਾ ਤਰਕ ਹੈ ਕਿ ਇਨ੍ਹਾਂ ਦੀ ਮੌਜੂਦਗੀ ਖਿੱਤੇ ਦੇ 'ਭੂਗੋਲਿਕ ਕਿਰਦਾਰ ਨਾਲ ਛੇੜਛਾੜ ਦੀ ਸਾਜ਼ਿਸ਼' ਹੋਣ ਦੇ ਨਾਲ 'ਅਮਨ ਲਈ ਵੀ ਖਤਰਾ' ਹੈ।

## ਈ.ਪੀ.ਐਫ. 'ਤੇ ਰਹੇਗੀ 8.5 ਫੀਸਦੀ ਵਿਆਜ ਦਰ

**ਨਵੀਂ ਦਿੱਲੀ:** ਸੇਵਾਮੁਕਤੀ ਫੰਡ ਸੰਸਥਾ ਈ.ਪੀ.ਐਫ.ਓ. ਨੇ ਚਾਲੂ ਵਿੱਤੀ ਵਰ੍ਹੇ 2020-21 ਲਈ ਮੁਲਾਜ਼ਮਾਂ ਦੇ ਈ.ਪੀ.ਐਫ. 'ਤੇ 8.5 ਫੀਸਦ ਦੀ ਦਰ ਨਾਲ ਵਿਆਜ ਦੇਣ ਦਾ ਫੈਸਲਾ ਕੀਤਾ ਹੈ। ਈ.ਪੀ.ਐਫ.ਓ. ਨਾਲ ਪੰਜ ਕਰੋੜ ਤੋਂ ਵੱਧ ਸਰਗਰਮ ਖਾਤਾਧਾਰਕ ਜੁੜੇ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਐਂਪਲਾਈਜ ਪ੍ਰਾਵੀਡੈਂਟ ਫੰਡ ਆਰਗੇਨਾਈਜੇਸ਼ਨਜ (ਈ.ਪੀ.ਐਫ.ਓ.) ਦੀ ਸਭ ਤੋਂ ਵੱਡੇ ਫੈਸਲੇ ਲੈਣ ਵਾਲੀ ਸੰਸਥਾ ਟਰੱਸਟੀਆਂ ਦੇ ਕੇਂਦਰੀ ਬੋਰਡ (ਸੀ.ਬੀ.ਟੀ.) ਨੇ ਸ੍ਰੀਨਗਰ 'ਚ ਹੋਈ ਮੀਟਿੰਗ 'ਚ ਸਾਲ 2020-21 ਲਈ ਵਿਆਜ ਦਰ 8.5 ਫੀਸਦ ਰੱਖਣ ਦਾ ਫੈਸਲਾ ਕੀਤਾ ਹੈ। ਕੇਂਦਰੀ ਕਿਰਤ ਤੇ ਰੁਜ਼ਗਾਰ ਰਾਜ ਮੰਤਰੀ ਸੰਤੋਸ਼ ਕੁਮਾਰ ਗੰਗਵਾਰ ਦੀ ਪ੍ਰਧਾਨਗੀ ਹੇਠ ਸੀ.ਬੀ.ਟੀ. ਤੇ ਈ.ਪੀ.ਐਫ.ਓ. ਦੀ 228ਵੀਂ ਮੀਟਿੰਗ ਸ੍ਰੀਨਗਰ 'ਚ ਹੋਈ ਜਿਸ 'ਚ ਇਸ ਸਬੰਧੀ ਫੈਸਲਾ ਲਿਆ ਗਿਆ ਹੈ। ਸੀ.ਬੀ.ਟੀ. ਦਾ ਫੈਸਲਾ ਪ੍ਰਵਾਨਗੀ ਲਈ ਵਿੱਤ ਮੰਤਰਾਲੇ ਨੂੰ ਭੇਜਿਆ ਜਾਵੇ ਅਤੇ ਵਿੱਤ ਮੰਤਰਾਲੇ ਤੋਂ ਪ੍ਰਵਾਨਗੀ ਮਿਲਣ ਮਗਰੋਂ ਚਾਲੂ ਵਿੱਤੀ ਵਰ੍ਹੇ ਲਈ 8.5 ਫੀਸਦ ਦੀ ਦਰ ਨਾਲ ਵਿਆਜ ਈ.ਪੀ.ਐਫ.ਓ. ਦੇ ਮੈਂਬਰਾਂ ਦੇ ਖਾਤਿਆਂ 'ਚ ਪਾ ਦਿੱਤਾ ਜਾਵੇਗਾ। ਈ.ਪੀ.ਐਫ.ਓ. ਦੇ ਟਰੱਸਟੀ ਕੇਈ ਰਘੂਨਾਥਨ ਨੇ ਕਿਹਾ ਕਿ ਵਿੱਤੀ ਵਰ੍ਹੇ 2021 ਲਈ ਈ.ਪੀ.ਐਫ.ਓ. ਨੇ ਨਕਦੀ ਦਾ ਪ੍ਰਵਾਹ ਵਧਾਉਣ ਦਾ ਫੈਸਲਾ ਕੀਤਾ ਹੈ ਅਤੇ ਕਰਜ਼ਿਆਂ ਤੋਂ ਪ੍ਰਾਪਤ ਹੋਣ ਵਾਲੇ ਵਿਆਜ ਦੇ ਨਾਲ ਨਾਲ ਸ਼ੇਅਰ ਨਿਵੇਸ਼ ਤੋਂ ਪ੍ਰਾਪਤ ਆਮਦਨ ਕਾਰਨ ਈ.ਪੀ.ਐਫ. 'ਤੇ ਵਿਆਜ ਦਰ 8.5 ਫੀਸਦ ਰੱਖਣ ਦਾ ਫੈਸਲਾ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਜਿਹੇ ਕਿਆਸ ਸਨ ਕਿ ਈ.ਪੀ.ਐਫ.ਓ. ਇਸ ਵਿੱਤੀ ਵਰ੍ਹੇ ਲਈ ਈ.ਪੀ.ਐਫ. 'ਤੇ ਵਿਆਜ ਦਰ 8.5 ਫੀਸਦ ਤੋਂ ਘੱਟ ਕਰ ਸਕਦਾ ਹੈ। ਵਿਆਜ ਦਰ 'ਚ ਕਮੀ ਦਾ ਅਨੁਮਾਨ ਕਰੋਨਾ ਵਾਇਰਸ ਮਹਾਮਾਰੀ ਦੇ ਮੱਦੇਨਜਰ ਈ.ਪੀ.ਐਫ.ਓ. ਤੋਂ ਵੱਧ ਮਾਤਰਾ 'ਚ ਰਾਸ਼ੀ ਕੱਢੇ ਜਾਣ ਅਤੇ ਮੈਂਬਰਾਂ ਵੱਲੋਂ ਘੱਟ ਯੋਗਦਾਨ ਦਿੱਤੇ ਜਾਣ ਕਾਰਨ ਲਗਾਇਆ ਜਾ ਰਿਹਾ ਸੀ।

## ਕਰੋਨਾ ਨੇ ਔਰਤਾਂ ਦੀ ਆਮਦਨ, ਸੁਰੱਖਿਆ ਨੂੰ ਸੱਟ ਮਾਰੀ



**ਨਿਊ ਯਾਰਕ:** ਸੰਯੁਕਤ ਰਾਸ਼ਟਰ ਮਹਿਲਾ ਕਮਿਸ਼ਨ (ਯੂਐਨ ਵਿਮੈਨ) ਵਿਚ ਭਾਰਤੀ ਮੂਲ ਦੀ ਚੋਟੀ ਦੀ ਅਧਿਕਾਰੀ ਅਨੀਤਾ ਭਾਟੀਆ ਨੇ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਨੇ ਮਹਿਲਾਵਾਂ ਦੀ ਆਮਦਨ, ਸਿਹਤ ਅਤੇ ਸੁਰੱਖਿਆ ਨੂੰ ਨਕਾਰਾਤਮਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਕੌਮਾਂਤਰੀ ਮਹਿਲਾ ਦਿਵਸ ਤੋਂ ਪਹਿਲਾਂ ਭਾਟੀਆ ਨੇ ਕਿਹਾ ਕਿ ਹੁਣ ਔਰਤਾਂ ਦੇ ਸਾਹਮਣੇ ਇਕ ਸਮੱਸਿਆ ਇਹ ਹੈ ਕਿ ਸਾਂਭ-ਸੰਭਾਲ ਦੀ ਵਧੀ ਜ਼ਿੰਮੇਵਾਰੀ ਕਾਰਨ ਹੁਣ ਉਨ੍ਹਾਂ ਨੂੰ ਕੰਮ 'ਤੇ ਪਰਤਣਾ ਸੰਭਵ ਨਹੀਂ ਲੱਗ ਰਿਹਾ। ਆਲਮੀ ਸੰਗਠਨ ਦੀ ਮਹਿਲਾ ਸਸ਼ਕਤੀਕਰਨ ਤੇ ਲਿੰਗਿਕ ਸਮਾਨਤਾ 'ਤੇ ਕੇਂਦਰਤ ਏਜੰਸੀ 'ਯੂਐਨ ਵਿਮੈਨ' ਵਿਚ ਸਹਾਇਕ ਸਕੱਤਰ ਜਨਰਲ ਅਤੇ ਉਪ ਕਾਰਜਕਾਰੀ ਨਿਰਦੇਸ਼ਕ ਭਾਟੀਆ ਨੇ ਕਿਹਾ ਕਿ ਮਹਾਮਾਰੀ ਤੋਂ ਪਹਿਲਾਂ ਔਰਤਾਂ ਪੁਰਸ਼ਾਂ ਦੇ ਮੁਕਾਬਲੇ ਤਿੰਨ ਗੁਣਾ ਜ਼ਿਆਦਾ ਸਾਂਭ-ਸੰਭਾਲ ਦੇ ਕਾਰਜ, ਬਿਨਾਂ ਤਨਖਾਹ ਕਰ ਰਹੀਆਂ ਸਨ ਪਰ ਹੁਣ ਇਹ ਕੰਮ ਹੋਰ ਵਧ ਗਿਆ ਹੈ। ਮਹਿਲਾਵਾਂ ਨੂੰ ਆਪਣੇ ਘਰ ਦਾ ਕੰਮ ਕਰਨਾ ਪੈ ਰਿਹਾ ਹੈ, ਬੱਚਿਆਂ ਨੂੰ ਸਕੂਲ ਤੋਂ ਮਿਲਿਆ ਕੰਮ ਪਹਿਲਾਂ ਨਾਲੋਂ ਵੱਧ ਕਰਵਾਉਣਾ ਪੈ ਰਿਹਾ ਹੈ। ਇਹ ਯਕੀਨੀ ਬਣਾਉਣਾ ਪੈ ਰਿਹਾ ਹੈ ਕਿ ਭੋਜਨ ਉਨ੍ਹਾਂ ਦੇ ਮੇਜ਼ ਉਤੇ ਹੋਵੇ। ਉਨ੍ਹਾਂ ਕਿਹਾ ਕਿ ਮਹਾਮਾਰੀ ਦੇ ਇਕ ਸਾਲ ਵਿਚ ਨਾ ਕੇਵਲ ਔਰਤਾਂ ਨੇ ਨੌਕਰੀਆਂ ਗੁਆਈਆਂ ਹਨ ਬਲਕਿ ਹੁਣ ਅਰਥਵਿਵਸਥਾ ਦੇ ਖੁੱਲ੍ਹਣ ਮਗਰੋਂ ਵੀ ਅਸੀਂ ਔਰਤਾਂ ਨੂੰ ਉਸੇ ਗਿਣਤੀ ਵਿਚ ਫਿਰ ਤੋਂ ਨੌਕਰੀ ਕਰਦਿਆਂ ਨਹੀਂ ਦੇਖ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇ ਇਹੀ ਸਿਲਸਿਲਾ ਜਾਰੀ ਰਿਹਾ ਤਾਂ ਦੇਸ਼ਾਂ ਦੀ ਉਤਪਾਦਨ ਸਮਰੱਥਾ ਵਿਚ ਗਿਰਾਵਟ ਆਵੇਗੀ ਕਿਉਂਕਿ ਅੱਧੀ ਆਬਾਦੀ ਕੰਮ ਨਹੀਂ ਕਰ ਰਹੀ ਹੈ। ਇਸ ਲਈ ਸਰਕਾਰਾਂ ਨੂੰ ਸਮਾਜਿਕ ਸੁਰੱਖਿਆ ਯੋਜਨਾਵਾਂ ਦਾ ਵਿਸਤਾਰ ਤੇ ਕੌਸ਼ਲ ਵਿਕਾਸ ਵਿਚ ਨਿਵੇਸ਼ ਕਰਨਾ ਪਵੇਗਾ।

### ਅਮਰੀਕੀ ਸੈਨੇਟ ਵਿਚ ਕੋਵਿਡ ਰਾਹਤ ਪੈਕੇਜ ਪਾਸ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ ਉਪਰਲੇ ਸਦਨ (ਸੈਨੇਟ) ਨੇ 1.9 ਖਰਬ ਡਾਲਰ ਦਾ ਕੋਵਿਡ-19 ਰਾਹਤ ਪੈਕੇਜ ਪਾਸ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸੰਸਦ ਮੈਂਬਰਾਂ ਨੇ ਵੋਟਾਂ ਦੇ ਹਲਕੇ ਫਰਕ ਨਾਲ ਰਾਹਤ ਪੈਕੇਜ ਪਾਸ ਕੀਤਾ ਹੈ। ਪੈਕੇਜ ਦੇ ਹੱਕ ਵਿਚ 50 ਤੇ ਵਿਰੋਧ ਵਿਚ 49 ਵੋਟਾਂ ਪਈਆਂ। ਇਸ ਤੋਂ ਪਹਿਲਾਂ ਸੈਨੇਟ ਵਿਚ ਘੱਟ ਗਿਣਤੀ ਆਗੂ ਮਿਚ ਮੈਕਕੌਨੈਲ ਨੇ ਸਦਨ ਨੂੰ ਮੁਲਤਵੀ ਕਰਨ ਦਾ ਮਤਾ ਰੱਖਿਆ ਜਿਸ ਨੂੰ ਮਨਜ਼ੂਰ ਨਹੀਂ ਕੀਤਾ ਗਿਆ। ਇਸ ਸੋਧੇ ਗਏ ਪੈਕੇਜ ਤਹਿਤ ਸਤੰਬਰ ਮਹੀਨੇ ਤੋਂ ਲੋਕਾਂ ਨੂੰ ਪ੍ਰਤੀ ਹਫਤਾ 300 ਡਾਲਰਾਂ ਦਾ ਬੇਰੁਜ਼ਗਾਰੀ ਭੱਤਾ ਲਾਭ ਦਿੱਤਾ ਜਾਵੇਗਾ। ਕੁਝ ਵਰਗਾਂ ਨੂੰ ਟੈਕਸ ਵਿਚ ਵੀ ਰਾਹਤ ਦਿੱਤੀ ਗਈ ਹੈ। ਇਹ ਰਾਹਤ ਪੈਕੇਜ ਨਵੀਂ ਸਰਕਾਰ ਲਈ ਵੱਡੀ ਚੁਣੌਤੀ ਸੀ। ਇਸ ਤਹਿਤ ਕਰੋਨਾ ਕਾਰਨ ਪ੍ਰਭਾਵਿਤ ਛੋਟੇ ਕਾਰੋਬਾਰਾਂ ਨੂੰ ਵੀ ਮਦਦ ਦਿੱਤੀ ਜਾਵੇਗੀ।

## 2019 'ਚ ਦੁਨੀਆ ਭਰ 'ਚ 93.1 ਕਰੋੜ ਟਨ ਖਾਣਾ ਹੋਇਆ ਬਰਬਾਦ: ਰਿਪੋਰਟ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਸਾਲ 2019 'ਚ ਦੁਨੀਆਂ ਭਰ 'ਚ 93.1 ਕਰੋੜ ਟਨ ਖਾਣਾ ਬਰਬਾਦ ਹੋਇਆ। ਇਸ 'ਚ ਭਾਰਤ ਦੇ ਘਰਾਂ 'ਚ ਬਰਬਾਦ ਹੋਏ ਭੋਜਨ ਦੀ ਮਾਤਰਾ 6 ਕਰੋੜ 87 ਲੱਖ ਟਨ ਹੈ। ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ (ਯੂ.ਐਨ.ਈ.ਪੀ.) ਤੇ ਉਸ ਦੇ ਭਾਈਵਾਲ ਸੰਗਠਨ ਡਬਲਿਊ.ਆਰ.ਏ.ਪੀ. ਵਲੋਂ ਜਾਰੀ 'ਫੂਡ ਵੇਸਟ ਇੰਡੈਕਸ ਰਿਪੋਰਟ 2021' ਵਿਚ ਕਿਹਾ ਗਿਆ ਹੈ ਕਿ 2019 'ਚ 93 ਕਰੋੜ 10 ਲੱਖ ਟਨ ਖਾਣਾ ਬਰਬਾਦ ਹੋਇਆ, ਜਿਸ 'ਚ 61 ਫੀਸਦੀ ਖਾਣਾ ਘਰਾਂ ਤੋਂ, 26 ਫੀਸਦੀ ਫੂਡ ਸੇਵਾਵਾਂ ਤੇ 13 ਫੀਸਦੀ ਖੁਦਰਾ ਖੇਤਰ 'ਚ ਬਰਬਾਦ ਹੋਇਆ।

ਰਿਪੋਰਟ ਮੁਤਾਬਕ ਇਹ ਇਸ਼ਾਰਾ ਕਰਦਾ ਹੈ ਕਿ ਦੁਨੀਆਂ ਭਰ ਦੇ ਕੁੱਲ ਭੋਜਨ ਉਤਪਾਦਨ ਦਾ 17 ਫੀਸਦੀ ਹਿੱਸਾ ਬਰਬਾਦ ਹੋਇਆ। ਏਜੰਸੀ ਨੇ ਕਿਹਾ ਕਿ ਇਸ ਦੀ ਮਾਤਰਾ 40 ਟਨ ਸਮਰੱਥਾ ਵਾਲੇ 2 ਕਰੋੜ 30 ਲੱਖ ਪੂਰੀ ਤਰ੍ਹਾਂ ਨਾਲ ਭਰੇ ਟਰੱਕਾਂ ਦੇ ਬਰਾਬਰ ਹੋਣ ਦਾ ਅਨੁਮਾਨ ਹੈ। ਜ਼ਿਕਰਯੋਗ ਹੈ ਕਿ ਹਰ ਸਾਲ 90 ਲੱਖ ਲੋਕਾਂ ਦੀ ਭੁੱਖਮਰੀ ਨਾਲ ਮੌਤ ਹੋ ਜਾਂਦੀ ਹੈ।

## ਜੰਮੂ ਕਸ਼ਮੀਰ ਵਿਚ ਹੱਦਬੰਦੀ ਕਮਿਸ਼ਨ ਦੀ ਮਿਆਦ ਇਕ ਸਾਲ ਲਈ ਵਧਾਈ

**ਨਵੀਂ ਦਿੱਲੀ:** ਜੰਮੂ ਕਸ਼ਮੀਰ 'ਚ ਸੰਸਦੀ ਅਤੇ ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਨਵੇਂ ਸਿਰੇ ਤੋਂ ਤੈਅ ਕਰਨ ਲਈ ਬਣਾਏ ਹੱਦਬੰਦੀ ਕਮਿਸ਼ਨ ਦੀ ਮਿਆਦ ਸਾਲ ਲਈ ਵਧਾ ਦਿੱਤੀ ਗਈ ਹੈ। ਸਰਕਾਰ ਦੇ ਇਸ ਕਦਮ ਨਾਲ ਸੰਕੇਤ ਮਿਲ ਰਿਹਾ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਛੇਤੀ ਵਿਧਾਨ ਸਭਾ ਚੋਣਾਂ ਹੋਣੀਆਂ ਮੁਸ਼ਕਲ ਹਨ। ਸਰਕਾਰ ਦੇ ਗਜ਼ਟ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਰੰਜਨਾ ਪ੍ਰਕਾਸ਼ ਦੇਸਾਈ ਦੀ ਅਗਵਾਈ ਹੇਠਲੇ ਕਮਿਸ਼ਨ ਨੂੰ ਆਪਣਾ ਕੰਮ ਮੁਕੰਮਲ ਕਰਨ ਲਈ ਇਕ ਹੋਰ ਸਾਲ ਦਾ ਸਮਾਂ ਦਿੱਤਾ ਜਾਂਦਾ ਹੈ। ਕਮਿਸ਼ਨ ਅਕਤੂਬਰ 2019 'ਚ ਹੋਂਦ 'ਚ ਆਇਆ ਸੀ ਜਦੋਂ ਕੇਂਦਰ ਨੇ ਉਸੇ ਸਾਲ ਅਗਸਤ 'ਚ ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਨੂੰ ਖਤਮ ਕਰਕੇ ਇਸ ਦੇ ਪੁਨਰਗਠਨ ਦਾ ਐਲਾਨ ਕੀਤਾ ਸੀ। ਹੱਦਬੰਦੀ ਕਮਿਸ਼ਨ ਪਿਛਲੇ ਸਾਲ ਜੰਮੂ-ਕਸ਼ਮੀਰ ਅਤੇ ਚਾਰ ਉੱਤਰ-ਪੂਰਬੀ ਸੂਬਿਆਂ ਅਸਾਮ, ਮਨੀਪੁਰ, ਅਰੁਣਾਚਲ ਪ੍ਰਦੇਸ਼ ਅਤੇ ਨਾਗਾਲੈਂਡ ਦੇ ਹਲਕਿਆਂ ਨੂੰ ਮੁੜ ਤੋਂ ਤੈਅ ਕਰਨ ਲਈ ਬਣਾਇਆ ਗਿਆ ਸੀ ਪਰ ਇਕ ਸਾਲ ਦੀ ਮਿਆਦ ਸਿਰਫ ਜੰਮੂ-ਕਸ਼ਮੀਰ ਲਈ ਵਧਾਈ ਗਈ ਹੈ।

# ਭਾਰਤ ਦੇ ਕਿਸਾਨ ਅੰਦੋਲਨ ਦੇ ਹੱਕ ਵਿਚ ਫਰਿਜ਼ਨੋ 'ਚ ਵੱਡਾ ਇਕੱਠ ਹੋਇਆ

**ਫਰਿਜ਼ਨੋ (ਬਿਊਰੋ):** ਭਾਰਤ ਵਿਚ ਚਲ ਰਹੇ ਕਿਸਾਨੀ ਅੰਦੋਲਨ ਨਾਲ ਇਕ ਮੁਠਤਾ ਪ੍ਰਗਟ ਕਰਨ ਲਈ ਫਰਿਜ਼ਨੋ ਇਲਾਕੇ ਦੀਆਂ ਕੁਝ ਜਥੇਬੰਦੀਆਂ ਵਲੋਂ ਸਾਝੇ ਤੌਰ 'ਤੇ ਇਕ ਪ੍ਰੋਗਰਾਮ




ਕੀਤਾ ਗਿਆ। ਸਿੱਖ ਇੰਸਟੀਚਿਊਟ ਆਫ ਫਰਿਜ਼ਨੋ (ਸਿੰਘ ਸਭਾ ਗੁਰੂਘਰ) ਦੇ ਖੁੱਲ੍ਹੇ ਮੈਦਾਨ ਵਿਚ ਹੋਏ ਇਸ ਪ੍ਰੋਗਰਾਮ ਵਿਚ ਫਰਿਜ਼ਨੋ ਅਤੇ ਆਸ-ਪਾਸ ਦੇ ਇਲਾਕੇ ਵਿਚੋਂ ਸੈਂਕੜੇ ਲੋਕ ਸ਼ਾਮਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿਚ ਇਸ ਅੰਦੋਲਨ ਦੌਰਾਨ ਸ਼ਹੀਦ ਹੋਏ ਲੋਕਾਂ ਅਤੇ ਸੌ ਸਾਲ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਾਕਾ ਨਨਕਾਣਾ 'ਚ ਸ਼ਹੀਦ ਹੋਏ ਲੋਕਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਯਾਦ ਕੀਤਾ ਗਿਆ।

ਪ੍ਰੋਗਰਾਮ ਵਿਚ ਵੱਖ ਵੱਖ ਵਰਗਾਂ 'ਚੋਂ ਸ਼ਾਮਲ ਹੋਏ ਕੋਈ 2 ਦਰਜਨ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦਾ ਮੁਖ ਮਕਸਦ ਭਾਰਤ ਸਰਕਾਰ ਵਲੋਂ ਖੇਤੀਬਾੜੀ ਸਬੰਧੀ ਬਣਾਏ ਤਿੰਨ ਨਵੇਂ ਕਾਨੂੰਨ ਰੱਦ ਕਰਵਾਉਣ ਲਈ ਅਤੇ ਹੋਰ ਮੰਗਾਂ ਨੂੰ ਲੈ ਕੇ ਚੱਲ ਰਹੇ ਕਿਸਾਨ ਅੰਦੋਲਨ ਲਈ ਹਮਾਇਤ ਜਤਾਉਣਾ ਸੀ। ਇਹ ਅੰਦੋਲਨ ਜਿਹੜਾ ਪਿਛਲੇ ਅੱਠ ਮਹੀਨਿਆਂ ਤੋਂ ਲਗਾਤਾਰ ਚਲ ਰਿਹਾ ਹੈ ਅਤੇ ਪੰਜਾਬ ਤੋਂ ਸ਼ੁਰੂ ਹੋ ਕੇ ਹਰਿਆਣਾ, ਯੂ. ਪੀ., ਉਤਰਾਖੰਡ, ਰਾਜਸਥਾਨ ਤੋਂ ਹੁੰਦਾ ਹੋਇਆ ਹੁਣ ਪੂਰੇ ਭਾਰਤ ਵਿਚ ਫੈਲ ਚੁਕਾ ਹੈ। ਇਨ੍ਹਾਂ ਮੰਗਾਂ ਲਈ ਅੱਜ ਸਿਰਫ ਭਾਰਤ ਹੀ ਨਹੀਂ, ਸਗੋਂ ਪੂਰੀ ਦੁਨੀਆਂ ਵਿਚੋਂ ਬੇਮਿਸਾਲ ਮਦਦ ਮਿਲ ਰਹੀ ਹੈ। ਦੁਨੀਆਂ ਭਰ ਦੇ ਮੁਲਕਾਂ ਵਿਚ ਰੈਲੀਆਂ ਮੁਜਾਹਰੇ ਤੇ ਵਿਰੋਧ ਹੋ ਰਹੇ ਹਨ ਅਤੇ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਵਿਚ ਵੀ ਇਸ ਮਸਲੇ ਪ੍ਰਤੀ ਜਾਗ੍ਰਿਤੀ ਵਧ ਰਹੀ ਹੈ। ਕਈ ਜਥੇਬੰਦੀਆ ਇਸ ਹੱਕੀ ਮਸਲੇ ਨੂੰ ਯੂ. ਐਨ. ਓ. ਦੇ ਧਿਆਨ ਵਿਚ ਲਿਆਉਣ ਲਈ ਵੀ ਯਤਨਸ਼ੀਲ ਹਨ। ਇਨ੍ਹਾਂ ਧਰਨਿਆਂ 'ਤੇ ਬੈਠੈ ਸੈਕੜੇ ਅੰਦੋਲਨਕਾਰੀ ਕਿਸਾਨ ਬੇਹੱਦ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਦਿਆਂ ਜਾਨਾਂ ਕੁਰਬਾਨ ਕਰ ਚੁਕੇ ਹਨ, ਪਰ ਭਾਰਤ ਦੀ ਸਰਕਾਰ ਇਨ੍ਹਾਂ ਮੰਗਾਂ ਅਤੇ ਇਸ ਅੰਦੋਲਨ ਦੀ ਸੱਚਾਈ ਤੇ ਗਹਿਰਾਈ ਨੂੰ ਅੱਖੋਂ ਪਰੋਖੇ ਕਰ ਰਹੀ ਹੈ।

ਪ੍ਰੋਗਰਾਮ ਵਿਚ ਸ਼ਾਮਲ ਕਈ ਬੁਲਾਰਿਆਂ ਨੇ ਸਰਕਾਰ ਦੇ ਅੜੀਅਲ ਵਤੀਰੇ ਦੇ ਕਾਰਨਾਂ ਦਾ ਗਹਿਰਾਈ ਵਿਚ ਜਾ ਕੇ ਮੁਲੰਕਣ ਕੀਤਾ। ਭਾਰਤ ਅਤੇ ਦੁਨੀਆਂ ਦੇ ਇਜਾਰੇਦਾਰਾਂ ਦੇ ਇਸ਼ਾਰਿਆਂ 'ਤੇ ਚਲ ਰਹੀ ਭਾਜਪਾ ਦੀ ਮੋਦੀ ਸਰਕਾਰ ਗੈਰ-ਲੋਕਤੰਤਰੀ ਤਰੀਕੇ ਨਾਲ ਕਰੋਨਾ ਦੀ ਆੜ ਵਿਚ ਪਾਸ ਕੀਤੇ ਨਵੇਂ ਕਾਨੂੰਨਾਂ ਨੂੰ ਰੱਦ ਕਰਨ ਦੀ ਥਾਂ ਇਜਾਰੇਦਾਰਾਂ ਦੇ ਸੋਹਲੇ ਗਾ ਰਹੀ ਹੈ। ਸਾਰੇ ਬੁਲਾਰਿਆਂ ਨੇ ਇਸ ਗੱਲ 'ਤੇ ਤਸੱਲੀ ਪਰਗਟ ਕੀਤੀ ਕਿ ਹੁਣ ਲੋਕ ਸਰਕਾਰੀ ਤੰਤਰ ਦੀਆਂ ਚਾਲਾਂ ਤੋਂ ਵਾਕਫ ਹੋ ਚੁਕੇ ਹਨ। ਕਿਸਾਨਾਂ ਦੇ ਨਾਲ ਨਾਲ ਦੂਸਰੇ ਲੋਕ ਵੀ ਇਸ ਚਾਲ ਨੂੰ ਸਮਝ ਚੁਕੇ ਹਨ ਕਿ ਖੇਤੀ ਕਿਤੇ ਵਿਚ ਇਜਾਰੇਦਾਰੀ ਦਾ ਦਖਲ ਨਾ ਸਿਰਫ ਛੋਟੀ ਕਿਰਸਾਨੀ ਨੂੰ ਬਰਬਾਦ ਕਰੇਗਾ, ਸਗੋਂ ਖੇਤੀ ਪੈਦਾਵਾਰ ਤੋਂ ਤਿਆਰ ਵਸਤਾਂ ਨੂੰ ਵੱਧ ਕੀਮਤਾਂ 'ਤੇ ਵੇਚ ਕੇ ਖਪਤਕਾਰਾਂ ਦੀ ਲੁੱਟ ਵੀ ਕਰੇਗਾ।

ਕਈ ਬੁਲਾਰਿਆਂ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਭਾਵੇਂ ਅੰਦੋਲਨ ਦੇ ਅਸਲੀ ਮੁਦਿਆਂ ਲਈ ਲੜਾਈ ਅਜੇ ਜਾਰੀ ਹੈ, ਪਰ ਇਹ ਅੰਦੋਲਨ ਕਈ ਤਰ੍ਹਾਂ ਦੀਆਂ ਪ੍ਰਾਪਤੀਆ ਪਹਿਲਾਂ ਹੀ ਕਰ ਚੁਕਾ ਹੈ। ਭਾਈਚਾਰਕ ਏਕਤਾ, ਆਰਥਕ ਮੁਦਿਆਂ 'ਤੇ ਲੋਕਾਂ ਦੀ ਵਧੀ ਹੋਈ ਸਮਝ ਅਤੇ ਬੋਲੀਆਂ ਤੇ ਇਲਾਕਿਆਂ ਦੇ ਨਾਂ 'ਤੇ ਪਾਈਆਂ ਹੋਰ ਕਿੰਨੀਆਂ ਹੀ ਦੀਵਾਰਾਂ ਨੂੰ ਢਾਹੁਣਾ ਇਸ ਅੰਦੋਲਨ ਦੀਆਂ ਹਾਂ-ਪੱਖੀ ਪ੍ਰਾਪਤੀਆਂ ਹਨ।

ਸਟੇਜ ਦੀ ਕਾਰਵਾਈ ਚਲਾਉਂਦਿਆਂ ਸੁਰਿੰਦਰ ਸਿੰਘ ਮੰਢਾਲੀ ਨੇ ਕਿਸਾਨਾਂ ਦੀ ਇਸ ਲੰਮੇਰੀ ਲੜਾਈ ਵਿਚ ਲੋਕਾਂ ਨੂੰ 'ਕੱਠੇ ਹੋ ਕੇ ਉਨ੍ਹਾਂ ਦਾ ਸਾਥ ਦਿੰਦੇ ਰਹਿਣ ਦਾ ਸੱਦਾ ਦਿਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਾਰਤ ਸਰਕਾਰ ਦੀਆਂ ਏਜੰਸੀਆਂ ਅਤੇ ਮੀਡੀਆ ਵਲੋਂ ਲੋਕਾਂ ਦੇ ਇਤਿਹਾਸਕ ਏਕੇ ਨੂੰ ਤੋੜਨ ਲਈ ਫਿਲਾਏ ਜਾ ਰਹੇ ਭਰਮ ਜਾਲ ਤੋਂ ਪੂਰੇ ਸੁਚੇਤ ਰਹਿਣ ਦੀ ਲੋੜ ਹੈ।

ਹੋਰ ਬੁਲਾਰਿਆਂ ਵਿਚ ਰਾਜ ਬਰਾੜ, ਗੁਰਪ੍ਰੀਤ ਸਿੰਘ ਮਾਨ, ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਗੁਰਦੀਪ ਸਿੰਘ ਅਣਖੀ, ਗੁਰਰੀਤ ਬਰਾੜ, ਬੇਅੰਤ ਸਿੰਘ ਧਾਲੀਵਾਲ, ਰਾਜ ਸੋਢੀ, ਸ਼ਰਨਜੀਤ ਧਾਲੀਵਾਲ, ਪਿਸ਼ੌਰਾ ਸਿੰਘ ਢਿੱਲੋਂ, ਪਰਗਟ ਸਿੰਘ ਧਾਲੀਵਾਲ, ਹਰਭਜਨ ਸਿੰਘ ਢਿੱਲੋਂ, ਪ੍ਰੋ. ਪਰਮਪਾਲ ਸਿੰਘ, ਦਰਸ਼ਨ ਸਿੰਘ ਸੰਧੂ, ਜਗਰੂਪ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ੍ਹ ਅਤੇ ਦਲਜੀਤ ਸਿੰਘ ਸਰਾਏ ਸ਼ਾਮਲ ਸਨ।

ਇਸ ਪ੍ਰੋਗਰਾਮ ਵਿਚ ਸਾਧੂ ਸਿੰਘ ਸੰਘਾ ਵਲੋਂ ਪੇਸ਼ ਕੀਤਾ ਗਿਆ ਮਤਾ ਸਾਰੇ ਹਾਜ਼ਰ ਲੋਕਾਂ ਵਲੋਂ ਪਾਸ ਕੀਤਾ ਗਿਆ, ਜਿਸ ਵਿਚ ਭਾਰਤ ਸਰਕਾਰ ਤੋਂ ਹੇਠ ਲਿਖੀਆ ਮੰਗਾਂ ਕੀਤੀਆਂ ਗਈਆਂ:



1. ਖੇਤੀਬਾੜੀ ਸਬੰਧੀ ਬਣਾਏ ਤਿੰਨ ਨਵੇਂ ਕਾਨੂੰਨ ਵਾਪਸ ਲਏ ਜਾਣ।
2. ਖੇਤੀ ਪੈਦਾਵਾਰ ਦੀਆਂ ਕੀਮਤਾਂ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਨਿਯਤ ਕੀਤੀਆਂ ਜਾਣ, ਜੋ ਕਿ ਸਰਕਾਰ 2019 ਦੀਆਂ ਚੋਣਾਂ ਵੇਲੇ ਲਾਗੂ ਕਰਨ ਦਾ ਵਾਅਦਾ ਕਰ ਚੁਕੀ ਹੈ। ਇਸ ਨੂੰ ਦੇਸ਼ ਭਰ ਵਿਚ ਯਕੀਨੀ ਬਣਾਉਣ ਲਈ ਬਾਕਾਇਦਾ ਕਾਨੂੰਨ ਬਣਾਇਆ ਜਾਵੇ।
3. ਦੇਸ਼ ਭਰ ਵਿਚ A. P. M. C. ਮੰਡੀ ਸਿਸਟਮ ਲਾਗੂ ਕੀਤਾ ਜਵੇ।
4. ਕਿਸਾਨ ਅੰਦੋਲਨਕਾਰੀਆਂ ਅਤੇ ਹਮਾਇਤੀਆਂ ਉਤੇ ਹੋ ਰਹੇ ਪੁਲਿਸ ਅੱਤਿਆਚਾਰ ਬੰਦ ਕੀਤੇ ਜਾਣ ਅਤੇ ਗ੍ਰਿਫਤਾਰ ਕੀਤੇ ਲੋਕਾਂ ਨੂੰ ਬਾਇੱਜਤ ਬਰੀ ਕੀਤਾ ਜਾਵੇ।
5. 26 ਜਨਵਰੀ 2021 ਨੂੰ ਟਰੈਕਟਰ ਮਾਰਚ ਦੌਰਾਨ ਸ਼ਹੀਦ ਹੋਏ ਅੰਦੋਲਨਕਾਰੀ ਨਵਰੀਤ ਸਿੰਘ ਦੀ ਮੌਤ ਦੀ ਬਾਕਾਇਦਾ ਨਿਰਪੱਖ ਜਾਂਚ ਰਿਟਾਇਰਡ ਜੱਜ ਤੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸ਼ਖਤ ਸਜ਼ਾਵਾਂ ਦਿੱਤੀਆਂ ਜਾਣ।
6. ਅੰਦੋਲਨ ਦੌਰਾਨ ਸ਼ਹੀਦ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਆਰਥਿਕ ਮੁਆਵਜ਼ਾ ਦਿੱਤਾ ਜਾਵੇ।
7. ਇਸਤਰੀਆਂ ਅਤੇ ਬੱਚਿਆਂ ਵਿਰੁਧ ਨਿਰੰਤਰ ਵਧ ਰਹੇ ਜੁਰਮਾਂ ਨੂੰ ਨੱਥ ਪਾਈ ਜਾਵੇ ਅਤੇ ਇਹੋ ਜਿਹੇ ਘੋਰ ਅਪਰਾਧੀਆਂ ਦੇ ਖਿਲਾਫ ਕੋਈ ਰਿਆਇਤ ਨਾ ਵਰਤੀ ਜਾਵੇ। ਇਸ ਵਾਸਤੇ ਬਦਲੇ ਗਏ ਕਾਨੂੰਨ ਸਖਤੀ ਨਾਲ ਅਤੇ ਬਿਨਾ ਖੋਟ ਦੇ ਲਾਗੂ ਕੀਤੇ ਜਾਣ।
8. ਦੇਸ਼ ਦੀਆਂ ਧਾਰਮਿਕ, ਜਮਾਤੀ ਘਟ-ਗਿਣਤੀਆਂ ਅਤੇ ਦਲਿਤਾਂ 'ਤੇ ਦਿਨੋ ਦਿਨ ਵਧ ਰਹੇ ਅਤਿਆਚਾਰ ਰੋਕੇ ਜਾਣ, ਉਨ੍ਹਾਂ ਦੇ ਮੁਢਲੇ ਸੰਵਿਧਾਨਕ ਹੱਕ ਸੁਰੱਖਿਅਤ ਅਤੇ ਯਕੀਨੀ ਬਣਾਏ ਜਾਣ।



## ਪ੍ਰੋ. ਨਿਰੰਜਨ ਸਿੰਘ ਢੇਸੀ ਦੇ ਦੇਹਾਂਤ 'ਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ੋਕ ਮਤਾ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਨੇ ਇਸ ਸ਼ੋਕ ਮਤੇ ਰਾਹੀਂ ਪ੍ਰੋਫੈਸਰ ਨਿਰੰਜਨ ਸਿੰਘ ਢੇਸੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫੋਰਮ ਵਲੋਂ ਹਰ ਸਾਲ ਕਰਵਾਏ ਜਾਂਦੇ ਗਦਰੀ ਬਾਬਿਆਂ ਦੇ ਮੇਲੇ ਵਿਚ ਉਹ ਦੋ ਵਾਰ ਮੁਖ ਬੁਲਾਰੇ ਵਜੋਂ ਸ਼ਾਮਲ ਹੋਏ ਸਨ, ਜਿਥੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦੇ ਵਿਚਾਰ ਸੁਣੇ ਸਨ। ਉਹ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਮੁਖ ਸਲਾਹਕਾਰਾਂ ਵਿਚੋਂ ਸਨ। ਫੋਰਮ ਅਨੁਸਾਰ ਸਾਨੂੰ ਉਨ੍ਹਾਂ ਦੀ ਉਸਾਰੂ ਅਤੇ ਸਿਆਣੀ ਸਲਾਹ ਦੀ ਹਮੇਸ਼ਾ ਘਾਟ ਰਹੇਗੀ।

ਜ਼ਿਕਰਯੋਗ ਹੈ ਕਿ ਪ੍ਰੋ. ਨਿਰੰਜਨ ਸਿੰਘ ਢੇਸੀ ਪਿਛਲੇ ਇਕ ਸਾਲ ਤੋਂ ਬਿਮਾਰ ਚਲ ਰਹੇ ਸਨ ਅਤੇ ਪਹਿਲੀ ਮਾਰਚ 2021 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ 10 ਸਾਲਾਂ ਤੋਂ ਇੰਡੀਆਨਾ ਵਿਚ ਆਪਣੀ ਬੇਟੀ ਕੋਲ ਰਹਿੰਦੇ ਸਨ। ਭਾਰਤ ਤੋਂ ਬਾਅਦ ਅਮਰੀਕਾ ਵਿਚ ਵੀ ਉਹ ਬੇਹੱਦ ਹਰਮਨ ਪਿਆਰੇ ਸਨ ਅਤੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਦਾ ਦਾਇਰਾ ਬੜਾ ਵਿਸ਼ਾਲ ਹੈ। ਉਹ ਆਪਣੇ ਮਿਲਾਪੜੇ ਸੁਭਾਅ ਨਾਲ ਕਿਸੇ ਨੂੰ ਵੀ ਇਕ ਵਾਰ ਮਿਲਣ ਤੋਂ ਬਾਅਦ ਆਪਣਾ ਬਣਾ ਲੈਂਦੇ ਸਨ। ਉਨ੍ਹਾਂ ਦੀ ਘਾਟ ਲੰਬੇ ਸਮੇਂ ਤੱਕ ਰੜਕਦੀ ਰਹੇਗੀ।

ਪ੍ਰੋ. ਢੇਸੀ ਨੂੰ ਯਾਦ ਕਰਦਿਆਂ ਫੋਰਮ ਨੇ ਕਿਹਾ ਹੈ ਕਿ ਅਮਰੀਕਾ ਆਉਣ ਤੋਂ ਪਹਿਲਾਂ ਉਹ ਲੰਬੇ ਸਮੇਂ ਤੱਕ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਅਤੇ ਪੋਸਟ ਗਰੈਜੂਏਟ ਵਿਭਾਗ ਦੇ ਮੁਖੀ ਰਹੇ। ਉਹ ਗੁਰੂ ਗ੍ਰੰਥ ਸਾਹਿਬ ਖੋਜ ਕੇਂਦਰ ਦੇ ਡਾਇਰੈਕਟਰ ਵੀ ਰਹੇ।

ਭਾਰਤ ਤੋਂ ਅਮਰੀਕਾ ਆਉਣ 'ਤੇ ਵੀ ਉਹ ਇਥੇ ਦੀ ਕਮਿਉਨਿਟੀ ਵਿਚ ਸਰਗਰਮ ਰਹੇ। ਇੰਡੀਆਨਾ ਵਿਚ ਉਹ ਹੋਰ ਸਾਥੀਆਂ ਨਾਲ ਰਲ ਕੇ ਪੰਜਾਬੀ ਕਮਿਉਨਿਟੀ ਸੈਂਟਰ ਬਣਾਉਣ ਲਈ ਸਰਗਰਮ ਸਨ। ਉਹ ਇਕ ਬਹੁਤ ਵਧੀਆਂ ਲੇਖਕ ਤੇ ਬੁਲਾਰੇ ਸਨ ਅਤੇ ਅਖਬਾਰਾਂ ਵਿਚ ਉਨ੍ਹਾਂ ਦੇ ਲੇਖ ਲਗਾਤਾਰ ਛਪਦੇ ਰਹਿੰਦੇ ਸਨ। ਵੱਖ-ਵੱਖ ਗੁਰੂ ਘਰਾਂ ਅਤੇ ਸਮਾਜਕ ਪ੍ਰੋਗਰਾਮਾਂ ਵਿਚ ਬੋਲਣ ਲਈ ਉਨ੍ਹਾਂ ਨੂੰ ਅਮਰੀਕਾ ਭਰ 'ਚੋ ਸੱਦੇ ਆਉਂਦੇ ਸਨ।

ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਅਸੀਂ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੀ ਬੇਟੀ ਪਰਮਜੋਤ ਕੌਰ, ਬੇਟੇ ਜਗਰੂਪ ਸਿੰਘ, ਸਾਰੇ ਰਿਸ਼ਤੇਦਾਰਾਂ, ਉਨ੍ਹਾਂ ਦੇ ਵਿਦਿਆਰਥੀਆਂ ਅਤੇ ਚਾਹਣ ਵਾਲਿਆਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ ਅਤੇ ਉਨ੍ਹਾਂ ਦੇ ਦੁਖ ਵਿਚ ਸ਼ਰੀਕ ਹੁੰਦੇ ਹਾਂ।

## ਕਿਸਾਨਾਂ ਨੇ ਸਾਂਪਲਾ ਅਤੇ ਸ਼ਵੇਤ ਮਲਿਕ ਨੂੰ ਘੇਰਿਆ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਨਵੇਂ ਬਣੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਅਤੇ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੂੰ ਇਥੇ ਵੱਖ-ਵੱਖ ਥਾਵਾਂ 'ਤੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪੁਲਿਸ ਨੇ ਕੁਝ ਸਮੇਂ ਲਈ ਕੁਝ ਕਿਸਾਨਾਂ ਨੂੰ ਹਿਰਾਸਤ 'ਚ ਲੈਣ ਮਗਰੋਂ ਛੱਡ ਦਿੱਤਾ। ਕਿਸਾਨਾਂ ਨੇ ਦੋਸ਼ ਲਾਇਆ ਕਿ ਸਾਂਪਲਾ ਦੀਆਂ ਗੱਡੀਆਂ ਦੇ ਕਾਫਲੇ ਦੀ ਟੱਕਰ ਨਾਲ ਲਗਭਗ ਅੱਧਾ ਦਰਜਨ ਕਿਸਾਨ ਜ਼ਖਮੀ ਹੋਏ ਹਨ ਅਤੇ ਕਈਆਂ ਦੇ ਦੁਪਹੀਆ ਵਾਹਨ ਨੁਕਸਾਨੇ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਬਣਨ ਮਗਰੋਂ ਸ੍ਰੀ ਸਾਂਪਲਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਏ ਸਨ। ਕਿਸਾਨਾਂ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਸਰਕਟ ਹਾਊਸ ਦੇ ਬਾਹਰ ਅਤੇ ਰਾਮ ਤੀਰਥ ਮੰਦਰ ਨੇੜੇ ਵਿਜੈ ਸਾਂਪਲਾ ਦਾ ਘਿਰਾਓ ਕੀਤਾ। ਇਸੇ ਤਰ੍ਹਾਂ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਜੋ ਰੇਲਵੇ ਸਟੇਸ਼ਨ 'ਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਆਏ ਸਨ, ਦਾ ਵੀ ਕਿਸਾਨਾਂ ਨੇ ਘਿਰਾਓ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਸਾਂਪਲਾ ਜਦੋਂ ਹਰਿਮੰਦਰ ਸਾਹਿਬ ਵਿਚ ਪਰਿਕਰਮਾ ਕਰ ਰਹੇ ਸਨ ਤਾਂ ਉਥੇ ਆਸਟਰੇਲੀਆ ਤੋਂ ਆਏ ਇਕ ਨੌਜਵਾਨ ਸੁਖਜੀਤ ਸਿੰਘ ਬਰਾੜ ਨੇ ਉਨ੍ਹਾਂ ਨੂੰ ਰੋਕ ਕੇ ਕਿਸਾਨ ਸੰਘਰਸ਼ ਸਬੰਧੀ ਸਵਾਲ ਦਾ ਜਵਾਬ ਮੰਗਿਆ ਪਰ ਸੁਰੱਖਿਆ ਕਰਮੀਆਂ ਨੇ ਇਸ ਨੌਜਵਾਨ ਨੂੰ ਸੁਰੱਖਿਆ ਘੇਰੇ ਤੋਂ ਬਾਹਰ ਕਰ ਦਿੱਤਾ। ਇਸ ਨੌਜਵਾਨ ਨੇ ਦੱਸਿਆ ਕਿ ਉਹ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਲਈ ਪਿਛਲੇ ਛੇ-ਸੱਤ ਮਹੀਨਿਆਂ ਤੋਂ ਆਸਟਰੇਲੀਆ ਤੋਂ ਇਥੇ ਪੁੱਜਾ ਹੋਇਆ ਹੈ। ਵਿਜੈ ਸਾਂਪਲਾ ਦੇ ਸ਼ਹਿਰ ਵਿਚ ਹੋਣ ਦਾ ਪਤਾ ਲਗਦੇ ਹੀ ਲੋਕ ਭਲਾਈ ਇਨਸਾਫ ਵੈੱਲਫੇਅਰ ਸੁਸਾਇਟੀ ਦੇ ਆਗੂ ਮਹਿਤਾਬ ਸਿੰਘ ਸਿਰਸਾ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਜੀਤ ਸਿੰਘ ਝੀਤਾ ਆਪਣੇ ਸਾਥੀਆਂ ਸਮੇਤ ਘਿਰਾਓ ਲਈ ਪੁੱਜ ਗਏ।

## 'ਕਿਸਾਨਾਂ ਤੇ ਆੜ੍ਹਤੀਆਂ 'ਚ ਫੁੱਟ ਪਾ ਰਿਹੈ ਕੇਂਦਰ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਆਨਲਾਈਨ ਘੱਟੋ-ਘੱਟ ਸਮਰਥਨ ਮੁੱਲ ਦੇ ਪੈਸੇ ਟਰਾਂਸਫਰ ਕਰਨ ਦੇ ਫੈਸਲੇ ਨੂੰ ਮੋਦੀ ਸਰਕਾਰ ਦੀ ਸਾਜ਼ਿਸ਼ ਦੱਸਿਆ। 'ਆਪ' ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕਿਸਾਨਾਂ ਨੂੰ ਪਰੇਸ਼ਾਨ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵਧਾਉਣ ਲਈ ਮੋਦੀ ਸਰਕਾਰ ਐਮ.ਐਸ.ਪੀ. ਦੀ ਰਕਮ ਆਨਲਾਈਨ ਟਰਾਂਸਫਰ ਕਰਨ ਦੀ ਯੋਜਨਾ ਬਣਾ ਰਹੀ ਹੈ।

## ਦਿੱਲੀ ਪੁਲਿਸ ਵੱਲੋਂ ਫੌਤ ਹੋਏ ਕਿਸਾਨ ਨੂੰ ਨੋਟਿਸ

**ਪਟਿਆਲਾ:** ਦਿੱਲੀ ਪੁਲਿਸ ਦੀ ਕ੍ਰਾਈਮ ਬਰਾਂਚ ਨੇ 26 ਜਨਵਰੀ ਹਿੰਸਾ ਸਬੰਧੀ ਬੀਤੇ ਸਾਲ 31 ਦਸੰਬਰ ਨੂੰ ਫੌਤ ਹੋ ਚੁੱਕੇ ਕਿਸਾਨ ਨੂੰ ਨੋਟਿਸ ਭੇਜ ਦਿੱਤਾ। ਪਰਿਵਾਰ ਨੇ ਕਿਹਾ ਕਿ ਜਿਨ੍ਹਾਂ ਤਿੰਨ ਭਰਾਵਾਂ ਨੂੰ ਨੋਟਿਸ ਭੇਜੇ ਗਏ ਹਨ, ਉਹ ਕਦੇ ਕਿਸਾਨ ਸੰਘਰਸ਼ ਵਿਚ ਸ਼ਾਮਲ ਹੀ ਨਹੀਂ ਹੋਏ। ਸੁਰਜੀਤ ਸਿੰਘ (88) ਦੇ ਪੁੱਤਰ ਭੁਪਿੰਦਰ ਸਿੰਘ ਨੇ ਕਿਹਾ ਕਿ ਉਸ ਦਾ ਪਿਤਾ ਅਤੇ ਉਨ੍ਹਾਂ ਦੇ ਦੋ ਹੋਰ ਭਰਾਵਾਂ ਜਗੀਰ ਸਿੰਘ ਤੇ ਗੁਰਚਰਨ ਸਿੰਘ ਨੇ ਕਦੇ ਕਿਸਾਨ ਸੰਘਰਸ਼ 'ਚ ਹਿੱਸਾ ਨਹੀਂ ਲਿਆ। ਭੁਪਿੰਦਰ ਸਿੰਘ ਨੇ ਕਿਹਾ, "ਜਗੀਰ ਸਿੰਘ ਦਾ 31 ਦਸੰਬਰ ਨੂੰ 90 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਉਹ ਬੁਢਾਪੇ ਕਾਰਨ ਪਿਛਲੇ ਸਾਲ ਤੋਂ ਮੰਜੇ ਨਾਲ ਜੁੜੇ ਹੋਏ ਸਨ।"

ਇਹ ਪਰਿਵਾਰ ਕੁਰਾਲੀ ਦੇ ਨਿਹੋਲਕਾ ਪਿੰਡ ਦਾ ਰਹਿਣ ਵਾਲਾ ਹੈ। ਭੁਪਿੰਦਰ ਦੇ ਭਰਾ ਅਤੇ ਸੇਵਾਮੁਕਤ ਅਧਿਆਪਕ ਗੁਰਚਰਨ ਸਿੰਘ ਨੇ ਕਿਹਾ, "ਸਾਨੂੰ 24 ਫਰਵਰੀ ਨੂੰ ਨੋਟਿਸ ਮਿਲਿਆ। ਅਸੀਂ ਪ੍ਰੇਸ਼ਾਨ ਹਾਂ। ਕੁਝ ਸਮਝ ਨਹੀਂ ਆ ਰਿਹਾ ਕਿ ਕੀ ਕੀਤਾ ਜਾਵੇ। ਅਸੀਂ ਸੰਯੁਕਤ ਕਿਸਾਨ ਮੋਰਚਾ ਦੀ ਕਾਨੂੰਨੀ ਟੀਮ ਨਾਲ ਸੰਪਰਕ ਕੀਤਾ ਹੈ, ਜਿਨ੍ਹਾਂ ਨੇ ਸਾਨੂੰ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ ਹੈ।"

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਦਿੱਲੀ ਪੁਲਿਸ ਨੇ ਅਜਿਹੇ ਕਈ ਲੋਕਾਂ ਨੂੰ ਨੋਟਿਸ ਭੇਜੇ ਹਨ, ਜੋ 26 ਜਨਵਰੀ ਤੋਂ ਪਹਿਲਾਂ ਫੌਤ ਹੋ ਚੁੱਕੇ ਹਨ।

# ਪੰਜਾਬੀ ਯੂਨੀਵਰਸਿਟੀ ਲਈ ਹਾਅ ਦਾ ਨਾਅਰਾ



ਹਿਬਰੂ ਭਾਸ਼ਾ 18ਵੀਂ ਸਦੀ ਦੇ ਮੱਧ ਤੱਕ ਆਮ ਬੋਲ-ਚਾਲ ਦੀ ਭਾਸ਼ਾ ਵਜੋਂ ਲਗਭਗ ਖਤਮ ਹੋ ਚੁੱਕੀ ਸੀ। ਯਹੂਦੀਆਂ ਨੇ ਆਪਣੀ ਬੋਲੀ ਨੂੰ ਮੁੜ ਸੁਰਜੀਤ ਕਰਨ ਲਈ ਹੰਭਲੇ ਮਾਰਨੇ ਸ਼ੁਰੂ ਕਰ ਦਿੱਤੇ। ਯਹੂਦੀਆਂ ਕੋਲ ਉਸ ਵਕਤ ਆਪਣਾ ਕੋਈ ਮੁਲਕ ਨਹੀਂ ਸੀ ਪਰ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਸੀ ਕਿ ਜੇ ਉਹ ਆਪਣੇ ਵਿਰਸੇ ਅਤੇ ਬੋਲੀ ਨੂੰ ਬਚਾ ਲੈਣਗੇ ਤਾਂ ਉਨ੍ਹਾਂ ਨੂੰ ਆਪਣਾ ਮੁਲਕ ਲੈਣ ਤੋਂ ਵੀ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਦੇ ਇਨ੍ਹਾਂ ਯਤਨਾਂ ਸਦਕਾ ਹੀ ਕਿਸੇ ਭਾਸ਼ਾ ਦੇ ਨਾਂ 'ਤੇ ਦੁਨੀਆਂ ਨੂੰ ਪਹਿਲੀ ਯੂਨੀਵਰਸਿਟੀ ਮਿਲੀ ਜਿਸ ਨਾਂ ਸੀ 'ਹਿਬਰੂ ਯੂਨੀਵਰਸਿਟੀ'। ਇਸ ਦਾ ਨੀਂਹ ਪੱਥਰ 1918 ਵਿਚ ਰੱਖਿਆ ਗਿਆ। ਇਜ਼ਰਾਈਲ ਦੀ ਸਥਾਪਨਾ 1948 ਵਿਚ ਹੋਈ। ਇਸ ਵਰ੍ਹੇ ਹੀ

**ਡਾ. ਗੁਰਪ੍ਰੀਤ ਸਿੰਘ ਬਰਾੜ**
ਫੋਨ: +91-98559-00175

ਯਹੂਦੀਆਂ ਨੇ ਹਿਬਰੂ ਭਾਸ਼ਾ ਨੂੰ ਅਰਬੀ ਭਾਸ਼ਾ ਦੇ ਨਾਲ ਆਪਣੀ ਦਫਤਰੀ ਭਾਸ਼ਾ ਐਲਾਨ ਦਿੱਤਾ। ਇਹ ਯਹੂਦੀ ਲੋਕਾਂ ਦੀ ਦੂਰਅੰਦੇਸ਼ੀ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਨੇ ਆਪਣੀ ਭਾਸ਼ਾ ਦੀ ਸਾਂਭ-ਸੰਭਾਲ ਲਈ ਬਣਾਈ ਆਪਣੀ ਯੂਨੀਵਰਸਿਟੀ ਦੀ ਸਾਰਥਿਕਤਾ ਨੂੰ ਸਮਝਿਆ ਅਤੇ ਅੱਜ ਹਿਬਰੂ ਭਾਸ਼ਾ ਇਜ਼ਰਾਈਲ ਵਿਚ ਆਮ ਬੋਲ-ਚਾਲ ਦੀ ਭਾਸ਼ਾ ਵਜੋਂ ਪ੍ਰਚਲਿਤ ਹੋ ਗਈ ਹੈ।

ਜਦੋਂ 1948 ਵਿਚ ਹਿਬਰੂ ਭਾਸ਼ਾ ਨੂੰ ਦਫਤਰੀ ਭਾਸ਼ਾ ਦਾ ਦਰਜਾ ਮਿਲ ਰਿਹਾ ਸੀ ਤਾਂ ਉਸੇ ਵਰ੍ਹੇ ਭਾਰਤ ਦੀ ਵੰਡ ਕਾਰਨ ਨਵੀਂ ਬਣੀ ਅੰਤਰਰਾਸ਼ਟਰੀ ਸਰਹੱਦ ਦੇ ਦੋਵਾਂ ਪਾਸੇ ਪੰਜਾਬੀ ਲੋਕਾਂ ਦੀ ਵੱਢ-ਟੁੱਕ ਹੋ ਰਹੀ ਸੀ। ਆਜ਼ਾਦੀ ਦੇ ਕੁਝ ਸਮੇਂ ਬਾਅਦ ਹੀ ਪੰਜਾਬੀ ਲੋਕ ਠੱਗੇ ਹੋਏ ਮਹਿਸੂਸ ਕਰਨ ਲੱਗੇ, ਕਿਉਂਕਿ ਪੰਜਾਬੀ ਭਾਸ਼ਾ ਦੋਵਾਂ ਮੁਲਕਾਂ ਵਿਚ ਹੀ ਬੇਗਾਨੀ ਹੋ ਰਹੀ ਸੀ। ਪਾਕਿਸਤਾਨ ਨੇ ਉਰਦੂ ਤੇ ਹਿੰਦੋਸਤਾਨ ਨੇ ਹਿੰਦੀ ਨੂੰ ਰਾਸ਼ਟਰੀ ਪੱਧਰ 'ਤੇ ਦਫਤਰੀ ਕੰਮਕਾਜ ਅਤੇ ਸਿੱਖਿਆ ਦੇ ਖੇਤਰ ਵਿਚ ਅਪਨਾਉਣਾ ਸ਼ੁਰੂ ਕਰ ਦਿੱਤਾ। ਆਜ਼ਾਦੀ ਦੇ ਸ਼ੁਰੂ ਵਾਲੇ ਵਰ੍ਹਿਆਂ ਦੌਰਾਨ ਹੀ ਪੰਜਾਬੀਆਂ ਦੀ ਕੇਂਦਰ ਨਾਲ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਬਚਾਉਣ ਦੇ ਲਈ ਅਤੇ ਬੱਚਿਆਂ ਦੀ ਸਿੱਖਿਆ ਦਾ ਮਾਧਿਅਮ ਮਾਂ-ਬੋਲੀ ਪੰਜਾਬੀ ਵਿਚ ਹੋਣ ਦੀ ਮੰਗ ਨੂੰ ਲੈ ਕੇ ਕਸ਼ਮਕਸ਼ ਸ਼ੁਰੂ ਹੋ ਗਈ ਅਤੇ ਬਹੁਤ ਜਲਦੀ ਇਹ ਸਮਝ ਬਣਨੀ ਸ਼ੁਰੂ ਹੋ ਗਈ ਕਿ ਆਪਣੇ ਸੂਬੇ ਬਿਨਾਂ ਆਪਣੀ ਭਾਸ਼ਾ ਨਹੀਂ ਬਚਾਈ ਜਾ ਸਕਦੀ। ਇਸ ਸੰਘਰਸ਼ ਦੇ ਸਦਕੇ ਹੀ 1962 ਵਿਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਪਟਿਆਲਾ ਸ਼ਹਿਰ ਵਿਚ ਪੰਜਾਬੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ। ਪੰਜਾਬੀਆਂ ਨੂੰ ਵੀ ਆਪਣੀ ਭਾਸ਼ਾ ਦੇ ਆਧਾਰ 'ਤੇ ਸੂਬਾ ਮਿਲਣ ਤੋਂ ਪਹਿਲਾਂ ਭਾਸ਼ਾ ਦੇ ਨਾਮ 'ਤੇ ਪੰਜਾਬੀ ਯੂਨੀਵਰਸਿਟੀ ਮਿਲੀ। ਪੰਜਾਬੀ ਯੂਨੀਵਰਸਿਟੀ ਨੂੰ ਹਿਬਰੂ ਯੂਨੀਵਰਸਿਟੀ ਤੋਂ ਬਾਅਦ ਭਾਸ਼ਾ ਦੇ ਨਾਮ 'ਤੇ ਬਣੀ ਦੁਨੀਆ ਦੀ ਦੂਜੀ ਯੂਨੀਵਰਸਿਟੀ ਹੋਣਾ ਦਾ ਮਾਣ ਪ੍ਰਾਪਤ ਹੈ।

ਬੀਤੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਨੇ ਨਾ ਸਿਰਫ ਕਲਾ ਤੇ ਸਾਹਿਤ ਦੇ ਖੇਤਰ ਦੇ ਵਿਚ ਬਲਕਿ ਸਮਾਜ ਵਿਗਿਆਨ ਅਤੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਵੀ ਕਾਬਿਲੇ-ਜ਼ਿਕਰ ਯੋਗਦਾਨ ਦਿੱਤਾ ਹੈ। ਅੱਜ ਪੰਜਾਬ ਜਾਂ ਭਾਰਤ ਹੀ ਨਹੀਂ ਬਲਕਿ ਦੁਨੀਆ ਦਾ ਸ਼ਾਇਦ ਹੀ ਐਸਾ ਕੋਈ ਮੁਲਕ ਹੋਵੇ ਜਿੱਥੇ ਇਸ ਯੂਨੀਵਰਸਿਟੀ ਵਿਚ ਪੜ੍ਹਿਆ ਪੰਜਾਬ ਦਾ ਕੋਈ ਧੀ-ਪੁੱਤ ਆਪਣੀ ਵਿਸ਼ੇਸ਼ ਪਛਾਣ ਨਾ ਰੱਖਦਾ ਹੋਵੇ। ਪੰਜਾਬੀ ਯੂਨੀਵਰਸਿਟੀ ਪੰਜਾਬੀ ਭਾਸ਼ਾ ਵਿਚ ਹੋਣ ਵਾਲੀ ਖੋਜ ਦਾ ਕੇਂਦਰ ਬਿੰਦੂ ਰਹੀ ਹੈ। ਇੱਥੇ 'ਸਿੱਖ ਇਨਸਾਈਕਲੋਪੀਡੀਆ' ਤਿਆਰ ਕੀਤਾ ਗਿਆ, 'ਪੰਜਾਬੀ ਸ਼ਬਦ-ਜੋੜ ਕੋਸ਼' ਤਿਆਰ ਕੀਤਾ ਗਿਆ, ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੋਂ ਵੱਧ ਕਿਤਾਬਾਂ ਦੀ ਪ੍ਰਕਾਸ਼ਨਾ ਕਰਨੀ ਪੰਜਾਬੀ ਯੂਨੀਵਰਸਿਟੀ ਦਾ ਹਾਸਿਲ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਖਾਸ ਕਰ ਕੇ ਪੰਜਾਬੀ ਭਾਸ਼ਾ ਵਿਚ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਤਿਆਰ ਅਤੇ ਪ੍ਰਕਾਸ਼ਿਤ ਕੀਤੀਆਂ ਗਈਆਂ। ਬਹੁਤ ਸਾਰੇ ਅਨੁਸ਼ਾਸਨਾਂ ਵਿਚ ਖਾਸ ਕਰ ਕੇ ਸਮਾਜਿਕ ਵਿਗਿਆਨਾਂ ਨੂੰ ਪੰਜਾਬੀ ਮਾਧਿਅਮ ਵਿਚ ਪੜ੍ਹਾਉਣਾ ਤੇ ਇਮਤਿਹਾਨ ਦੇਣ ਦੀ ਸਹੂਲਤ ਦੇਣਾ, ਪੰਜਾਬ ਦੇ ਇਤਿਹਾਸ ਨੂੰ ਨਵੇਂ ਸਿਰੇ ਅਤੇ ਵੱਖ-ਵੱਖ ਕੋਣਾਂ ਤੋਂ ਘੋਖਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਦਿਸ਼ਾ ਵਿਚ ਡਾ. ਗੰਡਾ ਸਿੰਘ ਅਤੇ ਡਾ.ਫੌਜਾ ਸਿੰਘ ਦੇ ਯਤਨਾਂ ਰਾਹੀਂ ਇਤਿਹਾਸ ਖੋਜ ਦਾ ਰਸਾਲਾ 'ਪੰਜਾਬ ਪਾਸਟ ਅਤੇ ਪਰੈਜ਼ੈਂਟ' ਕੱਢਿਆ ਗਿਆ। ਧਰਮ ਅਧਿਐਨ ਦੇ ਖੇਤਰ ਵਿਚ ਖਾਸ ਕਰ ਕੇ ਤੁਲਨਾਤਮਕ ਧਰਮ ਅਧਿਐਨ ਉੱਪਰ ਮਹੱਤਵਪੂਰਨ ਕੰਮ ਕੀਤਾ ਗਿਆ, ਵਿਗਿਆਨ ਵਿਚ ਵਿਸ਼ੇਸ਼ ਕਾਰਜ ਖਾਸਕਰ ਮਾਤ-ਭਾਸ਼ਾ ਪੰਜਾਬੀ ਵਿਚ ਕਰਨਾ ਅਤੇ 'ਵਿਗਿਆਨ ਦੇ ਨਕਸ਼' ਨਾਮ ਦਾ ਰਸਾਲਾ ਛਾਪਣਾ ਇਸ ਯੂਨੀਵਰਸਿਟੀ ਵੱਲੋਂ ਕੀਤੀਆਂ ਵੱਡੀਆਂ ਪਹਿਲਕਦਮੀਆਂ ਸਨ। ਇੱਥੋਂ ਦੇ ਬਹੁਤ ਸਾਰੇ ਵਿਭਾਗਾਂ ਨੂੰ ਯੂ.ਜੀ.ਸੀ. ਦਾ ਸੈਂਟਰ ਫਾਰ ਐਡਵਾਂਸ ਸਟੱਡੀਜ਼ ਦਾ ਦਰਜਾ ਮਿਲਿਆ ਹੋਇਆ ਹੈ। ਇਹ ਲਗਾਤਾਰ ਦਸ ਸਾਲ ਸਾਰੇ ਭਾਰਤ ਵਿਚ ਖੇਡਾਂ ਦੀ ਮੋਹਰੀ ਯੂਨੀਵਰਸਿਟੀ ਰਹੀ ਹੈ। ਇਹ ਯੂਨੀਵਰਸਿਟੀ ਪੰਜਾਬੀ ਲੋਕਾਂ ਨੂੰ ਸਮੇਂ ਦਾ ਹਾਣੀ ਕਰਨ ਲਈ ਪੰਜਾਬੀ ਬੋਲੀ ਦੇ ਸਾਫਟਵੇਅਰ, ਮੋਬਾਈਲ ਐਪ ਅਤੇ ਪੰਜਾਬੀ ਟਾਈਪ ਸਾਫਟਵੇਅਰ ਲਗਾਤਾਰ ਤਿਆਰ ਕਰ ਰਹੀ ਹੈ। ਇਸ ਨੂੰ ਕੇਂਦਰ ਸਰਕਾਰ ਦੀ ਅਕਾਦਮਿਕ ਮੁਲੰਕਣ ਲਈ ਬਣਾਈ ਸੰਸਥਾ 'ਨੈਕ' ਵੱਲੋਂ ਲਗਾਤਾਰ 'ਏ' ਗਰੇਡ ਯੂਨੀਵਰਸਿਟੀ ਹੋਣ ਦਾ ਮਾਣ ਹਾਸਿਲ ਹੈ।

ਸਮਾਂ ਨਿਰੰਤਰ ਬਦਲਦਾ ਰਹਿੰਦਾ ਹੈ ਪਰ ਇਹ ਕਿਹੋ ਜਿਹਾ ਬਦਲਾਓ ਆਇਆ ਹੈ ਕਿ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਉਸ ਦੇ ਖਰਚੇ ਅਤੇ ਕਮਾਈ ਦੁਆਰਾ ਕੀਤਾ ਜਾਣ ਲੱਗ ਪਿਆ ਹੈ। ਸਰਕਾਰ ਵੱਲੋਂ ਜਾਂ 'ਸਰਕਾਰੀ ਬੰਦਿਆਂ' ਵੱਲੋਂ ਵਾਰ-ਵਾਰ ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਘਾਟੇ 'ਚ ਹੋਣ ਦੀ ਗੱਲ ਕੀਤੀ ਜਾਂਦੀ ਹੈ। ਯੂਨੀਵਰਸਿਟੀ ਕਦੇ ਵੀ ਵਿੱਤੀ ਘਾਟੇ ਜਾਂ ਵਾਧੇ ਦੇ ਪੱਖ ਤੋਂ ਨਹੀਂ ਵਿਚਾਰੀ ਜਾ ਸਕਦੀ। ਇਹ ਤਾਂ ਭਾਸ਼ਾ, ਸੱਭਿਆਚਾਰ, ਗਿਆਨ, ਸੁਆਲਾਂ ਅਤੇ ਖੋਜ ਦਾ ਭਰ-ਵਗਦਾ ਦਰਿਆ ਹੁੰਦੀ ਹੈ, ਜਿਸ ਦਾ ਕੰਮ ਗਿਆਨ ਦੇ ਪਿਆਸਿਆਂ ਦੀ ਤੇਹ ਨੂੰ ਸ਼ਾਂਤ ਕਰਨਾ ਹੁੰਦਾ ਹੈ, ਕੁਝ ਵੇਚਣਾ ਜਾਂ ਖਰੀਦਣਾ ਯੂਨੀਵਰਸਿਟੀ ਦੇ ਹਿੱਸੇ ਨਹੀਂ ਆਉਂਦਾ ਪਰ ਇਹ ਗੱਲ ਸਾਡੇ ਅਧਿਕਾਰੀਆਂ ਨੂੰ ਕਿਵੇਂ ਸਮਝਾਈ ਜਾਵੇ ਕਿ ਸਿੱਖਿਆ, ਸਿਹਤ ਅਤੇ ਸੁਰੱਖਿਆ ਦੇਣਾ ਰਾਜ ਦਾ ਬੁਨਿਆਦੀ ਫਰਜ਼ ਹੈ।

ਜਨਤਕ ਸੰਸਥਾਵਾਂ ਦੀ ਇਹ ਦੁਰਗਤੀ ਵੀ ਉਸ ਸਮੇਂ ਹੋ ਰਹੀ ਹੈ ਜਦੋਂ ਸਮਾਜ ਨੂੰ ਇਨ੍ਹਾਂ ਸੰਸਥਾਵਾਂ ਦੀ ਸਭ ਤੋਂ ਵੱਧ ਲੋੜ ਹੈ। ਅੱਜ ਜਦੋਂ ਬਾਜ਼ਾਰ ਨੇ ਆਮ ਆਦਮੀ ਨੂੰ ਹਰ ਪਾਸਿਓਂ ਘੇਰ ਲਿਆ ਹੈ, ਉਸ ਵੇਲੇ ਇਹ ਜਨਤਕ ਅਦਾਰਿਆਂ ਦਾ ਫੀਸ ਮਾਡਲ ਹੀ ਆਮ ਆਦਮੀ ਦੀ ਜਾਨ ਨੂੰ ਕੁਝ ਸੌਖਾ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਜੋ ਲਗਭਗ ਸਾਰੇ ਮਾਲਵੇ ਖਿੱਤੇ ਵਿਚ ਫੈਲੀ ਹੋਈ ਹੈ ਅਤੇ ਇੱਥੋਂ ਦੇ ਖਾਸਕਰ ਆਮ ਕਿਰਸਾਨੀ ਅਤੇ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਨੂੰ ਉਚੇਰੀ ਵਿੱਦਿਆ ਦੀ ਦਾਤ ਦੇ ਰਹੀ ਹੈ। ਇਸ ਸੰਸਥਾ ਨੂੰ ਇੰਜ ਅਣਗੌਲਿਆ ਕਰਨਾ ਅਤੇ ਆਪਣੇ ਹਾਲ 'ਤੇ ਸਹਿਕਦੇ ਛੱਡ ਦੇਣਾ, ਅਸਲ ਵਿਚ ਆਮ ਕਿਰਤੀ ਕਿਸਾਨ ਅਤੇ ਮੁਲਾਜ਼ਮ ਵਰਗ ਦੇ ਲੋਕਾਂ ਦੇ ਸਿੱਖਿਆ ਲੈਣ ਦੇ ਹੱਕ ਉੱਤੇ ਚੋਟ ਮਾਰਨਾ ਹੈ। ਪੰਜਾਬ ਜਿਸ ਦੀ ਕਿ ਇਕ ਤਿਹਾਈ ਆਬਾਦੀ ਦਲਿਤ ਵਰਗ ਨਾਲ ਸਬੰਧਿਤ ਹੈ ਅਤੇ ਜੇ ਜਨਤਕ ਅਦਾਰਿਆਂ ਦੇ ਹਾਲਾਤ ਇਸ ਤਰ੍ਹਾਂ ਹੀ ਵਿਗੜਦੇ ਰਹੇ ਜਾਂ ਸਰਕਾਰ ਦੀਆਂ ਯੋਜਨਾਵਾਂ ਵਿਚ ਪੁਰਾਣੇ ਸਥਾਪਿਤ ਅਦਾਰਿਆਂ ਨੂੰ ਅਣਗੌਲਿਆ ਕਰਨਾ ਅਤੇ ਨਿੱਜੀ ਖੇਤਰ ਵਿਚ ਮੁਨਾਫੇ ਕਮਾਉਣ ਦੀ ਖੁੱਲ੍ਹ ਦੇ ਦੇ ਕੇ ਦਿਖਾਵੇ ਦੇ ਨਵੇਂ ਸੰਸਥਾਨਾਂ ਦਾ ਨੀਂਹ ਪੱਥਰ ਰੱਖਣਾ ਜਾਰੀ ਰਿਹਾ ਤਾਂ ਇਹ ਦਲਿਤ ਅਤੇ ਕਮਜ਼ੋਰ ਵਰਗ ਦੇ ਵਿਦਿਆਰਥੀ ਸਿੱਖਿਆ ਤੋਂ ਵਾਂਝੇ ਰਹਿ ਜਾਣਗੇ। ਜੇ ਇਸ ਤਰ੍ਹਾਂ ਚਲਦਾ ਰਿਹਾ ਤਾਂ ਭਵਿੱਖ ਵਿਚ ਕੇਂਦਰ ਸਰਕਾਰ ਦੀਆਂ ਨੌਕਰੀਆਂ 'ਚ ਖਾਸ ਕਰ ਕੇ ਰਾਖਵੇਂ ਕੋਟੇ ਵਿਚ ਪੰਜਾਬ ਦੀ ਹਿੱਸੇਦਾਰੀ ਲਗਭਗ ਖਤਮ ਹੋ ਜਾਵੇਗੀ। ਕੀ ਸਾਡਾ ਸੂਬਾ ਆਪਣੇ ਆਪ ਇਨ੍ਹਾਂ ਨੌਜਵਾਨਾਂ ਨੂੰ ਨੌਕਰੀ ਦੇਣ ਦੀ ਸਮਰੱਥਾ ਰੱਖਦਾ ਹੈ? ਜੀ.ਐਸ.ਟੀ. ਤੋਂ ਬਾਅਦ ਸੂਬਿਆਂ ਦੀ ਕੇਂਦਰ ਸਰਕਾਰ ਉੱਪਰ ਨਿਰਭਰਤਾ ਵਧ ਗਈ ਹੈ। ਅਜਿਹੇ ਹਾਲਾਤ ਨਾਲ ਨਜਿੱਠਣ ਲਈ ਸੂਬਾ ਸਰਕਾਰ ਨੂੰ ਚਾਹੀਦਾ ਇਹ ਹੈ ਕਿ ਆਪਣੇ ਜਨਤਕ ਅਦਾਰਿਆਂ ਦੀ ਸਮਰੱਥਾ ਨੂੰ ਵਧਾਵੇ ਤਾਂ ਜੋ ਅਸੀਂ ਆਪਣੇ ਨੌਜਵਾਨਾਂ ਨੂੰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਨੌਕਰੀ ਲੈਣ ਦੇ ਯੋਗ ਬਣਾ ਸਕੀਏ।

ਪੰਜਾਬ ਦੀ ਇਹ ਸਿਰਮੌਰ ਯੂਨੀਵਰਸਿਟੀ ਨਾ ਸਿਰਫ ਕਰਜ਼ੇ ਦੀ ਮਾਰ ਝੱਲ ਰਹੀ ਹੈ ਬਲਕਿ ਲੰਮੇ ਸਮੇਂ ਤੋਂ ਯੂਨੀਵਰਸਿਟੀ ਦੇ ਖਰਚਿਆਂ ਲਈ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਗਰਾਂਟ ਦੀ ਫੀਸਦ ਵੀ ਲਗਾਤਾਰ ਘਟਣ ਕਾਰਨ ਯੂਨੀਵਰਸਿਟੀ ਆਪਣੇ ਰੋਜ਼ਮਰ੍ਹਾ ਖਰਚਿਆਂ ਨੂੰ ਪੂਰਾ ਕਰਨ ਦੀ ਸਥਿਤੀ ਵਿਚ ਵੀ ਨਹੀਂ ਹੈ। ਵਿੱਤੀ ਮੁਸ਼ਕਿਲਾਂ ਦੇ ਨਾਲ-ਨਾਲ ਇੱਥੇ ਪੱਕੇ ਵਾਈਸ ਚਾਂਸਲਰ ਦੀ ਗੈਰ-ਮੌਜੂਦਗੀ ਕਾਰਨ ਪ੍ਰਸ਼ਾਸਨਿਕ ਦਿੱਕਤਾਂ ਵਧੇਰੇ ਮਾਰੂ ਸਾਬਿਤ ਹੋ ਰਹੀਆਂ ਹਨ। ਅੱਜ ਯੂਨੀਵਰਸਿਟੀ ਅੰਦਰ ਯੋਗ ਅਗਵਾਈ ਦੀ ਅਣਹੋਂਦ ਕਾਰਨ ਸਮੇਂ ਸਿਰ ਫੈਸਲੇ ਨਹੀਂ ਲਏ ਜਾ ਰਹੇ। ਇੱਥੋਂ ਦੇ ਪ੍ਰਬੰਧਕੀ ਬਲਾਕ ਦਾ ਢਾਂਚਾ ਭਿਆਨਕ ਹੱਦ ਤੱਕ ਵਿਗੜ ਗਿਆ ਹੈ ਜਿਸ ਕਾਰਨ ਮਾਲਵੇ ਦੇ ਅੱਠ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੂੰ ਨਾ ਸਿਰਫ ਖੱਜਲ-ਖੁਆਰ ਹੋਣਾ ਪੈ ਰਿਹਾ ਹੈ ਬਲਕਿ ਕਈ ਵਾਰ ਪ੍ਰਬੰਧਕੀ ਬਲਾਕ ਦੁਆਰਾ ਕੀਤੀਆਂ ਜਾਂਦੀਆਂ ਦੇਰੀਆਂ ਅਤੇ ਗਲਤੀਆਂ ਕਾਰਨ ਵਿਦਿਆਰਥੀਆਂ ਨੂੰ ਵੱਡੇ ਵਿੱਤੀ ਅਤੇ ਅਕਾਦਮਿਕ ਨੁਕਸਾਨ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਦੀ ਤ੍ਰਾਸਦੀ ਸਿਰਫ ਇਸ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਕੋਨੇ ਵਿਚ ਬੈਠੇ ਪੰਜਾਬੀ ਭਾਈਚਾਰੇ ਲਈ ਵੀ ਵੰਗਾਰ ਹੈ। ਸਾਡੀ ਮਾਂ ਬੋਲੀ ਦਾ ਨਾਂ ਅਤੇ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬਣੇ ਇਸ ਅਦਾਰੇ ਦਾ ਇਹ ਹਸ਼ਰ ਅਸਲ ਵਿਚ ਬੀਤੇ ਸਮੇਂ ਦੌਰਾਨ ਸਰਕਾਰ ਅਤੇ ਇਸ ਅਦਾਰੇ ਅੰਦਰ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਰਹੇ ਪਤਵੰਤਿਆਂ ਦੀ ਬੇਰੁਖੀ ਅਤੇ ਬੇਸਮਝੀ ਦਾ ਰਲਿਆ-ਮਿਲਿਆ ਸਿੱਟਾ ਹੈ। ਜਦੋਂ ਇਹ ਅਦਾਰਾ ਉਜਾੜਿਆ ਜਾ ਰਿਹਾ ਸੀ, ਉਦੋਂ ਇਸ ਨਾਲ ਜੁੜੀ ਹਰ ਧਿਰ ਜੋ ਚੁੱਪ ਰਹੀ ਉਹ ਵੀ ਓਨੀ ਹੀ ਜ਼ਿੰਮੇਵਾਰ ਹੈ ਜਿੰਨੀ ਸਰਕਾਰ।

ਜਿਹੜੀਆਂ ਸੰਸਥਾਵਾਂ ਦਾ ਜਨਮ ਕਿਸੇ ਸੰਘਰਸ਼ ਸਦਕੇ ਹੁੰਦਾ ਹੈ, ਜਿਨ੍ਹਾਂ ਦੀਆਂ ਨੀਹਾਂ ਦੂਰਦਰਸ਼ੀ ਵਿਚਾਰਾਂ ਵਿਚੋਂ ਨਿਕਲਦੀਆਂ ਹੋਣ, ਉਹ ਐਨਾ ਸੌਖਾ ਨਹੀਂ ਮਰ ਸਕਦੀਆਂ। ਪੰਜਾਬੀ ਯੂਨੀਵਰਸਿਟੀ ਵੀ ਸਹਿਕ ਰਹੀ ਹੈ, ਅਸੀਂ ਇੱਕ ਸਾਂਝੇ ਹੁਲਾਰੇ ਨਾਲ ਇਸ ਨੂੰ ਮੁੜ ਸੁਰਜੀਤ ਕਰ ਸਕਦੇ ਹਾਂ। ਆਓ, ਸਾਰੇ ਪੰਜਾਬੀ ਆਪਣੀ ਸਰਕਾਰ ਨੂੰ ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਈਏ ਅਤੇ ਇਸ ਮਾਣਮੱਤੀ ਯੂਨੀਵਰਸਿਟੀ ਨੂੰ ਇੱਕ ਨਵੀਂ ਪਰਵਾਜ਼ ਭਰਨ ਜੋਗਾ ਕਰੀਏ।

# ਔਰਤ ਦੀ ਆਜ਼ਾਦੀ

ਔਰਤਾਂ ਦੀ ਸਦੀਆਂ ਤੋਂ ਕੀਤੀ ਜੱਦੋ-ਜਹਿਦ ਵੱਲ ਝਾਤ ਮਾਰੀਏ ਤਾਂ ਆਪਣੇ ਹੱਕਾਂ ਬਾਰੇ ਜਾਗਰੂਕਤਾ ਅਤੇ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਵਾਸਤੇ ਸਭ ਤੋਂ ਪਹਿਲਾਂ 1908-09 ਵਿਚ ਔਰਤਾਂ ਵਿਰੁੱਧ ਹੋ ਰਹੇ ਜ਼ੁਲਮ, ਵਧੀਕੀਆਂ ਅਤੇ ਨਾ-ਬਰਾਬਰੀ ਵਾਲੇ ਵਰਤਾਰੇ ਵਿਰੁੱਧ ਨਿਊ ਯਾਰਕ ਸਿਟੀ ਦੀਆਂ ਔਰਤਾਂ ਨੇ ਆਵਾਜ਼ ਉਠਾਈ। ਉਨ੍ਹਾਂ ਕੰਮ ਦੇ ਘੰਟਿਆਂ ਵਿਚ ਕਮੀ, ਬਿਹਤਰ ਉਜਰਤਾਂ ਅਤੇ ਵੋਟ ਦੇ ਅਧਿਕਾਰ ਦੀ ਮੰਗ ਕੀਤੀ। 1910 ਵਿਚ ਜਰਮਨੀ ਦੀ ਸੋਸ਼ਲਿਸਟ ਡੈਮੋਕਰੈਟਿਕ

**ਕੰਵਲਜੀਤ ਕੌਰ ਗਿੱਲ**

ਪਾਰਟੀ ਦੀ ਔਰਤ ਲੀਡਰ ਨੇ ਕੋਪੈਨਹੈਗਨ ਵਿਚ ਹੋਈ ਕੰਮ-ਕਾਜੀ ਔਰਤਾਂ ਦੀ ਕਾਨਫਰੰਸ ਵਿਚ 'ਔਰਤ ਦਿਵਸ' ਦਾ ਵਿਚਾਰ ਦਿੱਤਾ। 1911 ਵਿਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਸਮੇਤ 17 ਦੇਸ਼ਾਂ ਦੀਆਂ ਔਰਤ ਜਥੇਬੰਦੀਆਂ ਨੇ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕੀਤੀ। 1913-14 ਵਿਚ ਪਹਿਲੀ ਸੰਸਾਰ ਜੰਗ ਦੌਰਾਨ ਰੂਸੀ ਔਰਤਾਂ ਨੇ ਸ਼ਾਂਤੀ ਬਹਾਲ ਕਰਨ ਲਈ 23 ਫ਼ਰਵਰੀ ਨੂੰ ਔਰਤ ਦਿਵਸ ਦਾ ਸੱਦਾ ਦਿੱਤਾ। ਥੋੜ੍ਹੀ ਦੇਰ ਬਾਅਦ ਹੀ 1917 ਵਿਚ ਜ਼ਾਰ ਦੇ ਵਿਰੋਧ ਦੇ ਬਾਵਜੂਦ ਰੂਸੀ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋ ਗਿਆ।

1975 ਵਿਚ ਸੰਯੁਕਤ ਰਾਸ਼ਟਰ ਦੁਆਰਾ ਸਭ ਤੋਂ ਪਹਿਲਾਂ ਕੌਮਾਂਤਰੀ ਔਰਤ ਦਿਵਸ ਮਨਾਇਆ ਗਿਆ। ਦਸੰਬਰ 1977 ਵਿਚ ਜਨਰਲ ਅਸੈਂਬਲੀ ਨੇ ਮੈਂਬਰ ਸਟੇਟਾਂ ਦੁਆਰਾ ਆਪੋ-ਆਪਣੇ ਇਤਿਹਾਸਕ ਅਤੇ ਕੌਮੀ ਰਵਾਇਤਾਂ ਅਨੁਸਾਰ ਔਰਤ ਦਿਵਸ ਮਨਾਉਣ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਕੌਮਾਂਤਰੀ ਪੱਧਰ ਤੇ ਔਰਤਾਂ ਦੀਆਂ ਕਾਨਫਰੰਸਾਂ ਹੋਣੀਆਂ ਸ਼ੁਰੂ ਹੋ ਗਈਆਂ। ਪਹਿਲੀ ਕਾਨਫਰੰਸ 1975 ਵਿਚ ਮੈਕਸਿਕੋ 'ਚ ਹੋਈ ਜਿਸ 'ਚ ਮੁੱਖ ਮੁੱਦਾ 'ਔਰਤਾਂ ਦੇ ਮੁਢਲੇ ਅਧਿਕਾਰ ਅਤੇ ਕੌਮਾਂਤਰੀ ਸ਼ਾਂਤੀ' ਸੀ। ਦੂਜੀ ਕਾਨਫਰੰਸ 1980 ਕੋਪੈਨਹੈਗਨ, ਤੀਜੀ 1985 ਵਿਚ ਨੈਰੋਬੀ ਅਤੇ ਚੌਥੀ ਚੀਨ ਦੇ ਸ਼ਹਿਰ ਪੇਈਚਿੰਗ ਵਿਚ 1995 ਨੂੰ ਹੋਈ। ਇਸ ਕਾਨਫਰੰਸ ਵਿਚ ਭਾਰਤ ਸਮੇਤ ਦੁਨੀਆ ਦੇ 189 ਦੇਸ਼ਾਂ ਨੇ ਭਾਗ ਲਿਆ। ਪੇਈਚਿੰਗ ਵਿਚ ਬਾਕੀ ਮੁੱਦਿਆਂ ਦੇ ਨਾਲ ਨਾਲ 12 ਖ਼ਾਸ ਖੇਤਰਾਂ ਦਾ ਜ਼ਿਕਰ ਕਰਦੇ ਹੋਏ ਐਲਾਨ ਕੀਤਾ ਗਿਆ ਕਿ 'ਔਰਤਾਂ ਖ਼ਿਲਾਫ਼ ਹੋ ਰਹੇ ਹਰ ਪ੍ਰਕਾਰ ਦੇ ਵਿਤਕਰੇ/ਵਖਰੇਵੇਂ ਬੰਦ ਕੀਤੇ ਜਾਣੇ ਚਾਹੀਦੇ ਹਨ। ਭਾਰਤ ਵਿਚ ਵੀ 1975 ਤੋਂ 1985 ਦਾ ਸਮਾਂ ਕੌਮੀ ਔਰਤ ਦਹਾਕੇ ਵਜੋਂ ਮਨਾਇਆ ਗਿਆ ਤੇ ਉਸ ਪਿਛੋਂ ਹਰ ਸਾਲ 8 ਮਾਰਚ ਨੂੰ ਸੈਮੀਨਾਰ, ਭਾਸ਼ਣ, ਸਭਾਵਾਂ ਆਦਿ ਕਰ ਕੇ ਇਸ ਦਿਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਜਾਂਦਾ ਹੈ।

ਅੱਜ ਦੀ ਔਰਤ ਪਿਛਲੀ ਸਦੀ ਦੇ ਮੁਕਾਬਲੇ ਵਧੇਰੇ ਜਾਗਰੂਕ ਅਤੇ ਸੁਚੇਤ ਹੈ। ਔਰਤ ਪੱਖੀ (ਲਿਖਤੀ ਰੂਪ ਵਿਚ) ਸਰਕਾਰੀ ਨੀਤੀਆਂ, ਕਾਨੂੰਨ, ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਦੇ ਯੋਗਦਾਨ ਸਦਕਾ ਔਰਤ ਦੇ ਸਮਾਜਿਕ ਰੁਤਬੇ ਵਿਚ ਕੁਝ ਤਬਦੀਲੀ ਆ ਰਹੀ ਹੈ। ਔਰਤ ਉੱਚ ਸਿੱਖਿਆ ਪ੍ਰਾਪਤ ਕਰ ਕੇ ਸਰਕਾਰੀ ਤੇ ਪ੍ਰਾਈਵੇਟ ਖੇਤਰ ਦੇ ਉਪਰਲੇ ਅਹੁਦਿਆਂ ਤੇ ਪਹੁੰਚ ਰਹੀ ਹੈ, ਰਾਜਨੀਤੀ ਵਿਚ ਵੀ ਉਸ ਦੀ ਰਾਖਵੇਂਕਰਨ ਕਾਰਨ ਨੁਮਾਇੰਦਗੀ ਨਜ਼ਰ ਆ ਰਹੀ ਹੈ ਪਰ ਕੀ ਇਸ ਸਾਰੇ ਕੁਝ ਦਾ ਇਹ ਭਾਵ ਹੈ ਕਿ ਔਰਤਾਂ/ਲੜਕੀਆਂ ਪ੍ਰਤੀ ਸਮਾਜ ਦਾ ਰਵੱਈਆ ਇਕਦਮ ਬਦਲ ਗਿਆ ਹੈ? ਉਸ ਨੂੰ ਮੁੱਢਲੇ ਅਧਿਕਾਰ ਹਕੀਕਤ ਵਿਚ ਮਿਲ ਰਹੇ ਹਨ? ਸਿੱਖਿਆ, ਸਿਹਤ, ਗਰੀਬੀ, ਕੰਮ ਵਿਚ ਔਰਤ ਦੀ ਸ਼ਮੂਲੀਅਤ ਆਦਿ ਵਿਚ ਵਖਰੇਵਾਂ ਜਾਂ ਵਿਤਕਰਾ ਖਤਮ ਹੋ ਗਿਆ ਹੈ? ਔਰਤ ਪ੍ਰਤੀ ਹਿੰਸਾ ਬੰਦ ਹੋ ਗਈ ਹੈ? ਨਹੀਂ। ਪਾਰਲੀਮੈਂਟ ਅਤੇ ਸਟੇਟ ਅਸੈਂਬਲੀ ਦੀਆਂ ਸੀਟਾਂ ਵਿਚ ਔਰਤਾਂ ਦੀ ਰਿਜ਼ਰਵੇਸ਼ਨ ਬਾਰੇ 1990 ਵਿਆਂ ਤੋਂ ਬਾਅਦ ਚਾਰ ਵਾਰ ਬਿਲ ਪੇਸ਼ ਕਰਨ ਦੇ ਬਾਵਜੂਦ ਇਸ ਨੂੰ ਪਾਸ ਨਹੀਂ ਹੋਣ ਦਿੱਤਾ ਗਿਆ। ਰਿਜ਼ਰਵੇਸ਼ਨ ਕੇਵਲ ਪਿੰਡਾਂ ਦੀਆਂ ਪੰਚਾਇਤਾਂ ਤੇ ਸ਼ਹਿਰਾਂ ਦੀਆਂ ਮਿਉਂਸਪੈਲਟੀਆਂ/ਕਾਰਪੋਰੇਸ਼ਨਾਂ ਤੱਕ ਹੀ ਲਾਗੂ ਹੈ। ਅੱਜ ਜਿਸ ਮੁਕਾਮ ਤੇ ਔਰਤ ਖੜ੍ਹੀ ਹੈ, ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਖੇਤਰ ਅਤੇ ਕਾਰਜ ਵਿਚ ਸ਼ਾਮਲ ਹੀ ਨਹੀਂ ਹੋ ਰਹੀ ਸਗੋਂ ਆਪਣੀ ਬਿਹਤਰੀਨ ਕਾਬਲੀਅਤ, ਕਾਰਗੁਜ਼ਾਰੀ ਅਤੇ ਕਾਰਜਕੁਸ਼ਲਤਾ ਦਾ ਇਜ਼ਹਾਰ ਵੀ ਕਰ ਰਹੀ ਹੈ। ਸਮਾਜਿਕ ਤੌਰ ਤੇ ਜਾਗਰੂਕ ਅਤੇ ਜਥੇਬੰਦੀਆਂ ਦੀ ਬਦਲੀ ਸੋਚ ਕਾਰਨ ਉਸ ਦੇ ਰੋਲ ਵਿਚ ਤਬਦੀਲੀ ਆ ਰਹੀ ਹੈ। ਇਸੇ ਦਾ ਨਤੀਜਾ ਹੈ ਕਿ ਅੱਜ ਅਧਿਆਪਕ, ਬੈਂਕਾਂ ਜਾਂ ਹੋਰ ਸੰਸਥਾਵਾਂ ਵਿਚ ਕੰਮ ਕਰਦੀਆਂ ਔਰਤਾਂ, ਡਾਕਟਰ, ਨਰਸਾਂ ਆਦਿ ਦੀਆਂ ਜਥੇਬੰਦੀਆਂ ਵਿਚ ਔਰਤਾਂ ਵੀ ਵਧ ਚੜ੍ਹ ਕੇ ਭਾਗ ਲੈ ਰਹੀਆਂ ਹਨ। ਕੌਮੀ ਪੱਧਰ ਤੇ ਚਲ ਰਿਹਾ ਕਿਸਾਨ ਅੰਦੋਲਨ ਸਾਡੇ ਸਾਹਮਣੇ ਜਿਊਂਦੀ ਜਾਗਦੀ ਮਿਸਾਲ ਹੈ ਜਿੱਥੇ ਪੜ੍ਹੀਆਂ ਲਿਖੀਆਂ ਔਰਤਾਂ ਤੋਂ ਵੀ ਵੱਧ ਪਿੰਡਾਂ ਦੀਆਂ ਨੌਜਵਾਨ, ਬਜ਼ੁਰਗ ਔਰਤਾਂ ਠੰਢ ਜਾਂ ਹੋਰ ਮੁਸ਼ਕਿਲਾਂ ਦੀ ਪਰਵਾਹ ਕੀਤੇ ਆਪਣੇ ਕਿਸਾਨ ਸਾਥੀਆਂ ਨਾਲ ਹਰ ਵਖੋ-ਵੱਖਰੀ ਥਾਂ ਹੋ ਰਹੇ ਧਰਨਿਆਂ ਵਿਚ ਸ਼ਾਮਲ ਹਨ।

ਉਂਜ, ਸਫਰ ਅਜੇ ਖਤਮ ਨਹੀਂ ਹੋਇਆ। ਅੱਜ ਔਰਤ ਦਿਵਸ ਤੇ ਸਾਨੂੰ ਮੁੜ ਆਪਣੇ ਮੁਢਲੇ (ਵਿਚਾਰ ਪ੍ਰਗਟ ਕਰਨ ਦੇ) ਅਧਿਕਾਰਾਂ ਪ੍ਰਤੀ ਸੁਚੇਤ ਹੋ ਕੇ ਲਾਮਬੰਦ ਹੋਣ ਦੀ ਜ਼ਰੂਰਤ ਹੈ। ਅਧਿਕਾਰਾਂ ਦੀ ਪ੍ਰਾਪਤੀ ਵਾਸਤੇ ਜ਼ਰੂਰੀ ਹੈ, ਸਮਾਜਿਕ ਚੇਤੰਨਤਾ ਹੋਵੇ, ਘਰ ਅਤੇ ਔਰਤ ਨਾਲ ਸਬੰਧਿਤ ਫੈਸਲਿਆਂ ਵਿਚ ਸ਼ਮੂਲੀਅਤ ਯਕੀਨੀ ਹੋਵੇ, ਪਰਿਵਾਰ ਦੇ ਨਾਲ-ਨਾਲ ਆਪਣੀ ਸਰੀਰਕ ਸਿਹਤ ਉੱਪਰ ਆਪਣਾ ਹੱਕ ਹੋਵੇ। ਆਦਰ ਸਤਿਕਾਰ ਵਾਲੀ ਜ਼ਿੰਦਗੀ ਜਿਊਣ ਦਾ ਹਰ ਇਕ ਨੂੰ ਅਧਿਕਾਰ ਹੈ; ਸੋ ਘਰ ਪਰਿਵਾਰ ਵਿਚ ਵਰਤੀ ਜਾਂਦੀ ਭਾਸ਼ਾ ਵਿਚ ਸੁਧਾਰ ਹੋਵੇ। ਸਮੁੱਚੇ ਵਿਕਾਸ ਲਈ ਉਲੀਕੀਆਂ ਜਾਂਦੀਆਂ ਨੀਤੀਆਂ/ਬਜਟ ਆਦਿ ਲਈ 'ਵਿਕਾਸ ਅਤੇ ਔਰਤ' ਦੀ ਥਾਂ 'ਵਿਕਾਸ ਵਿਚ ਔਰਤ' ਹੋਵੇ। ਕੌਮਾਂਤਰੀ ਔਰਤ ਦਿਵਸ ਦੇ ਮੁੱਖ ਮੁੱਦੇ 'ਲੀਡਰਸ਼ਿਪ ਵਿਚ ਔਰਤ: ਕੋਵਿਡ-19 ਦੌਰਾਨ ਬਰਾਬਰੀ ਵਾਲੇ ਭਵਿੱਖ ਦੀ ਪ੍ਰਾਪਤੀ' ਤਦ ਹੀ ਸੰਭਵ ਹੋਵੇਗੀ, ਜੇ ਔਰਤ ਸਮਾਜਿਕ, ਆਰਥਿਕ ਤੇ ਸਿਆਸੀ ਤੌਰ ਤੇ ਵਧੇਰੇ ਸਮਰੱਥ ਹੁੰਦੀ ਹੈ। ਇਸ ਲਈ ਸਮਾਜਿਕ ਚੇਤੰਨਤਾ, ਸਮਾਜਿਕ ਅੰਦੋਲਨ ਅਤੇ ਸਮਾਜਿਕ ਸ਼ਮੂਲੀਅਤ ਜ਼ਰੂਰੀ ਹੈ। ਮਰਦ ਔਰਤ ਵਿਚਲੀ ਨਾ-ਬਰਾਬਰੀ ਨੂੰ ਖਤਮ ਕਰਦੇ ਹੋਏ ਸੰਤੁਲਿਤ ਭਵਿਖ ਵਾਸਤੇ ਚੁੱਕੇ ਸਕਾਰਾਤਮਕ ਕਦਮਾਂ ਦਾ ਸਫਰ ਜਾਰੀ ਰਹਿਣਾ ਚਾਹੀਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਮਾਰਚ 2021*

## ਸੰਘਰਸ਼ ਅਤੇ ਸਿਆਸਤ

ਇਕ ਪਾਸੇ ਤਾਂ ਪੰਜਾਬ, ਹਰਿਆਣਾ ਜਾਂ ਭਾਰਤ ਦਾ ਹੀ ਨਹੀਂ ਸਗੋਂ ਸੰਸਾਰ ਦਾ ਮਿਸਾਲੀ ਕਿਸਾਨ ਅੰਦੋਲਨ ਚੱਲ ਰਿਹਾ ਹੈ; ਦੂਜੇ ਪਾਸੇ ਸੱਤਾ ਦੇ ਗਲਿਆਰਿਆਂ ਅੰਦਰ ਚੋਣਾਂ ਦੇ ਬਿਗਲ ਵਜਾ ਦਿੱਤੇ ਗਏ ਹਨ। ਭਾਰਤ ਦੇ ਪੰਜ ਰਾਜਾਂ- ਪੱਛਮੀ ਬੰਗਾਲ, ਕੇਰਲ, ਅਸਾਮ, ਤਾਮਿਲਨਾਡੂ ਤੇ ਪੁਡੂਚੇਰੀ ਦੀਆਂ ਵਿਧਾਨ ਸਭਾਵਾਂ ਲਈ ਪਿੜ ਭਖ ਗਏ ਹਨ। ਕੇਂਦਰੀ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦਾ ਕੇਰਲ ਅਤੇ ਤਾਮਿਲਨਾਡੂ ਵਿਚ ਕੋਈ ਬਹੁਤਾ ਵੱਕਾਰ ਨਹੀਂ ਅਤੇ ਅਸਾਮ ਤੇ ਪੁਡੂਚੇਰੀ ਵਿਚ ਵੀ ਇਸ ਨੂੰ ਸੱਤਾ ਦਾ ਬਹੁਤਾ ਫਿਕਰ ਨਹੀਂ ਹੈ ਪਰ ਪੱਛਮੀ ਬੰਗਾਲ ਵਿਚ ਜਿਸ ਤਰ੍ਹਾਂ ਸਰਕਾਰ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ ਹੈ, ਉਸ ਤੋਂ ਜਾਪਦਾ ਹੈ ਕਿ ਇਸ ਚੋਣ ਨੂੰ ਭਾਰਤੀ ਜਨਤਾ ਪਾਰਟੀ ਕਿੰਨੀ ਅਹਿਮ ਮੰਨ ਰਹੀ ਹੈ। ਮੁਢਲੇ ਸਰਵੇਖਣਾਂ ਨੇ ਰਾਜ ਅੰਦਰ ਤ੍ਰਿਣਮੂਲ ਕਾਂਗਰਸ ਜੋ ਪਿਛਲੇ ਦਸ ਸਾਲ ਤੋਂ ਰਾਜ ਅੰਦਰ ਸੱਤਾ ਵਿਚ ਹੈ, ਦਾ ਹੱਥ ਉਪਰ ਦਿਖਾਇਆ ਹੈ ਅਤੇ ਇਨ੍ਹਾਂ ਸਰਵੇਖਣਾਂ ਨੇ ਹੀ ਭਾਰਤੀ ਜਨਤਾ ਪਾਰਟੀ ਦੀ ਨੀਂਦ ਉਡਾ ਦਿੱਤੀ ਹੈ। ਇਸੇ ਕਰ ਕੇ ਪਾਰਟੀ ਦੇ ਵੱਡੇ ਆਗੂ ਨਿੱਤ ਦਿਨ ਨਵੀਆਂ ਰਣਨੀਤੀਆਂ ਘੜ ਰਹੇ ਹਨ ਅਤੇ ਜੋੜ-ਤੋੜਾਂ ਵਿਚ ਜੁਟੇ ਹੋਏ ਹਨ। ਉਂਜ, ਕੁਝ ਸਿਆਸੀ ਵਿਸ਼ਲੇਸ਼ਣਕਾਰ ਇਸ ਸਿੱਟੇ ਉਤੇ ਵੀ ਪੁੱਜ ਗਏ ਹਨ ਜਿਸ ਤਰ੍ਹਾਂ ਦਾ ਮੁਕਾਮ ਭਾਰਤੀ ਜਨਤਾ ਪਾਰਟੀ ਨੇ ਕੇਂਦਰੀ ਸੱਤਾ ਅੰਦਰ ਹਾਸਲ ਕਰ ਲਿਆ ਹੈ ਅਤੇ ਵੱਖ-ਵੱਖ ਸੰਸਥਾਵਾਂ ਨੂੰ ਜਿਸ ਤਰ੍ਹਾਂ ਆਪਣੇ ਅਧੀਨ ਕਰ ਲਿਆ ਹੈ, ਤਾਂ ਵਿਧਾਨ ਸਭਾਵਾਂ ਚੋਣਾਂ ਵਿਚ ਜਿੱਤ ਜਾਂ ਹਾਰ ਇਹਦੇ ਲਈ ਹੁਣ ਤਕਰੀਬਨ ਬੇਮਾਇਨਾ ਹੋ ਗਈ ਹੈ। ਕੇਂਦਰੀ ਪੱਧਰ ਉਤੇ ਇਹ ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਅਸਫਲ ਕਰ ਚੁੱਕੀ ਹੈ ਅਤੇ ਇੱਕਾ-ਦੁੱਕਾ ਖੇਤਰੀ ਪਾਰਟੀਆਂ ਨੂੰ ਛੱਡ ਕੇ ਬਾਕੀ ਸਭ ਖੇਤਰੀ ਪਾਰਟੀਆਂ ਦੀ ਚੁਣੌਤੀ ਵੀ ਇਸ ਨੇ ਤਕਰੀਬਨ ਖਤਮ ਕਰ ਦਿੱਤੀ ਹੈ। ਫਿਰ ਵੀ, ਪੱਛਮੀ ਬੰਗਾਲ ਦੀਆਂ ਚੋਣਾਂ ਨੂੰ ਹਰ ਵਰਗ ਵਲੋਂ ਅਹਿਮੀਅਤ ਦਿੱਤੀ ਜਾ ਰਹੀ ਹੈ, ਕਿਉਂਕਿ ਇਸ ਨਾਲ ਇਹ ਸਾਬਤ ਹੋਣਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਕਿਸ ਢੰਗ-ਤਰੀਕੇ ਵੰਗਾਰਿਆ ਜਾ ਸਕਦਾ ਹੈ।

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਨੂੰ ਅਜੇ ਭਾਵੇਂ ਪੂਰਾ ਸਾਲ ਪਿਆ ਹੈ ਪਰ ਸੂਬੇ ਦੀਆਂ ਸਾਰੀਆਂ ਧਿਰਾਂ ਨੇ ਇਨ੍ਹਾਂ ਚੋਣਾਂ ਲਈ ਤਿਆਰੀ ਵਿੱਢ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਜਿਹੜਾ ਆਪਣਾ ਅਖੀਰਲਾ ਬਜਟ ਪੇਸ਼ ਕੀਤਾ ਹੈ, ਉਸ ਉਤੇ ਇਨ੍ਹਾਂ ਚੋਣਾਂ ਦਾ ਪ੍ਰਛਾਵਾਂ ਸਾਫ ਦੇਖਿਆ ਜਾ ਸਕਦਾ ਹੈ। ਕੋਈ ਨਵਾਂ ਕਰ ਲਾਉਣ ਦੀ ਤਾਂ ਗੱਲ ਹੀ ਛੱਡੋ, ਛੋਟਾਂ ਇੰਨਾ ਦਿਲ ਖੋਲ੍ਹ ਕੇ ਦਿੱਤੀਆਂ ਹਨ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਆਪਣੇ ਬਜਟ ਨੂੰ ਵਾਜਿਬ ਠਹਿਰਾਉਣ ਔਖਾ ਸਾਬਤ ਹੋ ਰਿਹਾ ਹੈ। ਜਿਹੜਾ ਸੂਬਾ ਆਰਥਿਕ ਸੰਕਟ ਨਾਲ ਬੁਰੀ ਤਰ੍ਹਾਂ ਜੂਝ ਰਿਹਾ ਹੋਵੇ; ਜਿਥੇ ਤਕਰੀਬਨ ਹਰ ਵਰਗ ਮੁਸ਼ਕਿਲਾਂ ਅੰਦਰ ਘਿਰਿਆ ਹੋਵੇ; ਉਥੇ ਸਿਰਫ ਵੋਟਾਂ ਬਟੋਰਨ ਖਾਤਰ ਹੀ ਪੈਸਾ ਪਾਣੀ ਵਾਂਗ ਵਹਾਉਣ ਲਈ ਟਿਲ ਲਾ ਦਿੱਤਾ ਗਿਆ ਹੋਵੇ, ਤਾਂ ਫਿਰ ਸਿਆਸੀ ਦਿਆਨਤਦਾਰੀ ਕਿਸ ਖਾਨੇ ਵਿਚ ਰੱਖੀ ਜਾਵੇਗੀ? ਚੇਤੇ ਕਰਵਾਉਣਾ ਪਵੇਗਾ ਕਿ ਪਿਛਲੀਆਂ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨੂੰ ਇਹ ਹੋਕਾ ਲਾ ਕੇ ਵੋਟਾਂ ਮੰਗੀਆਂ ਸਨ ਕਿ ਇਹ ਚੋਣਾਂ (2017 ਵਾਲੀਆਂ) ਉਨ੍ਹਾਂ ਦੇ ਸਿਆਸੀ ਜੀਵਨ ਦੀਆਂ ਆਖਰੀ ਚੋਣਾਂ ਹਨ। ਉਸ ਵਕਤ ਜਿੰਨੇ ਵੀ ਵਾਅਦੇ ਕੀਤੇ ਗਏ, ਉਨ੍ਹਾਂ ਵਿਚੋਂ ਇਕ ਵੀ ਵਾਅਦਾ ਰੂਹ ਨਾਲ ਪੂਰਾ ਨਹੀਂ ਕੀਤਾ ਪਰ ਜਦੋਂ ਉਨ੍ਹਾਂ ਦੇਖਿਆ ਕਿ ਵਿਰੋਧ ਧਿਰ ਦੀਆਂ ਨਾਕਾਮੀਆਂ ਕਾਰਨ ਚੋਣਾਂ ਦਾ ਪਿੜ ਤਕਰੀਬਨ ਖਾਲੀ ਹੈ ਤਾਂ ਉਨ੍ਹਾਂ ਇਸ ਵਾਰ ਵੀ ਚੋਣ ਪਿੜ ਵਿਚ ਪੈਰ ਲਿਆ ਧਰਿਆ ਹੈ। ਪਾਰਟੀ ਹਾਈ ਕਮਾਨ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ।

ਜ਼ਾਹਿਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਹਾਈ ਕਮਾਨ ਦਾ ਵਧੇਰੇ ਧਿਆਨ ਚੋਣਾਂ ਵਾਲੇ ਪਾਸੇ ਹੀ ਹੈ, ਜੂਝ ਰਹੇ ਕਿਸਾਨਾਂ ਲਈ ਗਾਹੇ-ਬਗਾਹੇ ਮਗਰਮੱਛ ਦੇ ਹੰਝੂ ਜ਼ਰੂਰ ਵਹਾ ਲਏ ਜਾਂਦੇ ਹਨ। ਸੂਬੇ ਦੀ ਦੂਜੀਆਂ ਸਿਆਸੀ ਧਿਰਾਂ ਦੀ ਪਹੁੰਚ ਵੀ ਇਸ ਤੋਂ ਕੋਈ ਵੱਖਰੀ ਨਹੀਂ ਹੈ। ਆਮ ਆਦਮੀ ਪਾਰਟੀ ਚੋਣਾਂ ਖਾਤਰ ਜੋ ਕੁਝ ਕਰ ਸਕਦੀ ਹੈ, ਉਹ ਤੱਥ ਹੁਣ ਕਿਸੇ ਤੋਂ ਲੁਕੇ ਹੋਏ ਨਹੀਂ ਹਨ। ਇਸ ਪਾਰਟੀ ਨੇ ਪਹਿਲਾਂ-ਪਹਿਲ ਇਹ ਦਾਅਵਾ ਕੀਤਾ ਸੀ ਕਿ ਇਸ ਦਾ ਮੁੱਖ ਮਕਸਦ ਬੁਰੀ ਤਰ੍ਹਾਂ ਗਲ-ਸੜ ਚੁੱਕੀ ਸਿਆਸਤ ਨੂੰ ਮੋੜਾ ਦੇਣਾ ਹੈ ਪਰ ਇਸ ਦੀ ਕਾਰਗੁਜ਼ਾਰੀ ਇਹੀ ਸਾਬਤ ਕਰ ਰਹੀ ਹੈ ਕਿ ਇਹ ਵੀ ਹੋਰ ਪਾਰਟੀਆਂ ਵਾਂਗ ਉਸੇ ਢਾਂਚੇ ਅੰਦਰ ਸਜ-ਫਬ ਗਈ ਹੈ। ਸ਼੍ਰੋਮਣੀ ਅਕਾਲੀ ਦਲ ਪਿਛਲੇ ਕਈ ਸਾਲਾਂ ਤੋਂ ਸਿਆਸੀ ਪਛਾੜ ਦੀ ਮਾਰ ਝੱਲ ਰਿਹਾ ਹੈ। ਇਸੇ ਦੌਰਾਨ ਦਲ ਅੰਦਰ ਹੋਈ ਟੁੱਟ-ਭੱਜ ਨੇ ਇਸ ਦਾ ਸੰਕਟ ਹੋਰ ਵਧਾਇਆ ਹੈ। ਉਪਰੋਂ ਕਿਸਾਨੀ ਅੰਦੋਲਨ ਨੇ ਇਸ ਦਾ ਕੇਂਦਰੀ ਸੱਤਾ ਨਾਲੋਂ ਨਾਤਾ ਵੀ ਜਬਰੀ ਤੁੜਵਾ ਦਿੱਤਾ ਹੈ। ਪੰਜਾਬ ਦੀਆਂ ਖੱਬੀਆਂ ਧਿਰਾਂ ਦੀ ਚਰਚਾ ਸਿਆਸੀ ਵਿਸ਼ਲੇਸ਼ਣਕਾਰ ਚਿਰੋਕਣੀ ਬੰਦ ਕਰ ਚੁੱਕੇ ਹਨ। ਸੰਘਰਸ਼ ਦੇ ਪਿੜਾਂ ਅੰਦਰ ਇਨ੍ਹਾਂ ਧਿਰਾਂ ਦਾ ਵਜੂਦ ਭਾਵੇਂ ਅੱਜ ਵੀ ਪ੍ਰਚੰਡ ਰੂਪ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ ਪਰ ਚੋਣ ਸਿਆਸਤ ਦੀ ਬਿਸਾਤ ਉਤੇ ਇਹ ਪੂਰੀ ਤਰ੍ਹਾਂ ਚਿੱਤ ਹੋ ਚੁੱਕੀਆਂ ਹਨ। ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਇਨ੍ਹਾਂ ਸਾਰੀਆਂ ਸਿਆਸੀ ਜਮਾਤਾਂ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਜ਼ਰੂਰ ਕੀਤਾ ਸੀ ਪਰ ਇਨ੍ਹਾਂ ਜਮਾਤਾਂ ਨੇ ਇਸ ਅੰਦੋਲਨ ਤੋਂ ਕੁਝ ਸਿੱਖਣ ਦੀ ਬਜਾਇ ਇਸ ਵਲ ਇਕ ਤਰ੍ਹਾਂ ਪਿੱਠ ਹੀ ਕੀਤੀ ਹੋਈ ਹੈ। ਕਿਸਾਨ ਅੰਦੋਲਨ ਵੱਲ ਪਿੱਠ ਇਸ ਰੂਪ ਵਿਚ ਜ਼ਾਹਿਰ ਹੋ ਰਹੀ ਹੈ ਕਿ ਬਿਆਨਬਾਜ਼ੀ ਤੋਂ ਬਗੈਰ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਕਿਸੇ ਵੀ ਧਿਰ ਨੇ ਕੋਈ ਯੋਗਦਾਨ ਨਹੀਂ ਪਾਇਆ। ਇਸੇ ਕਰ ਕੇ ਐਤਕੀਂ ਪੰਜਾਬ ਦੀਆਂ ਚੋਣਾਂ ਇਸ ਕਰ ਕੇ ਵੀ ਵੱਖਰੀਆਂ ਹੋ ਸਕਦੀਆਂ ਹਨ ਕਿ ਇਕ ਪਾਸੇ ਸਿਆਸੀ ਕੋੜਮਾ ਹੋਵੇਗਾ, ਤੇ ਦੂਜੇ ਪਾਸੇ ਪਿੜ ਵਿਚ ਜੂਝ ਰਹੇ ਕਿਸਾਨਾਂ ਦੇ ਮਸਲੇ ਹੋਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦਿੱਲੀ-ਲੰਡਨ-ਅਮਰੀਕਾ?*

ਨੀਤੀ ਵਰਤ ਕੇ ਦੇਖ ਲਈ ਚਾਣਕੇ ਦੀ, ਸਕੇ ਤੋੜ ਨਾ ਹੌਸਲਾ ਕਿਰਤੀਆਂ ਦਾ।
ਮਿਹਨਤਕਸ਼ਾਂ ਨੂੰ ਰੱਬੋਂ ਈ 'ਗਿਫਟ' ਹੁੰਦਾ, ਸਦਾ ਜੁੜਨੇ ਵਾਲੀਆਂ ਬਿਰਤੀਆਂ ਦਾ।
ਲੱਠ ਏਕਤਾ ਵਾਲੀ ਮੂੰਹ ਭੰਨਦੀ ਐ, ਕਰੀਆਂ ਸਾਜ਼ਿਸ਼ੀ ਗਿਣਤੀਆਂ ਮਿਣਤੀਆਂ ਦਾ।
'ਜੈ ਚੰਦ' ਵੀ ਭਾਵੇਂ ਨਹੀਂ ਬਾਜ ਆਉਂਦੇ, ਡੰਕਾ ਵੱਜਦਾ ਆਖਰ ਨੂੰ 'ਪਿਰਥੀਆਂ' ਦਾ।
ਹੱਦਾਂ ਟੱਪ ਕੇ ਦੇਸ-ਪਰਦੇਸ ਪਹੁੰਚਾ, ਮਸਲਾ ਬਣਨ ਕੌਮਾਂਤਰੀ ਚੱਲਿਆ ਏ।
ਲੰਡਨ ਪਾਰਲੀਮੈਂਟ ਵਿਚ ਗੂੰਜਣਾ ਏਂ, ਦੇਖੋ 'ਟਾਈਮ' ਅਮਰੀਕਾ ਦਾ ਮੱਲਿਆ ਏ!

# ਪੱਛਮੀ ਬੰਗਾਲ ਦੀਆਂ ਚੋਣਾਂ ਅਤੇ ਭਾਜਪਾ ਦਾ ਦਾਈਆ

*ਭਾਰਤ ਦੇ ਪੰਜ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਪਰ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਵਿਚੋਂ ਪੱਛਮੀ ਬੰਗਾਲ ਰਾਜ ਵਿਚ ਆਪਣੀ ਸਾਰੀ ਤਾਕਤ ਝੋਕੀ ਹੋਈ ਹੈ। ਮੁੱਢਲੀਆਂ ਕਿਆਸਆਰਾਈਆਂ ਮੁਤਾਬਿਕ ਇਸ ਰਾਜ ਵਿਚ ਤ੍ਰਿਣਮੂਲ ਕਾਂਗਰਸ ਦਾ ਹੱਥ ਉਪਰ ਹੈ ਜਿਸ ਦੀ ਅਗਵਾਈ ਮਮਤਾ ਬੈਨਰਜੀ ਕਰ ਰਹੀ ਹੈ। ਉਹ ਪਿਛਲੇ ਦਸ ਸਾਲ ਤੋਂ ਸਰਕਾਰ ਚਲਾ ਰਹੀ ਹੈ ਅਤੇ ਆਪਣੀਆਂ ਖਾਸ ਯੋਜਨਾਵਾਂ ਨਾਲ ਉਸ ਨੇ ਸਭ ਦਾ ਧਿਆਨ ਖਿੱਚਿਆ ਹੈ ਪਰ ਭਾਰਤ ਦੀ ਚੋਣ ਸਿਆਸਤ ਬੇਹੱਦ ਟੇਢੀ ਹੈ। ਇਸ ਅੰਦਰ ਵਿਆਪਕ ਤੌਰ 'ਤੇ ਆ ਸਕਦੇ ਉਤਰਾਵਾਂ-ਚੜ੍ਹਾਵਾਂ ਬਾਰੇ ਚਰਚਾ ਉਘੇ ਸਿਆਸੀ ਵਿਸ਼ਲੇਸ਼ਣਕਾਰ ਅਭੈ ਕੁਮਾਰ ਦੂਬੇ ਨੇ ਆਪਣੇ ਇਸ ਲੇਖ ਅੰਦਰ ਦਰਜ ਕੀਤੇ ਹਨ। -ਸੰਪਾਦਕ*

ਪੱਛਮੀ ਬੰਗਾਲ ਦੀ ਚੋਣ ਰਾਜਨੀਤੀ ਇਸ ਸਮੇਂ ਬੁਝਾਰਤ ਜਿਹੀ ਬਣੀ ਹੋਈ ਹੈ। ਚੋਣਾਂ ਤੋਂ ਪਹਿਲਾਂ ਦੇ ਸਰਵੇਖਣਾਂ ਤੋਂ ਜੋ ਸਮਝ ਨਿਕਲ ਕੇ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਅੱਜ ਦੀ ਤਰੀਕ ਤੱਕ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੂੰ ਪੂਰਾ ਬਹੁਮਤ ਮਿਲ ਸਕਦਾ ਹੈ ਅਤੇ ਭਾਰਤੀ ਜਨਤਾ ਪਾਰਟੀ ਦਾ ਅਸਾਧਾਰਨ ਉਭਾਰ 100 ਸੀਟਾਂ ਦੇ ਨੇੜੇ-ਤੇੜੇ ਰੁਕ ਸਕਦਾ ਹੈ ਪਰ ਇਹ ਅਨੁਮਾਨ ਸ਼ੁਰੂਆਤੀ ਕਿਸਮ ਦਾ ਹੈ। ਬਾਜ਼ੀ ਪੂਰੀ ਤਰ੍ਹਾਂ ਨਾਲ ਪਲਟ ਸਕਦੀ ਹੈ ਅਤੇ ਮਮਤਾ

**ਅਭੈ ਕੁਮਾਰ ਦੂਬੇ**

ਬੈਨਰਜੀ ਨੂੰ ਭਾਜਪਾ ਹੱਥੋਂ ਹਾਰ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਨਤੀਜਾ ਦੋਵਾਂ ਵਿਚੋਂ ਕੋਈ ਵੀ ਹੋਵੇ, ਉਸ ਨਾਲ ਕੌਮੀ ਰਾਜਨੀਤੀ 'ਤੇ ਗਹਿਰਾ ਅਸਰ ਪਵੇਗਾ। ਜੇਕਰ ਮਮਤਾ ਦੀ ਵਾਪਸੀ ਹੋਈ ਤਾਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਪਣੇ ਪਹਿਲਾਂ ਤੋਂ ਜਾਰੀ ਸੰਕਟਾਂ ਵਿਚ ਹੋਰ ਜ਼ਿਆਦਾ ਫਸ ਜਾਏਗੀ। ਦਿੱਲੀ ਨੂੰ ਤਿੰਨ ਪਾਸਿਆਂ ਤੋਂ ਘੇਰਨ ਵਾਲੇ ਕਿਸਾਨ ਸੰਗਠਨ ਹੋਰ ਵੀ ਦ੍ਰਿੜ੍ਹਤਾ ਨਾਲ ਤਿੰਨੇ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਮੰਗ ਕਰਦੇ ਹੋਏ ਦਿਖਾਈ ਦੇਣਗੇ। ਨਾ ਸਿਰਫ ਇਹ, ਸਗੋਂ ਉਨ੍ਹਾਂ ਨੂੰ ਮਿਲਣ ਵਾਲੇ ਸਮਰਥਨ ਦੀ ਮਾਤਰਾ ਅਤੇ ਕੁਆਲਿਟੀ ਵਿਚ ਵੀ ਜ਼ਬਰਦਸਤ ਵਾਧਾ ਹੋਵੇਗਾ; ਪਰ ਜੇਕਰ ਭਾਜਪਾ ਨੇ ਪੱਛਮੀ ਬੰਗਾਲ ਦਾ ਮੋਰਚਾ ਜਿੱਤ ਲਿਆ ਤਾਂ ਹਾਲਾਤ ਇਕ ਵਾਰ ਫਿਰ ਨਰਿੰਦਰ ਮੋਦੀ ਦੇ ਪੱਖ ਵਿਚ ਝੁਕ ਜਾਣਗੇ। ਉਨ੍ਹਾਂ ਕੋਲ ਕਹਿਣ ਲਈ ਬਹੁਤ ਕੁਝ ਹੋਵੇਗਾ। ਉਨ੍ਹਾਂ ਦੀ ਸਰਕਾਰ ਇਕ ਵਾਰ ਫਿਰ ਦੇਸ਼ ਸਾਹਮਣੇ ਆਪਣੀ ਉਚੀ ਰਾਜਨੀਤਕ ਵਾਜਬੀਅਤ ਦਾ ਦਾਅਵਾ ਕਰ ਸਕੇਗੀ। ਉਸ ਹਾਲਤ ਵਿਚ ਕਿਸਾਨ ਅੰਦੋਲਨ ਅਤੇ ਨਾਲ-ਨਾਲ ਵਿਰੋਧੀ ਪਾਰਟੀਆਂ ਨੂੰ ਵੀ ਆਪਣੀਆਂ ਲੰਮੇ ਸਮੇਂ ਦੀਆਂ ਰਣਨੀਤੀਆਂ 'ਤੇ ਮੁੜ ਵਿਚਾਰ ਕਰਨਾ ਪੈ ਸਕਦਾ ਹੈ।

ਜੇਕਰ ਸਭ ਕੁਝ ਭਾਜਪਾ ਅਤੇ ਉਸ ਦੀਆਂ ਯੋਜਨਾਵਾਂ ਅਨੁਸਾਰ ਹੋਇਆ ਤਾਂ 2 ਮਈ ਦੀ ਤਾਰੀਕ ਮੋਦੀ ਸਰਕਾਰ ਲਈ ਕਈ ਮੁਸ਼ਕਿਲਾਂ ਦਾ ਹੱਲ ਸਾਬਤ ਹੋਵੇਗੀ। ਸ਼ਰਤ ਇਹ ਹੈ ਕਿ ਇਸ ਦਿਨ ਆਉਣ ਵਾਲੇ ਚੋਣ ਨਤੀਜਿਆਂ ਵਿਚ ਭਾਜਪਾ ਇਕ ਵਾਰ ਫਿਰ ਅਸਾਮ ਵਿਚ ਸਰਕਾਰ ਬਣਾਉਂਦੀ ਹੋਈ ਦਿਖਾਈ ਦੇਵੇ, ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੂੰ ਹਰਾ ਕੇ ਕਮਾਲ ਦਾ ਨਤੀਜਾ ਕੱਢੇ, ਪੁਡੂਚੇਰੀ ਵਿਚ ਉਸ ਦਾ ਗੱਠਜੋੜ ਸਹੁੰ ਚੁੱਕੇ, ਤਾਮਿਲਨਾਡੂ ਵਿਚ ਉਸ ਦੇ ਗੱਠਜੋੜ ਭਾਈਵਾਲ ਨੂੰ ਸੱਤਾ ਮਿਲੇ ਅਤੇ ਕੇਰਲ ਦੀ ਵਿਧਾਨ ਸਭਾ ਵਿਚ ਉਸ ਦੀ ਮੌਜੂਦਗੀ ਪਹਿਲਾਂ ਨਾਲੋਂ ਬਿਹਤਰ ਹੋਵੇ; ਪਰ ਕੀ ਅਜਿਹਾ ਹੋ ਸਕਦਾ ਹੈ?

ਦੱਖਣੀ ਭਾਰਤ ਵਿਚ ਭਾਵੇਂ ਉਸ ਦੀਆਂ ਉਮੀਦਾਂ ਪੂਰੀਆਂ ਨਾ ਹੋਣ, ਭਾਜਪਾ ਦੇ ਰਣਨੀਤੀਕਾਰ ਏਨਾ ਤਾਂ ਘੱਟੋ-ਘੱਟ ਚਾਹੁਣਗੇ ਹੀ ਕਿ ਅਸਾਮ ਵਿਚ ਉਸ ਦੀ ਵਾਪਸੀ ਹੋਵੇ ਅਤੇ ਬੰਗਾਲ ਵਿਚ ਕਮਲ ਦਾ ਝੰਡਾ ਲਹਿਰਾਏ। ਉਂਜ, ਜੇਕਰ ਅਸਾਮ ਅਤੇ ਬੰਗਾਲ ਵਿਚੋਂ ਚੋਣ ਕਰਨ ਲਈ ਕਿਹਾ ਜਾਵੇ ਤਾਂ ਭਾਜਪਾ ਅਸਾਮ ਵਿਚ ਆਪਣੇ ਨੁਕਸਾਨ ਦੀ ਕੀਮਤ 'ਤੇ ਬੰਗਾਲ ਦੀ ਚੋਣ ਜਿੱਤਣਾ ਪਸੰਦ ਕਰੇਗੀ; ਭਾਵ, ਭਾਜਪਾ ਦੀ ਸਾਰੀ ਰਾਜਨੀਤਕ ਇੱਛਾ ਦਾ ਕੇਂਦਰ ਬੰਗਾਲ ਹੈ। ਸਿਰਫ ਇਕ ਵਾਰ ਜਿੱਤ ਚੁੱਕੇ ਅਸਾਮ ਨੂੰ ਜਿੱਤਣ ਨਾਲ ਕੁਝ ਨਹੀਂ ਹੋਣ ਵਾਲਾ। ਦਰਅਸਲ, ਇਸ ਸਮੇਂ ਭਾਜਪਾ ਦੇ ਸਾਰੇ ਰੋਗਾਂ ਦੀ ਵੈਕਸੀਨ ਬੰਗਾਲ ਦੀ ਚੋਣ ਜਿੱਤਣ ਵਿਚ ਹੈ। ਇਸ ਲਈ ਉਸ ਨੇ ਸਾਰੇ ਸਾਧਨ, ਸਾਰੇ ਨੇਤਾ, ਸਾਰੀਆਂ ਰਣਨੀਤੀਆਂ ਅਤੇ ਸਾਰੇ ਢੰਗ-ਤਰੀਕੇ ਬੰਗਾਲ ਵਿਚ ਹੀ ਲਗਾ ਦਿੱਤੇ ਹਨ।

ਇਸ ਦਾ ਮੁੱਖ ਕਾਰਨ ਇਹ ਹੈ ਕਿ ਮੋਦੀ ਸਰਕਾਰ ਇਸ ਸਮੇਂ ਜਿਸ ਤਰ੍ਹਾਂ ਚਾਰੇ ਪਾਸਿਆਂ ਤੋਂ ਸੰਕਟ ਵਿਚ ਘਿਰੀ ਹੋਈ ਹੈ, ਉਸ ਦਾ ਇਲਾਜ ਸਿਰਫ ਇਕ ਜ਼ਬਰਦਸਤ ਚੋਣ ਜਿੱਤ ਨਾਲ ਹੀ ਹੋ ਸਕਦਾ ਹੈ। ਇਹ ਠੀਕ ਉਹੀ ਹਾਲਤ ਹੈ, ਜਿਵੇਂ ਮੋਦੀ ਦੇ ਪਹਿਲੇ ਕਾਰਜਕਾਲ ਵਿਚ 2015 ਵਿਚ ਪੈਦਾ ਹੋਈ ਸੀ। ਦਿੱਲੀ ਅਤੇ ਬਿਹਾਰ ਦੀ ਚੋਣ ਵਿਚ ਅਪਮਾਨਜਨਕ ਹਾਰ ਤੋਂ ਬਾਅਦ ਸਲਾਹਕਾਰ ਮੰਡਲ ਦੇ ਠੰਢੇ ਬਸਤੇ ਵਿਚ ਪਏ ਬੁਜ਼ਰਗ ਨੇਤਾ ਵੀ ਆਵਾਜ਼ ਉਠਾਉਣ ਲੱਗੇ ਸਨ। ਉਨ੍ਹਾਂ ਦੇ ਬਿਆਨਾਂ ਨਾਲ ਪਾਰਟੀ ਵਿਚ ਭੱਜ-ਦੌੜ ਮਚ ਗਈ ਸੀ। ਕਿਸੇ ਤਰੀਕੇ ਨਾਲ ਉਸ ਸੰਕਟ ਦਾ ਇਲਾਜ ਕੀਤਾ ਗਿਆ ਪਰ ਸਾਖ ਡਿਗਣ ਦਾ ਡਰ ਸਿਰ 'ਤੇ ਮੰਡਰਾਉਂਦਾ ਰਿਹਾ। ਫਿਰ ਆਇਆ 2017 ਅਤੇ ਉਤਰ ਪ੍ਰਦੇਸ਼ ਵਿਚ ਲਗਭਗ ਦੋ ਦਹਾਕਿਆਂ ਬਾਅਦ ਭਾਜਪਾ ਨੇ ਅਸਾਧਾਰਨ ਸਵਾ ਤਿੰਨ ਸੌ ਸੀਟਾਂ ਜਿੱਤ ਕੇ ਸੰਕਟ ਤੋਂ ਛੁਟਕਾਰਾ ਪ੍ਰਾਪਤ ਕਰ ਲਿਆ। ਮੋਦੀ ਨੇ ਇਸ ਤੋਂ ਬਾਅਦ ਪਿੱਛੇ ਮੁੜ ਕੇ ਨਹੀਂ ਦੇਖਿਆ।

ਇਕ ਤਰ੍ਹਾਂ ਨਾਲ ਅੱਜ ਦਾ ਸੰਕਟ 2015 ਤੋਂ ਵੀ ਵੱਡਾ ਹੈ। ਕਿਸਾਨਾਂ ਨੇ ਦਿੱਲੀ ਦਾ ਇਤਿਹਾਸਕ ਘੇਰਾ ਪਾਇਆ ਹੋਇਆ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਹਰ ਰੋਜ਼ ਮੋਦੀ ਸਰਕਾਰ ਦੇ ਦਬਦਬੇ ਨੂੰ ਖੁੱਲ੍ਹੀ ਚੁਣੌਤੀ ਮਿਲ ਰਹੀ ਹੈ ਅਤੇ ਸਰਕਾਰ ਲਾਜਵਾਬ ਹੈ। ਹੌਲੀ-ਹੌਲੀ ਆਰਥਿਕ ਮੰਗਾਂ ਤੋਂ ਸ਼ੁਰੂ ਹੋਇਆ ਅੰਦੋਲਨ ਭਾਜਪਾ ਵਿਰੋਧੀ ਸਮਾਜਿਕ ਗੋਲਬੰਦੀ ਵਿਚ ਬਦਲਦਾ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਨੂੰ ਜੇਕਰ ਸਹੀ ਮੰਨੀਏ ਤਾਂ ਜੀ.ਡੀ.ਪੀ. ਸਿਰਫ .4 ਫੀਸਦੀ ਹੀ ਹੈ। ਮਾਲੀਏ ਦੀ ਆਮਦਨੀ ਵੀ ਗਿਰਾਵਟ ਵੱਲ ਹੈ; ਇਸ ਲਈ ਪੈਟਰੋਲ, ਡੀਜ਼ਲ, ਗੈਸ ਅਤੇ ਰੇਲਵੇ ਦੀਆਂ ਟਿਕਟਾਂ ਰਾਹੀਂ ਜਨਤਾ ਦੀ ਜੇਬ ਵਿਚੋਂ ਪੈਸਾ ਖਿੱਚਿਆ ਜਾ ਰਿਹਾ ਹੈ। ਇਸ ਦੀ ਹੱਦ ਕਿੱਥੇ ਹੈ, ਇਹ ਅਜੇ ਤੱਕ ਸਰਕਾਰ ਤੈਅ ਨਹੀਂ ਕਰ ਸਕੀ। ਵਿਦੇਸ਼ ਨੀਤੀ ਨੂੰ ਤਾਂ ਪਿਛਲੇ ਕਾਫੀ ਸਮੇਂ ਤੋਂ ਚੀਨੀ ਅਤੇ ਨੇਪਾਲੀ ਰੋਗ ਲੱਗਾ ਹੋਇਆ ਹੈ।

ਭਾਜਪਾ ਪਿਛਲੀਆਂ ਉਤਰ ਪ੍ਰਦੇਸ਼ ਦੀਆਂ ਚੋਣਾਂ ਜਿੱਤੇਗੀ, ਇਸ ਦੀ ਉਸ ਸਮੇਂ ਕੋਈ ਗਾਰੰਟੀ ਨਹੀਂ ਸੀ। ਠੀਕ ਉਸੇ ਤਰ੍ਹਾਂ ਬੰਗਾਲ ਚੋਣਾਂ ਜਿੱਤਣ ਦੀ ਵੀ ਕੋਈ ਗਾਰੰਟੀ ਨਹੀਂ ਹੈ। ਇਕ ਤਰ੍ਹਾਂ ਨਾਲ ਇਹ ਜ਼ਿਆਦਾ ਮੁਸ਼ਕਿਲ ਹੈ। ਚੁਣੌਤੀਆਂ ਤਿੰਨ ਤਰ੍ਹਾਂ ਦੀਆਂ ਹਨ। ਪਹਿਲੀ, ਭਾਜਪਾ ਨੂੰ ਆਪਣਾ ਲੋਕ ਸਭਾ ਦਾ ਪ੍ਰਦਰਸ਼ਨ ਵਿਧਾਨ ਸਭਾ ਚੋਣਾਂ ਵਿਚ ਦੁਹਰਾਉਣ ਦੀ ਗਾਰੰਟੀ ਕਰਨੀ ਪਵੇਗੀ। ਮੁਸ਼ਕਿਲ ਇਹ ਹੈ ਕਿ ਸੂਬਿਆਂ ਵਿਚ ਭਾਜਪਾ ਦੇ ਵੋਟ ਲੋਕ ਸਭਾ ਦੇ ਮੁਕਾਬਲੇ 10-12 ਫੀਸਦੀ ਡਿਗ ਜਾਂਦੇ ਹਨ। ਉਤਰ ਪ੍ਰਦੇਸ਼ ਹੀ ਇਸ ਨਿਯਮ ਦਾ ਅਪਵਾਦ ਹੈ। ਕੀ ਦੂਜਾ ਅਪਵਾਦ ਪੱਛਮੀ ਬੰਗਾਲ ਹੋਵੇਗਾ? ਦੂਜੀ, ਕਾਂਗਰਸ ਅਤੇ ਮਾਰਕਸੀ ਪਾਰਟੀ ਦੇ ਗੱਠਜੋੜ ਨੂੰ ਚੋਣ ਲੜਾਈ ਨੂੰ ਤਿੰਨ ਤਰਫਾ ਬਣਾਉਣ ਤੋਂ ਰੋਕਣਾ ਹੋਵੇਗਾ। ਜੇਕਰ ਅਜਿਹਾ ਨਾ ਹੋਇਆ ਤਾਂ ਮਮਤਾ ਬੈਨਰਜੀ ਨੂੰ ਤੀਜੀ ਵਾਰ ਸਹੁੰ ਚੁੱਕਣ ਤੋਂ ਭਾਜਪਾ ਨਹੀਂ ਰੋਕ ਸਕੇਗੀ। ਤੀਸਰੀ, ਕਿਸੇ ਤਰ੍ਹਾਂ ਮਮਤਾ ਦੇ ਬਰਾਬਰ ਦਾ ਮੁੱਖ ਮੰਤਰੀ ਦਾ ਚਿਹਰਾ ਨਾ ਹੋਣ ਦੀ ਕਮੀ ਦੀ ਪੂਰਤੀ ਕਰਨੀ ਹੋਵੇਗੀ। ਮੁਸ਼ਕਿਲ ਇਹ ਹੈ ਕਿ ਖੁਦ ਭਾਜਪਾ ਵੀ ਨਹੀਂ ਜਾਣਦੀ ਕਿ ਅਜਿਹਾ ਉਹ ਕਿਵੇਂ ਕਰ ਸਕੇਗੀ?

*ਬੰਗਾਲ ਵਿਚ ਚੋਣਾਂ ਅੱਠ ਪੜਾਵਾਂ ਵਿਚ ਹੋਣਗੀਆਂ। ਇਸ ਲਿਹਾਜ਼ ਨਾਲ ਰਾਜਨੀਤਕ ਦਲਾਂ ਨੇ ਆਪਣੀ ਰਣਨੀਤੀ ਬਣਾਈ ਹੈ। ਭਾਜਪਾ ਨੇ ਪਹਿਲਾਂ ਦੋ ਪੜਾਵਾਂ ਲਈ ਹੀ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਚੋਣ ਜ਼ਮੀਨ ਦੀ ਜਾਣਕਾਰੀ ਰੱਖਣ ਵਾਲੇ ਮਹਿਰਾਂ ਦੀ ਰਾਏ ਹੈ ਕਿ ਮਮਤਾ ਬੈਨਰਜੀ ਦੀਆਂ ਰਾਹਤ ਯੋਜਨਾਵਾਂ ਚੰਗਾ ਕੰਮ ਕਰਨ ਵਾਲੀਆਂ ਸਾਬਤ ਹੋਈਆਂ ਹਨ ਪਰ ਸਿਰਫ ਇਹ ਉਨ੍ਹਾਂ ਨੂੰ ਚੋਣ ਨਹੀਂ ਜਿਤਾ ਸਕਣਗੀਆਂ?*

ਇਕ ਵੱਡੇ ਅਤੇ ਉਘੇ ਬੰਗਾਲੀ ਚਿਹਰੇ ਦੀ ਖੋਜ ਵਿਚ ਭਾਜਪਾ ਨੂੰ ਕਈ ਦਰਵਾਜ਼ੇ ਖੜਕਾਉਣੇ ਪੈ ਰਹੇ ਹਨ। ਉਸ ਨੇ ਪਹਿਲਾ ਦਾਅ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਸੌਰਵ ਗਾਂਗੁਲੀ 'ਤੇ ਲਗਾਇਆ ਸੀ। ਕ੍ਰਿਕਟ ਕੰਟਰੋਲ ਬੋਰਡ ਦੀ ਰਾਜਨੀਤੀ ਵਿਚ ਗਾਂਗੁਲੀ ਨੂੰ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਦੇ ਨਾਲ ਸੰਪਰਕ ਵਿਚ ਰਹਿਣਾ ਪੈਂਦਾ ਹੈ। ਇਸੇ ਦਾ ਲਾਭ ਉਠਾਉਂਦਿਆਂ ਭਾਜਪਾ ਨੇ ਸੌਰਵ ਗਾਂਗੁਲੀ ਦੇ ਨਾਲ ਗੱਲਬਾਤ ਸ਼ੁਰੂ ਕੀਤੀ ਪਰ ਅਜੇ ਤੱਕ 'ਬੰਗਾਲ ਟਾਈਗਰ' ਅਤੇ 'ਪ੍ਰਿੰਸ ਆਫ ਕੋਲਕਾਤਾ' ਦੇ ਨਾਂ ਨਾਲ ਮਸ਼ਹੂਰ ਇਸ ਸ਼ਾਨਦਾਰ ਖਿਡਾਰੀ ਨੇ ਭਾਜਪਾ ਦੇ ਪ੍ਰਸਤਾਵ 'ਤੇ ਹਾਂ ਨਹੀਂ ਕੀਤੀ। ਦਰਅਸਲ, ਉਸ ਦੇ ਤਾਰ ਪਹਿਲਾਂ ਤੋਂ ਮਮਤਾ ਬੈਨਰਜੀ ਨਾਲ ਵੀ ਜੁੜੇ ਹੋਏ ਹਨ। ਇਸ ਤੋਂ ਬਾਅਦ ਭਾਜਪਾ ਨੇ ਮਸ਼ਹੂਰ ਅਦਾਕਾਰ ਮਿਥੁਨ ਚੱਕਰਵਰਤੀ ਨਾਲ ਗੱਲਬਾਤ ਸ਼ੁਰੂ ਕੀਤੀ। ਮਿਥੁਨ ਤੋਂ ਭਾਜਪਾ ਨੂੰ ਵਧੇਰੇ ਹਾਂ-ਪੱਖੀ ਹੁੰਗਾਰਾ ਮਿਲਿਆ। ਉਨ੍ਹਾਂ ਨੇ ਸੰਘ ਦੇ ਮੁਖੀ ਨਾਲ ਮੁਲਾਕਾਤ ਕੀਤੀ ਅਤੇ ਮੋਦੀ ਨਾਲ ਮਿਲਣ ਦੀ ਇੱਛਾ ਵੀ ਪ੍ਰਗਟ ਕੀਤੀ। ਭਾਜਪਾ ਦੀ ਇੱਛਾ ਸੀ ਕਿ ਜਦੋਂ 7 ਮਾਰਚ ਨੂੰ ਮੋਦੀ ਦੀ ਚੋਣ ਰੈਲੀ ਹੋਵੇ ਤਾਂ ਮੰਚ 'ਤੇ ਕੋਈ ਨਾ ਕੋਈ ਬੰਗਾਲੀ ਚਿਹਰਾ ਦਿਖਾਈ ਦੇਵੇ। ਮਿਥੁਨ ਨੂੰ ਭਾਜਪਾ ਵਿਚ ਸ਼ਾਮਿਲ ਕਰਵਾ ਕੇ ਮੰਚ 'ਤੇ ਲਿਆਉਣ ਦੇ ਆਪਣੇ ਮਕਸਦ ਵਿਚ ਭਾਜਪਾ ਕਾਮਯਾਬ ਰਹੀ ਹੈ।

ਬੰਗਾਲ ਵਿਚ ਚੋਣਾਂ ਅੱਠ ਪੜਾਵਾਂ ਵਿਚ ਹੋਣਗੀਆਂ। ਇਸ ਲਿਹਾਜ਼ ਨਾਲ ਰਾਜਨੀਤਕ ਦਲਾਂ ਨੇ ਆਪਣੀ ਰਣਨੀਤੀ ਬਣਾਈ ਹੈ। ਭਾਜਪਾ ਨੇ ਪਹਿਲਾਂ ਦੋ ਪੜਾਵਾਂ ਲਈ ਹੀ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਚੋਣ ਜ਼ਮੀਨ ਦੀ ਜਾਣਕਾਰੀ ਰੱਖਣ ਵਾਲੇ ਮਹਿਰਾਂ ਦੀ ਰਾਏ ਹੈ ਕਿ ਮਮਤਾ ਬੈਨਰਜੀ ਦੀਆਂ ਰਾਹਤ ਯੋਜਨਾਵਾਂ ਚੰਗਾ ਕੰਮ ਕਰਨ ਵਾਲੀਆਂ ਸਾਬਤ ਹੋਈਆਂ ਹਨ ਪਰ ਸਿਰਫ ਇਹ ਉਨ੍ਹਾਂ ਨੂੰ ਚੋਣ ਨਹੀਂ ਜਿਤਾ ਸਕਣਗੀਆਂ? ਵੋਟਰ ਇਕ ਹੱਦ ਤੱਕ ਹੀ ਯੋਜਨਾਵਾਂ ਦੇ ਆਧਾਰ 'ਤੇ ਵੋਟ ਦੇਣ ਲਈ ਤਿਆਰ ਹੁੰਦੇ ਹਨ। ਉਹ ਤਬਦੀਲੀ ਲਈ ਵੀ ਵੋਟ ਪਾ ਸਕਦੇ ਹਨ। 1977 ਵਿਚ ਜਦੋਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਕਾਂਗਰਸ ਨੂੰ ਸੱਤਾ ਤੋਂ ਉਖਾੜਿਆ ਸੀ ਤਾਂ ਉਸ ਸਮੇਂ ਉਸ ਕੋਲ ਹਰ ਬੂਥ 'ਤੇ ਤਾਇਨਾਤ ਕਰਨ ਲਈ ਪੂਰੇ ਕਾਰਕੁਨ ਵੀ ਨਹੀਂ ਸਨ। ਇਸ ਤਰ੍ਹਾਂ ਜਦੋਂ ਮਮਤਾ ਨੇ ਮਾਰਕਸਵਾਦੀਆਂ ਦਾ ਤਖਤਾ ਪਲਟਿਆ ਸੀ ਤਾਂ ਉਸ ਕੋਲ ਵੀ ਮਾਰਕਸਵਾਦੀਆਂ ਵਰਗਾ ਸੰਗਠਨ ਨਹੀਂ ਸੀ। ਇਸ ਵਾਰ ਭਾਜਪਾ ਕੋਲ ਵੀ ਤ੍ਰਿਣਮੂਲ ਵਰਗਾ ਸੰਗਠਨ ਨਹੀਂ ਹੈ ਪਰ ਲੋਕਾਂ ਨੇ ਜਿਸ ਨੂੰ ਵੋਟ ਪਾਉਣੀ ਹੈ, ਉਸ ਨੂੰ ਪਾ ਦੇਣੀ ਹੈ। ਉਹ ਇਹ ਪਰਵਾਹ ਨਹੀਂ ਕਰਨਗੇ ਕਿ ਜਿਸ ਨੂੰ ਉਹ ਵੋਟ ਦੇ ਰਹੇ ਹਨ, ਉਸ ਦੀ ਸੰਗਠਨਾਤਮਿਕ ਤਾਕਤ ਕਿੰਨੀ ਹੈ।

# ਡਿਜੀਟਲ ਕਵਰੇਜ਼ ਦਾ ਭੈਅ

## ਆਲੋਚਕ ਪੱਤਰਕਾਰਾਂ ਅਤੇ ਡਿਜੀਟਲ ਪਲੈਟਫਾਰਮ 'ਤੇ ਸ਼ਿਕੰਜਾ ਕੱਸਿਆ

***ਆਰ.ਐਸ.ਐਸ.-ਭਾਜਪਾ ਸਰਕਾਰ ਆਲੋਚਕ ਪੱਤਰਕਾਰਾਂ ਅਤੇ ਡਿਜੀਟਲ ਪਲੈਟਫਾਰਮਾਂ ਦੀ ਜ਼ਬਾਨਬੰਦੀ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਤਰੀਕੇ ਅਪਨਾ ਰਹੀ ਹੈ। ਹੁਣੇ ਜਿਹੇ ਵਿਵਾਦਾਂ ਵਿਚ ਘਿਰੀ 'ਮੰਤਰੀਆਂ ਦੇ ਸਮੂਹ ਦੀ ਰਿਪੋਰਟ' ਇਨ੍ਹਾਂ ਵਿਚੋਂ ਇਕ ਹੈ। 'ਕਾਰਵਾਂ' ਮੈਗਜ਼ੀਨ ਦੇ ਸਿਆਸੀ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬਲ ਨੇ ਇਸ ਰਿਪੋਰਟ ਦਾ ਲੇਖਾ-ਜੋਖਾ ਕੀਤਾ ਹੈ। 'ਕਾਰਵਾਂ' ਦੇ ਧੰਨਵਾਦ ਸਹਿਤ ਇਸ ਮਹੱਤਵਪੂਰਨ ਤਬਸਰੇ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਹ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਡਿਜੀਟਲ ਨਿਊਜ਼ ਅਤੇ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਕੇਂਦਰ ਸਰਕਾਰ ਵੱਲੋਂ ਹੁਣੇ ਜਿਹੇ ਚੁੱਕੇ ਕਦਮ ਪਿੱਛੇ ਉਹ ਖਾਕਾ ਹੈ ਜੋ ਕੋਵਿਡ ਮਹਾਮਾਰੀ ਦੇ ਸਿਖਰ 'ਤੇ ਸਰਕਾਰ ਦੀ ਤਿਆਰ ਰਿਪੋਰਟ ਵਿਚ ਸੁਝਾਇਆ ਗਿਆ ਸੀ। ਇਸ ਰਿਪੋਰਟ ਨੂੰ ਜਿਨ੍ਹਾਂ ਮੰਤਰੀਆਂ ਦੇ ਸਮੂਹ ਜਾਂ ਜੀ.ਓ.ਐਮ. ਨੇ ਤਿਆਰ ਕੀਤਾ ਸੀ, ਉਸ ਵਿਚ ਪੰਜ ਕੈਬਨਿਟ ਮੰਤਰੀ ਅਤੇ ਚਾਰ ਰਾਜ ਮੰਤਰੀ ਸਨ। ਉਸ ਰਿਪੋਰਟ ਵਿਚ ਘੱਟਗਿਣਤੀ ਮਾਮਲਿਆਂ ਦੇ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਚਿੰਤਾ ਜ਼ਾਹਿਰ ਕੀਤੀ ਸੀ ਕਿ "ਸਾਡੇ ਕੋਲ ਐਸੀ ਮਜ਼ਬੂਤ ਰਣਨੀਤੀ ਹੋਣੀ ਚਾਹੀਦੀ ਹੈ ਜਿਸ ਨਾਲ ਤੱਥਾਂ ਤੋਂ ਬਗੈਰ ਸਰਕਾਰ ਦੇ ਖਿਲਾਫ ਲਿਖ ਕੇ ਝੂਠਾ ਨੈਰੇਟਿਵ/ਫੇਕ ਨਿਊਜ਼ ਫੈਲਾਉਣ ਵਾਲਿਆਂ ਨੂੰ ਬੇਅਸਰ ਕੀਤਾ ਜਾ ਸਕੇ।"

ਇਸ ਵਾਕ ਵਿਚ ਸ਼ਬਦਾਂ ਦੀ ਚੋਣ ਅਤੇ ਇਹ ਅਸਪਸ਼ਟ ਰਹਿਣ ਦੇਣਾ ਕਿ ਫੇਕ ਨੈਰੇਟਿਵ ਕੀ ਹੈ ਅਤੇ ਸਰਕਾਰ ਇਸ ਦੀ ਸ਼ਨਾਖਤ ਕਿਵੇਂ ਕਰੇਗੀ, ਤਮਾਮ ਚੀਜ਼ਾਂ ਗੌਰਤਲਬ ਹਨ। ਹਾਲਾਂਕਿ ਕਮੇਟੀ ਦੇ ਫਤਵੇ ਉਪਰ ਸ਼ਬਦਾਂ ਦੀ ਪਰਦਾਪੋਸ਼ੀ ਕੀਤੀ ਗਈ ਹੈ ਲੇਕਿਨ ਏਨਾ ਤਾਂ ਸਾਫ ਹੀ ਹੈ ਕਿ ਸਰਕਾਰ ਮੀਡੀਆ ਵਿਚ ਆਪਣੀ ਛਵੀ ਨੂੰ ਲੈ ਕੇ ਪ੍ਰੇਸ਼ਾਨ ਹੈ। ਰਿਪੋਰਟ ਵਿਚ ਬਿਨਾਂ ਕਿਸੇ ਲੱਗ-ਲਬੇੜ ਦੇ ਦੱਸਿਆ ਗਿਆ ਹੈ ਕਿ ਛਵੀ ਸੁਧਾਰਨ ਦਾ ਕੰਮ ਕਿਵੇਂ ਕੀਤਾ ਜਾਵੇ। ਰਿਪੋਰਟ ਵਿਚ ਇਸ ਜ਼ਰੂਰਤ

**ਹਰਤੋਸ਼ ਸਿੰਘ ਬਲ**
**ਅਨੁਵਾਦ: ਬੂਟਾ ਸਿੰਘ**

ਉਪਰ ਜ਼ੋਰ ਦਿੱਤਾ ਗਿਆ ਹੈ ਕਿ ਉਨ੍ਹਾਂ ਪੱਤਰਕਾਰਾਂ ਦੀ ਪਛਾਣ ਕੀਤੀ ਜਾਵੇ ਜੋ ਨੈਗੇਟਿਵ ਨੈਰੇਟਿਵ (ਨਾਂਹਪੱਖੀ ਬਿਰਤਾਂਤ) ਸਿਰਜਦੇ ਹਨ ਅਤੇ ਫਿਰ ਐਸੇ ਲੋਕ ਲੱਭੇ ਜਾਣ ਜੋ ਉਸ ਨੈਰੇਟਿਵ ਨੂੰ ਕੱਟਦੇ ਹਨ ਤਾਂ ਜੋ ਪ੍ਰਭਾਵਸ਼ਾਲੀ ਤਸਵੀਰ ਰਚ ਕੇ ਅਵਾਮ ਨੂੰ ਸਰਕਾਰ ਦੇ ਪੱਖ ਵਿਚ ਕੀਤਾ ਜਾ ਸਕੇ।

ਹਾਲ ਹੀ ਵਿਚ ਨੋਟੀਫਾਈ ਕੀਤੇ ਸੂਚਨਾ ਤਕਨਾਲੋਜੀ (ਮੱਧਵਰਤੀ ਦਿਸ਼ਾ-ਨਿਰਦੇਸ਼ ਅਤੇ ਡਿਜੀਟਲ ਮੀਡੀਆ ਮਰਯਾਦਾ) ਨਿਯਮ 2021 ਦੀ ਇਸ ਲਈ ਆਲੋਚਨਾ ਹੋ ਰਹੀ ਹੈ ਕਿ ਇਹ ਡਿਜੀਟਲ ਮੀਡੀਆ ਉਪਰ ਸਰਕਾਰ ਦੇ ਕੰਟਰੋਲ ਵਧਾਉਂਦਾ ਹੈ। ਇਹ ਨਿਯਮ ਸਪਸ਼ਟ ਤੌਰ 'ਤੇ ਉਪਰੋਕਤ ਰਣਨੀਤੀ ਦੇ ਤਹਿਤ ਆਉਂਦੇ ਹਨ। ਮੁੱਖਧਾਰਾ ਮੀਡੀਆ ਉਪਰ ਸਰਕਾਰ ਦੀ ਪਕੜ ਦੇ ਬਾਵਜੂਦ ਸਰਕਾਰ ਮੀਡੀਆ ਵਿਚ ਆਪਣੀ ਛਵੀ ਨੂੰ ਲੈ ਕੇ ਸੰਤੁਸ਼ਟ ਨਹੀਂ ਹੈ।

'ਕਾਰਵਾਂ' ਦੇ ਹੱਥ ਜੋ ਰਿਪੋਰਟ ਲੱਗੀ ਹੈ, ਉਸ ਦੇ ਅੰਸ਼ਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਾਲ 2020 ਦੇ ਅੱਧ ਵਿਚ ਮੰਤਰੀਆਂ ਦੇ ਸਮੂਹ (ਗਰੁੱਪ ਆਫ ਮਨਿਸਟਰਜ਼) ਦੀਆਂ ਛੇ ਮੀਟਿੰਗਾਂ ਅਤੇ ਮੀਡੀਆ ਖੇਤਰ ਦੀਆਂ ਉਘੀਆਂ ਹਸਤੀਆਂ, ਉਦਯੋਗ ਅਤੇ ਕਾਰੋਬਾਰੀ ਚੈਂਬਰਾਂ ਦੇ ਮੈਂਬਰਾਂ, ਹੋਰ ਖਾਸ ਸ਼ਖਸੀਅਤਾਂ ਨਾਲ ਚਰਚਾ ਉਪਰ ਆਧਾਰਿਤ ਹੈ। ਇਸ ਰਿਪੋਰਟ ਦੀ ਵਿਸਤਾਰਤ ਜਾਣਕਾਰੀ ਸਭ ਤੋਂ ਪਹਿਲਾਂ 8 ਦਸੰਬਰ 2020 ਨੂੰ 'ਹਿੰਦੁਸਤਾਨ ਟਾਈਮਜ਼' ਵਿਚ ਛਪੀ ਸੀ। ਨਕਵੀ ਤੋਂ ਇਲਾਵਾ ਮੰਤਰੀਆਂ ਦੇ ਸਮੂਹ ਵਿਚ ਸੰਚਾਰ, ਇਲੈਕਟ੍ਰਾਨਿਕਸ ਤੇ ਸੂਚਨਾ ਉਦਯੋਗ ਮੰਤਰੀ ਰਵੀਸ਼ੰਕਰ ਪ੍ਰਸਾਦ, ਕੱਪੜਾ ਮੰਤਰੀ ਤੇ ਮਹਿਲਾ ਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਈਰਾਨੀ, ਮਨੁੱਖੀ ਵਸੀਲੇ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਅਨੁਰਾਗ ਠਾਕੁਰ, ਬਾਬੁਲ ਸੁਪ੍ਰਿਓ ਤੇ ਕਿਰਨ ਰਿਜਿਜੂ ਵੀ ਸੀ। ਇਸ ਰਿਪੋਰਟ ਵਿਚ ਸਰਕਾਰ ਦੇ ਇਮੇਜ ਕ੍ਰਾਈਸਿਜ਼ (ਛਵੀ ਸੰਕਟ) ਨੂੰ ਮੁਖਾਤਿਬ ਹੋਣ ਲਈ ਕਈ ਸਿਫਾਰਿਸ਼ਾਂ ਕੀਤੀਆਂ ਗਈਆਂ ਸਨ।

ਰਿਪੋਰਟ ਵਿਚ ਈਰਾਨੀ ਵੱਲੋਂ ਤਜਵੀਜ਼ ਕੀਤੀ ਸਿਫਾਰਸ਼, ਜਿਸ ਵਿਚ 50 ਨਾਂਹ-ਪੱਖੀ ਅਤੇ ਹਾਂ-ਪੱਖੀ ਇਨਫਲੂਐਂਸਰਾਂ (ਪ੍ਰਭਾਵ ਪਾਉਣ ਵਾਲੇ ਵਿਅਕਤੀਆਂ) ਦੀ ਪਛਾਣ ਕਰਨ ਦੀ ਗੱਲ ਕੀਤੀ ਗਈ ਹੈ, ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਇਲੈਕਟ੍ਰਾਨਿਕ ਮੀਡੀਆ ਮਾਨਿਟਰਿੰਗ ਸੈਂਟਰ ਨੂੰ ਦਿੱਤੀ ਗਈ ਹੈ ਕਿ ਉਹ ਲਗਾਤਾਰ 50 ਨਾਂਹ-ਪੱਖੀ ਇਨਫਲੂਐਂਸਰਾਂ ਨੂੰ ਟਰੈਕ ਕਰੇ। ਇਲੈਕਟ੍ਰਾਨਿਕ ਮੀਡੀਆ ਮਾਨਿਟਰਿੰਗ ਸੈਂਟਰ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਅਧੀਨ ਆਉਂਦਾ ਹੈ। ਰਿਪੋਰਟ ਦੇ ਇਕ ਭਾਗ, ਜਿਸ ਦਾ ਸਿਰਲੇਖ ਹੈ 'ਐਕਸ਼ਨ ਪੁਆਇੰਟਸ', ਵਿਚ ਕਿਹਾ ਗਿਆ ਹੈ ਕਿ ਕੁਝ ਨੈਗੇਟਿਵ ਇਨਫਲੂਐਂਸਰ ਝੂਠਾ ਨੈਰੇਟਿਵ ਫੈਲਾਉਂਦੇ ਹਨ ਅਤੇ ਸਰਕਾਰ ਨੂੰ ਬਦਨਾਮ ਕਰਦੇ ਹਨ, ਇਨ੍ਹਾਂ ਨੂੰ ਲਗਾਤਾਰ ਟਰੈਕ ਕਰਨ ਦੀ ਜ਼ਰੂਰਤ ਹੈ ਤਾਂ ਜੋ ਸਹੀ ਅਤੇ ਵਕਤ ਸਿਰ ਜਵਾਬ ਦਿੱਤਾ ਜਾ ਸਕੇ। ਇਸ ਦੇ ਨਾਲ ਹੀ ਐਕਸ਼ਨ ਪੁਆਇੰਟਸ ਵਿਚ ਦੱਸਿਆ ਗਿਆ ਹੈ ਕਿ 50 ਪਾਜ਼ੇਟਿਵ ਇਨਫਲੂਐਂਸਰਾਂ ਅਤੇ ਨਾਲ ਹੀ ਸਰਕਾਰ ਪੱਖੀ ਅਤੇ ਨਿਰਪੱਖ ਪੱਤਰਕਾਰਾਂ ਨਾਲ ਰਾਬਤਾ ਬਣਾ ਕੇ ਰੱਖਣਾ ਜ਼ਰੂਰੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਸੇ ਪੱਤਰਕਾਰ ਨਾ ਕੇਵਲ ਹਾਂ-ਪੱਖੀ ਖਬਰਾਂ ਦੇਣਗੇ ਸਗੋਂ ਇਹ ਝੂਠੇ ਨੈਰੇਟਿਵ ਦਾ ਜਵਾਬ ਵੀ ਦੇਣਗੇ।

ਛਵੀ ਨੂੰ ਲੈ ਕੇ ਸਰਕਾਰ ਦੀ ਘਬਰਾਹਟ, ਰਿਪੋਰਟ ਵਿਚ ਦਿੱਤੇ ਗਏ ਮੰਤਰੀਆਂ ਅਤੇ ਮੁੱਖ ਮੀਡੀਆ ਸ਼ਖਸੀਅਤਾਂ ਦੇ ਵਿਚਾਰਾਂ ਵਿਚ ਵੀ ਝਲਕਦੀ ਹੈ। ਸਾਬਕਾ ਮੀਡੀਆ ਕਾਮੇ ਅਤੇ ਹੁਣ ਬੀ.ਜੇ.ਪੀ. ਦੇ ਰਾਜ ਸਭਾ ਸੰਸਦ ਮੈਂਬਰ ਸਵਪਨ ਦਾਸਗੁਪਤਾ ਦਾ ਜ਼ਿਕਰ ਰਿਪੋਰਟ ਵਿਚ ਇਹ ਸੁਝਾਉਂਦੇ ਹੋਏ ਕੀਤਾ ਗਿਆ ਹੈ ਕਿ "2014 ਤੋਂ ਬਾਅਦ ਬਦਲਾਓ ਆਇਆ ਹੈ। ਪੱਕੇ ਹਮਾਇਤੀ ਹਾਸ਼ੀਏ ਉਪਰ ਚਲੇ ਗਏ ਹਨ। ਇਸ ਦੇ ਬਾਵਜੂਦ ਮੋਦੀ ਦੀ ਜਿੱਤ ਹੋਈ। ਉਨ੍ਹਾਂ ਨੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਹ (ਮੋਦੀ) ਸੋਸ਼ਲ ਮੀਡੀਆ ਦੇ ਜ਼ਰੀਏ ਲੋਕਾਂ ਨੂੰ ਸਿੱਧਾ ਮੁਖਾਤਿਬ ਹੋ ਗਏ। ਇਹੀ ਉਹ ਈਕੋ-ਸਿਸਟਮ ਹੈ ਜੋ ਪ੍ਰਸੰਗਿਕ ਬਣੇ ਰਹਿਣ ਲਈ ਹਮਲੇ ਕਰ ਰਿਹਾ ਹੈ।" ਦਾਸ ਨੇ ਤਜਵੀਜ਼ ਦਿੱਤੀ ਕਿ ਪਰਦੇ ਪਿੱਛੇ ਰਹਿ ਕੇ ਇਨ੍ਹਾਂ ਨੂੰ ਆਪਣੇ ਪੱਖ ਵਿਚ ਕਰਨ ਦੀ ਤਾਕਤ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਹੋਰ ਕਿਹਾ, "ਪਰਦੇ ਪਿੱਛੇ ਕੀਤੇ ਜਾਣ ਵਾਲੇ ਇਹ ਸੰਵਾਦ ਤਰਜੀਹੀ ਆਧਾਰ 'ਤੇ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਇਕ ਸੋਚੇ-ਸਮਝੇ ਤਰੀਕੇ ਨਾਲ ਪੱਤਰਕਾਰਾਂ ਨੂੰ ਕੁਝ ਵਾਧੂ ਦਿੱਤਾ ਜਾਣਾ ਚਾਹੀਦਾ ਹੈ।" ਯਾਦ ਰਹੇ, ਹਾਲ ਹੀ ਵਿਚ ਦਿੱਲੀ ਦੀਆਂ ਅਦਾਲਤਾਂ ਨੇ ਦੋ ਵਾਰ ਦਿੱਲੀ ਪੁਲਿਸ ਨੂੰ ਕੁਝ ਚੋਣਵੇਂ ਮੀਡੀਆ ਚੈਨਲਾਂ ਵਿਚ ਆਪਣੀ ਜਾਂਚ (ਦਿਸ਼ਾ ਰਵੀ ਅਤੇ ਦਿੱਲੀ ਹਿੰਸਾ ਸਾਜ਼ਿਸ਼ ਮਾਮਲਿਆਂ 'ਚ) ਲੀਕ ਕਰਨ ਦੇ ਲਈ ਡਾਂਟਿਆ ਹੈ।

ਮੀਡੀਆ ਕਾਮੇ ਅਤੇ ਪ੍ਰਸਾਰ ਭਾਰਤੀ ਮੁਖੀ ਸੂਰੀਆ ਪ੍ਰਕਾਸ਼ ਨੇ ਕਿਹਾ, "ਪਹਿਲਾਂ ਜਾਅਲੀ ਧਰਮ-ਨਿਰਪੇਖਤਾਵਾਦੀਆਂ ਨੂੰ ਹਾਸ਼ੀਏ ਉਪਰ ਧੱਕ ਦਿੱਤਾ ਗਿਆ ਸੀ। ਪ੍ਰੇਸ਼ਾਨੀ ਉਨ੍ਹਾਂ ਵੱਲੋਂ ਹੀ ਸ਼ੁਰੂ ਹੋ ਰਹੀ ਹੈ।" ਇਹ ਕਹਿਣ ਤੋਂ ਬਾਅਦ ਉਸ ਨੇ ਸੁਝਾਇਆ ਕਿ ਕੀ ਕੀਤਾ ਜਾਣਾ ਚਾਹੀਦਾ ਹੈ। ਉਸ ਨੇ ਕਿਹਾ, "ਭਾਰਤ ਸਰਕਾਰ ਕੋਲ ਉਨ੍ਹਾਂ ਨੂੰ ਕੰਟਰੋਲ ਕਰਨ ਲਈ ਅਪਾਰ ਤਾਕਤ ਹੈ। ਸਾਨੂੰ ਇਸ ਗੱਲ ਉਪਰ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ ਕਿ ਪਿਛਲੇ ਛੇ ਸਾਲਾਂ ਵਿਚ ਅਸੀਂ ਮੀਡੀਆ ਦੇ ਅੰਦਰ ਆਪਣੇ ਮਿੱਤਰਾਂ ਦੀ ਸੂਚੀ ਦਾ ਘੇਰਾ ਵਿਸ਼ਾਲ ਨਹੀਂ ਕੀਤਾ ਹੈ।"

ਐਨ.ਡੀ.ਟੀ.ਵੀ. ਅਤੇ ਤਹਿਲਕਾ ਨਾਲ ਕੰਮ ਕਰ ਚੁੱਕੇ ਨਿਤਿਨ ਗੋਖਲੇ ਜੋ ਹੁਣ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਕਰੀਬੀ ਹੈ, ਨੇ ਕਿਹਾ ਕਿ ਇਹ ਪੱਤਰਕਾਰਾਂ ਦੀ ਕਲਰ ਕੋਡਿੰਗ ਦੇ ਜ਼ਰੀਏ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ- "ਹਰਾ: ਫੈਂਸ ਸਿੱਟਰ (ਜੋ ਕਿਸੇ ਦਾ ਪੱਖ ਨਹੀਂ ਲੈਂਦੇ), ਕਾਲਾ: ਜੋ ਸਾਡੇ ਖਿਲਾਫ ਹਨ, ਤੇ ਚਿੱਟਾ: ਜੋ ਸਾਡੀ ਹਮਾਇਤ ਕਰਦੇ ਹਨ। ਸਾਨੂੰ ਆਪਣੇ ਪੱਖੀ ਪੱਤਰਕਾਰਾਂ ਦੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।"

ਉਪਰੋਕਤ ਗੱਲਾਂ ਭਾਵੇਂ ਥੋੜ੍ਹਾ ਮਜ਼ਾਕੀਆ ਜਾਪਦੀਆਂ ਹਨ ਲੇਕਿਨ ਸੱਚ ਇਹ ਹੈ ਕਿ ਜਦ ਤੋਂ ਇਹ ਰਿਪੋਰਟ ਤਿਆਰ ਹੋਈ ਹੈ, ਉਦੋਂ ਤੋਂ ਇਸ ਦੇ ਦੋ ਨੁਕਤਿਆਂ ਜੋ ਡਿਜੀਟਲ ਸਮੱਗਰੀ ਨੂੰ ਕੰਟਰੋਲ ਕਰਨ ਨਾਲ ਸਬੰਧਤ ਹਨ, ਨੂੰ ਅਮਲੀ ਜਾਮਾ ਪਹਿਨਾਇਆ ਜਾ ਚੁੱਕਾ ਹੈ।

ਰਿਪੋਰਟ ਦੇ ਇਕ ਭਾਗ ਦਾ ਸਿਰਲੇਖ ਹੈ 'ਪਾਜ਼ੇਟਿਵ ਇਨੀਸ਼ੀਏਟਿਵਜ਼ ਇਨ ਬੋਗ" (ਪ੍ਰਚਲਤ ਹਾਂ-ਪੱਖੀ ਪਹਿਲ)। ਇਸ ਵਿਚ ਕਿਹਾ ਗਿਆ ਹੈ ਕਿ "ਐਸੇ ਕਦਮ ਚੁੱਕੇ ਗਏ ਹਨ ਜਿਸ ਨਾਲ ਇਹ ਸੁਨਿਸ਼ਚਿਤ ਹੋ ਸਕੇ ਕਿ ਡਿਜੀਟਲ ਮੀਡੀਆ ਵਿਚ ਰਿਪੋਰਟਿੰਗ ਮੁਤਅੱਸਬ ਤੋਂ ਪ੍ਰੇਰਿਤ ਨਾ ਹੋਵੇ ਜੋ ਵਿਦੇਸ਼ੀ ਨਿਵੇਸ਼ ਦੇ ਕਾਰਨ ਹੁੰਦਾ ਹੈ। ਇਹ ਤੈਅ ਕੀਤਾ ਗਿਆ ਹੈ ਕਿ ਵਿਦੇਸ਼ੀ ਨਿਵੇਸ਼ ਦੀ ਹੱਦ 26% ਰੱਖੀ ਜਾਵੇ ਅਤੇ ਇਸ ਨੂੰ ਲਾਗੂ ਕਰਨ ਦਾ ਅਮਲ ਜਾਰੀ ਹੈ।" ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਓ.ਟੀ.ਟੀ. (ਓਵਰ ਦਿ ਟਾਪ) ਪਲੈਟਫਾਰਮ ਨੂੰ ਵਧੇਰੇ ਜ਼ਿੰਮੇਵਾਰ ਬਣਾਉਣ ਲਈ ਢਾਂਚਾ ਤਿਆਰ ਕਰਨ ਦੀ ਜ਼ਰੂਰਤ ਹੈ।

ਅਗਸਤ 2019 ਵਿਚ ਕੇਂਦਰੀ ਮੰਤਰੀ ਮੰਡਲ ਨੇ ਡਿਜੀਟਲ ਮੀਡੀਆ ਵਿਚ 26% ਵਿਦੇਸ਼ੀ ਪੂੰਜੀ ਨਿਵੇਸ਼ ਦੀ ਹੱਦ ਤੈਅ ਕੀਤੀ ਸੀ ਅਤੇ ਨਿਊਜ਼ ਸੰਸਥਾਵਾਂ ਨੂੰ ਇਸ ਦਾ ਪਾਲਣ ਕਰਨ ਲਈ ਅਕਤੂਬਰ 2020 ਤੱਕ ਦੀ ਮੋਹਲਤ ਦਿੱਤੀ ਗਈ ਸੀ। ਇਸ ਅਰਸੇ ਦੇ ਖਤਮ ਹੋਣ ਦੇ ਅਗਲੇ ਮਹੀਨੇ ਹਫਿੰਗਟਨ ਪੋਸਟ ਜੋ ਕੇਂਦਰ ਸਰਕਾਰ ਨਾਲ ਸਬੰਧਤ ਕਈ ਆਲੋਚਨਾਤਮਕ ਖਬਰਾਂ ਪ੍ਰਕਾਸ਼ਿਤ ਕਰ ਰਿਹਾ ਸੀ, ਨੇ ਭਾਰਤ ਵਿਚ ਆਪਣਾ ਕੰਮ ਬੰਦ ਕਰ ਦਿੱਤਾ। ਹਫਿੰਗਟਨ ਪੋਸਟ ਦੇ ਭਾਰਤ ਵਿਚ ਬੰਦ ਹੋਣ ਤੋਂ ਪਹਿਲਾਂ ਇਸ ਨੂੰ ਐਕਵਾਇਰ ਕਰਨ ਵਾਲੀ ਕੰਪਨੀ ਬਜ਼ਫੀਡ ਦੇ ਸੀ.ਈ.ਓ. ਜੋਨਾ ਪਰੇਟੀ ਨੇ ਕਿਹਾ ਕਿ ਉਨ੍ਹਾਂ ਨੂੰ ਬ੍ਰਾਜ਼ੀਲ ਅਤੇ ਭਾਰਤੀ ਐਡੀਸ਼ਨਾਂ ਨੂੰ ਕਾਨੂੰਨੀ ਤੌਰ 'ਤੇ ਕੰਟਰੋਲ ਵਿਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ, ਕਿਉਂਕਿ ਵਿਦੇਸ਼ੀ ਕੰਪਨੀਆਂ ਨੂੰ ਨਿਊਜ਼ ਸੰਸਥਾਵਾਂ ਉਪਰ ਕੰਟਰੋਲ ਕਰਨ ਦੀ ਇਜਾਜ਼ਤ ਨਹੀਂ ਹੈ। 2021 ਦੇ ਆਈ.ਟੀ. ਨਿਯਮ ਸਰਕਾਰ ਨੂੰ ਨੈੱਟਫਲਿਕਸ ਅਤੇ ਅਮੇਜ਼ਨ ਪ੍ਰਾਈਮ ਵੀਡੀਓ ਵਰਗੇ ਓ.ਟੀ.ਟੀ. ਪਲੈਟਫਾਰਮਾਂ ਉਪਰ ਵਧੇਰੇ ਕੰਟਰੋਲ ਬਣਾਉਣ ਦੀ ਤਾਕਤ ਦਿੰਦੇ ਹਨ।

ਡਿਜੀਟਲ ਮੀਡੀਆ ਨੂੰ ਲੈ ਕੇ ਸਰਕਾਰ ਦੀ ਚਿੰਤਾ ਪੂਰੀ ਰਿਪੋਰਟ ਵਿਚ ਨਜ਼ਰ ਆਉਂਦੀ ਹੈ। ਰਿਲਾਇੰਸ ਦੇ ਫੰਡਾਂ ਨਾਲ ਚੱਲਦੇ ਥਿੰਕ ਟੈਂਕ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਖਾਸ ਫੈਲੋ ਕੰਚਨ ਗੁਪਤਾ ਨੇ ਰਿਪੋਰਟ ਵਿਚ ਸਰਕਾਰ ਨੂੰ ਦੱਸਿਆ ਹੈ ਕਿ ਉਹ ਕਿਸ ਉਪਰ ਫੋਕਸ ਕਰੇ। ਉਸ ਦਾ ਕਹਿਣਾ ਹੈ, "ਗੂਗਲ ਸਮੱਗਰੀ ਨੂੰ ਜਾਂ ਆਨਲਾਈਨ ਨਿਊਜ਼ ਪਲੈਟਫਾਰਮਾਂ ਦਿ ਪ੍ਰਿੰਟ, ਦਿ ਵਾਇਰ, ਸਕ੍ਰੌਲ, ਦਿ ਹਿੰਦੂ ਆਦਿ ਨੂੰ ਪ੍ਰੋਮੋਟ ਕਰਦਾ ਹੈ। ਇਨ੍ਹਾਂ ਨੂੰ ਕਿਵੇਂ ਹੈਂਡਲ ਕਰਨਾ ਹੈ, ਇਸ ਲਈ ਵੱਖਰੀ ਚਰਚਾ ਕਰਨ ਦੀ ਜ਼ਰੂਰਤ ਹੈ। ਆਨਲਾਈਨ ਮੀਡੀਆ ਦੀ ਪਹੁੰਚ ਜ਼ਿਆਦਾ ਲੋਕਾਂ ਤੱਕ ਹੈ ਅਤੇ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਆਨਲਾਈਨ ਮੀਡੀਆ ਨੂੰ ਕਿਵੇਂ ਪ੍ਰਭਾਵਿਤ ਕਰਨਾ ਹੈ, ਜਾਂ ਫਿਰ ਸਾਨੂੰ ਆਪਣਾ ਗਲੋਬਲ ਸਮੱਗਰੀ ਵਾਲਾ ਆਨਲਾਈਨ ਪੋਰਟਲ ਚਲਾਉਣਾ ਚਾਹੀਦਾ ਹੈ।"

ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਨੈਰੇਟਿਵ ਉਪਰ ਕੰਟਰੋਲ ਨਾ ਬਣਾ ਸਕਣ ਦੀ ਆਪਣੀ ਬੇਚੈਨੀ ਜ਼ਾਹਿਰ ਕਰਦਿਆਂ ਕਿਹਾ, "ਹਾਲਾਂਕਿ ਸਾਨੂੰ ਸਟੀਕ ਸੁਝਾਅ ਮਿਲਦੇ ਹਨ ਲੇਕਿਨ ਇਹ ਸਮਝ ਨਹੀਂ ਆਉਂਦਾ ਕਿ ਸਰਕਾਰ ਵਿਚ ਹੋਣ ਦੇ ਬਾਵਜੂਦ ਅਸੀਂ ਸਕ੍ਰੌਲ, ਵਾਇਰ ਅਤੇ ਕੁਝ ਖੇਤਰੀ ਆਨਲਾਈਲ ਮੀਡੀਆ ਦੀ ਬਰਾਬਰੀ ਕਿਉਂ ਨਹੀਂ ਕਰ ਸਕਦੇ। ਮੀਡੀਆ ਉਪਰ ਸਾਡੇ ਦਖਲ ਦਾ ਫੈਲਾਅ ਨਹੀਂ ਹੋ ਰਿਹਾ।"

ਸਰਕਾਰ ਨੇ ਨੈਰੇਟਿਵ ਉਪਰ ਪਕੜ ਬਣਾਉਣ ਦੀ ਆਪਣੀ ਰਣਨੀਤੀ ਨੂੰ ਇਕ ਨਾਮ ਵੀ ਦਿੱਤਾ ਹੈ: 'ਪੋਖਰਨ ਇਫੈਕਟ' (ਇਹ ਨਾਮ 1974 'ਚ ਇੰਦਰਾ ਗਾਂਧੀ ਅਤੇ ਫਿਰ 1998 'ਚ ਅਟਲ ਬਿਹਾਰੀ ਵਾਜਪਾਈ ਵੱਲੋਂ ਕਰਵਾਏ ਪਰਮਾਣੂ ਪ੍ਰੀਖਣਾਂ ਤੋਂ ਲਿਆ ਹੈ। ਦੋਨੋਂ ਪ੍ਰੀਖਣਾਂ ਨੇ ਸਰਕਾਰਾਂ ਦੀ ਛਵੀ ਮਜ਼ਬੂਤ ਕੀਤੀ ਸੀ)।

ਪੋਖਰਨ ਇਫੈਕਟ ਦਾ ਵਿਚਾਰ ਆਰ.ਐਸ.ਐਸ. ਦੇ ਵਿਚਾਰਕ ਐਸ. ਗੁਰੂਮੂਰਤੀ ਨੇ ਦਿੱਤਾ ਹੈ। ਗੁਰੂਮੂਰਤੀ ਰਿਪੋਰਟ ਵਿਚ ਜ਼ਿਕਰ ਕੀਤੀਆਂ ਖਾਸ ਸ਼ਖਸੀਅਤਾਂ ਵਿਚੋਂ ਇਕ ਹੈ। ਗੁਰੂਮੂਰਤੀ ਨੇ ਤਫਸੀਲ 'ਚ ਦੱਸਿਆ ਹੈ ਕਿ ਕਿਵੇਂ ਪੋਖਰਨ ਦੀ ਤਰਜ 'ਤੇ 'ਈਕੋ-ਸਿਸਟਮ' ਬਦਲਣਾ ਚਾਹੀਦਾ ਹੈ, ਕਿਵੇਂ ਮੀਡੀਆ ਦੀ ਦੁਸ਼ਮਣੀ ਨੂੰ ਹੈਂਡਲ ਕਰਨਾ ਚਾਹੀਦਾ ਹੈ ਅਤੇ ਮੇਨ-ਲਾਈਨ ਮੀਡੀਆ ਉਪਰ ਫੋਕਸ ਕਰਨਾ ਚਾਹੀਦਾ ਹੈ? ਉਸ ਨੇ ਬਿਹਾਰ ਅਤੇ ਉੜੀਸਾ ਦੇ ਗੈਰ-ਭਾਜਪਾਈ ਮੁੱਖ ਮੰਤਰੀਆਂ ਜੋ ਬੀ.ਜੇ.ਪੀ. ਦੇ ਸਹਿਯੋਗੀ ਹਨ, ਨੂੰ ਨੈਰੇਟਿਵ ਬਦਲਣ ਲਈ ਇਸਤੇਮਾਲ ਕਰਨ ਦਾ ਸੁਝਾਅ ਦਿੱਤਾ। ਉਸ ਨੇ ਕਿਹਾ, "ਯੋਜਨਾਬੱਧ ਸੰਵਾਦ ਆਮ ਮੌਕਿਆਂ ਲਈ ਚੰਗਾ ਹੈ ਲੇਕਿਨ ਪੋਖਰਨ ਇਫੈਕਟ ਬਣਾਉਣ ਲਈ ਨਿਤੀਸ਼ ਕੁਮਾਰ ਜਾਂ ਨਵੀਨ ਪਟਨਾਇਕ ਨੂੰ ਗੱਲ ਕਰਨ ਦਿਓ। ਰਿਪਬਲਿਕ ਇਹ ਕਰ ਤਾਂ ਰਿਹਾ ਹੈ ਲੇਕਿਨ ਰਿਪਬਲਿਕ ਨੂੰ ਸਵੀਕਾਰ ਨਹੀਂ ਕੀਤਾ ਜਾ ਰਿਹਾ। ਸਾਨੂੰ ਨੈਰੇਟਿਵ ਬਦਲਣ ਲਈ ਪੋਖਰਨ ਦੀ ਜ਼ਰੂਰਤ ਹੈ।"

ਸ਼ਾਇਦ ਸਿਰਫ ਇਸੇ ਤਰ੍ਹਾਂ ਦੀ ਐਨਕ ਜ਼ਰੀਏ ਅਸੀਂ ਸਰਜੀਕਲ ਸਟਰਾਈਕ ਤੋਂ ਲੈ ਕੇ ਨੋਟਬੰਦੀ ਤੱਕ ਮੋਦੀ ਸਰਕਾਰ ਦੇ ਰਾਜ ਕਾਲ ਵਿਚ ਸਮੇਂ-ਸਮੇਂ 'ਤੇ ਹੋਣ ਵਾਲੀ ਨੌਟੰਕੀ ਨੂੰ ਸਮਝ ਸਕਦੇ ਹਾਂ। ਪ੍ਰਸਾਦ ਨੇ ਰਿਪੋਰਟ ਵਿਚ ਕਿਹਾ ਹੈ: "ਪੋਖਰਨ ਇਫੈਕਟ ਦੀ ਧਾਰਨਾ ਵਧੀਆ ਹੈ ਅਤੇ ਇਸ ਦਾ ਇਸਤੇਮਾਲ ਹੋਰ ਸੰਦੇਸ਼ਾਂ ਵਿਚ ਵੀ ਕੀਤਾ ਜਾਣਾ ਚਾਹੀਦਾ ਹੈ।"

ਕਾਨੂੰਨ ਮੰਤਰੀ ਨੇ ਸਿਫਾਰਸ਼ ਕੀਤੀ ਕਿ "ਕੁਝ ਉਘੇ ਸਿੱਖਿਆ ਸ਼ਾਸਤਰੀਆਂ, ਕੁਲਪਤੀਆਂ, ਸੇਵਾ-ਮੁਕਤ ਆਈ.ਐਫ.ਐਸ. (ਇੰਡੀਅਨ ਫੌਰਨ ਸਰਵਿਸ) ਅਧਿਕਾਰੀਆਂ ਆਦਿ ਵੀ ਪਛਾਣ ਕਰਨੀ ਚਾਹੀਦੀ ਹੈ ਜੋ ਸਾਡੀਆਂ ਪ੍ਰਾਪਤੀਆਂ ਨੂੰ ਲਿਖ ਸਕਣ ਅਤੇ ਸਾਡੇ ਨਜ਼ਰੀਏ ਨੂੰ ਪੇਸ਼ ਕਰ ਸਕਣ।" ਇਸ ਤਰ੍ਹਾਂ ਦੇ ਲੇਖ ਲਿਖਣ ਲਈ ਸਰਕਾਰ ਤੋਂ ਬਾਹਰ ਕਿਸੇ ਨੂੰ ਲੱਭਣ ਦੀ ਜ਼ਰੂਰਤ ਜਿਸ ਧਾਰਨਾ ਤੋਂ ਉਪਜੀ ਸੀ, ਉਸ ਨੂੰ ਵਿਦੇਸ਼ ਮੰਤਰਾਲੇ ਵਿਚ ਨੀਤੀ ਸਲਾਹਕਾਰ ਜਾਂ ਐਮ.ਈ.ਏ. ਅਸ਼ੋਕ ਮਲਿਕ ਨੇ ਰਿਪੋਰਟ ਵਿਚ ਲਿਖਿਆ ਹੈ। ਮਲਿਕ ਲਿਖਦਾ ਹੈ, "ਮੰਤਰੀਆਂ, ਸਿਖਰਲੇ ਨੌਕਰਸ਼ਾਹਾਂ ਦੇ ਓਪ-ਐਡ ਲੇਖ ਬੰਦ ਕਰੋ, ਕਿਉਂਕਿ ਇਹ ਮਹਾਮਾਰੀ ਬਣ ਚੁੱਕਾ ਹੈ। ਇਸ ਦੇ ਨਤੀਜੇ ਮਾੜੇ ਆ ਰਹੇ ਹਨ, ਕਿਉਂਕਿ ਇਹ ਪ੍ਰਚਾਰ ਲੱਗਦਾ ਹੈ ਅਤੇ ਇਸ ਨੂੰ ਪੜ੍ਹਿਆ ਵੀ ਨਹੀਂ ਜਾ ਰਿਹਾ।"

ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਐਸੇ ਲੋਕਾਂ ਨੂੰ ਲੱਭਣ ਦੀ ਜ਼ਿੰਮੇਵਾਰੀ ਦਿੰਦੇ ਹੋਏ, ਜੋ ਸਰਕਾਰ ਦੇ ਆਪਣੇ ਮੰਤਰੀਆਂ ਅਤੇ ਨੌਕਰਸ਼ਾਹਾਂ ਦੀ ਤੁਲਨਾ 'ਚ ਬਿਹਤਰ ਕਰ ਸਕਦੇ ਹਨ, ਰਿਪੋਰਟ ਇਮਾਨਦਾਰ ਅਤੇ ਦੋ-ਟੂਕ ਕੰਮ ਸੂਚੀਬੱਧ ਕਰਦੀ ਹੈ। ਰਿਪੋਰਟ ਸੁਝਾਅ ਦਿੰਦੀ ਹੈ, "ਵਧੀਆ ਦਲੀਲ ਦੇਣ ਦੇ ਸਮਰੱਥ ਵਿਅਕਤੀਆਂ ਦੀ ਪਛਾਣ ਕਰੋ, ਇਕ ਹੀ ਤੱਥ ਨੂੰ ਵੱਖ-ਵੱਖ ਪ੍ਰਸੰਗਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਲਈ, ਐਸੇ ਮਾਹਿਰ ਦਲੀਲ-ਘਾੜਿਆਂ ਦੀ ਪਛਾਣ ਕਰਨੀ ਚਾਹੀਦੀ ਹੈ।"

ਇਸ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ 26 ਜੂਨ 2020 ਨੂੰ ਰਾਜ ਮੰਤਰੀ ਕਿਰਨ ਰਿਜਿਜੂ ਦੀ ਰਿਹਾਇਸ਼ ਉਪਰ ਨਕਵੀ ਨਾਲ ਮੁਲਾਕਾਤ ਦੌਰਾਨ 'ਮੀਡਆ ਖੇਤਰ ਦੇ ਪ੍ਰਮੁੱਖ ਵਿਅਕਤੀਆਂ' ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਰਿਪੋਰਟ ਵਿਚ ਪੱਤਰਕਾਰ 'ਆਲੋਕ ਮਹਿਤਾ, ਜੈਅੰਤ ਘੋਸ਼ਾਲ, ਸ਼ਿਸ਼ਿਰ ਗੁਪਤਾ, ਪ੍ਰਫੁੱਲ ਕੇਤਕਰ, ਮਹੂਆ ਚੈਟਰਜੀ, ਨਿਸਤੁਲਾ ਹੈਬਰ, ਅਮਿਤਾਭ ਸਿਨਹਾ, ਆਸ਼ੂਤੋਸ਼, ਰਾਮ ਨਾਰਾਇਣ, ਰਵੀਸ਼ ਤਿਵਾਰੀ, ਹਿਮਾਂਸ਼ੂ ਮਿਸ਼ਰਾ ਅਤੇ ਰਵੀਂਦਰ' ਦਾ ਨਾਮ, ਉਹ ਕਿਸ ਸੰਸਥਾ ਨਾਲ ਜੁੜੇ ਹੋਏ ਹਨ, ਉਨ੍ਹਾਂ ਦੀ ਪਛਾਣ ਤੋਂ ਬਿਨਾਂ ਦਰਜ ਕੀਤਾ ਗਿਆ ਹੈ। ਇਹ ਜਾਨਣ ਲਈ ਜਦ ਕਾਰਵਾਂ ਨੇ ਇਨ੍ਹਾਂ ਨਾਲ ਸੰਪਰਕ ਕੀਤਾ ਤਾਂ ਕਈ ਪੱਤਰਕਾਰਾਂ ਨੇ ਕਿਹਾ ਕਿ ਸਰਕਾਰੀ ਸੰਚਾਰ ਉਪਰ ਜੀ.ਓ.ਐਮ. ਨਾਲ ਵਿਚਾਰ-ਚਰਚਾ ਲਈ ਐਸੇ ਕਿਸੇ ਮੀਟਿੰਗ ਦੀ ਗੱਲ ਨਹੀਂ ਹੋਈ ਸੀ; ਸਗੋਂ ਉਨ੍ਹਾਂ ਦੱਸਿਆ ਕਿ ਇਸ ਨੂੰ ਚੀਨ ਨਾਲ ਤਣਾਓ ਦੇ ਵਕਤ ਸਰਕਾਰ ਦੇ ਸੀਨੀਅਰ ਮੰਤਰੀਆਂ, ਜਿਨ੍ਹਾਂ ਵਿਚ ਵਿਦੇਸ਼ ਮੰਤਰੀ ਜੈਯਸ਼ੰਕਰ ਸ਼ਾਮਿਲ ਸੀ, ਨਾਲ ਗੈਰਰਸਮੀ ਗੱਲਬਾਤ ਮੰਨਿਆ ਗਿਆ ਸੀ।

ਫਿਰ ਵੀ, ਰਿਪੋਰਟ ਵਿਚ ਬਿਨਾਂ ਪੱਤਰਕਾਰ ਵਿਸ਼ੇਸ਼ ਦਾ ਨਾਮ ਲਏ ਪੱਤਰਕਾਰਾਂ ਲਈ ਕਿਹਾ ਗਿਆ ਹੈ: "ਲੱਗਭੱਗ 75% ਮੀਡੀਆ ਕਾਮੇ ਨਰਿੰਦਰ ਮੋਦੀ ਤੋਂ ਪ੍ਰਭਾਵਿਤ ਹਨ ਅਤੇ ਪਾਰਟੀ ਨਾਲ ਵਿਚਾਰਧਾਰਕ ਰੂਪ 'ਚ ਜੁੜੇ ਹੋਏ ਹਨ।

ਸਾਨੂੰ ਇਨ੍ਹਾਂ ਵਿਅਕਤੀਆਂ ਦੇ ਵੱਖ-ਵੱਖ ਸਮੂਹ ਬਣਾਉਣੇ ਚਾਹੀਦੇ ਹਨ ਅਤੇ ਨਿਯਮਤ ਰੂਪ 'ਚ ਉਨ੍ਹਾਂ ਨਾਲ ਸੰਵਾਦ ਕਰਨਾ ਚਾਹੀਦਾ ਹੈ।

ਸਰਕਾਰ ਨੂੰ ਬਿਹਤਰ ਪ੍ਰਚਾਰ ਲਈ ਕਿਸੇ ਵੀ ਬੜੇ ਪ੍ਰੋਗਰਾਮ ਦੇ ਸ਼ੁਭ-ਆਰੰਭ ਤੋਂ ਪਹਿਲਾਂ ਅਤੇ ਉਸ ਦੇ ਫਾਲੋ-ਅੱਪ ਦੌਰਾਨ ਹਮਾਇਤੀ ਮੀਡੀਆ ਨੂੰ ਸਹਾਇਕ ਪਿਛੋਕੜ ਨਾਲ ਸਬੰਧਤ ਸਾਹਿਤ ਮੁਹੱਈਆ ਕਰਾਉਣਾ ਚਾਹੀਦਾ ਹੈ।

ਸਹਿਯੋਗੀ ਸੰਪਾਦਕਾਂ, ਕਾਲਮਨਵੀਸਾਂ, ਪੱਤਰਕਾਰਾਂ ਅਤੇ ਤਬਸਰਾਕਾਰਾਂ ਨੂੰ ਮਿਲਾ ਕੇ ਸਮੂਹ ਬਣਾਏ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਨਿਯਮਤ ਰੂਪ 'ਚ ਕੰਮ ਵਿਚ ਲਗਾਈ ਰੱਖਣਾ ਚਾਹੀਦਾ ਹੈ।

ਵਿਦੇਸ਼ੀ ਮੀਡੀਆ ਨਾਲ ਸੰਵਾਦ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਬੁਰਾ ਅਸਰ ਪੈਂਦਾ ਹੈ।"

ਜਿਨ੍ਹਾਂ ਪੱਤਰਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚ ਇੰਡੀਅਨ ਐਕਸਪ੍ਰੈੱਸ ਅਤੇ ਦਿ ਹਿੰਦੂ ਵਰਗੀਆਂ ਸੰਸਥਾਵਾਂ ਦੇ ਉਘੇ ਪੱਤਰਕਾਰ ਵੀ ਸ਼ਾਮਿਲ ਹਨ। ਕਾਰਵਾਂ ਨੇ ਰਿਪੋਰਟ ਵਿਚ ਦੱਸੇ ਪੱਤਰਕਾਰਾਂ ਵਿਚੋਂ ਕਈਆਂ ਨਾਲ ਸੰਪਰਕ ਕੀਤਾ। ਹਿੰਦੁਸਤਾਨ ਟਾਈਮਜ਼ ਦੇ ਕਾਰਜਕਾਰੀ ਸੰਪਾਦਕ ਸ਼ਿਸ਼ਿਰ ਗੁਪਤਾ ਨੇ ਕੋਈ ਜਵਾਬ ਨਹੀਂ ਦਿੱਤਾ ਜਦਕਿ ਬਾਕੀਆਂ ਨੇ ਖੁਦ ਉਪਰੋਕਤ ਟਿੱਪਣੀਆਂ ਤੋਂ ਖੁਦ ਨੂੰ ਦੂਰ ਰੱਖਿਆ ਲੇਕਿਨ ਆਪਣਾ ਨਾਮ ਨਸ਼ਰ ਨਾ ਕਰਨ ਲਈ ਕਿਹਾ।

ਬਸ ਜੈਅੰਤ ਘੋਸ਼ਾਲ ਹੀ ਖੁੱਲ੍ਹ ਕੇ ਸਾਹਮਣੇ ਆਇਆ। ਘੋਸ਼ਾਲ ਪਹਿਲਾਂ ਇੰਡੀਆ ਟੀ.ਵੀ. ਦਾ ਰਾਜਨੀਤਕ ਸੰਪਾਦਕ ਰਿਹਾ ਹੈ ਅਤੇ ਹੁਣ ਪੱਛਮੀ ਬੰਗਾਲ ਸਰਕਾਰ ਨਾਲ ਕੰਮ ਕਰਦਾ ਹੈ। ਘੋਸ਼ਾਲ ਨੇ ਕਿਹਾ, "ਅਸੀਂ ਉਥੇ ਜੈਸ਼ੰਕਰ ਨੂੰ ਮਿਲਣ ਗਏ ਸੀ। ਸਾਨੂੰ ਸਰਕਾਰੀ ਸੰਚਾਰ ਨੂੰ ਲੈ ਕੇ ਜੀ.ਓ.ਐਮ. ਨਾਲ ਕਿਸੇ ਵੀ ਗੱਲਬਾਤ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ ਅਤੇ ਇਸ ਤਰ੍ਹਾਂ ਦੀ ਕੋਈ ਰਸਮੀ ਗੱਲਬਾਤ ਨਹੀਂ ਹੋਈ ਸੀ। ਉਥੇ ਮੌਜੂਦ ਕਿਸੇ ਮੰਤਰੀ ਨੇ ਕੋਈ ਨੋਟ ਨਹੀਂ ਲਿਆ। ਮੈਨੂੰ ਨਹੀਂ ਪਤਾ ਕਿ ਇਹ ਟਿੱਪਣੀਆਂ ਉਹ ਕਿੱਥੋਂ ਲੈ ਕੇ ਆਏ।"

ਪੱਤਰਕਾਰਾਂ ਨੇ ਵਿਦੇਸ਼ੀ ਮੀਡੀਆ ਨਾਲ ਗੱਲਬਾਤ ਬੰਦ ਕਰਨ ਦਾ ਸੁਝਾਅ ਦਿੱਤਾ ਸੀ, ਲੇਕਿਨ ਰਿਪੋਰਟ ਤੋਂ ਸਪਸ਼ਟ ਹੈ ਕਿ ਸਰਕਾਰ ਨੇ ਵਿਦੇਸ਼ ਮੰਤਰਾਲੇ ਅਤੇ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ 'ਵਿਦੇਸ਼ੀ ਮੀਡੀਆ ਨਾਲ ਸਬੰਧ' ਬਣਾਉਣ ਦਾ ਕੰਮ ਸੌਂਪਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ, 'ਕੌਮਾਂਤਰੀ ਮੰਚ 'ਚ ਸਰਕਾਰ ਦਾ ਪੱਖ ਸਹੀ ਤਰ੍ਹਾਂ ਪੇਸ਼ ਕਰਨ ਲਈ ਕੌਮਾਂਤਰੀ ਪਹੁੰਚ ਮਹੱਤਵਪੂਰਨ ਹੈ। ਵਿਦੇਸ਼ੀ ਮੀਡੀਆ ਦੇ ਪੱਤਰਕਾਰਾਂ ਨਾਲ ਨਿਯਮਤ ਰੂਪ 'ਚ ਗੱਲਬਾਤ ਤੋਂ ਸਰਕਾਰ ਦੀ ਸਹੀ ਜਾਣਕਾਰੀ, ਖਾਸ ਕਰ ਕੇ ਸੰਵੇਦਨਸ਼ੀਲ ਮੁੱਦਿਆਂ ਉਪਰ, ਤੇ ਪ੍ਰਸੰਗ ਨੂੰ ਪ੍ਰਸਾਰਤ ਕਰਨ 'ਚ ਮਦਦ ਮਿਲੇਗੀ।'

ਮੌਜੂਦਾ ਸਰਕਾਰ ਆਪਣੇ ਲੋਕਾਂ ਦਾ ਧਿਆਨ ਰੱਖਦੀ ਹੈ। ਇਸੇ ਲਈ ਤਾਂ ਓਪਇੰਡੀਆ ਦੀ ਸੰਪਾਦਕ ਨੂਪੁਰ ਸ਼ਰਮਾ ਨੇ ਬੇਝਿਜਕ ਸਿਫਾਰਸ਼ ਕੀਤੀ, "ਓਪ-ਇੰਡੀਆ ਵਰਗੇ ਆਨਲਾਈਨ ਪੋਰਟਲ ਨੂੰ ਹੁਲਾਰਾ ਦਿੱਤਾ ਜਾਣਾ ਚਾਹੀਦਾ ਹੈ।" ਅਭਿਜੀਤ ਮਜੂਮਦਾਰ ਜੋ ਪਹਿਲਾਂ ਮੇਲ ਟੁਡੇ ਵਿਚ ਸੀ, ਨੇ ਇਹ ਕਹਿਣ ਤੋਂ ਬਾਅਦ ਕਿ ਆਲਟ ਨਿਊਜ਼ 'ਸ਼ਾਤਰਾਨਾ' ਹੈ, ਸ਼ਰਮਾ ਦਾ ਸਾਥ ਦਿੰਦੇ ਹੋਏ ਕਿਹਾ, "ਓਪ-ਇੰਡੀਆ ਦੀ ਮਦਦ ਕਰੋ ਅਤੇ ਓਪ-ਇੰਡੀਆ ਦੇ ਟਵੀਟਸ ਨੂੰ ਰੀ-ਟਵੀਟ ਕਰੋ।" ਓਪ-ਇੰਡੀਆ ਸੱਜੇਪੱਖੀ ਵੈੱਬਸਾਈਟ ਹੈ ਜੋ ਫਰਜ਼ੀ ਖਬਰਾਂ ਅਤੇ ਸਰਕਾਰੀ ਪ੍ਰਾਪੇਗੰਡਾ ਲਈ ਬਦਨਾਮ ਹੈ। ਆਲਟ ਨਿਊਜ਼ ਇਕ ਫੈਕਟ-ਚੈੱਕ ਵੈੱਬਸਾਈਟ ਹੈ ਜਿਸ ਨੇ ਓਪ-ਇੰਡੀਆ ਵੱਲੋਂ ਫੈਲਾਈਆਂ ਗਈਆਂ ਗ਼ਲਤ ਜਾਣਕਾਰੀਆਂ ਨੂੰ ਵਾਰ-ਵਾਰ ਉਜਾਗਰ ਕੀਤਾ ਹੈ।

ਜੀ.ਓ.ਐਮ. ਨੇ ਦੋਨਾਂ ਦੇ ਸੁਝਾਅ ਨੋਟ ਕੀਤੇ ਅਤੇ ਲਾਗੂ ਕਰਨ ਦਾ ਜ਼ਿੰਮਾ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਸੌਂਪ ਦਿੱਤਾ। ਰਿਪੋਰਟ ਵਿਚ ਕਿਹਾ ਗਿਆ ਹੈ, "ਆਨਲਾਈਨ ਪੋਰਟਲਾਂ ਨੂੰ ਹੁਲਾਰਾ ਦਿਓ। (ਓਪ-ਇੰਡੀਆ ਵਰਗੇ) ਆਨਲਾਈਨ ਪੋਰਟਲ ਨੂੰ ਹੁਲਾਰਾ ਦੇਣਾ ਅਤੇ ਉਸ ਦੀ ਹਮਾਇਤ ਕਰਨਾ ਜ਼ਰੂਰੀ ਹੈ ਕਿਉਂਕਿ ਮੌਜੂਦਾ ਆਨਲਾਈਨ ਪੋਰਟਲਾਂ ਵਿਚੋਂ ਜ਼ਿਆਦਾਤਰ ਸਰਕਾਰ ਬਾਰੇ ਆਲੋਚਨਾਤਮਕ ਹਨ।"

# ਲੋਕ-ਰਾਜ ਤਾਂ ਭਾਰਤ ਦੇ ਕਿਸੇ ਖੂੰਜੇ ਬੈਠਾ ਅੱਖਾਂ ਵਿਚ ਘਸੁੰਨ ਦੇ-ਦੇ ਕੇ ਰੋਂਦਾ ਹੋਣੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸ਼ਿਵ ਬਟਾਲਵੀ ਨੇ ਪਤਾ ਨਹੀਂ ਕਿਸ ਰੰਗ ਵਿਚ ਲਿਖਿਆ ਹੋਵੇ, 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ।' ਮੈਨੂੰ ਇਹ ਸਤਰਾਂ ਓਦੋਂ ਸੁੱਝੀਆਂ, ਜਦੋਂ ਇੱਕ ਸੱਜਣ ਨੇ ਇਹ ਗੱਲ ਪੁੱਛ ਲਈ ਕਿ ਅੱਜ ਦੇ ਭਾਰਤ ਦੇਸ਼ ਦਾ ਲੋਕਤੰਤਰ ਸਹੀ ਅਰਥਾਂ ਵਿਚ ਲੋਕਤੰਤਰ ਵਜੋਂ ਤੋਲਣਾ ਹੋਵੇ ਤਾਂ ਤੁਸੀਂ ਇਸ ਨੂੰ ਕਿਸ ਪੱਧਰ ਦਾ ਕਹਿ ਸਕਦੇ ਹੋ! ਇਹ ਸਵਾਲ ਡਾਢਾ ਔਖਾ ਸੀ। ਮੈਂ ਜਿਉਂ-ਜਿਉਂ ਭਾਰਤ ਦੀ ਪਾਰਲੀਮੈਂਟ ਅਤੇ ਰਾਜਾਂ ਦੇ ਵਿਧਾਨ ਮੰਡਲਾਂ ਵੱਲ ਨਜ਼ਰ ਮਾਰੀ ਜਾਵਾਂ, ਉਨ੍ਹਾਂ ਵਿਚ ਲੋਕਤੰਤਰੀ ਰਵਾਇਤਾਂ ਲੱਭਣੀਆਂ ਔਖੀਆਂ ਹੋਈ ਜਾਣ ਅਤੇ ਉਨ੍ਹਾਂ ਦੀ ਥਾਂ ਇਹ ਪ੍ਰਭਾਵ ਬਣਦਾ ਜਾਵੇ ਕਿ ਜਿਹੜੇ ਹਾਲਾਤ ਵਿਚ ਇਹ ਲੋਕਤੰਤਰ ਪਹੁੰਚ ਗਿਆ ਹੈ, ਇਹ ਭਾਰਤ ਵਿਚ ਕਿੰਨਾ ਕੁ ਚਿਰ ਟਿਕਿਆ ਰਹੇਗਾ ਅਤੇ ਅਰਾਜਕਤਾ ਇਸ ਨੂੰ ਖੂੰਜੇ ਲਾਉਣ ਵਿਚ ਕਿੰਨੇ ਕੁ ਸਾਲ ਹੋਰ ਲਾਵੇਗੀ! ਮਨ ਵਿਚ ਪਿਛਲੇ ਅੱਧੀ ਸਦੀ ਦੇ ਦ੍ਰਿਸ਼ਟਾਂਤ ਸੁਖਾਵੇਂ ਮੁੱਢ ਤੋਂ ਚੱਲੀ ਅਤੇ ਦੁਖਾਂਤਕ ਦੌਰ ਵਿਚ ਮੁੱਕਣ ਵਾਲੀ ਫਿਲਮ ਬਣਦੇ ਗਏ।

ਪੰਜਤਾਲੀ ਕੁ ਸਾਲ ਪਹਿਲਾਂ ਜਦੋਂ ਅਸੀਂ ਅਖਬਾਰਾਂ ਪੜ੍ਹਨ ਅਤੇ ਰਾਜਨੀਤੀ ਨੂੰ ਸਮਝਣ ਜੋਗੇ ਹੋਏ ਤਾਂ ਵਿਧਾਨ ਸਭਾ ਹੋਵੇ ਜਾਂ ਪਾਰਲੀਮੈਂਟ, ਲੋਕ ਉਨ੍ਹਾਂ ਦੇ ਇਜਲਾਸਾਂ ਵਿਚ ਹੁੰਦੀਆਂ ਬਹਿਸਾਂ ਪੜ੍ਹ ਕੇ ਵੱਖੋ-ਵੱਖ ਲੀਡਰਾਂ ਦੇ ਭਾਸ਼ਣਾਂ ਦੀ ਚਰਚਾ ਕਰਦੇ ਹੁੰਦੇ ਸਨ। ਓਦੋਂ ਪੰਜਾਬ ਦੀ ਸਰਕਾਰ ਦੇ ਮੁਖੀ ਗਿਆਨੀ ਜ਼ੈਲ ਸਿੰਘ ਹੁੰਦੇ ਸਨ ਅਤੇ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਦੇ ਆਪਣੇ ਪਿੰਡ ਦੇ ਅਕਾਲੀ ਵਿਧਾਇਕ ਜਸਵਿੰਦਰ ਸਿੰਘ ਬਰਾੜ ਸਨ। ਦੋਵੇਂ ਆਪਣੀ-ਆਪਣੀ ਰਾਜਨੀਤੀ ਦੇ ਪੱਕੇ ਸਨ, ਪਰ ਇੱਕ ਸਦਾਚਾਰ ਦਾ ਰਿਸ਼ਤਾ ਆਪਸ ਵਿਚ ਲਗਾਤਾਰ ਨਿਭਾਉਂਦੇ ਹੁੰਦੇ ਸਨ। ਫਿਰ ਅਸੀਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਬਲਰਾਮ ਜਾਖੜ ਹੁਰਾਂ ਦੇ ਆਪੋਜ਼ੀਸ਼ਨ ਲੀਡਰੀ ਦੇ ਦਿਨ ਵੇਖੇ, ਜਿਨ੍ਹਾਂ ਵਿਚ ਹਰ ਮੁੱਦੇ ਉੱਤੇ ਭਖਵੀਂ ਬਹਿਸ ਦੇ ਬਾਵਜੂਦ ਸ਼ਬਦਾਂ ਤੇ ਸਬੰਧਾਂ ਦੀ ਮਹਿਮਾ ਕਾਇਮ ਰੱਖੀ ਜਾਂਦੀ ਸੀ। ਅਸੈਂਬਲੀ ਵਿਚ ਕਾਮਰੇਡ ਸਤਪਾਲ ਡਾਂਗ, ਭਾਜਪਾ ਆਗੂ ਬਲਰਾਮਜੀ ਦਾਸ ਟੰਡਨ ਅਤੇ ਸਮਾਜਵਾਦੀ ਪਾਰਟੀ ਤੋਂ ਚੱਲ ਕੇ ਚੀਫ ਖਾਲਸਾ ਦੀਵਾਨ ਦੀ ਪ੍ਰਧਾਨਗੀ ਤੱਕ ਪਹੁੰਚਣ ਵਾਲੇ ਕ੍ਰਿਪਾਲ ਸਿੰਘ ਅਤੇ ਹੋਰਨਾਂ ਵਿਚਾਲੇ ਹਰ ਮੁੱਦੇ ਉਤੇ ਠੋਸ ਦਲੀਲਾਂ ਵਾਲੀ ਬਹਿਸ ਹੁੰਦੀ ਵੀ ਵੇਖੀ ਸੀ। ਜਦੋਂ ਦੇਸ਼ ਦੀ ਪਾਰਲੀਮੈਂਟ ਦੀ ਗੱਲ ਆਉਂਦੀ ਹੈ ਤਾਂ ਉਥੇ ਵੀ ਦਲੀਲਾਂ ਦੇ ਧਨੀ ਮੈਂਬਰ ਬਹਿਸਾਂ ਕਰਿਆ ਕਰਦੇ ਸਨ।

ਫਿਰ ਨਵਾਂ ਮਾਹੌਲ ਬਣਨ ਲੱਗ ਪਿਆ। ਇੱਕ ਮੌਕੇ ਤਾਮਿਲਨਾਡੂ ਦੀ ਵਿਧਾਨ ਸਭਾ ਵਿਚ ਬਹਿਸ ਤੋਂ ਗੱਲ ਝਗੜੇ ਤੱਕ ਜਾ ਪਹੁੰਚੀ ਤੇ ਹੱਥੋ-ਪਾਈ ਵਿਚ ਜੈਲਲਿਤਾ ਦੀ ਸਾੜ੍ਹੀ ਦਾ ਇੱਕ ਕੋਨਾ ਪਾਟ ਜਾਣ ਤੋਂ ਬਾਅਦ ਉਸ ਨੇ ਬਾਹਰ ਆ ਕੇ ਕਿਹਾ ਸੀ, 'ਹਾਊਸ ਵਿਚ ਮੇਰੀ ਇੱਜ਼ਤ ਨੂੰ ਹੱਥ ਪਾਉਣ ਦਾ ਯਤਨ ਕੀਤਾ ਗਿਆ ਹੈ।' ਮੱਧ ਪ੍ਰਦੇਸ਼ ਵਿਚ ਇੱਕ ਵਿਧਾਇਕ ਨੇ ਇੱਕ ਵਾਰੀ ਆਪਣੀ ਧੋਤੀ ਖੋਲ੍ਹਣ ਦੀ ਧਮਕੀ ਦਿੱਤੀ ਤਾਂ ਦੂਸਰੇ ਮੈਂਬਰਾਂ ਨੇ ਬੜੀ ਮੁਸ਼ਕਿਲ ਨਾਲ ਰੋਕਿਆ ਸੀ। ਇਸ ਧਮੱਚੜ ਨੂੰ ਸ਼ੁਰੂ ਵਿਚ ਰੋਕਿਆ ਜਾਂਦਾ ਤਾਂ ਮਿਆਰ ਕਾਇਮ ਰਹਿ ਜਾਂਦੇ, ਪਰ ਰੱਖੇ ਨਹੀਂ ਸਨ ਗਏ। ਅੱਜ ਪਾਰਲੀਮੈਂਟ ਤੋਂ ਵਿਧਾਨ ਸਭਾਵਾਂ ਤੱਕ ਹਰ ਥਾਂ ਹਰ ਗੱਲ ਉੱਤੇ ਏਨਾ ਧਮੱਚੜ ਪੈਂਦਾ ਹੈ ਕਿ ਕੰਮ ਦੀ ਗੱਲ ਦੀ ਆਸ ਹੀ ਨਹੀਂ ਰੱਖੀ ਜਾ ਸਕਦੀ ਤੇ ਇੱਕ ਦੂਸਰੇ ਦੀ ਇੱਜ਼ਤ ਉਛਾਲਣਾ ਆਮ ਗੱਲ ਬਣ ਗਈ ਹੈ। ਓਦੋਂ ਸਪੀਕਰ ਆਮ ਕਰ ਕੇ ਹੁੱਲੜਬਾਜ਼ੀ ਤੋਂ ਪ੍ਰਹੇਜ਼ ਕਰਨ ਲਈ ਕਹਿੰਦੇ ਅਤੇ ਖੁਦ ਵੀ ਬੰਧੇਜ ਵਿਚ ਰਹਿੰਦੇ ਹੁੰਦੇ ਸਨ, ਅੱਜ ਕੱਲ੍ਹ ਸਪੀਕਰਾਂ ਦਾ ਵੀ ਉਹ ਮਿਆਰ ਨਹੀਂ ਰਿਹਾ।

ਪੰਜਾਬ ਵਿਧਾਨ ਸਭਾ ਵਿਚ ਇਸ ਵਾਰੀ ਜੋ ਕੁਝ ਹੋਇਆ ਹੈ, ਉਹ ਬੇਅਸੂਲੀ ਹੁੱਲੜਬਾਜ਼ੀ ਦੀਆਂ ਹੱਦਾਂ ਟੱਪ ਜਾਣ ਵਾਲਾ ਹੈ। ਵਿਰੋਧੀ ਧਿਰ ਹੁੱਲੜਬਾਜ਼ੀ ਕਰੇ ਤਾਂ ਹਾਕਮ ਧਿਰ ਨੂੰ ਹਾਊਸ ਚੱਲਦਾ ਰੱਖਣ ਵਾਸਤੇ ਯਤਨ ਕਰਨੇ ਪਿਆ ਕਰਦੇ ਹਨ, ਪਰ ਇਸ ਵਾਰੀ ਓਥੇ ਹਾਕਮ ਧਿਰ ਦੇ ਵਿਧਾਇਕ ਵੀ ਹੱਦਾਂ ਟੱਪਦੇ ਵੇਖੇ ਗਏ। ਮੈਂ ਕਿਸੇ ਪਾਰਟੀ ਦੇ ਕਿਸੇ ਆਗੂ ਦਾ ਨਾਂ ਨਹੀਂ ਲੈ ਰਿਹਾ, ਕਿਉਂਕਿ ਜਿਵੇਂ ਸਿਫਤ ਕਰਦੇ ਸਮੇਂ ਕਿਸੇ ਦਾ ਨਾਂ ਰਹਿ ਜਾਣ ਨਾਲ ਉਸ ਦੇ ਰੁੱਸਣ ਦਾ ਡਰ ਹੁੰਦਾ ਹੈ, ਓਦਾਂ ਹੀ ਇਨ੍ਹਾਂ ਦੇ ਵਿਹਾਰ ਦੀ ਨਿੰਦਾ ਕਰਦਿਆਂ ਕਿਸੇ ਦਾ ਨਾਂ ਲੈਣ ਤੋਂ ਰਹਿ ਗਿਆ ਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਲਿਹਾਜ ਕੀਤਾ ਜਾਪਣ ਲੱਗੇਗਾ। ਇੱਕ ਮਸਲਾ ਇਹੋ ਜਿਹਾ ਹੈ, ਜਿਸ ਵਿਚ ਸਿਰਫ ਇੱਕ ਵਿਧਾਇਕ ਜਦੋਂ ਬੋਲਣ ਲੱਗਾ ਤਾਂ ਬਾਕੀ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਉਹ ਉੱਧੜਧੁੰਮੀ ਚੁੱਕੀ ਕਿ ਉਸ ਨੂੰ ਬੋਲਣ ਦੀ ਥਾਂ ਬਾਹਰ ਚਲੇ ਜਾਣਾ ਵੱਧ ਚੰਗਾ ਲੱਗਾ। ਬਾਕੀ ਧਿਰਾਂ ਵਾਲੇ ਇਸ ਤੋਂ ਖੁਸ਼ ਹੋਣਗੇ, ਪਰ ਅਸਲ ਵਿਚ ਇਹ ਬੇਵਕੂਫੀ ਦਾ ਕੰਮ ਸੀ, ਜਿਹੜਾ ਨਾ ਕੀਤਾ ਜਾਂਦਾ ਤਾਂ ਚੰਗਾ ਹੋਣਾ ਸੀ। ਉਹ ਵਿਧਾਇਕ ਭਾਜਪਾ ਸੀ। ਚਾਰ ਸਾਲ ਪਹਿਲਾਂ ਦੀ ਚੋਣ ਦੌਰਾਨ ਭਾਜਪਾ ਦੇ ਤਿੰਨ ਜਣੇ ਜਿੱਤੇ ਸਨ, ਫਿਰ ਉੱਪ ਚੋਣ ਵਿਚ ਇੱਕ ਸੀਟ ਭਾਜਪਾ ਦੀ ਘਟ ਗਈ ਤੇ ਬਾਕੀ ਦੋਂਹ ਵਿਚੋਂ ਇੱਕੋ ਜਣਾ ਹਾਊਸ ਵਿਚ ਉਸ ਦਿਨ ਗਿਆ ਸੀ। ਜੇ ਉਹ ਚਾਰ ਮਿੰਟ ਬੋਲ ਕੇ ਆਪਣੀ ਗੱਲ ਕਹਿ ਲੈਂਦਾ ਤਾਂ ਇੱਕ ਸੌ ਸਤਾਰਾਂ ਦੀ ਵਿਧਾਨ ਸਭਾ ਵਿਚੋਂ ਭਾਜਪਾ ਦੇ ਦੋ ਮੈਂਬਰਾਂ ਅਤੇ ਸਪੀਕਰ ਨੂੰ ਛੱਡ ਕੇ ਬਾਕੀ ਇੱਕ ਸੌ ਚੌਦਾਂ ਜਣੇ ਭਾਜਪਾ ਦੇ ਇਸ ਵਿਧਾਇਕ ਦੀ ਗੱਲ ਦੀ ਕਾਟ ਕਰ ਸਕਦੇ ਸਨ। ਉਸ ਵਿਰੁੱਧ ਇਤਰਾਜ਼ ਇਹ ਹੋਇਆ ਕਿ ਉਸ ਦੀ ਪਾਰਟੀ ਕਿਸਾਨ ਸੰਘਰਸ਼ ਦਾ ਵਿਰੋਧ ਕਰਨ ਵਾਲੀ ਧਿਰ ਹੈ।

ਇਹ ਗੱਲ ਸੰਵਿਧਾਨ ਵਿਚ ਕਿਤੇ ਨਹੀਂ ਲਿਖੀ ਕਿ ਵਿਚਾਰ ਵੱਖ ਹੋਣ ਤਾਂ ਉਸ ਨੂੰ ਹਾਊਸ ਵਿਚ ਬੋਲਣ ਦਾ ਹੱਕ ਨਹੀਂ ਹੋਵੇਗਾ। ਅੱਜ ਏਥੇ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੇ ਉਸ ਭਾਜਪਾ ਵਾਲੇ ਨੂੰ ਬੋਲਣ ਨਹੀਂ ਦਿੱਤਾ, ਜੇ ਕੱਲ੍ਹ ਨੂੰ ਲੋਕ ਸਭਾ ਦੇ ਪੰਜ ਸੌ ਤਿਰਤਾਲੀਆਂ ਵਿਚ ਪੰਜਾਬ ਦੇ ਤੇਰਾਂ ਵਿਚੋਂ ਭਾਜਪਾ ਦੇ ਦੋ ਕੱਢ ਕੇ ਬਾਕੀ ਗਿਆਰਾਂ ਨੂੰ ਬੋਲਣ ਤੋਂ ਉਨ੍ਹਾਂ ਨੇ ਏਸੇ ਤਰ੍ਹਾਂ ਰੋਕਣ ਲਈ ਹੱਲਾ-ਗੁੱਲਾ ਵਿੱਢ ਲਿਆ ਤਾਂ ਇਸ ਨਾਲ ਜਲੂਸ ਕਿਸ ਦਾ ਨਿਕਲੇਗਾ? ਭਾਜਪਾ ਵਾਲੇ ਤਾਂ ਏਦਾਂ ਦੇ ਹੰਗਾਮੇ ਕਰਨ ਵਿਚ ਬਾਕੀਆਂ ਨਾਲੋਂ ਉਂਜ ਵੀ ਵੱਧ ਮਾਹਰ ਸਮਝੇ ਜਾਂਦੇ ਹਨ। ਲੋਕ-ਰਾਜ ਵਿਚ ਹਰ ਚੁਣੇ ਹੋਏ ਪ੍ਰਤੀਨਿਧ ਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੈ, ਜੇ ਕੋਈ ਸੁਣਨਾ ਨਹੀਂ ਚਾਹੁੰਦਾ ਤਾਂ ਉੱਠ ਕੇ ਬਾਹਰ ਚਲਾ ਜਾਵੇ, ਪਰ ਕਿਸੇ ਦਾ ਬੋਲਣ ਦਾ ਹੱਕ ਨਹੀਂ ਖੋਹਿਆ ਜਾ ਸਕਦਾ। ਇੰਜ ਕਰ ਕੇ ਨਾ ਭਾਜਪਾ ਦੀ ਨੀਤੀ ਬਦਲਣੀ ਹੈ, ਨਾ ਨੀਤ, ਪਰ ਪੰਜਾਬ ਦੇ ਵਿਧਾਇਕਾਂ ਦੀ ਅਕਲ ਸਾਹਮਣੇ ਆ ਗਈ ਹੈ।

ਲੋਕ-ਰਾਜ ਜਿਨ੍ਹਾਂ ਦੇਸ਼ਾਂ ਤੋਂ ਤੁਰਿਆ ਸੀ, ਓਥੇ ਵੀ ਬਿਨਾਂ ਸ਼ੱਕ ਓਦੋਂ ਜਿੰਨਾ ਸੁਥਰਾ ਨਹੀਂ ਰਿਹਾ, ਪਰ ਵਿਕਾਸ ਦੀ ਯਾਤਰਾ ਕਰਦਾ-ਕਰਦਾ ਭਾਰਤ ਵਰਗੇ ਦੇਸ਼ਾਂ ਵਿਚ ਪਹੁੰਚ ਕੇ ਤਾਂ ਆਪਣੇ ਆਪ ਵਿਚ ਹੀ ਸ਼ਰਮਿੰਦਾ ਮਹਿਸੂਸ ਕਰਨ ਲੱਗ ਪਿਆ ਹੋਵੇਗਾ। ਅਸੀਂ ਜਦੋਂ ਪੰਜਤਾਲੀ ਕੁ ਸਾਲ ਪਹਿਲਾਂ ਦੀਆਂ ਗੰਭੀਰ ਬਹਿਸਾਂ ਤੇ ਸਦਾਚਾਰੀ ਪੱਧਰ ਦਾ ਚੇਤਾ ਕਰਦੇ ਹਾਂ ਤਾਂ ਇਸ ਦਾ ਆਖਰੀ ਝਲਕਾਰਾ ਓਦੋਂ ਮਿਲਿਆ ਸੀ, ਜਦੋਂ ਚੌਦਾਂ ਕੁ ਸਾਲ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਚੌਥੀ ਵਾਰੀ ਇਸ ਰਾਜ ਦੇ ਮੁੱਖ ਮੰਤਰੀ ਬਣੇ ਸਨ ਅਤੇ ਨਵੀਂ ਪੀੜ੍ਹੀ ਕਾਂਗਰਸ ਤੇ ਅਕਾਲੀ ਦਲ ਦੋਵੇਂ ਪਾਸੇ ਅਜੇ ਬੇਲਗਾਮ ਨਹੀਂ ਸੀ ਹੋਈ। ਕੌੜੇ ਸ਼ਬਦ ਮੁੱਖ ਮੰਤਰੀ ਬਾਦਲ ਤੇ ਵਿਰੋਧੀ ਧਿਰ ਵੱਲੋਂ ਵੀ ਕੁਝ ਲੋਕ ਕਹਿ ਜਾਂਦੇ ਸਨ, ਪਰ ਇੱਕ ਹੱਦ ਫਿਰ ਵੀ ਕਾਇਮ ਰਹਿੰਦੀ ਸੀ। ਮੁੱਖ ਮੰਤਰੀ ਬੋਲਦਾ ਹੋਵੇ ਤਾਂ ਉਸ ਦੀ ਗੱਲ ਸੁਣਨ ਤੋਂ ਰੋਕਣ ਦਾ ਰਿਵਾਜ ਹਾਲੇ ਨਹੀਂ ਸੀ ਪਿਆ। ਪੰਜਾਬ ਕਾਂਗਰਸ ਦੇ ਅਜੋਕੇ ਪ੍ਰਧਾਨ ਸੁਨੀਲ ਜਾਖੜ ਦੇ ਆਪੋਜ਼ੀਸ਼ਨ ਲੀਡਰ ਹੁੰਦਿਆਂ ਸਦਾਚਾਰ ਇਸ ਹੱਦ ਤੱਕ ਹੁੰਦਾ ਸੀ ਕਿ ਉਹ ਉਮਰ ਦਾ ਲਿਹਾਜ਼ ਕਰ ਕੇ ਮੁੱਖ ਮੰਤਰੀ ਬਾਦਲ ਦੇ ਗੋਡੀਂ ਹੱਥ ਲਾ ਦਿੰਦੇ ਸਨ।

ਅਗਲਾ ਪੜਾਅ ਓਦੋਂ ਆਇਆ ਸੀ, ਜਦੋਂ ਯੋਜਨਾ ਕਮਿਸ਼ਨ ਦੀ ਮੀਟਿੰਗ ਵਾਸਤੇ ਦਿੱਲੀ ਪਹੁੰਚੇ ਤਾਂ ਸੁਨੀਲ ਜਾਖੜ ਨੇ ਬਾਦਲ ਦੇ ਪੈਰੀਂ ਹੱਥ ਲਾਏ ਅਤੇ ਅਕਾਲੀ ਦਲ ਦੀ ਨਵੀਂ ਪੀੜ੍ਹੀ ਨੇ ਉਹ ਫੋਟੋ ਮੀਡੀਏ ਵਿਚ ਉਚੇਚੀ ਇਹ ਕਹਿ ਕੇ ਪੇਸ਼ ਕਰਵਾਈ ਕਿ ਕਾਂਗਰਸ ਵਾਲੇ ਤਾਂ ਮੁੱਖ ਮੰਤਰੀ ਬਾਦਲ ਦੇ ਗੋਡੀਂ ਝੁਕਦੇ ਫਿਰਦੇ ਹਨ। ਸੁਨੀਲ ਜਾਖੜ ਦਾ ਝੱਟ ਬਿਆਨ ਆ ਗਿਆ ਕਿ ਬਜ਼ੁਰਗ ਦਾ ਸਤਿਕਾਰ ਕਰਨ ਲਈ ਮੈਂ ਉਨ੍ਹਾਂ ਦੇ ਗੋਡੀਂ ਹੱਥ ਲਾਉਂਦਾ ਹੁੰਦਾ ਸੀ, ਅਕਾਲੀ ਦਲ ਦੀ ਲੀਡਰਸ਼ਿਪ ਇਸ ਤੋਂ ਵੀ ਲਾਹਾ ਲੈਣਾ ਚਾਹੁੰਦੀ ਹੈ ਤਾਂ ਅੱਜ ਤੋਂ ਬਾਅਦ ਨਹੀਂ ਲਾਏ ਜਾਣਗੇ। ਸਦਾਚਾਰ ਉੱਤੇ ਕਦਾਚਾਰ ਦੇ ਭਾਰੂ ਹੋਣ ਨਾਲ ਕਿਸੇ ਇੱਕ ਜਾਂ ਦੂਸਰੇ ਲੀਡਰ ਦਾ ਜਲੂਸ ਨਹੀਂ ਨਿਕਲਿਆ, ਪੰਜਾਬ ਵਿਚਲੇ ਲੋਕ-ਰਾਜ ਦੀ ਗਿਰਾਵਟ ਦਾ ਸਿਖਰ ਹੋਣ ਦੇ ਸੰਕੇਤ ਬਾਹਰ ਆ ਗਏ ਸਨ। ਇਸ ਵਾਰ ਪੰਜਾਬ ਦੀ ਵਿਧਾਨ ਸਭਾ ਵਿਚ ਜਿਸ ਤਰ੍ਹਾਂ ਧਮੱਚੜ ਪਾਇਆ ਗਿਆ, ਉਸ ਨੂੰ ਸੋਚਣ ਵੇਲੇ ਅਚਾਨਕ ਬਾਹਰ ਖੜ੍ਹੀ ਕਿਸੇ ਗੱਡੀ ਵਿਚ ਚੱਲਦੀ ਸੀ. ਡੀ. ਤੋਂ ਇਹ ਗਾਣਾ ਵੱਜ ਪਿਆ ਕਿ 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ।' ਮੈਨੂੰ ਇੰਜ ਲੱਗਣ ਲੱਗ ਪਿਆ, ਜਿਵੇਂ ਗਾਣੇ ਦੇ ਅਜੋਕੇ ਬੋਲ 'ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ' ਵਾਂਗ ਰਾਜਨੀਤੀ ਦੇ ਖੇਤਰ ਲਈ ਲਿਖਣੇ ਹੋਣ ਤਾਂ 'ਰੋਗ ਬਣ ਕੇ ਰਹਿ ਗਿਆ ਲੋਕ-ਰਾਜ ਤੇਰੇ ਦੇਸ਼ ਦਾ' ਲਿਖਣ ਦੀ ਗੁਸਤਾਖੀ ਕੀਤੀ ਜਾ ਸਕਦੀ ਹੈ। ਉਂਜ ਇਹ ਗੀਤ ਨਹੀਂ ਹੋਣਾ, ਸ਼ਿਵ ਬਟਾਲਵੀ ਦੇ ਗੀਤ ਦੀ ਪੈਰੋਡੀ ਹੋਵੇਗਾ, ਪਰ ਜੋ ਕੁਝ ਭਾਰਤ ਵਿਚ ਸਾਨੂੰ ਵੇਖਣਾ ਪੈ ਰਿਹਾ ਹੈ, ਉਹ ਵੀ ਕੋਈ ਲੋਕ-ਰਾਜ ਨਹੀਂ, ਲੋਕ-ਰਾਜ ਦੀ ਇੱਕ ਪੈਰੋਡੀ ਵਰਗਾ ਹੀ ਹੈ, ਅਸਲੀ ਲੋਕ-ਰਾਜ ਤਾਂ ਕਿਸੇ ਖੂੰਜੇ ਬੈਠਾ ਅੱਖਾਂ ਵਿਚ ਘਸੁੰਨ ਦੇ ਕੇ ਰੋਂਦਾ ਹੋਵੇਗਾ ਕਿ ਜੇ ਮੇਰੇ ਉੱਤੇ ਆਹ ਦਿਨ ਹੀ ਆਉਣੇ ਸਨ ਤਾਂ ਇਹੋ ਜਿਹੇ ਦੇਸ਼ ਵਿਚ ਆਉਣ ਦੀ ਲੋੜ ਕੀ ਸੀ!

# ਕਿਸਾਨ ਘੋਲ ਦੀ ਅਗਵਾਈ ਪੰਜਾਬ ਦੇ ਹੱਥ ਹੋਣ 'ਤੇ ਵੀ ਇਤਰਾਜ਼?

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਦੇਸ਼ ਦੇ ਲੱਖਾਂ ਕਿਸਾਨ ਪਿਛਲੇ ਸੌ ਦਿਨ ਤੋਂ ਦਿੱਲੀ ਦੀਆਂ ਬਰੂਹਾਂ ਉੱਤੇ ਡੇਰੇ ਲਾਈ ਬੈਠੇ ਹਨ। ਕਿਸਾਨਾਂ ਦੀਆਂ ਦੋ ਮੁੱਖ ਮੰਗਾਂ ਹਨ-ਤਿੰਨੇ ਖੇਤੀ ਕਨੂੰਨ ਰੱਦ ਕੀਤੇ ਜਾਣ ਅਤੇ ਸਾਰੀਆਂ ਫਸਲਾਂ ਦੀ ਘੱਟੋ ਘੱਟ ਖਰੀਦ ਕੀਮਤ ਤੈਅ ਕੀਤੀ ਜਾਵੇ। ਜਿਸ ਤਰ੍ਹਾਂ ਕਿਸਾਨ ਆਗੂਆਂ ਨੇ ਆਪਣਾ ਕੇਸ ਸਰਕਾਰ ਅੱਗੇ ਪੇਸ਼ ਕੀਤਾ ਹੈ, ਉਸ ਨੇ ਸਰਕਾਰ ਨੂੰ ਪ੍ਰੇਸ਼ਾਨ ਕਰ ਕੇ ਰੱਖ ਦਿੱਤਾ ਹੈ। ਕਿਸਾਨ ਆਗੂਆਂ ਦੀਆਂ ਦਲੀਲਾਂ ਅੱਗੇ ਸਰਕਾਰ ਦੀਆਂ ਦਲੀਲਾਂ ਹਾਰ ਗਈਆਂ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਅੰਦੋਲਨਕਾਰੀ ਆਗੂਆਂ ਨੇ ਗੱਲਬਾਤ ਦੀ ਮੇਜ ਉੱਤੇ ਸਰਕਾਰ ਦੇ ਤੇਜ਼ ਤਰਾਰ ਵਜ਼ੀਰਾਂ ਅਤੇ ਮਸ਼ੀਰਾਂ ਦੀ ਇੱਕ ਨਹੀਂ ਚੱਲਣ ਦਿੱਤੀ। ਹੁਣ ਤੱਕ ਸਰਕਾਰ ਦੇ ਸਾਰੇ ਮਨਸੂਬੇ ਫੇਲ੍ਹ ਸਾਬਤ ਹੋਏ ਹਨ। ਸਰਕਾਰ ਦੀ ਦੇਸ਼ ਅਤੇ ਵਿਸ਼ਵ ਪੱਧਰ 'ਤੇ ਬਹੁਤ ਕਿਰਕਿਰੀ ਹੋ ਰਹੀ ਹੈ। ਨੈਤਿਕ ਤੌਰ 'ਤੇ ਕੇਂਦਰ ਸਰਕਾਰ ਹਾਰ ਗਈ ਹੈ। ਸਰਕਾਰ ਫੱਟੜ ਹੋਏ ਸੱਪ ਵਾਂਗ ਵਿਸ ਘੋਲ ਰਹੀ ਹੈ। ਰਾਜ ਹਠ ਕਾਰਨ ਉਸ ਨੇ ਇਸ ਲੜਾਈ ਨੂੰ ਆਪਣੇ ਨੱਕ ਦਾ ਸਵਾਲ ਬਣਾ ਲਿਆ ਹੈ।

ਕਹਿੰਦੇ ਹਨ ਕਿ ਮੱਕੜੀ ਜਦੋਂ ਆਪਣਾ ਜਾਲ ਬੁਣਦੀ ਹੈ ਤਾਂ ਦੋ ਰਸਤੇ ਰੱਖਦੀ ਹੈ। ਇੱਕ ਲਾਂਘਾ ਉਸ ਦੇ ਆਪਣੇ ਜਾਣ-ਆਉਣ ਲਈ ਸੁਰੱਖਿਅਤ ਹੁੰਦਾ ਹੈ ਅਤੇ ਦੂਜਾ ਉਸ ਦਾ ਭੋਜਨ ਬਣਨ ਵਾਲੇ ਸ਼ਿਕਾਰ ਲਈ ਫੰਦੇ ਦਾ ਕੰਮ ਕਰਦਾ ਹੈ। ਕਈ ਵਾਰ ਮੱਕੜੀ ਆਪਣਾ ਰਾਹ ਭੁੱਲ ਕੇ ਅਣਜਾਣੇ ਵਿਚ ਸ਼ਿਕਾਰ ਵਾਲੇ ਟਰੈਪ ਵਿਚ ਫਸ ਜਾਂਦੀ ਹੈ। ਦੇਖਿਆ ਜਾਵੇ ਤਾਂ ਕੇਂਦਰ ਸਰਕਾਰ ਅੰਦੋਲਨਕਾਰੀਆਂ ਨੂੰ ਆਪਣੇ ਵਿਛਾਏ ਜਾਲ ਵਿਚ ਫਸਾਉਂਦੀ ਫਸਾਉਂਦੀ ਉਸੇ ਜਾਲ ਵਿਚ ਬੁਰੀ ਤਰ੍ਹਾਂ ਫਸ ਕੇ ਰਹਿ ਗਈ ਹੈ। ਜਿਵੇਂ ਜਿਵੇਂ ਸਰਕਾਰ ਕਿਸਾਨ ਅੰਦੋਲਨ ਤੋਂ ਆਪਣਾ ਪਿੱਛਾ ਛਡਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਉਵੇਂ ਉਵੇਂ ਅੰਦੋਲਨ ਦੀਆਂ ਗੰਢਾਂ ਪੀਡੀਆਂ ਹੁੰਦੀਆਂ ਜਾ ਰਹੀਆਂ ਹਨ। ਉਹ ਅੰਦੋਲਨ ਦੀ ਦਲ ਦਲ ਵਿਚੋਂ ਜਿੰਨਾ ਨਿਕਲਣ ਦੀ ਕੋਸ਼ਿਸ਼ ਕਰ ਰਹੀ ਹੈ, ਉਨਾ ਅੰਦਰ ਧਸਦੀ ਜਾ ਰਹੀ ਹੈ। ਕੇਂਦਰ ਸਰਕਾਰ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਜੇ ਕਿਸਾਨ ਅੰਦੋਲਨ ਸਫਲ ਹੋ ਗਿਆ ਤਾਂ ਮੋਦੀ ਯੁੱਗ ਦਾ ਵੀ ਖਾਤਮਾ ਹੋ ਜਾਵੇਗਾ।



ਬੇਹੱਦ ਅਫਸੋਸ ਦੀ ਗੱਲ ਹੈ ਕਿ ਪੂਰਾ ਭਾਰਤ ਪੰਜਾਬ ਦੀ ਆਗੂ ਟੀਮ ਮਗਰ ਲੱਗਣ ਲਈ ਤਿਆਰ ਹੈ, ਪਰ ਪੰਜਾਬ ਦੇ ਕੁਝ ਲੋਕ ਸਿੱਧੇ ਤੌਰ 'ਤੇ ਅਤੇ ਸੋਸ਼ਲ ਮੀਡੀਆ ਰਾਹੀਂ ਦਿਨ ਰਾਤ ਕਿਸਾਨ ਆਗੂਆਂ ਦੀ ਨਿੰਦਿਆ ਕਰਨ 'ਤੇ ਲੱਗੇ ਹੋਏ ਹਨ। ਇਨ੍ਹਾਂ ਦੀਆਂ ਹਰਕਤਾਂ ਦੇਖ ਕੇ ਲਗਦਾ ਹੈ ਕਿ ਇਹ ਲੋਕ ਕਿਸਾਨ ਅੰਦੋਲਨ ਦੇ ਅਸਫਲ ਹੋਣ ਦੀਆਂ ਦੁਆਵਾਂ ਕਰ ਰਹੇ ਹਨ। ਵੋਟਾਂ ਦੇ ਇਸ ਯੁੱਗ ਵਿਚ ਪੰਜਾਬ ਦੀ ਹਾਲਤ ਬਹੁਤ ਪਤਲੀ ਹੈ। ਕੇਂਦਰ ਸਰਕਾਰ ਉਸੇ ਰਾਜ ਦਾ ਦਬਾਅ ਮੰਨਦੀ ਹੈ, ਜਿਸ ਕੋਲ ਸੰਸਦ ਮੈਂਬਰਾਂ ਦੇ ਨੰਬਰ ਵੱਧ ਹੋਣ। ਪੰਜਾਬ ਕੋਲ ਸਿਰਫ 13 ਸੰਸਦ ਮੈਂਬਰ ਹਨ। ਇਨ੍ਹਾਂ ਵਿਚੋਂ ਵੀ ਅੱਧ ਪਚੱਧ ਕੇਂਦਰ ਵਿਚ ਰਾਜ ਕਰਨ ਵਾਲੀ ਪਾਰਟੀ ਲੈ ਜਾਂਦੀ ਹੈ। ਕਹਿਣ ਦਾ ਮਤਲਬ ਹੈ ਕਿ ਸਿਰਾਂ ਦੀ ਗਿਣਤੀ ਦੇ ਹਿਸਾਬ ਨਾਲ ਅਸੀਂ ਬਹੁਤ ਪਿੱਛੇ ਹਾਂ। ਅਸੀਂ ਆਪਣੀ ਯੋਗਤਾ ਨਾਲ ਬਹੁ ਗਿਣਤੀ ਨੂੰ ਪ੍ਰਭਾਵਿਤ ਕਰਕੇ ਦੇਸ਼ ਪੱਧਰ 'ਤੇ ਆਪਣੀ ਛਾਪ ਛੱਡ ਸਕਦੇ ਹਾਂ।

ਕੈਨੇਡਾ ਵਰਗੇ ਸਾਧਨ ਸੰਪਨ ਦੇਸ਼ਾਂ ਵਿਚ ਪੰਜਾਬੀਆਂ ਨੇ ਰਾਜਨੀਤਿਕ ਗਲਿਆਰਿਆਂ ਵਿਚ ਆਪਣੀ ਸਨਮਾਨ ਯੋਗ ਥਾਂ ਬਣਾਈ ਹੈ। ਇਹ ਪ੍ਰਾਪਤੀ ਉਨ੍ਹਾਂ ਨੇ ਧੱਕੇ ਨਾਲ ਜਾ ਬਹੁਗਿਣਤੀ ਦੇ ਜੋਰ ਨਾਲ ਨਹੀਂ ਕੀਤੀ, ਸਗੋਂ ਅਕਲਮੰਦੀ ਦੇ ਜੋਰ ਨਾਲ ਕੀਤੀ ਹੈ। ਇਸੇ ਤਰ੍ਹਾਂ ਭਾਰਤੀ ਮੂਲ ਦੇ ਬਹੁਤ ਸਾਰੇ ਲੋਕ ਆਟੇ ਵਿਚ ਲੂਣ ਬਰਾਬਰ ਹੁੰਦਿਆਂ ਵੀ ਬਹੁਤ ਸਾਰੇ ਦੇਸ਼ਾਂ ਅੰਦਰ ਕੁੰਜੀਵਤ ਅਹੁਦਿਆਂ ਉੱਤੇ ਬਿਰਾਜਮਾਨ ਹਨ। ਹਾਲ ਹੀ ਵਿਚ ਭਾਰਤੀ ਮੂਲ ਦੀ ਔਰਤ ਕਮਲਾ ਹੈਰਿਸ ਦੁਨੀਆਂ ਦੇ ਸ਼ਕਤੀਸ਼ਾਲੀ ਮੁਲਕ ਅਮਰੀਕਾ ਦੀ ਉਪ ਰਾਸ਼ਟਰਪਤੀ ਚੁਣੀ ਗਈ ਹੈ। ਇਨ੍ਹਾਂ ਬਹੁ ਕੌਮੀ ਦੇਸ਼ਾਂ ਵਿਚ ਆਪਣੀ ਕਾਬਲੀਅਤ ਦਾ ਸਿੱਕਾ ਮੰਨਾਉਣਾ ਹੋਰ ਵੀ ਔਖਾ ਹੈ। ਆਪਣੀ ਯੋਗਤਾ ਦਿਖਾਉਣ ਦਾ ਮੌਕਾ ਘੱਟ ਗਿਣਤੀਆਂ ਨੂੰ ਕਦੇ ਕਦੇ ਮਿਲਦਾ ਹੁੰਦਾ ਹੈ। ਅਕਲਮੰਦੀ ਇਸ ਵਿਚ ਹੀ ਹੁੰਦੀ ਹੈ ਕਿ ਇਸ ਤਰ੍ਹਾਂ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ ਜਾਵੇ ਅਤੇ ਗੱਪਾਂ ਦੇ ਤੂਫਾਨ ਨਾ ਖੜ੍ਹੇ ਕੀਤੇ ਜਾਣ।

ਅੱਜ ਕਿਸਾਨ ਅੰਦੋਲਨ ਦੇ ਕਾਰਨ ਇਹ ਮੌਕਾ ਪੰਜਾਬ ਨੂੰ ਮਿਲਿਆ ਹੈ। ਹਰਿਆਣਾ ਵਾਲੇ ਪੰਜਾਬ ਨੂੰ ਆਪਣਾ ਵੱਡਾ ਭਰਾ ਮੰਨ ਕੇ ਚੱਲ ਰਹੇ ਹਨ। ਛੋਟੇ ਵੱਡੇ ਹਰਿਆਣਵੀ ਆਗੂ ਕਹਿ ਰਹੇ ਹਨ ਕਿ ਜਿੱਥੇ ਪੰਜਾਬ ਪਸੀਨਾ ਵਹਾਵੇਗਾ, ਉਥੇ ਹਰਿਆਣਾ ਲਹੂ ਵਹਾਏਗਾ। ਇਹ ਗੱਲਾਂ ਭਾਵੇਂ ਕਹਿਣ ਲਈ ਹੁੰਦੀਆਂ ਹਨ, ਪਰ ਇਨ੍ਹਾਂ ਪਿੱਛੇ ਵੱਡੀ ਭਾਈਚਾਰਕ ਸਾਂਝ ਛੁਪੀ ਹੁੰਦੀ ਹੈ। ਇਸ ਕਿਸਾਨ ਅੰਦੋਲਨ ਵਿਚ ਚੌਧਰੀ ਮਹਿੰਦਰ ਸਿੰਘ ਟਿਕੈਤ ਦਾ ਲੜਕਾ ਚੌਧਰੀ ਰਕੇਸ਼ ਸਿੰਘ ਟਿਕੈਤ ਗਿਣਤੀ ਦੇ ਹਿਸਾਬ ਨਾਲ ਦੇਸ਼ ਦਾ ਵੱਡਾ ਕਿਸਾਨ ਆਗੂ ਬਣ ਕੇ ਉਭਰਿਆ ਹੈ। ਉਹ ਹਰ ਰੈਲੀ ਵਿਚ ਖੁੱਲ੍ਹੇਆਮ ਕਹਿ ਰਿਹਾ ਹੈ ਕਿ ਪੰਜਾਬ ਦੇ ਕਿਸਾਨ ਆਗੂਆਂ ਤੋਂ ਅਸੀਂ ਬਹੁਤ ਕੁਝ ਸਿੱਖਣਾ ਹੈ। ਸਾਡੀ ਅਗਵਾਈ ਪੰਜਾਬ ਦੇ ਕਿਸਾਨ ਆਗੂ ਹੀ ਕਰਨਗੇ। ਨਾ ਪੰਚ ਬਦਲੇਗਾ, ਨਾ ਮੰਚ ਬਦਲੇਗਾ। ਫੇਰ ਪੰਜਾਬ ਦੇ ਲੋਕਾਂ ਨੂੰ ਕੀ ਤਕਲੀਫ ਹੈ ਭਾਈ?

ਅੱਜ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਲੋਕਾਂ ਦੇ ਵੱਡੇ ਵੱਡੇ ਇਕੱਠ ਹੋ ਰਹੇ ਹਨ। ਇਨ੍ਹਾਂ ਇਕੱਠਾਂ ਨੂੰ ਸੰਬੋਧਿਤ ਕਰਨ ਲਈ ਪੰਜਾਬ ਨਾਲ ਸਬੰਧਿਤ ਆਗੂਆਂ ਨੂੰ ਸੱਦਿਆ ਜਾ ਰਿਹਾ ਹੈ। ਸਿੱਖ ਫਲਸਫੇ ਅਤੇ ਪੰਜਾਬੀਅਤ ਦਾ ਡੰਕਾ ਦੇਸ਼ ਅਤੇ ਦੁਨੀਆਂ ਵਿਚ ਵੱਜ ਰਿਹਾ ਹੈ। ਇਸ ਨਾਲੋਂ ਵੱਧ ਖੁਸ਼ੀ ਵਾਲੀ ਗੱਲ ਸਾਡੇ ਪੰਜਾਬੀਆਂ ਲਈ ਕੀ ਹੋ ਸਕਦੀ ਹੈ? ਹੁਣ ਤੱਕ ਕਿਸਾਨ ਆਗੂਆਂ ਨੇ ਇਸ ਅੰਦੋਲਨ ਨੂੰ ਰਾਜਨੀਤਕ ਲੋਕਾਂ ਦੀ ਪਹੁੰਚ ਤੋਂ ਬਾਹਰ ਰੱਖਣ ਦਾ ਯਤਨ ਕੀਤਾ ਹੈ, ਪਰ ਹੁਣ ਪਾਣੀ ਸਿਰਾਂ ਉੱਤੋਂ ਲੰਘਦਾ ਜਾ ਰਿਹਾ ਹੈ। ਕਿਸਾਨ ਲੀਡਰਸ਼ਿਪ ਨੇ ਬਹੁਤ ਸੋਚ ਵਿਚਾਰ ਕੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ 5 ਰਾਜਾਂ ਅੰਦਰ ਹੋ ਰਹੀਆਂ ਚੋਣਾਂ ਵਿਚ ਉਸ ਉਮੀਦਵਾਰ ਨੂੰ ਵੋਟ ਪਾਈ ਜਾਵੇ, ਜਿਹੜਾ ਉਮੀਦਵਾਰ ਭਾਜਪਾ ਦੇ ਉਮੀਦਵਾਰ ਨੂੰ ਹਰਾਉਣ ਦੀ ਸਥਿਤੀ ਵਿਚ ਹੋਵੇ। ਭਾਵੇਂ ਇਨ੍ਹਾਂ ਰਾਜਾਂ ਵਿਚ ਕਿਸਾਨ ਭਾਈਚਾਰਾ ਚੋਣ ਦ੍ਰਿਸ਼ ਨੂੰ ਬਦਲਣ ਦੇ ਸਮਰਥ ਨਹੀਂ ਹੈ, ਫਿਰ ਵੀ ਉੱਥੇ ਪ੍ਰਚਾਰ ਕਰਨ ਲਈ ਜਾਣਾ ਸੰਯੁਕਤ ਮੋਰਚੇ ਦੀ ਅਣਸਰਦੀ ਲੋੜ ਹੈ। ਇਹ ਨਿਰਣਾ 'ਵੋਟ ਦੀ ਚੋਟ' ਨੀਤੀ ਤਹਿਤ ਲਿਆ ਗਿਆ ਹੈ। ਇਨ੍ਹਾਂ ਰਾਜਾਂ ਵਿਚ ਪ੍ਰਚਾਰ ਲਈ ਜਾਣ ਵਾਲੇ ਕਿਸਾਨ ਆਗੂਆਂ ਵਿਚ ਵੀ ਪੰਜਾਬ ਨਾਲ ਸਬੰਧਿਤ ਬਹੁਤ ਸਾਰੇ ਆਗੂ ਹੋਣਗੇ। ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਜਨ ਅੰਦੋਲਨ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ।

ਪੰਜਾਬ ਵਿਚ ਅੱਜ ਤੱਕ ਜਿੰਨੇ ਅੰਦੋਲਨ ਲੜੇ ਗਏ ਹਨ, ਉਨ੍ਹਾਂ 'ਚੋਂ ਕੋਈ ਵੀ ਅੰਦੋਲਨ ਸਫਲ ਨਹੀਂ ਹੋਇਆ। ਹਰ ਅੰਦੋਲਨ ਵਿਚ ਪੰਜਾਬੀਆਂ ਦਾ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਰਿਹਾ ਹੈ। ਸਿਰਫ ਸਰਕਾਰ ਅਤੇ ਦਸਤਾਰ ਬਦਲਦੀ ਰਹੀ ਹੈ। ਪੰਜਾਬ ਦੇ ਰਾਜਸੀ ਆਗੂ ਜਿੱਤਦੇ ਰਹੇ ਹਨ ਅਤੇ ਪੰਜਾਬ ਦੇ ਲੋਕ ਹਾਰਦੇ ਰਹੇ ਹਨ। ਸਿਆਸੀ ਲੋਕਾਂ ਨੇ ਆਰਥਿਕ ਮੁੱਦਿਆਂ ਨੂੰ ਕਦੇ ਵੀ ਏਜੰਡਾ ਨਹੀਂ ਬਣਨ ਦਿੱਤਾ। ਲੋਕਾਂ ਨੂੰ ਕਾਗਜ਼ੀ ਕਾਰਵਾਈਆਂ ਵਿਚ ਇੰਨਾ ਉਲਝਾ ਦਿੱਤਾ ਕਿ ਉਹ ਇੱਕ ਤਰ੍ਹਾਂ ਨਾਲ ਰਾਜਸੀ ਲੋਕਾਂ ਦੇ ਗੁਲਾਮ ਬਣ ਗਏ। ਤਿੰਨ ਖੇਤੀ ਕਾਨੂੰਨਾਂ ਖਿਲਾਫ ਉੱਠੇ ਅੰਦੋਲਨ ਨੇ ਰਾਜਨੀਤਕ ਪਾਰਟੀਆਂ ਨੂੰ ਕੰਬਣੀਆਂ ਛੇੜ ਦਿੱਤੀਆਂ ਹਨ। ਅੰਦਰਖਾਤੇ ਇਨ੍ਹਾਂ ਪਾਰਟੀਆਂ ਦੇ ਭਾਅ ਦੀ ਬਣੀ ਹੋਈ ਹੈ। ਇਸ ਅੰਦੋਲਨ ਦੀ ਸਫਲਤਾ ਜਾਂ ਅਸਫਲਤਾ ਦੇ ਨਤੀਜੇ ਬਹੁਤ ਦੂਰਗਾਮੀ ਹੋਣਗੇ।

# ਖੇਤੀ ਕਾਨੂੰਨਾਂ ਦੇ ਮਾਮਲੇ 'ਚ ਇਜਾਰੇਦਾਰੀ ਦਾ ਭੈਅ ਕਿੰਨਾ ਕੁ ਸਾਰਥਕ?

## ਮਨਚਲੇ ਸੁਪਨਸਾਜ਼ਾਂ ਤੋਂ ਸਾਵਧਾਨ ਰਹਿਣ ਕਿਸਾਨ ਆਗੂ

*ਤਿੰਨ ਖੇਤੀ ਕਾਨੂੰਨਾਂ ਖਿਲਾਫ ਭਾਰਤ ਅੰਦਰ ਕਿਸਾਨੀ ਘੋਲ ਪਿਛਲੇ ਕਈ ਮਹੀਨਿਆਂ ਤੋਂ ਭਖਿਆ ਹੋਇਆ ਹੈ ਅਤੇ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਉਤੇ ਬੈਠਿਆਂ ਨੂੰ 100 ਦਿਨਾਂ ਤੋਂ ਉਪਰ ਹੋ ਗਏ ਹਨ। ਬਲਰਾਜ ਦਿਓਲ ਨੇ ਆਪਣੇ ਇਸ ਲੇਖ ਵਿਚ ਇਸ ਘੋਲ ਬਾਰੇ ਬਿਲਕੁਲ ਵੱਖਰੇ ਕੋਣ ਤੋਂ ਗੱਲ ਕੀਤੀ ਹੈ ਅਤੇ ਖੇਤੀ ਕਾਨੂੰਨਾਂ ਬਾਰੇ ਉਠਾਏ ਜਾ ਰਹੇ ਸਵਾਲਾਂ ਬਾਰੇ ਕੁਝ ਸਵਾਲ ਕੀਤੇ ਹਨ। -ਸੰਪਾਦਕ*

ਭਾਰਤ ਅੰਦਰ ਪਿਛਲੇ ਕਈ ਮਹੀਨਿਆਂ ਤੋਂ ਚਲ ਰਹੇ ਕਿਸਾਨ ਅੰਦੋਲਨ ਬਾਰੇ ਵਧੀਆ ਗੱਲ ਹੈ ਕਿ ਇਸ ਨੇ ਸਤਾ 'ਤੇ ਕਾਬਜ਼ ਧਿਰਾਂ ਪ੍ਰਚਲਿਤ ਰਾਜਸੀ ਸੋਚ, ਕੁੰਭਕਰਨੀ ਨੀਂਦ ਸੁਤੀ ਪਈ ਅਫਸਰਸ਼ਾਹੀ ਅਤੇ ਬੁਧੀਜੀਵੀਆਂ ਨੂੰ ਤਕੜਾ ਝੰਜੋੜਾ ਦਿਤਾ ਹੈ। ਇਸ ਨਾਲ ਖੇਤੀ ਖੇਤਰ ਅੰਦਰ ਜਮੂਦ ਟੁਟਣ ਦੀ ਸੰਭਾਵਨਾ ਬਣੀ ਹੈ। ਅੰਦੋਲਨ ਦਾ ਸਿੱਟਾ ਕੁਝ ਵੀ ਨਿਕਲੇ- ਨਵੀਂ ਸੋਚ, ਨਵੀਆਂ ਤਜਵੀਜ਼ਾਂ ਆਉਣ ਵਾਲੇ ਸਮੇਂ ਦੌਰਾਨ ਜ਼ਰੂਰ ਸਾਹਮਣੇ ਆਉਣਗੀਆਂ ਪਰ ਪਾਪੂਲਿਸਟ ਅੰਦੋਲਨਾਂ ਵਿਚ ਜਿਵੇਂ ਕਈ ਵਾਰ ਹੁੰਦਾ ਹੈ, ਕੁਝ ਭੁਲੇਖੇ ਵੀ ਪੈਦਾ ਹੁੰਦੇ ਹਨ, ਜਾਂ ਕਰ ਦਿਤੇ ਜਾਂਦੇ ਹਨ। ਬਿਹਤਰ ਇਹੋ ਹੈ ਕਿ ਉਨ੍ਹਾਂ ਭੁਲੇਖਿਆਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਜਾਵੇ; ਮਸਲਨ ਕਿਸਾਨ ਅੰਦੋਲਨ ਦਾ ਸਮਰਥਨ ਅਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਅਕਸਰ ਇਨ੍ਹਾਂ ਕਾਨੂੰਨਾਂ ਨਾਲ

**ਬਲਰਾਜ ਦਿਓਲ**
**ਫੋਨ: 905-793-5072**
**ਈਮੇਲ: balrajdeol@rogers.com**

'ਮਨਾਪਲੀ' ਬਣਨ ਦਾ ਹਊਆ ਖੜ੍ਹਾ ਕਰ ਰਹੇ ਹਨ। ਮਨਾਪਲੀ ਅਜਿਹੀ ਹਾਲਤ ਹੁੰਦੀ ਹੈ ਜਿਸ ਵਿਚ ਕਿਸੇ ਖਾਸ ਉਤਪਾਦ ਦੀ ਪੈਦਾਵਾਰ, ਵਿਤਰਨ ਜਾਂ ਦੋਵੇਂ ਕਿਸੇ ਇੱਕ ਧਿਰ ਦੇ ਹੱਥ ਆ ਜਾਂਦੀਆਂ ਹਨ ਜਿਸ ਨਾਲ ਇਹ ਧਿਰ ਮੂੰਹ ਮੰਗੀ ਕੀਮਤ ਵਸੂਲਣ ਦੀ ਹਾਲਤ ਵਿਚ ਆ ਜਾਂਦੀ ਹੈ। ਇਸ ਨੂੰ ਪੰਜਾਬੀ ਵਿਚ ਇਜਾਰੇਦਾਰੀ ਕਿਹਾ ਜਾਂਦਾ ਹੈ। ਕਈ ਨਿਰੱਪਖ ਚਿੰਤਕ ਵੀ ਇਸ ਕਿਸਮ ਦਾ ਖਦਸ਼ਾ ਜਾਹਰ ਕਰਦੇ ਹਨ ਅਤੇ ਇਸ ਬਾਰੇ ਵਿਚਾਰ ਚਰਚਾ ਕਰਨਾ ਵੀ ਜਾਇਜ਼ ਹੈ। ਸਾਡੇ ਅਜਿਹੇ ਉਤਸ਼ਾਹੀ ਮਿੱਤਰ 'ਮਨਾਪਲੀ' ਦਾ ਭੈਅ ਦੇ ਕੇ ਅਜਿਹੀ ਵਿਵਸਥਾ ਦਾ ਸਮਰਥਨ ਕਰ ਰਹੇ ਹਨ ਜੋ ਅਜੋਕੇ ਸਮਿਆਂ ਵਿਚ ਮੂਲੋਂ ਹੀ ਪ੍ਰੈਕਟੀਕਲ ਨਹੀਂ ਹੈ। ਅਜਿਹੇ ਲੋਕ 'ਮਨਾਪਲੀ' ਦੇ ਭੈਅ ਨੂੰ ਮੋਹਰੇ ਵਜੋਂ ਵਰਤ ਕੇ ਸਿਰੇ ਦੇ ਅਕੁਸ਼ਲ ਪਬਲਿਕ ਸੈਕਟਰ ਦੇ ਵਿਸਥਾਰ ਦੀ ਵਕਾਲਤ ਕਰਦੇ ਨਜ਼ਰ ਆ ਰਹੇ ਹਨ ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ ਹੈ।

ਹੁਣ ਅਗਰ ਭਾਰਤੀ ਅਰਥ ਵਿਵਸਥਾ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਹਾਣੀ ਵੱਖਰੀ ਨਜ਼ਰ ਆਉਂਦੀ ਹੈ। ਸਪਸ਼ਟ ਹੋ ਜਾਂਦਾ ਹੈ ਕਿ ਮਨਾਪਲੀ ਦਾ ਡਰ ਖੁੱਲ੍ਹੀ ਆਰਥਿਕਤਾ ਨਾਲੋਂ ਬੰਦ ਆਰਥਿਕਤਾ ਵਿਚ ਵੱਧ ਹੁੰਦਾ ਹੈ। ਆਜ਼ਾਦੀ ਪਿੱਛੋਂ ਭਾਰਤ ਨੇ ਅਰਥ ਵਿਵਸਥਾ ਦਾ ਜੋ ਮਾਡਲ ਅਪਣਾਇਆ, ਉਸ ਨੂੰ 'ਮਿਕਸਡ' ਵੀ ਆਖਿਆ ਜਾਂਦਾ ਹੈ; ਭਾਵ ਪਬਲਿਕ ਅਤੇ ਪ੍ਰਾਈਵੇਟ ਦੋਵਾਂ ਕਿਸਮ ਦੇ ਅਦਾਰੇ ਨਿਰਧਾਰਤ ਨਿਯਮਾਂ ਹੇਠ ਆਜ਼ਾਦੀ ਨਾਲ ਕੰਮ ਕਰਦੇ ਹਨ। ਪੰਡਿਤ ਨਹਿਰੂ ਦੀ ਸਰਕਾਰ ਨੇ ਪਬਲਿਕ ਸੈਕਟਰ ਵਿਚ ਕਈ ਵੱਡੀਆਂ ਸਨਅਤੀ ਇਕਾਈਆਂ ਬਣਾਈਆਂ ਜਿਨ੍ਹਾਂ ਵਿਚ ਵੱਡੇ ਸਟੀਲ ਪਲਾਂਟ, ਬਿਜਲੀ ਪਲਾਂਟ ਆਦਿ ਸ਼ਾਮਲ ਸਨ ਪਰ ਇਸ ਦੇ ਨਾਲ ਹੀ ਸਵਦੇਸ਼ੀ ਪ੍ਰਾਈਵੇਟ ਅਦਾਰੇ ਵੀ ਪ੍ਰਫੁਲਿਤ ਹੁੰਦੇ ਰਹੇ। ਉਂਜ ਇਸ ਵਿਚ ਕਿਸੇ ਨੂੰ ਕੋਈ ਸ਼ੱਕ ਨਹੀਂ ਰਹਿਣੀ ਚਾਹੀਦੀ ਕਿ ਪੰਡਤ ਨਹਿਰੂ ਸੋਵੀਅਤ ਮਾਡਲ ਤੋਂ ਬਹੁਤ ਪ੍ਰਭਾਵਤ ਸਨ ਜੋ ਨਿਰੋਲ ਸਮਾਜਵਾਦੀ ਪਬਲਿਕ ਸੈਕਟਰ ਮਾਡਲ ਸੀ। ਇੰਦਰਾ ਗਾਂਧੀ ਦੇ ਰਾਜ ਵਿਚ ਕੁਝ ਅਹਿਮ ਪ੍ਰਾਈਵੇਟ ਸੈਕਟਰ ਅਦਾਰਿਆਂ ਦਾ ਕੌਮੀਕਰਨ ਕੀਤਾ ਗਿਆ ਜਿਨ੍ਹਾਂ ਵਿਚ 14 ਪ੍ਰਾਈਵੇਟ ਬੈਂਕ ਵੀ ਸ਼ਾਮਲ ਸਨ। ਸ੍ਰੀਮਤੀ ਗਾਂਧੀ ਨੇ ਅਜਿਹਾ 'ਰਾਜਸੀ ਪੈਂਤੜੇ' ਵਜੋਂ ਕੀਤਾ ਸੀ ਨਾ ਕਿ 'ਗਰੀਬੀ ਹਟਾਓ' ਦੀ ਕੋਈ ਠੋਸ ਤਰਕੀਬ ਲਾਗੂ ਕਰਨ ਲਈ। ਇਸ ਨਾਲ ਟਕਸਾਲੀ ਕਾਂਗਰਸੀ ਆਗੂਆਂ ਨੂੰ ਪਛਾੜ ਕੇ ਸ੍ਰੀਮਤੀ ਗਾਂਧੀ ਮੁੱਖ ਆਗੂ ਵਜੋਂ ਸਥਾਪਿਤ ਜ਼ਰੂਰ ਹੋ ਗਈ ਸੀ ਪਰ ਭਾਰਤੀ ਅਰਥਚਾਰੇ ਅਤੇ ਆਮ ਲੋਕਾਂ ਨੂੰ ਇਸ ਦਾ ਕੋਈ ਲਾਭ ਨਾ ਪੁੱਜਾ।

1991 ਵਿਚ ਨਰਸਿਮਾ ਰਾਓ ਦੇ ਪ੍ਰਧਾਨ ਮੰਤਰੀ ਬਣਨ ਤੱਕ ਭਾਰਤ ਤਕਰੀਬਨ ਦੀਵਾਲੀਆ ਹੋਣ ਦੀ ਕਗਾਰ ਤੱਕ ਪੁੱਜ ਚੁੱਕਾ ਸੀ ਅਤੇ ਵਿੱਤ ਮੰਤਰੀ ਵਜੋਂ ਡਾ. ਮਨਮੋਹਨ ਸਿੰਘ ਨੇ ਭਾਰਤੀ ਅਰਥਚਾਰੇ ਦਾ ਉਦਾਰੀਕਰਨ ਸ਼ੁਰੂ ਕੀਤਾ ਜੋ ਅਸਲ ਵਿਚ ਸਵਦੇਸ਼ੀ ਅਤੇ ਵਿਦੇਸ਼ੀ ਪੂੰਜੀਨਿਵੇਸ਼ ਲਈ ਰਾਹ ਪੱਧਰਾ ਕਰਨਾ ਸੀ। ਇਸ ਨਾਲ ਭਾਰਤ ਦੀ ਬਹੁਪੱਖੀ ਤਰੱਕੀ ਦਾ ਰਸਤਾ ਪੱਧਰਾ ਹੋਣ ਲੱਗਾ ਜਿਸ ਦੀਆਂ ਅਕਸਰ ਉਹ ਲੋਕ ਸਿਫਤਾਂ ਵੀ ਕਰਦੇ ਹਨ ਜੋ ਉਂਜ ਉਦਾਰੀਕਰਨ ਦਾ ਖੁੱਲ੍ਹਾ ਵਿਰੋਧ ਕਰਦੇ ਹਨ।

ਗੱਲ ਮਨਾਪਲੀ ਭਾਵ ਇਜਾਰੇਦਾਰੀ ਦੀ ਕਰ ਰਹੇ ਸਾਂ। ਉਦਾਰੀਕਰਨ ਤੋਂ ਪਹਿਲਾਂ ਭਾਰਤ ਵਿਚ ਦੋ ਕਿਸਮ ਦੀਆਂ ਕਾਰਾਂ ਮਿਲਦੀਆਂ ਸਨ। ਕਾਰ ਖਰੀਦਣ ਲਈ ਵੀ 'ਨੰਬਰ' ਲੈ ਕੇ ਲੰਮੀ ਉਡੀਕ ਕਰਨੀ ਪੈਂਦੀ ਸੀ। ਅੰਬੈਸਡਰ ਕਾਰ ਪ੍ਰਮੁੱਖ ਸੀ ਅਤੇ ਪਿੱਛੋਂ ਇਟਲੀ ਦੀ ਕੰਪਨੀ ਫੀਅਟ ਦੀ ਕਾਰ ਬਣਨੀ ਸ਼ੁਰੂ ਹੋਈ ਸੀ। ਇਹੀ ਹਾਲ ਟਰੈਕਟਰਾਂ, ਸਕੂਟਰਾਂ, ਮੋਟਰਸਾਈਕਲਾਂ ਅਤੇ ਟਰੱਕਾਂ ਵਗੈਰਾ ਦਾ ਵੀ ਸੀ। ਲੇਖਕ ਨੇ ਤਾਂ ਉਹ ਜ਼ਮਾਨਾ ਵੀ ਦੇਖਿਆ ਹੈ, ਜਦ ਐਟਲਸ ਦਾ ਸਾਈਕਲ ਖਰੀਦਣ ਲਈ ਵੀ ਉਡੀਕ ਕਰਨੀ ਪੈਂਦੀ ਸੀ। ਡਨਲਪ ਕੰਪਨੀ ਦੇ ਟਾਇਰ ਅਤੇ ਟਿਊਬਾਂ ਦੀ ਵੀ ਬਲੈਕ ਹੁੰਦੀ ਸੀ। ਅਗਰ ਕੋਈ ਆਪਣੇ ਘਰ ਟੈਲੀਫੋਨ ਲਗਵਾ ਲਵੇ ਤਾਂ ਬਹੁਤ ਵੱਡਾ ਗਿਣਿਆ ਜਾਂਦਾ ਸੀ। ਮੁੱਕਦੀ ਗੱਲ ਇਹ ਹੈ ਕਿ ਉਪਰੋਕਤ ਉਤਪਾਦ ਬਣਾਉਣ ਅਤੇ ਇਨ੍ਹਾਂ ਦੇ ਵਿਤਰਨ ਉਤੇ ਕੁਝ ਅਦਾਰਿਆਂ ਦੀ ਇਜਾਰੇਦਾਰੀ ਸੀ। ਕੀ ਉਦੋਂ ਭਾਰਤ ਦਾ ਅਰਥਚਾਰਾ 'ਖੁੱਲ੍ਹਾ' ਭਾਵ ਪ੍ਰਈਵੇਟ ਸੀ ਜਾਂ 'ਬੰਦ', ਭਾਵ ਸਰਕਾਰੀ ਤੰਤਰ ਦੇ ਕੰਟਰੋਲ ਹੇਠ ਸੀ?

ਜਦ ਭਾਰਤੀ ਅਰਥਚਾਰਾ 'ਖੁੱਲ੍ਹ' ਵੱਲ ਵਧਿਆ ਤਾਂ ਸਹਿਜੇ ਸਹਿਜੇ ਉਪਰੋਕਤ ਉਤਪਾਦਾਂ ਦੀ ਥੁੜ੍ਹ ਖਤਮ ਹੋ ਗਈ ਅਤੇ ਕਈ ਕੰਪਨੀਆਂ ਕਈ ਕਿਸਮ ਦੇ ਉਤਪਾਦ ਲੈ ਕੇ ਮਾਰਕੀਟ ਵਿਚ ਆ ਗਈਆਂ ਜਿਸ ਨਾਲ 'ਗਾਹਕ ਖਿੱਚਣ' ਦੀ ਦੌੜ ਲੱਗ ਗਈ। ਸਭ ਉਤਪਾਦਾਂ ਆਮ ਮਿਲਣ ਲੱਗੇ ਅਤੇ ਮਿਆਰ ਤੇ ਸਰਵਿਸ ਵੀ ਵਧੀਆ ਹੋਣ ਲੱਗ ਪਈ। ਇਹ ਵੱਖਰੀ ਸਮੱਸਿਆ ਹੈ ਕਿ ਅੰਨ੍ਹੀ ਕੁਰੱਪਸ਼ਨ, ਆਬਾਦੀ 'ਚ ਬੇਹਿਸਾਬ ਵਾਧਾ, ਰਾਜਸੀ ਗੰਧਲਾਪਣ ਆਦਿ ਵਧਣ ਨਾਲ ਕਈ ਹੋਰ ਮੁਸ਼ਕਿਲਾਂ ਵਧ ਗਈਆਂ ਪਰ ਮਨਾਪਲੀ ਅਸਲ ਵਿਚ 'ਖੁੱਲ੍ਹੇ ਅਰਥਚਾਰੇ' ਕਾਰਨ ਟੁੱਟ ਗਈ ਹੈ।

ਅਸਲ ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਸਮਾਜਵਾਦੀ ਬਲਾਕ ਦੀ ਅਸਫਲਤਾ ਵਿਚ ਵੀ 'ਬੰਦ' ਨਿਜ਼ਾਮ ਦਾ ਪ੍ਰਮੁੱਖ ਰੋਲ ਹੈ। ਨਿਜ਼ਾਮ ਰਾਜਸੀ ਤੌਰ 'ਤੇ ਵੀ ਬੰਦ ਸੀ ਅਤੇ ਆਰਥਿਕ ਤੌਰ 'ਤੇ ਵੀ ਬੰਦ ਸੀ। ਖੁੱਲ੍ਹੀ ਮੁਕਾਬਲੇਬਾਜ਼ੀ ਅਤੇ ਇਨੋਵੇਸ਼ਨ ਦੀ ਕੋਈ ਲੋੜ ਹੀ ਨਹੀਂ ਸੀ ਜਿਸ ਨਾਲ ਸਿਸਟਮ ਜੰਗਾਲ ਗਿਆ। ਅਗਰ ਕਿਤਾਬਾਂ ਵਿਚ ਲਿਖਿਆ ਸਮਾਜਵਾਦੀ ਪ੍ਰਬੰਧ ਪੜ੍ਹੀਏ ਤਾਂ ਇਹ ਅੱਜ ਵੀ ਬਹੁਤ ਖਿੱਚ ਪਾਉਂਦਾ ਹੈ ਪਰ ਪ੍ਰੈਕਟੀਕਲ ਪੱਧਰ ਉਤੇ ਇਸ ਨੂੰ ਕਿਸੇ ਵੀ ਦੇਸ਼ ਵਿਚ ਅੱਜ ਤੱਕ ਲੰਮਾ ਸਮਾਂ ਕਾਮਯਾਬੀ ਨਹੀਂ ਮਿਲ ਸਕੀ।

### ਮਨਾਪਲੀ ਰੋਕੂ ਪ੍ਰਬੰਧ!

ਤਿੰਨ ਖੇਤੀ ਕਾਨੂੰਨਾਂ ਦੇ ਮਾਮਲੇ ਵਿਚ 'ਮਨਾਪਲੀ' ਦਾ ਭੈਅ ਕਿੰਨਾ ਕੁ ਸਾਰਥਕ ਹੈ? ਮਨਾਪਲੀ ਲੋਕਹਿੱਤ ਵਿਚ ਨਹੀਂ ਹੁੰਦੀ ਅਤੇ ਇਸ ਵਿਚ ਦੋ ਰਾਵਾਂ ਨਹੀਂ ਹਨ ਪਰ ਮਨਾਪਲੀ ਤੋਂ ਬਚਣ ਲਈ 'ਬੰਦ' ਆਰਥਿਕਤਾ ਕੋਈ ਬਦਲ ਨਹੀਂ ਹੈ ਜਿਸ ਦਾ ਪਹਿਲਾਂ ਜ਼ਿਕਰ ਕਰ ਆਏ ਹਾਂ। ਲੋਕਾਂ ਦੇ ਹਿੱਤਾਂ ਦੇ ਰਾਖੀ ਲਈ ਸੰਸਾਰ ਭਰ ਦੀਆਂ ਖੁੱਲ੍ਹੀਆਂ ਆਰਥਿਕਤਾਵਾਂ ਵਿਚ ਕਈ ਕਿਸਮ ਦੇ ਕਾਨੂੰਨ ਬਣੇ ਹੋਏ ਹਨ ਜਿਨ੍ਹਾਂ ਨੂੰ ਕੁਝ ਦੇਸ਼ਾਂ ਵਿਚ 'ਫੇਅਰ ਕੰਪੀਟੀਸ਼ਨ ਐਕਟ' ਵੀ ਆਖਦੇ ਹਨ। ਕਈ ਦੇਸ਼ਾਂ ਵਿਚ ਵੱਖਰੀ ਕਿਸਮ ਦੇ ਨਾਮ ਰੱਖੇ ਹੋਏ ਹਨ ਪਰ ਇਨ੍ਹਾਂ ਅਦਾਰਿਆਂ ਜਾਂ ਕਾਨੂੰਨਾਂ ਦਾ ਮਕਸਦ ਉਤਪਾਦਾਂ ਅਤੇ ਸੇਵਾਵਾਂ ਦੇ ਖੇਤਰ ਵਿਚ ਢੁਕਵਾਂ ਮੁਕਾਬਲਾ ਕਾਇਮ ਰੱਖਣਾ ਹੁੰਦਾ ਹੈ ਤਾਂ ਕਿ ਲੋਕਾਂ ਨੂੰ ਢੁਕਵੀਂ ਕੀਮਤ, ਉਤਪਾਦਾਂ ਦੇ ਢੁਕਵੇਂ ਬਦਲ ਅਤੇ ਕਿਸਮਾਂ ਮਿਲ ਸਕਣ।

ਇੱਕੋ ਸੈਕਟਰ ਦੇ ਵੱਖ-ਵੱਖ ਅਦਾਰਿਆਂ ਜਾਂ ਕੰਪਨੀਆਂ ਨੂੰ ਇੱਕ ਦੂਜੀ ਵਿਚ ਰਲਾਉਣ ਲਈ ਮਨਾਪਲੀ ਰੋਕੂ ਵਿਭਾਗਾਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਭਾਰਤ ਸਰਕਾਰ ਨੇ ਸਾਲ 1969 ਵਿਚ 'ਦਿ ਮਨਾਪਲੀਜ਼ ਐਂਡ ਰੈਸਟਰਿਕਟਵ ਟਰੇਡ ਪ੍ਰੈਕਟਿਸਜ਼ ਐਕਟ' ਬਣਾਇਆ ਸੀ। ਫਿਰ 2002 ਵਿਚ ਨਵੀਆਂ ਹਾਲਤਾਂ ਨਾਲ ਨਜਿੱਠਣ ਲਈ ਇਸ ਦੀ ਥਾਂ ਨਵਾਂ ਕਾਨੂੰਨ ਬਣਾ ਕੇ 'ਕੰਪੀਟੀਸ਼ਨ ਕਮਿਸ਼ਨ ਆਫ ਇੰਡੀਆ' ਬਣਾਇਆ ਗਿਆ। ਲੋੜ ਨੂੰ ਮੁੱਖ ਰੱਖਦਿਆਂ ਇਸ ਵਿਚ 2007 ਅਤੇ ਫਿਰ 2009 ਵਿਚ ਕੁਝ ਹੋਰ ਸੋਧਾਂ ਕੀਤੀਆਂ ਗਈਆਂ। ਲੋੜ ਅਨੁਸਾਰ ਇਸ ਨੂੰ ਹੋਰ ਪ੍ਰਭਾਵੀ ਬਣਾਇਆ ਜਾ ਸਕਦਾ ਹੈ ਤੇ ਬਣਾਇਆ ਜਾਣਾ ਚਾਹੀਦਾ ਹੈ।

ਇਹ ਖਦਸ਼ਾ ਪ੍ਰਗਟ ਕਰੀ ਜਾਣਾ ਕਿ ਨਵੇਂ ਕਾਨੂੰਨਾਂ ਨਾਲ ਆਟਾ ਰਾਤੋ-ਰਾਤ 100 ਰੁਪਏ ਕਿਲੋ ਹੋ ਜਾਵੇਗਾ, ਸਹੀ ਨਹੀਂ। 'ਜ਼ਰੂਰੀ ਵਸਤਾਂ' ਕਾਨੂੰਨ ਵਿਚ ਸੋਧ ਗੈਰ-ਵਾਜਿਬ ਨਹੀਂ ਅਤੇ ਇਸ ਵਿਚ ਮੁੱਖ ਨੁਕਤੇ ਸਰਕਾਰ ਨੇ ਆਪਣੇ ਹੱਥ ਵਿਚ ਰੱਖੇ ਹਨ। ਜੋ ਸੋਧਾਂ ਕੀਤੀਆਂ ਹਨ, ਉਹ


ਅਮਰਜੀਤ ਗਰੇਵਾਲ

ਜਖੀਰੇਬਾਜ਼ੀ ਨੂੰ ਜਾਇਜ਼ ਠਹਿਰਾਉਣ ਲਈ ਨਹੀਂ ਹਨ ਸਗੋਂ ਖੇਤੀ ਉਤਪਾਦਾਂ ਦੀ ਖਰੀਦ, ਢੁਆਈ, ਸਟੋਰੇਜ਼, ਗਰੇਡਿੰਗ, ਪ੍ਰਾਸੈਸਿੰਗ, ਪੈਕਿੰਗ ਅਤੇ ਮਾਰਕੀਟਿੰਗ ਲਈ ਜ਼ਰੂਰੀ ਹਨ। ਲੋਕਤੰਤਰ ਵਿਚ ਸਰਕਾਰਾਂ ਨੂੰ ਵਾਰ-ਵਾਰ ਲੋਕਾਂ ਕੋਲ ਵੋਟਾਂ ਲੈਣ ਜਾਣਾ ਪੈਂਦਾ ਹੈ, ਇਸ ਲਈ ਲੋਕਾਂ ਨੂੰ ਜਾਣਬੁਝ ਕੇ ਭੁੱਖੇ ਮਾਰਨ ਵਾਲੀ ਪਾਰਟੀ ਨੂੰ ਲੋਕ ਪਿੰਡ, ਸ਼ਹਿਰ, ਸੂਬੇ ਅਤੇ ਦੇਸ਼ ਦੀ ਸੱਤਾ ਤੋਂ ਕੰਨ ਤੋਂ ਫੜ ਕੇ ਬਾਹਰ ਕਰ ਦੇਣਗੇ। ਤਾਕਤ ਵਿਚ ਰਹਿਣ ਲਈ ਤਾਂ ਤਾਨਾਸ਼ਾਹ ਵੀ ਲੋਕ ਵਿਦਰੋਹ ਨਹੀਂ ਚਾਹੁੰਦੇ।

### ਛੋਟੀ ਕਿਸਾਨੀ ਲਈ ਖਤਰਾ?

ਕੁਝ ਲੋਕਾਂ ਨੂੰ ਖਦਸ਼ਾ ਹੈ ਕਿ ਨਵੇਂ ਕਾਨੂੰਨਾਂ ਨਾਲ ਮੰਡੀਆਂ ਖਤਮ ਹੋ ਜਾਣਗੀਆਂ ਜਿਸ ਨਾਲ ਛੋਟਾ ਕਿਸਾਨ ਆਪਣੀ ਫਸਲ ਕਿੱਥੇ ਵੇਚੇਗਾ? ਪਹਿਲੀ ਗੱਲ ਤਾਂ ਇਹ ਹੈ ਕਿ ਖੇਤੀ ਕਾਨੂੰਨ ਮੰਡੀ ਸਿਸਟਮ ਨੂੰ ਖਤਮ ਨਹੀਂ ਕਰ ਰਹੇ ਸਗੋਂ ਫਸਲ ਵੇਚਣ ਦਾ ਇਕ ਹੋਰ ਬਦਲ ਪੇਸ਼ ਕਰ ਰਹੇ ਹਨ। ਦੂਜਾ ਇਹ ਕਦੇ ਨਹੀਂ ਹੋਵੇਗਾ ਕਿ ਸਾਰੀ ਦੀ ਸਾਰੀ ਖੇਤੀ ਹੀ ਕੰਟਰੈਕਟ ਫਾਰਮਿੰਗ ਹੇਠ ਆ ਜਾਵੇ। ਕੀ ਅਮਰੀਕਾ, ਕੈਨੇਡਾ ਅਤੇ ਯੂਰਪ ਵਿਚ ਸਾਰੀ ਖੇਤੀ ਕੰਟਰੈਕਟ ਫਾਰਮਿੰਗ ਹੇਠ ਆ ਚੁੱਕੀ ਹੈ? ਇਥੇ ਕਿਸਾਨਾਂ ਦੀਆਂ ਮੰਡੀਆਂ ਵੀ ਲਗਦੀਆਂ ਜਿਨ੍ਹਾਂ ਵਿਚ ਕਿਸਾਨ ਸਬਜ਼ੀਆਂ, ਫਲ, ਅੰਡੇ, ਸ਼ਹਿਦ ਤੋਂ ਇਲਾਵਾ ਪਨੀਰੀਆਂ ਤੱਕ ਵੇਚਦੇ ਹਨ। ਕਈ ਛੋਟੇ ਕਿਸਾਨ ਸਰਦੀਆਂ ਵਿਚ ਵੀ ਗਰੀਨ ਹਾਊਸਾਂ ਵਿਚ ਖੀਰੇ, ਖੁੰਬਾਂ ਆਦਿ ਪੈਦਾ ਕਰਦੇ ਹਨ। ਕਈ ਤਾਂ ਗਰੋਸਰੀ ਸਟੋਰਾਂ ਜਾਂ ਹੋਟਲਾਂ ਨੂੰ ਇਨ੍ਹਾਂ ਦੀ ਸਿੱਧੀ ਵਿਕਰੀ ਅਤੇ ਡਲਿਵਰੀ ਵੀ ਕਰਦੇ ਹਨ। ਭਾਰਤ ਵਿਚ ਅਗਲੇ 20 ਸਾਲਾਂ ਵਿਚ ਕੰਟਰੈਕਟ ਫਾਰਮਿੰਗ ਦੀ ਦਰ 15-20% ਤੋਂ ਵੱਧ ਨਹੀਂ ਹੋ ਸਕਦੀ ਕਿਉਂਕਿ ਅਜਿਹੀ ਫਾਰਮਿੰਗ ਉਤਪਾਦਾਂ ਨੂੰ ਪ੍ਰਾਸੈਸ ਕਰਨ ਨਾਲ ਜੁੜੀ ਹੁੰਦੀ ਹੈ ਜਿਸ ਲਈ ਵੱਡੇ ਪੂੰਜੀਨਿਵੇਸ਼, ਮੰਡੀ ਦੀ ਆਸ ਅਤੇ 'ਸਥਿਰਤਾ' ਜ਼ਰੂਰੀ ਹੁੰਦੀ ਹੈ। ਪੰਜਾਬ ਵਿਚ ਕਿਸਾਨੀ ਅੰਦੋਲਨ ਦੇ ਨਾਮ 'ਤੇ ਜੋ ਮਾਹੌਲ ਪੈਦਾ ਕਰ ਦਿੱਤਾ ਗਿਆ ਹੈ, ਉਸ ਵਿਚੋਂ ਸਥਿਰਤਾ ਦੀ ਆਸ ਹੀ ਗਾਇਬ ਹੋ ਗਈ ਹੈ ਜਿਸ ਕਾਰਨ ਕੋਈ ਵੱਡਾ ਅਦਾਰਾ ਰਿਸਕ ਲੈਣ ਲਈ ਅੱਗੇ ਨਹੀਂ ਆਵੇਗਾ ਅਤੇ ਜੋ ਨਿਵੇਸ਼ ਕਰ ਚੁੱਕੇ ਹਨ, ਉਹ ਇਸ ਵਿਚੋਂ ਬਾਹਰ ਨਿਕਲਣਾ ਚਾਹੁਣਗੇ।

ਛੋਟੀ ਕਿਸਾਨੀ ਦਾ ਫਿਕਰ ਜਾਇਜ਼ ਹੈ ਪਰ ਇਹ ਫਿਕਰ ਕਈ ਹਾਲਤਾਂ ਵਿਚ ਕਣਕ ਅਤੇ ਝੋਨੇ ਉਤੇ ਆਧਾਰਿਤ ਹੈ। ਛੋਟੀ ਕਿਸਾਨੀ ਨੂੰ ਵੱਧ ਆਮਦਨ ਅਤੇ ਘੱਟ ਖਰਚੇ ਲਈ ਬਦਲਵੀਆਂ ਫਸਲਾਂ ਤੇ ਕੋਆਪਰੇਟਿਵ ਮਾਡਲ ਅਪਨਾਉਣ ਵੱਲ ਵਧਣਾ ਚਾਹੀਦਾ ਹੈ। ਮਾਹੌਲ ਐਸਾ ਬਣਾ ਦਿੱਤਾ ਗਿਆ ਹੈ ਕਿ ਕਾਰਪੋਰੇਸ਼ਨ ਦਾ ਨਾਮ ਸੁਣਦੇ ਸਾਰ ਹੀ ਲੋਕਾਂ ਦੇ ਖਿਆਲ ਵਿਚ ਅੰਬਾਨੀ-ਅਡਾਨੀ ਆ ਵੜਦੇ ਹਨ ਜਦਕਿ ਕਿਸਾਨ, ਆੜ੍ਹਤੀਏ ਅਤੇ ਵਪਾਰੀ ਵੀ ਆਪਣੀਆਂ ਕਾਰਪੋਰੇਸ਼ਨਾਂ ਬਣਾ ਸਕਦੇ ਹਨ। ਜਿਵੇਂ ਦੋਧੀ ਪਿੰਡ ਦੇ ਘਰ-ਘਰ ਵਿਚੋਂ ਦੁੱਧ ਚੁੱਕ ਕੇ ਸ਼ਹਿਰ ਦੇ ਹਲਵਾਈਆਂ ਨੂੰ ਵੇਚਦਾ ਹੈ, ਇੰਜ ਛੋਟੇ ਵਪਾਰੀ ਛੋਟੇ ਕਿਸਾਨਾਂ ਤੋਂ ਉਤਪਾਦ ਖਰੀਦ ਕੇ ਵੱਡੇ ਵਪਾਰੀ ਜਾਂ ਖਪਤਕਾਰਾਂ ਨੂੰ ਸਿੱਧਾ ਵੇਚਦੇ ਰਹਿਣਗੇ। ਪੰਜਾਬ ਵਿਚ ਅੱਜ ਖੰਡ ਨਾਲੋਂ ਗੁੜ ਦੁਰਲੱਭ ਹੋ ਗਿਆ ਹੈ ਤੇ ਸੜਕਾਂ ਕਿਨਾਰੇ ਗੁੜ ਬਣਾਇਆ ਜਾ ਰਿਹਾ ਹੈ, ਲੋਕ ਖੁਦ ਗੁੜ ਖਰੀਦਦੇ ਹਨ, ਸਗੋਂ ਪੰਜਾਬ ਵਿਚ ਤਾਂ ਪਰਵਾਸੀ ਮਜ਼ਦੂਰ ਇਸ ਕੰਮ ਵਿਚੋਂ ਚੋਖੀ ਕਮਾਈ ਕਰ ਰਹੇ ਹਨ। ਕੀ ਇਹ ਕੰਮ ਵੱਡੀਆਂ ਕਾਰਪੋਰੇਸ਼ਨਾਂ ਕਰ ਸਕਦੀਆਂ ਹਨ? ਦੇਸੀ ਅਤੇ ਆਰਗੈਨਿਕ ਗੁੜ ਦੀ ਦੇਸ਼ ਅਤੇ ਵਿਦੇਸ਼ ਵਿਚ ਇੰਨੀ ਮੰਗ ਹੈ ਕਿ ਇਸ ਵਿਚ ਚੋਖੀ ਕਮਾਈ ਕੀਤੀ ਜਾ ਸਕਦੀ ਹੈ। ਛੋਟੇ ਕਿਸਾਨ ਖੇਤੀ ਨਾਲ ਜੁੜੇ ਕਈ ਹੋਰ ਧੰਦੇ ਕਰਦੇ ਹਨ ਜਿਨ੍ਹਾਂ ਦਾ ਵਿਸਥਾਰ ਹੋ ਸਕਦਾ ਹੈ ਤੇ ਹੋਣਾ ਵੀ ਚਾਹੀਦਾ ਹੈ।

### ਨਵੀਨ ਤਕਨੀਕ ਤੋਂ ਖਤਰਾ?

ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਇਹ ਤਰਕ ਵੀ ਦਿੰਦੇ ਹਨ ਕਿ ਸੰਸਾਰ ਵਿਚ ਮਨੁੱਖੀ ਲੇਬਰ ਦੀ ਲੋੜ ਘਟ ਰਹੀ ਹੈ, ਕਿਉਂਕਿ ਮਸ਼ੀਨੀਕਰਨ ਵਧ ਰਿਹਾ ਹੈ। ਛੋਟੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਦੋਵੇਂ ਗੱਲਾਂ 100% ਸੱਚੀਆਂ ਹਨ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਮਹਿਜ਼ ਤਿੰਨ ਖੇਤੀ ਕਾਨੂੰਨ ਰੱਦ ਕਰਨ ਨਾਲ ਸੰਸਾਰ ਵਿਚ ਮਸ਼ੀਨੀਕਰਨ ਦੀ ਪ੍ਰਕਿਰਿਆ ਰੁਕ ਜਾਵੇਗੀ ਜਾਂ ਬਹੁਤ ਸੁਸਤ ਹੋ ਜਾਵੇਗੀ? ਦੂਜਾ, ਕੀ ਇਸ ਨਾਲ ਪੁਸ਼ਤ-ਦਰ-ਪੁਸ਼ਤ ਜ਼ਮੀਨ ਦੀ ਹੋ ਰਹੀ ਵੰਡ ਰੁਕ ਜਾਵੇਗੀ? ਤਕਨੀਕ ਦਾ ਵਿਕਸਤ ਹੋਣਾ ਬਰਾਬਰ ਜਾਰੀ ਹੀ ਨਹੀਂ ਰਹੇਗਾ ਸਗੋਂ ਹੋਰ ਤੇਜ਼ ਹੋਵੇਗਾ। ਪਿਛਲੇ 30 ਕੁ ਸਾਲਾਂ ਵਿਚ ਤਕਨੀਕ ਵਿਚ ਜੋ ਵਾਧਾ ਹੋਇਆ ਹੈ, ਉਹ ਪਿਛਲੇ 300 ਸਾਲਾਂ ਵਿਚ ਨਹੀਂ ਹੋਇਆ। ਪੁਸ਼ਤ-ਦਰ-ਪੁਸ਼ਤ ਜ਼ਮੀਨ ਦੀ ਵੰਡ ਵੀ ਰੁਕਣ ਦੇ ਆਸਾਰ ਬਹੁਤ ਮਧਮ ਹਨ ਕਿਉਂਕਿ ਮਾਪਿਆਂ ਦੀ ਜਾਇਦਾਦ ਵਿਚ ਬੱਚਿਆਂ ਦਾ ਬਰਾਬਰ ਹੱਕ ਖੋਹ ਲੈਣਾ ਸੰਭਵ ਨਹੀਂ ਹੈ। ਇਨ੍ਹਾਂ ਦੋਵਾਂ ਹਾਲਤਾਂ ਦਾ ਖੇਤੀ ਕਾਨੂੰਨਾਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਇਨ੍ਹਾਂ ਨਾਲ ਭਵਿਖ ਵਿਚ ਇਨਸਾਨ ਨੇ ਕਿਵੇਂ ਨਜਿੱਠਣਾ ਹੈ, ਇਸ ਬਾਰੇ ਵੱਖਰੇ ਤੌਰ 'ਤੇ ਸੋਚਣਾ ਚਾਹੀਦਾ ਹੈ। ਸਿਰਫ਼ 15-20% ਕੰਟਰੈਕਟ ਫਾਰਮਿੰਗ ਨਾਲ ਖੇਤੀ ਮਸ਼ੀਨਾਂ ਦੀ ਬਹੁਤਾਤ ਹੋ ਜਾਵੇਗੀ, ਡਰਾਵਾ ਦੇਣ ਵਾਲੀ ਗੱਲ ਹੈ। ਖੇਤੀ ਦਾ ਲਗਾਤਾਰ ਮਸ਼ੀਨੀਕਰਨ ਹੋਣ ਤੋਂ ਰੋਕਿਆ ਨਹੀਂ ਜਾ ਸਕਣਾ। ਇਹ ਤਰਕ ਹੋਰ ਵੀ ਹਾਸੋ-ਹੀਣਾ ਇਸ ਲਈ ਹੈ ਕਿਉਂਕਿ ਖੇਤੀ ਮਾਹਰ ਅਤੇ ਸਰਕਾਰਾਂ ਪਿਛਲੇ 50-60 ਸਾਲਾਂ ਤੋਂ ਕਿਸਾਨਾਂ ਨੂੰ ਨਵੀਂ ਤਕਨੀਕ ਅਪਨਾਉਣ ਲਈ ਪ੍ਰੇਰ ਰਹੀਆਂ ਹਨ ਪਰ ਹੁਣ ਕੁਝ ਮਾਹਰ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਲਈ ਨਵੀਨ ਤਕਨੀਕ ਨੂੰ ਘਾਤਕ ਦੱਸਣ ਲੱਗ ਪਏ ਹਨ। ਕਈ ਹਾਲਤਾਂ ਵਿਚ ਤਾਂ ਨਵੀਨ ਤਕਨੀਕ ਅਪਨਾਉਣੀ ਅਤਿ ਜ਼ਰੂਰੀ ਵੀ ਹੈ। ਉਦਾਹਰਨ ਵਜੋਂ ਪਾਣੀ ਦੁਰਲੱਭ ਹੋ ਰਿਹਾ ਹੈ ਜਿਸ ਕਾਰਨ ਘੱਟ ਪਾਣੀ ਨਾਲ ਝੋਨੇ ਦੀ ਖੇਤੀ ਦੇ ਤਜਰਬੇ ਹੋ ਰਹੇ ਹਨ। ਇਸੇ ਤਰ੍ਹਾਂ ਇਜ਼ਰਾਈਲ ਵਿਚ ਪਾਣੀ ਦੀ ਘਾਟ ਕਾਰਨ ਡਰਿਪ ਸਿਸਟਮ (ਤੁਪਕਾ ਵਿਧੀ) ਈਜਾਦ ਹੋਈ ਸੀ ਜੋ ਸੰਸਾਰ ਵਿਚ ਫੈਲ ਰਹੀ ਹੈ। ਭਾਰਤ ਦੇ ਕਿਸਾਨਾਂ ਨੂੰ ਵੀ ਇਸ ਦੀ ਵਰਤੋਂ ਲਈ ਪ੍ਰੇਰਿਆ ਜਾ ਰਿਹਾ ਹੈ। ਇਸ ਨਾਲ ਪਾਣੀ ਦੀ ਦੁਰਵਰਤੋਂ ਘਟ ਜਾਵੇਗੀ ਪਰ ਨਾਲ ਹੀ ਲੇਬਰ ਦੀ ਲੋੜ ਵੀ ਘਟ ਜਾਵੇਗੀ। ਖੇਤਾਂ ਦੇ ਨੱਕੇ ਮੋੜਨ ਅਤੇ ਟਿਊਬਵੈਲ ਚਲਾਉਣ ਦਾ ਕੰਮ ਡਰਿਪ ਸਿਸਟਮ ਨੂੰ ਚਲਾਉਣ ਵਾਲੇ ਕੰਪਿਊਟਰ ਕਰਨ ਲੱਗ ਪੈਣਗੇ ਤੇ ਬੰਦਾ ਸਿਰਫ ਨਿਗਰਾਨੀ ਕਰੇਗਾ। ਇਹ ਤਕਨੀਕ ਲੋੜ ਵਿਚੋਂ ਨਿਕਲੀ ਹੈ ਅਤੇ ਲੋੜ ਕਾਰਨ ਅਪਨਾਈ ਜਾਣੀ ਹੈ।

ਤਕਨੀਕ ਦੇ ਵਾਧੇ ਕਾਰਨ ਸਮੁੱਚਾ ਸੰਸਾਰ ਹੀ ਹਰ ਖੇਤਰ ਵਿਚ ਲੇਬਰ ਦੀ ਲੋੜ ਘਟਣ ਤੋਂ ਚਿੰਤਤ ਹੁੰਦਾ ਹੋਇਆ ਵੀ ਤਕਨੀਕ ਦੀ ਖੋਜ ਵਿਚ ਕਿਸੇ ਹੋਰ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ। ਇਸ ਦਾ ਤੋੜ ਕੀ ਹੋਵੇਗਾ, ਇਹ ਬਹੁਤ ਗਹਿਰਾ ਸਵਾਲ ਹੈ ਅਤੇ ਇਸ ਨੂੰ ਖੇਤੀ ਕਾਨੂੰਨਾਂ ਤੋਂ ਵੱਖਰੇ ਤੌਰ 'ਤੇ ਵਿਚਾਰਨ ਦੀ ਲੋੜ ਹੈ। ਇਸ ਬਾਰੇ ਕੁਝ ਸੂਝਵਾਨ ਲੋਕਾਂ ਦੇ ਵਿਚਾਰ ਪੜ੍ਹੇ/ਸੁਣੇ ਹਨ। ਉਨ੍ਹਾਂ ਦਾ ਤਰਕ ਹੈ ਕਿ ਆਰਥਿਕ ਵਿਕਾਸ ਨਾਲ ਆਬਾਦੀ ਵਿਚ ਵਾਧੇ ਦੀ ਦਰ ਘਟ ਰਹੀ ਹੈ ਜਿਸ ਦਾ ਅਸਰ ਕੁਝ ਦਹਾਕਿਆਂ ਵਿਚ ਦੇਖਣ ਨੂੰ ਮਿਲੇਗਾ। ਕੰਮ ਕਰਨ ਦੇ ਕੁੱਲ ਦਿਨ ਤੇ ਘੰਟੇ ਵੀ ਘਟ ਰਹੇ ਹਨ ਅਤੇ ਇਸ ਵਿਚ ਹੋਰ ਗਿਰਾਵਟ ਆਵੇਗੀ ਪਰ ਤਨਖਾਹ ਵਿਚ ਵਾਧਾ ਜਾਰੀ ਰਹੇਗਾ। ਸਰਕਾਰਾਂ ਨੂੰ ਲੋਕਾਂ ਲਈ 'ਕੰਮ ਅਤੇ ਗੁਜ਼ਾਰੇ' ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਲਗਾਤਾਰ ਤਬਦੀਲੀਆਂ ਕਰਨੀਆਂ ਪੈਣਗੀਆਂ।

ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਹੈ ਕਿ ਇਕੱਲੀ ਕਿਸਾਨੀ ਹੀ ਨਹੀਂ, ਪੂਰੀ ਇਨਸਾਨੀਅਤ ਅੱਜ ਬਹੁਤ ਵੱਡੇ ਸੰਕਟ ਦੇ ਮੂੰਹ ਆਈ ਹੋਈ ਹੈ ਪਰ ਸੰਕਟ ਪਹਿਲਾਂ ਵੀ ਆਉਂਦੇ ਰਹੇ ਹਨ ਤੇ ਆਦਮੀ ਹੱਲ ਵੀ ਕਰਦਾ ਆਇਆ ਹੈ। ਦੁਨੀਆ ਭਰ ਵਿਚ ਬਥੇਰੇ ਚਿੰਤਕ ਹੁਣ ਵੀ ਇਸ ਦਿਸ਼ਾ ਵਿਚ ਸੋਚ ਰਹੇ ਹਨ। ਅਜੋਕਾ ਸੰਕਟ ਪਹਿਲਾਂ ਦੇ ਸਮਿਆਂ ਦੇ ਕਿਸੇ ਵੀ ਸੰਕਟ ਨਾਲੋਂ ਗਹਿਰਾ ਹੈ; ਚਿੰਤਾ ਦਾ ਵਿਸ਼ਾ ਇਹ ਹੈ। ਇਸ ਪ੍ਰਥਾਏ ਪ੍ਰੋ. ਸੁੱਚਾ ਸਿੰਘ ਗਿੱਲ, ਪ੍ਰੀਤਮ ਗਿੱਲ, ਡਾ. ਗਿਆਨ ਸਿੰਘ, ਡਾ. ਸੁਖਪਾਲ ਸਿੰਘ ਜਾਂ ਦਵਿੰਦਰ ਕੁਮਾਰ ਸ਼ਰਮਾ ਵਿਚੋਂ ਕਿਸੇ ਦੀ ਵੀ ਸੁਹਿਰਦਤਾ ਬਾਰੇ ਕੋਈ ਸ਼ੱਕ ਨਹੀਂ ਹੈ ਪਰ ਅਜੇ ਤਕ ਉਹ ਜੋ ਸੁਝਾਅ ਦੇ ਰਹੇ ਹਨ, ਉਹ ਬਿਲਕੁਲ ਵੀ ਢੁਕਵੇਂ ਨਹੀਂ ਹਨ, ਉਨ੍ਹਾਂ ਨਾਲ ਕਿਸਾਨਾਂ ਦਾ ਪਾਰ ਉਤਾਰਾ ਨਹੀਂ ਕੀਤਾ ਜਾ ਸਕਣਾ। ਹਾਂ ਇਕੋ-ਇਕ ਵਿਦਵਾਨ ਅਮਰਜੀਤ ਗਰੇਵਾਲ ਜ਼ਰੂਰ ਕਾਫੀ ਹੱਦ ਤਕ ਮਸਲੇ ਦੀ ਜੜ੍ਹ ਨੂੰ ਸਮਝਦਾ ਨਜ਼ਰ ਆਇਆ ਹੈ ਪਰ ਉਸ ਦੇ ਸੁਝਾਵਾਂ ਵਿਚ ਅਜੇ ਪੂਰਨ ਸਪਸ਼ਟਤਾ ਨਹੀਂ ਹੈ। ਉਸ ਤੋਂ ਆਸ ਜ਼ਰੂਰ ਰੱਖੀ ਜਾ ਸਕਦੀ ਹੈ।

ਦੇਖੋ ਤਾਨਾਸ਼ਾਹੀ ਕਿਸੇ ਦੀ ਵੀ ਹੋਵੇ, ਤੇ ਕਿਸੇ ਵੀ ਰੂਪ ਵਿਚ ਹੋਵੇ, ਅਜਿਹੇ ਰੁਝਾਨ ਦਾ ਵਿਰੋਧ ਹਰ ਹਾਲ ਹੋਣਾ ਚਾਹੀਦਾ ਹੈ ਅਤੇ ਕਿਸਾਨ ਇਹ ਕਰ ਵੀ ਰਹੇ ਹਨ ਪਰ ਕਿਸਾਨ ਆਗੂਆਂ ਨੂੰ ਵਿਰੋਧ ਕਰਦਿਆਂ ਇਹ ਧਿਆਨ ਵੀ ਰਹਿਣਾ ਚਾਹੀਦਾ ਹੈ ਕਿ ਆਰ-ਪਾਰ ਦੀ ਲੜਾਈ ਦੇ ਚੱਕਰ ਵਿਚ ਕਿਤੇ ਗਲਤੀ ਇਕ ਸਦੀ ਪਹਿਲਾਂ ਰੂਸੀ ਕਿਸਾਨਾਂ ਦੇ ਜ਼ਾਰਸ਼ਾਹੀ ਦਾ ਤਖਤਾ ਪਲਟ ਕੇ ਕਾਮਰੇਡ ਸਟਾਲਿਨ ਵਰਗੇ ਉਸ ਤੋਂ ਕਿਤੇ ਵੱਡੇ ਤਾਨਾਸ਼ਾਹ ਨੂੰ ਅੱਗੇ ਲੈ ਆਉਣ ਵਾਲੀ ਨਾ ਹੋ ਜਾਵੇ। ਅਜੇ ਤਕ ਉਨ੍ਹਾਂ ਦਾ ਸ਼ਾਂਤਮਈ ਅੰਦੋਲਨ ਠੀਕ ਹੈ, ਉਹ ਬਿਲਕੁਲ ਸਹੀ ਰਾਹ 'ਤੇ ਹਨ ਪਰ ਆਉਣ ਵਾਲੇ ਦਿਨਾਂ ਦੌਰਾਨ ਉਨ੍ਹਾਂ ਦਾ ਬਕੌਲ ਜਾਰਜ ਆਰਵੈਲ 'ਹਫਤੇ ਦੇ ਸੱਤੇ ਦਿਨ ਐਤਵਾਰ' ਦੇ ਵਾਅਦੇ ਕਰਨ ਵਾਲੇ ਮਨਚਲੇ ਸੁਪਨਸਾਜ਼ਾਂ ਅਤੇ ਉਨ੍ਹਾਂ ਦੀ ਪਿਠ 'ਤੇ ਖੜ੍ਹੇ ਬੁਰਛਾਗਰਦਾਂ ਤੋਂ ਸਾਵਧਾਨ ਰਹਿਣਾ ਵੀ ਬੜਾ ਜ਼ਰੂਰੀ ਹੋਵੇਗਾ।

# ਸ਼ਾਹ ਮੁਹੰਮਦਾ ਇੱਕ ਸਰਕਾਰ (ਸਰਦਾਰ) ਬਾਝੋਂ...

***ਮੋਦੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਜੂਝ ਰਹੇ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ 'ਤੇ ਬੈਠਿਆਂ ਨੂੰ 100 ਤੋਂ ਉਪਰ ਦਿਨ ਹੋ ਗਏ ਹਨ ਪਰ ਸਰਕਾਰ ਅਜੇ ਤੱਕ ਕਾਨੂੰਨ ਰੱਦ ਨਾ ਕਰਨ ਲਈ ਅੜੀ ਹੋਈ ਹੈ। ਹੁਣ ਤਾਂ ਤਕਰੀਬਨ ਡੇਢ ਮਹੀਨੇ ਤੋਂ ਸਰਕਾਰ ਅਤੇ ਕਿਸਾਨਾਂ ਦੇ ਨੁਮਾਇੰਦਿਆਂ ਵਿਚਕਾਰ ਗੱਲਬਾਤ ਵੀ ਠੱਪ ਪਈ ਹੈ। ਸ. ਸੰਪੂਰਨ ਸਿੰਘ ਨੇ ਇਸ ਕਿਸਾਨ ਘੋਲ ਬਾਰੇ ਇਸ ਲੇਖ ਵਿਚ ਇਕ ਵੱਖਰੇ ਕੋਣ ਤੋਂ ਆਪਣੀ ਗੱਲ ਰੱਖਣ ਦਾ ਯਤਨ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***



ਪਿਛਲੇ ਡੇਢ ਸੌ ਸਾਲ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸੁਪਸਟ ਹੁੰਦਾ ਹੈ ਜਿਵੇਂ ਸ਼ਾਹ ਮੁਹੰਮਦ ਦੀਆਂ ਇਹ ਸਤਰਾਂ ਸੱਚਮੁਚ ਹੀ ਸਿੱਖਾਂ ਦੀ ਤਕਦੀਰ ਬਣ ਗਈਆਂ ਹਨ ਪਰ ਮੈਂ ਜਾਣਬੁੱਝ ਕੇ ਇਸ ਸਤਰ ਨੂੰ ਅਧੂਰਾ ਲਿਖਿਆ ਹੈ, ਇਸ ਆਸ ਨਾਲ ਕਿ ਇਤਿਹਾਸ ਨਵਾਂ ਮੋੜ ਲਵੇਗਾ।

ਗੱਲ ਭਾਵੇਂ 1947 ਤੋਂ ਪਹਿਲਾਂ ਦੀ ਕਰੀਏ, ਜਦੋਂ ਸਾਡਾ ਭਵਿੱਖ ਭਾਰਤ ਨਾਲ ਜੋੜਿਆ ਗਿਆ, ਪੰਜਾਬੀ ਸੂਬੇ ਦੀ ਜਦੋ-ਜਹਿਦ, ਧਰਮ ਯੁਧ ਮੋਰਚਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਹ ਵਿਚ ਹੋਏ ਸਰਬੱਤ ਖਾਲਸਾ ਦੀ ਜਾਂ ਬਰਗਾੜੀ

**ਸੰਪੂਰਨ ਸਿੰਘ**
**ਹਿਊਸਟਨ, ਟੈਕਸਸ**
**ਫੋਨ: 281-635-7466**

ਦੇ ਲੰਮੇ ਮੋਰਚੇ ਦੀ; ਇਕ ਗੱਲ ਸਾਫ ਹੈ ਕਿ ਸਾਡੇ ਆਗੂਆਂ ਦੀ ਪੁਕਾਰ ਜਾਂ ਵੰਗਾਰ ਨੂੰ ਸਿੱਖ ਕੌਮ ਭਰਪੂਰ ਹੁੰਗਾਰਾ ਭਰਦੀ ਹੈ, ਪਰ ਹੋਏ ਜਾਂ ਕੀਤੇ ਜਾਂਦੇ ਕਿਸੇ ਵੀ ਸੰਘਰਸ਼ ਦੀ ਸਫਲਤਾ ਜਾਂ ਅਸਫਲਤਾ, ਹੋਈਆਂ ਪ੍ਰਾਪਤੀਆਂ 'ਤੇ ਨਿਰਭਰ ਹੁੰਦੀ ਹੈ। ਹਰ ਫੈਸਲੇ ਦੀ ਘੜੀ ਵਿਚ ਸਾਡੀ ਲੀਡਰਸ਼ਿਪ, ਦ੍ਰਿੜ ਸੰਕਲਪ ਅਤੇ ਦੂਰ ਅੰਦੇਸ਼ੀ ਦੀ ਘਾਟ ਕਾਰਨ ਅਯੋਗ ਸਾਬਤ ਹੁੰਦੀ ਰਹੀ ਹੈ।

ਅਜੋਕਾ ਕਿਸਾਨੀ ਸੰਘਰਸ਼ ਆਜ਼ਾਦ ਭਾਰਤ ਦਾ ਸਭ ਤੋਂ ਵੱਡਾ ਸ਼ਾਂਤਮਈ ਸੰਘਰਸ਼ ਜਾਂ ਅੰਦੋਲਨ ਹੈ। ਲੋਕਾਂ ਦਾ ਹੁੰਗਾਰਾ ਕਿਸੇ ਦੀ ਵੀ ਆਮ ਉਮੀਦ ਤੋਂ ਵੱਧ ਹੈ, ਲੀਡਰਸ਼ਿਪ ਦੇ ਆਦੇਸ਼ਾਂ ਦੀ ਪਾਲਣਾ ਬੜੀ ਸੰਜੀਦਗੀ ਤੇ ਜ਼ਿੰਮੇਵਾਰੀ ਨਾਲ ਕੀਤੀ ਗਈ। 26 ਜਨਵਰੀ 2021 ਦਾ ਦਿੱਲੀ ਮਾਰਚ, ਮੰਜ਼ਿਲ ਦੀ ਪ੍ਰਾਪਤੀ ਵੱਲ ਜ਼ੋਰਦਾਰ ਹੰਭਲਾ ਸੀ, ਬੜੀਆਂ ਉਮੀਦਾਂ ਸਨ ਪਰ ਕਈ ਕਦਮ ਪਿੱਛੇ ਪਰਤਣਾ ਪਿਆ। ਲੋਕਾਂ ਦਾ ਹੜ੍ਹ ਇਸ ਉਮੀਦ ਨਾਲ ਉਠਿਆ ਸੀ ਕਿ ਸਾਡੇ ਇਕ ਸ਼ਕਤੀ ਪ੍ਰਦਰਸ਼ਨ ਨਾਲ ਸਾਡੇ ਆਗੂਆਂ ਦੇ ਹੱਥ ਸਰਕਾਰ ਦੇ ਗਲਮੇ ਤੱਕ ਪਹੁੰਚਣਗੇ ਪਰ ਲੀਡਰਸ਼ਿਪ ਸਰਕਾਰ ਦੇ ਫਰੇਬ ਨੂੰ ਸਮਝਣ ਵਿਚ ਅਸਫਲ ਰਹੀ ਅਤੇ ਖੁਦ ਹੀ ਸਰਕਾਰ ਦੇ ਜਾਲ ਵਿਚ ਫਸ ਗਈ। ਲੀਡਰਸ਼ਿਪ ਇੰਨੀ ਬੁਖਲਾਹਟ ਵਿਚ ਸੀ ਕਿ ਉਹ ਸਰਕਾਰ ਦੇ ਫਰੇਬਾਂ ਨੂੰ ਸਮਝਣ ਦੀ ਥਾਂ ਆਪਣਿਆਂ ਨੂੰ ਹੀ ਗੁਨਹਗਾਰ ਦੇਖਣ ਅਤੇ ਕਹਿਣ ਲੱਗ ਪਈ। ਉਸ ਦਿਨ ਦੇ ਸਾਰੇ ਘਟਨਾਕ੍ਰਮ ਨੂੰ ਸਰਕਾਰੀ ਮੀਡੀਆ ਰਾਹੀਂ ਇੰਨਾ ਨਾਂਹ ਪੱਖੀ ਪ੍ਰਚਾਰਿਆ ਤੇ ਪ੍ਰਸਾਰਿਆ ਗਿਆ ਕਿ ਇੰਜ ਲੱਗਣ ਲੱਗ ਪਿਆ, ਜਿਵੇਂ ਸਰਕਾਰੀ ਪ੍ਰਚਾਰ ਦੇ ਤੀਰਾਂ ਨੂੰ ਪੂਰੀ ਕਿਸਾਨੀ ਲੀਡਰਸ਼ਿਪ ਨੂੰ ਬੇਵਸ ਕਰ ਦਿੱਤਾ। ਰਾਕੇਸ਼ ਟਿਕੈਤ ਦੇ ਹੰਝੂ ਉਸ ਦੀ ਬੇਵਸੀ ਦਾ ਪ੍ਰਤੱਖ ਸਬੂਤ ਸੀ। ਕੁਦਰਤ ਦਾ ਕ੍ਰਿਸ਼ਮਾ ਵਾਪਰਿਆ ਕਿ ਟਿਕੈਤ ਦੇ ਹੰਝੂ ਮਰ ਰਹੇ ਕਿਸਾਨੀ ਸੰਘਰਸ਼ ਲਈ ਜੀਵਨਦਾਨ ਸਾਬਤ ਹੋਏ।

ਕਈ ਸੁਹਿਰਦ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਸਮਾਂ ਲੀਡਰਸ਼ਿਪ ਦੀਆਂ ਕਮੀਆਂ ਉਛਾਲਣ ਦਾ ਨਹੀਂ ਸਗੋਂ ਹਰ ਤਰ੍ਹਾਂ ਉਨ੍ਹਾਂ ਦੀਆ ਮਜ਼ਬੂਤ ਬਾਹਾਂ ਬਣਨ ਦਾ ਹੈ ਪਰ ਨੁਕਤਾਚੀਨੀ ਦਾ ਮਤਲਬ ਸਿਰਫ ਕਮੀਆਂ ਨੂੰ ਉਛਾਲਣਾ ਹੀ ਨਹੀਂ ਹੁੰਦਾ ਸਗੋਂ ਬੜੀ ਜ਼ਿੰਮੇਵਾਰੀ ਤੇ ਸੁਹਿਰਦਤਾ ਨਾਲ ਉਨ੍ਹਾਂ ਤਰੁਟੀਆਂ ਵੱਲ ਇਸ਼ਾਰਾ ਕਰਨਾ ਹੁੰਦਾ ਹੈ ਜਿਸ ਦੀ ਰੋਸ਼ਨੀ ਵਿਚ ਸਪਸ਼ਟ ਦਿਸ਼ਾ-ਨਿਰਦੇਸ਼ਾਂ ਤਹਿਤ ਵੱਧ ਸੰਭਲ ਕੇ ਚੱਲਿਆ ਜਾਵੇ।

ਸਭ ਤੋਂ ਪਹਿਲਾ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਇਸ ਅੰਦੋਲਨ ਦਾ ਜਨਮ ਕਿਸ ਮਾਨਸਿਕਤਾ ਦੀ ਉਪਜ ਹੈ। ਪੰਜਾਬ ਦੀ ਜਵਾਨੀ ਅਤੇ ਕਿਸਾਨੀ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਇਹ ਕਾਨੂੰਨ ਉਨ੍ਹਾਂ ਲਈ ਕਿਵੇਂ ਅਤੇ ਕਿਉਂ ਮਾਰੂ ਹਨ? ਉਨ੍ਹਾਂ ਨੇ ਆਪਣੀ ਹੋਂਦ ਅਤੇ ਸਲਾਮਤੀ ਨੂੰ ਖਤਰੇ ਵਿਚ ਆਉਂਦਾ ਅਨੁਭਵ ਕੀਤਾ। ਪੰਜਾਬ ਦੀ ਖੇਤੀਬਾੜੀ ਸਿੱਧੇ ਤੌਰ 'ਤੇ ਸਿੱਖਾਂ ਨਾਲ ਜੁੜੀ ਹੈ। ਪੰਜਾਬ ਦੇ ਸਿੱਖਾਂ ਨੇ 1947 ਅਤੇ ਉਸ ਤੋਂ ਬਾਅਦ ਵਾਪਰੇ ਕਈ ਘਟਨਾਕ੍ਰਮਾਂ ਦੀ ਰੋਸ਼ਨੀ ਵਿਚ ਕਿਤੇ ਨਾ ਕਿਤੇ ਆਪਣੀ ਸਲਾਮਤੀ ਦੇ ਖਤਰੇ ਨੂੰ ਅਨੁਭਵ ਜ਼ਰੂਰ ਕੀਤਾ ਹੈ। ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਕਿਉਂ ਨਾ ਹੋਵੇ, ਲੋਕਾਂ ਨੂੰ ਇਹ ਵੀ ਅਨੁਭਵ ਹੋ ਚੁਕਾ ਹੈ ਕਿ ਪੰਜਾਬ, ਖਾਸ ਕਰ ਕੇ ਸਿੱਖਾਂ ਦੇ ਸਬੰਧ ਵਿਚ ਸਮੇਂ ਦੀਆਂ ਸਰਕਾਰਾਂ ਵੱਲੋਂ ਖੇਡਿਆ ਹਰ ਪੱਤਾ, ਅਗਾਂਹ ਬਣਨ ਵਾਲੀ ਉਸ ਧਿਰ ਦੀ ਸਰਕਾਰ ਦੇ ਬਣ ਸਕਣ ਵਿਚ ਸਹਾਈ ਹੁੰਦਾ ਹੈ। ਇਹੀ ਕਾਰਨ ਹੈ ਕਿ ਭਾਵੇਂ ਇਹ ਅੰਦੋਲਨ ਪੂਰੇ ਦੇਸ਼ ਵਿਚ ਪ੍ਰਭਾਵੀ ਹੋ ਰਿਹਾ ਹੈ ਪਰ ਕੇਂਦਰੀ ਸਰਕਾਰ ਅਤੇ ਭਾਜਪਾ ਇਸ ਨੂੰ ਸਿਰਫ ਪੰਜਾਬ ਅਤੇ ਸਿੱਖਾਂ ਨਾਲ ਜੋੜ ਕੇ, ਤੇ ਨਾਲ ਹੀ ਸਿੱਖਾਂ ਨੂੰ ਵੱਖਵਾਦੀ ਧਾਰਾ ਨਾਲ ਜੋੜ ਕੇ ਪੇਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਲੋਕ ਸਭਾ ਅੰਦਰ ਖੇਤੀਬਾੜੀ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਭਾਸ਼ਣ ਬਿਲਕੁਲ ਇਸੇ ਦੀ ਤਰਜਮਾਨੀ ਕਰਦੇ ਦੇਖੇ ਗਏ। ਕਿਸਾਨੀ ਲੀਡਰਸ਼ਿਪ, ਖਾਸ ਕਰ ਕੇ ਪੰਜਾਬੀ ਕਿਸਾਨੀ ਲੀਡਰਸ਼ਿਪ ਲਈ ਇਹ ਔਖੀ ਘੜੀ ਹੈ ਕਿ ਇਸ ਸੰਘਰਸ਼ ਜੋ ਪੰਜਾਬੀਆਂ ਵੱਲੋਂ ਵਿਸ਼ਵਵਿਆਪੀ ਬਣ ਚੁਕਾ ਹੈ, ਨੂੰ ਭਾਰਤ ਦੇ ਹਰ ਸੂਬੇ ਵਿਚ ਕਿਵੇਂ ਪ੍ਰਚੰ ਕੀਤਾ ਜਾਵੇ ਤਾਂ ਜੋ ਕੇਂਦਰ ਦੀ ਸਰਕਾਰ ਉੱਪਰ ਵੱਧ ਤੋ ਵੱਧ ਦਬਾਓ ਬਣਾਇਆ ਜਾ ਸਕੇ।

ਇਸ ਅੰਦੋਲਨ ਦੀ ਜਨਮਭੂਮੀ ਕਿਉਂਕਿ ਪੰਜਾਬ ਹੈ, ਤੇ ਪੰਜਾਬ ਦਾ ਕਿਸਾਨ, ਖਾਸ ਕਰ ਕੇ ਸਿੱਖ ਕਿਸਾਨ ਦੇ ਪ੍ਰਭਾਵ ਨੂੰ ਬਰਕਰਾਰ ਕਿਵੇਂ ਰੱਖਿਆ ਜਾਵੇ, ਮਸਲਾ ਹੁਣ ਇਹ ਹੈ। ਮੈਂ ਇਥੇ ਪ੍ਰੋ. ਪੂਰਨ ਸਿੰਘ ਦੇ ਪੰਜਾਬ ਤੇ ਪੰਜਾਬੀਅਤ ਲਈ ਸਬੰਧਤ ਬੋਲਾਂ ਦਾ ਜ਼ਿਕਰ ਕਰਨਾ ਚਾਹਾਂਗਾ ਕਿ 'ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ' ਤਾਂ ਜੋ ਪੰਜਾਬ ਦੇ ਸਿੱਖ ਕਿਸਾਨ ਦੀ ਮਾਨਸਿਕਤਾ ਨੂੰ ਜਾਣਿਆ ਜਾ ਸਕੇ। ਇਹ ਸਮਝਣਾ ਜ਼ਰੂਰੀ ਹੈ ਕਿ ਜਿਹੜੀ ਲੀਡਰਸ਼ਿਪ ਅਗਵਾਈ ਕਰ ਰਹੀ ਹੈ, ਕੀ ਉਹ ਸਿੱਖ ਮਾਨਸਿਕਤਾ ਦੇ ਇਸ ਪਹਿਲੂ ਨੂੰ ਸਮਝਦੀ ਹੈ? ਇਹ ਵੀ ਵਿਚਾਰਨਾ ਯੋਗ ਹੋਵੇਗਾ ਕਿ ਸਾਡੀ ਇਸ ਸਿਧਾਂਤਕ ਅਤੇ ਵਿਚਾਰਧਾਰਕ ਪੱਖਾਂ ਤੋਂ ਆਪਸ ਵਿਚ ਵੰਡੀ ਹੋਈ ਲੀਡਰਸ਼ਿਪ ਨੂੰ ਇੰਨੇ ਵੱਡੇ ਪੱਧਰ ਦੇ ਅੰਦੋਲਨਾਂ ਦੇ ਸਬੰਧ ਵਿਚ ਯੋਗ ਤਜਰਬਾ ਹੈ? ਮੈਂ ਇਸ ਦਲੀਲ ਨਾਲ ਬਹੁਤਾ ਇਤਫਾਕ ਨਹੀਂ ਰੱਖਦਾ। ਕਿਸਾਨੀ ਅਤੇ ਮਜ਼ਦੂਰਾਂ ਨਾਲ ਸਬੰਧਤ ਬਹੁਤੇ ਸੰਘਰਸ਼ ਬਹੁਤ ਸੀਮਤ ਦਾਇਰੇ ਵਿਚ ਬਹੁਤ ਸੀਮਤ ਲੋਕਾਂ ਵੱਲੋਂ ਹਰੇ ਤੇ ਲਾਲ ਰੰਗ ਦੇ ਝੰਡਿਆਂ ਦੀ ਅਗਵਾਈ ਵਿਚ ਦੇਖੇ ਗਏ ਤੇ ਚੈਲੰਜ ਵੀ ਸੀਮਤ ਸੀ। ਪਹਿਲੀ ਵਾਰੀ ਹੈ ਕਿ ਇਸ ਜੰਗ ਦਾ ਮੈਦਾਨ ਵੀ ਬਦਲ ਗਿਆ ਹੈ ਤੇ ਉਸ ਦਾ ਘੇਰਾ ਵੀ, ਇਸ ਦਾ ਦੁਸ਼ਮਣ ਵੀ ਬਦਲ ਗਿਆ ਹੈ ਤੇ ਉਸ ਦੀ ਤਾਕਤ ਵੀ। ਅੰਦੋਲਨ ਅੰਦਰ ਲਾਲ ਅਤੇ ਹਰੇ ਰੰਗ ਦੇ ਝੰਡਿਆਂ ਨਾਲ ਕੇਸਰੀ ਨਿਸ਼ਾਨ ਸਾਹਿਬ ਵੀ ਆਏ। ਇਨ੍ਹਾਂ ਤਿੰਨਾਂ ਰੰਗਾ ਦੀ ਸ਼ਕਤੀ ਅਤੇ ਸ੍ਰੋਤਾਂ ਦਾ ਇਕ ਮੈਦਾਨ ਵਿਚ ਇਕ ਧਿਰ ਵਜੋਂ ਇਕੱਠਿਆਂ ਹੋ ਕੇ ਵਿਰੋਧੀਆਂ ਖਿਲਾਫ ਲੜਨਾ ਲੀਡਰਸ਼ਿਪ ਲਈ ਸਭ ਤੋਂ ਵੱਡੀ ਚੁਣੌਤੀ ਹੈ ਪਰ ਜਿਸ ਤਰੀਕੇ ਨਾਲ ਅਸੀਂ ਪਿਛਲੇ ਕਈ ਮਹੀਨਿਆਂ ਤੋਂ ਸਿੱਖ ਇਤਿਹਾਸ ਦੇ ਗੌਰਵਮਈ ਪੰਨਿਆਂ ਨੂੰ ਗੀਤਾਂ ਦੇ ਰੂਪ ਵਿਚ ਵਾਰ-ਵਾਰ ਦੁਹਰਾਉਂਦੇ ਰਹੇ, ਤੇ ਦੂਜੇ ਪਾਸੇ ਸ਼ਾਂਤੀ-ਸ਼ਾਂਤੀ ਦੀਆਂ ਅਪੀਲਾਂ ਕਰਦੇ ਰਹੇ; ਇਉਂ ਸਾਡੀ ਲੀਡਰਸ਼ਿਪ ਕਿਤੇ ਨਾ ਕਿਤੇ ਖੁੰਝਦੀ ਨਜ਼ਰ ਆਈ।

ਅਸੀਂ ਆਪਣੇ ਨੌਜਵਾਨਾਂ ਨੂੰ ਇਹ ਸਬਕ ਵੀ ਪੜ੍ਹਾਉਂਦੇ ਰਹੇ ਕਿ ਤੁਸੀਂ ਕਿਵੇਂ ਆਪਣੇ ਬਾਬਿਆਂ ਤੋਂ ਥਾਪੜੇ ਲੈ ਕੇ ਜੰਗ ਦੇ ਮੈਦਾਨ ਵਿਚ ਜਾਣਾ ਹੈ। ਲੋਕਾਂ ਦੇ ਹੱਥਾਂ ਵਿਚ ਭਾਵੇਂ ਲਾਲ, ਹਰੇ ਜਾਂ ਕੇਸਰੀ ਝੰਡੇ ਹੁੰਦੇ ਸਨ ਪਰ ਜਦੋਂ ਉਹ ਪਿੰਡਾਂ ਵਿਚੋਂ ਟਰੈਕਟਰਾਂ-ਟਰਾਲੀਆਂ 'ਤੇ ਚੱਲਦੇ ਸਨ ਤਾਂ ਗੁਰੂ ਘਰਾਂ ਵਿਚ ਅਰਦਾਸਾਂ ਹੁੰਦੀਆਂ ਸਨ। ਉਹ ਇਸ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ ਇਤਿਹਾਸ ਨਾਲ ਜੁੜੇ ਗੀਤ ਗਾਉਂਦੇ ਤੇ ਸੁਣਦੇ ਸਨ। 26 ਜਨਵਰੀ 2021 ਨੂੰ ਲੈ ਕੇ ਅਜਿਹਾ ਜਲੌਅ ਭਰਪੂਰ ਵਰਤਾਰਾ ਸੀ ਜਿਸ ਨੂੰ ਸਮਾਂਬੱਧ ਅਤੇ ਸ਼ਾਂਤ ਰੱਖਣਾ ਹੀ ਆਗੂਆਂ ਲਈ ਵੱਡੀ ਚੁਣੌਤੀ ਸੀ। ਗੁਰਾਂ ਦੇ ਨਾਮ ਉੱਪਰ ਜਿਊਂਦੇ ਪੰਜਾਬ ਨੂੰ ਗੁਰਾਂ ਦੇ ਇਤਿਹਾਸ ਦਾ ਵਾਸਤਾ ਪਾ ਕੇ ਸੱਦੇ ਪੰਜਾਬੀਆਂ ਨੂੰ ਜੰਗ ਦੇ ਮੈਦਾਨ ਵਿਚ ਤਾਂ ਲੈ ਆਂਦਾ ਪਰ 25 ਜਨਵਰੀ ਦੀ ਸ਼ਾਮ ਤੱਕ ਸਿਵਾਏ ਸ਼ਾਂਤੀ-ਸ਼ਾਂਤੀ ਦੇ ਕੋਈ ਵੀ ਸੁਪਸਟ ਸੰਦੇਸ਼ ਜਾਂ ਸੰਕੇਤ ਨਾ ਦੇ ਸਕਣਾ ਅਤੇ ਖੁਦ ਸਰਕਾਰੀ ਜਾਲ ਵਿਚ ਫਸ ਜਾਣਾ ਲੀਡਰਸ਼ਿਪ ਦੀ ਬੱਜਰ ਭੁੱਲ ਸੀ। ਲੀਡਰਸ਼ਿਪ ਇਹ ਭੁੱਲ ਗਈ ਕਿ ਜਵਾਨੀ ਦਾ ਆਪ-ਮੁਹਾਰਾ ਜੋਸ਼ ਸੁੱਕੇ ਜੰਗਲ ਵਾਂਗ ਹੁੰਦਾ ਹੈ ਜਿਸ ਨੂੰ ਬਾਹਰੋਂ ਅੱਗ ਲਾਉਣ ਦੀ ਲੋੜ ਨਹੀਂ ਹੁੰਦੀ ਸਗੋਂ ਹਵਾ ਦੇ ਤੇਜ਼ ਬੁੱਲੇ ਵੀ ਅੱਗ ਲੱਗਣ ਦਾ ਸਬਬ ਬਣ ਜਾਂਦੇ ਹਨ। ਇਹ ਤਾਂ ਇੰਜ ਸੀ, ਜਿਵੇਂ ਅੱਗ ਦੇ ਅੰਗਾਰੇ ਇਕੱਠੇ ਕਰਦੇ ਰਹੇ, ਫੂਕਾਂ ਵੀ ਮਾਰਦੇ ਰਹੇ ਕਿ ਇਹ ਅੰਗਾਰੇ ਮਘਦੇ ਵੀ ਰਹਿਣ ਪਰ ਸੰਦੇਸ਼ ਦਿੰਦੇ ਰਹੇ ਸ਼ਾਂਤੀ-ਸ਼ਾਂਤੀ!

ਲੀਡਰਸ਼ਿਪ ਦੀ ਪਹੁੰਚ ਬਿਲਕੁਲ ਹਾਸੋਹੀਣੀ ਸੀ ਜੋ 26 ਦੀ ਸਮੱਸਿਆ ਦਾ ਮੁੱਖ ਕਾਰਨ ਸੀ-ਇਹੀ ਕੁਝ ਹੋਇਆ 26 ਵਾਲੇ ਦਿਨ। 26 ਦੀ ਘਟਨਾ ਜਵਾਨੀ ਜੋਸ਼ ਦੇ ਤੂਫਾਨ ਦਾ ਸਹਿਜ ਵਹਾਓ ਸੀ। ਇਸ ਤੂਫਾਨ ਦਾ ਅਸਰ ਸੀਮਤ ਵੀ ਸੀ ਤੇ ਸੀਮਾਵਾਂ ਦੇ ਅੰਦਰ ਵੀ ਪਰ ਜਿਹੜਾ ਬਿਰਤਾਂਤ ਸਰਕਾਰ ਤੇ ਸਰਕਾਰੀ ਮੀਡੀਆ ਨੇ ਉਨ੍ਹਾਂ ਘਟਨਾਵਾਂ ਨੂੰ ਲੈ ਕੇ ਸਿਰਜਿਆ, ਉਸ ਨੇ ਉਹ ਅੱਗ ਦਾ ਸੇਕ ਜੋ ਦੁਸ਼ਮਣ ਦੀਆਂ ਬਰੂਹਾਂ ਤਕ ਪਹੁੰਚਣਾ ਸੀ, ਸਾਡੇ ਆਪਣੇ ਹੀ ਘਰਾਂ ਵਿਚ ਭਾਂਬੜ ਬਲਦੇ ਦੇਖੇ ਗਏ। ਸਾਡੇ ਆਪਣਿਆਂ ਵਿਚ ਇਕ ਅਜਿਹੀ ਸ਼ਰਮਨਾਕ ਵਿਥ ਪ੍ਰਤੱਖ ਦਿਖਾਈ ਦਿੱਤੀ ਜਿਸ ਨੇ ਅੰਦੋਲਨ ਦੀ ਅਗਵਾਈ ਸਾਡੇ ਹੱਥੋਂ ਖਿਸਕਾਉਣੀ ਸ਼ੁਰੂ ਕਰ ਦਿੱਤੀ। ਸਰਕਾਰੀ ਗੁੰਡਾਗਰਦੀ ਦਾ ਕਹਿਰ ਸਾਡੀਆਂ ਹੀ ਅੱਖਾਂ ਸਾਹਮਣੇ ਸਾਡੇ ਆਪਣਿਆਂ ਜੋ ਸਾਡੇ ਹੀ ਸੱਦਿਆਂ ਉਪਰ ਉਥੇ ਆਏ ਸਨ, ਉਪਰ ਜ਼ੁਲਮ ਢਾਹਿਆ ਗਿਆ ਪਰ ਸਾਡੀ ਲੀਡਰਸ਼ਿਪ ਦਾ ਵੱਡਾ ਹਿੱਸਾ ਤਮਾਸ਼ਬੀਨ ਬਣਿਆ ਰਿਹਾ। ਆਗੂਆਂ ਦੀਆਂ ਪੁਕਾਰਾਂ ਸੁਣ ਕੇ ਮਰ ਮਿਟਣ ਵਾਲੇ ਨੌਜਵਾਨਾਂ ਨੇ ਜੇਲ੍ਹਾਂ ਅੰਦਰ ਸਰਕਾਰੀ ਤਸ਼ੱਦਦ ਸਹਿੰਦਿਆਂ ਆਪਣੇ ਆਪ ਨੂੰ ਬੇਵਸ ਅਤੇ ਲਾਵਾਰਸ ਸਮਝਿਆ। ਲੀਡਰਸ਼ਿਪ ਦਾ ਸਭ ਤੋਂ ਘਿਨਾਉਣਾ ਚਿਹਰਾ ਉਦੋਂ ਨਜ਼ਰ ਆਇਆ, ਜਦੋਂ ਇਕ ਟਕਸਾਲੀ ਪੰਥਕ ਪਰਿਵਾਰ ਦੇ ਨੌਜਵਾਨ ਨਵਰੀਤ ਸਿੰਘ ਦੀ ਸ਼ਹਾਦਤ ਤੋਂ ਮੁਕੰਮਲ ਬੇਗਾਨਗੀ ਜ਼ਾਹਰ ਕੀਤੀ। ਸਰਕਾਰੀ ਤਸ਼ੱਦਦ, ਗ੍ਰਿਫਤਾਰੀਆਂ ਤੇ ਇਸ ਅੰਦੋਲਨ ਦੀ ਪਹਿਲੀ ਨਵਰੀਤ ਸਿੰਘ ਦੀ ਸ਼ਹਾਦਤ ਨੇ ਸੰਘਰਸ਼ ਨੂੰ ਨਵਾਂ ਜੋਸ਼, ਨਵਾਂ ਬਲ ਤੇ ਵੱਖਰੇ ਦਿਸ਼ਾ-ਨਿਰਦੇਸ਼ ਦੇਣੇ ਸਨ, ਸਾਡੀ ਲੀਡਰਸ਼ਿਪ ਦੀ ਨਾਲਾਇਕੀ ਕਾਰਨ ਅਜਾਈਂ ਜਾਂਦੇ ਨਜ਼ਰ ਆਏ।

***ਅਸੀਂ ਆਪਣੇ ਨੌਜਵਾਨਾਂ ਨੂੰ ਇਹ ਸਬਕ ਵੀ ਪੜ੍ਹਾਉਂਦੇ ਰਹੇ ਕਿ ਤੁਸੀਂ ਕਿਵੇਂ ਆਪਣੇ ਬਾਬਿਆਂ ਤੋਂ ਥਾਪੜੇ ਲੈ ਕੇ ਜੰਗ ਦੇ ਮੈਦਾਨ ਵਿਚ ਜਾਣਾ ਹੈ। ਲੋਕਾਂ ਦੇ ਹੱਥਾਂ ਵਿਚ ਭਾਵੇਂ ਲਾਲ, ਹਰੇ ਜਾਂ ਕੇਸਰੀ ਝੰਡੇ ਹੁੰਦੇ ਸਨ ਪਰ ਜਦੋਂ ਉਹ ਪਿੰਡਾਂ ਵਿਚੋਂ ਟਰੈਕਟਰਾਂ-ਟਰਾਲੀਆਂ 'ਤੇ ਚੱਲਦੇ ਸਨ ਤਾਂ ਗੁਰੂ ਘਰਾਂ ਵਿਚ ਅਰਦਾਸਾਂ ਹੁੰਦੀਆਂ ਸਨ। ਉਹ ਇਸ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ ਇਤਿਹਾਸ ਨਾਲ ਜੁੜੇ ਗੀਤ ਗਾਉਂਦੇ ਤੇ ਸੁਣਦੇ ਸਨ। 26 ਜਨਵਰੀ 2021 ਨੂੰ ਲੈ ਕੇ ਅਜਿਹਾ ਜਲੌਅ ਭਰਪੂਰ ਵਰਤਾਰਾ ਸੀ ਜਿਸ ਨੂੰ ਸਮਾਂਬੱਧ ਅਤੇ ਸ਼ਾਂਤ ਰੱਖਣਾ ਹੀ ਆਗੂਆਂ ਲਈ ਵੱਡੀ ਚੁਣੌਤੀ ਸੀ। ਗੁਰਾਂ ਦੇ ਨਾਮ ਉੱਪਰ ਜਿਊਂਦੇ ਪੰਜਾਬ ਨੂੰ ਗੁਰਾਂ ਦੇ ਇਤਿਹਾਸ ਦਾ ਵਾਸਤਾ ਪਾ ਕੇ ਸੱਦੇ ਪੰਜਾਬੀਆਂ ਨੂੰ ਜੰਗ ਦੇ ਮੈਦਾਨ ਵਿਚ ਤਾਂ ਲੈ ਆਂਦਾ ਪਰ 25 ਜਨਵਰੀ ਦੀ ਸ਼ਾਮ ਤੱਕ ਸਿਵਾਏ ਸ਼ਾਂਤੀ-ਸ਼ਾਂਤੀ ਦੇ ਕੋਈ ਵੀ ਸੁਪਸਟ ਸੰਦੇਸ਼ ਜਾਂ ਸੰਕੇਤ ਨਾ ਦੇ ਸਕਣਾ ਅਤੇ ਖੁਦ ਸਰਕਾਰੀ ਜਾਲ ਵਿਚ ਫਸ ਜਾਣਾ ਲੀਡਰਸ਼ਿਪ ਦੀ ਬੱਜਰ ਭੁੱਲ ਸੀ।***

ਵਕਤ ਹਿਸਾਬ ਜ਼ਰੂਰ ਮੰਗੇਗਾ!

ਲੀਡਰਸ਼ਿਪ ਜਿਵੇਂ ਆਪਣੀ ਇਸ ਨਾਕਾਮੀ ਦੇ ਇਲਜ਼ਾਮ ਤੋਂ ਬਚਣ ਲਈ ਨਵੇਂ-ਨਵੇਂ ਬਹਾਨੇ ਘੜ ਰਹੀ ਹੈ, ਇਸ ਸਬੰਧ ਵਿਚ ਸ਼ਹਾਬ ਜਾਫਰੀ ਦੀਆਂ ਇਨ੍ਹਾਂ ਸਤਰਾਂ ਦਾ ਜ਼ਿਕਰ ਜ਼ਰੂਰੀ ਹੋਵੇਗਾ ਕਿ ਬਹਾਨਿਆਂ ਨਾਲ ਜ਼ਿੰਮੇਵਾਰੀ ਦੀ ਅਸਫਲਤਾ ਤੋਂ ਬਚਿਆ ਨਹੀਂ ਜਾ ਸਕਦਾ- 'ਤੂ ਇਧਰ ਉਧਰ ਕੀ ਨਾ ਬਾਤ ਕਰ, ਯੇ ਬਤਾ ਕਿ ਕਾਫਲਾ ਕਿਉਂ ਲੁਟਾ', ਕਿਉਂਕਿ 'ਮੁਝੇ ਰਾਹਜ਼ਨੋਂ ਸੇ ਗਿਲਾ ਨਹੀਂ, ਤਿਰੀ ਰਹਿਬਰੀ ਕਾ ਸਵਾਲ ਹੈ'। ਬਹਾਨਾ ਕੋਈ ਲਾਓ, ਕਾਫੀ ਨਹੀਂ। ਬਦਕਿਸਮਤੀ ਸੀ ਕਿ 26 ਦੇ ਕਾਫਲੇ ਦੇ ਬੁਰੀ ਤਰ੍ਹਾਂ ਲੁੱਟੇ ਜਾਣ ਦੇ ਜ਼ਿੰਮੇਵਾਰ ਤੁਸੀਂ ਹੋ। ਮੰਨੋ ਭਾਵੇਂ ਨਾ, ਇਤਿਹਾਸ ਲਿਖਿਆ ਜਾ ਚੁੱਕਾ ਹੈ।

ਦੀਪ ਸਿੱਧੂ ਅਤੇ ਲੱਖਾ ਸਿਧਾਣਾ ਇਸ ਕਿਸਾਨੀ ਅੰਦੋਲਨ ਵਿਚ ਨੌਜਵਾਨੀ ਨੂੰ ਉਤਸ਼ਾਹਤ ਕਰਨ ਲਈ ਮਜ਼ਬੂਤ ਪ੍ਰੇਰਨਾ ਸ੍ਰੋਤ ਦੇ ਰੂਪ ਵਿਚ ਸਾਹਮਣੇ ਆਏ ਸਨ। ਇਕ ਨੇ ਬੌਧਿਕ ਪੱਧਰ 'ਤੇ ਨੌਜਵਾਨਾਂ ਦੀ ਅਗਵਾਈ ਕੀਤੀ ਅਤੇ ਇਕ ਨੇ ਜ਼ਮੀਨੀ ਪੱਧਰ ਉਪਰ। ਬਦਕਿਸਮਤੀ ਸੀ ਕਿ ਲੀਡਰਸ਼ਿਪ ਨੇ ਆਪਣੇ ਸਿਧਾਂਤਕ ਵਖਰੇਵਿਆਂ ਦੀ ਕੰਧ ਨੂੰ ਕਦੇ ਵੀ ਟੁੱਟਣ ਨਹੀਂ ਦਿਤਾ। ਜੰਗ ਦੇ ਮੈਦਾਨ ਵਿਚ ਵੀ ਹਰੇ-ਲਾਲ ਤੇ ਕੇਸਰੀ ਨੂੰ ਵੱਖ ਹੀ ਰੱਖਿਆ। ਜੇ ਵੱਖਰਿਆਂ ਰੱਖ ਕੇ ਵੀ ਇਕੱਠਿਆਂ ਹੋ ਕੇ ਲੜਦੇ ਤਾਂ ਵੀ ਗੱਲ ਹੋਰ ਸੀ ਪਰ ਤੁਸੀਂ ਤਾਂ ਅੰਦਰੋ-ਅੰਦਰੀ ਦੂਜਿਆਂ ਨੂੰ ਨੀਵਾਂ ਸਾਬਤ ਕਰਨ ਦੇ ਆਹਰ ਵਿਚ ਜ਼ਿਆਦਾ ਉਲਝੇ ਨਜ਼ਰ ਆਏ। ਉਹ ਦੋ ਨੌਜਵਾਨ ਲੀਡਰ ਹੀ ਸੰਘਰਸ਼ ਦੇ ਨਕਸ਼ੇ ਤੋਂ ਪਾਸੇ ਨਹੀਂ ਕੀਤੇ ਗਏ ਸਗੋਂ ਸਮਝੋ ਕਿ ਤੁਸੀਂ ਆਪਣੀਆਂ ਬਾਹਾਂ ਆਪਣੇ ਹੱਥੀਂ ਵੱਢ ਲਈਆਂ। ਤੁਹਾਡੇ ਪਾਸ ਹੌਲੀ-ਹੌਲੀ ਧੜ ਹੀ ਰਹਿ ਜਾਣੇ ਹਨ ਤੇ ਧੜਾਂ ਵੱਲੋਂ ਅਲਾਪੇ ਸ਼ਾਂਤੀ ਦੇ ਰਾਗ ਕਿੰਨੀ ਦੇਰ ਆਪਣੇ ਵਜੂਦ ਨੂੰ ਬਣਾਈ ਰੱਖਣਗੇ, ਇਹ ਹੁਣ ਤੁਸੀਂ ਵਿਚਾਰਨਾ ਹੈ; ਜਾਂ ਆਪਣੇ ਹੱਥੀਂ ਆਪ ਆਪਣੀਆਂ ਬਾਹਾਂ ਨੂੰ ਵਾਪਸ ਜੋੜਨਾ ਹੈ?


ਅਖੀਰ ਵਿਚ ਇਕ-ਦੋ ਗੱਲਾਂ ਤੁਹਾਨੂੰ ਮੁਖਾਤਿਬ ਹੋ ਕੇ ਕਰਨੀਆਂ ਚਾਹੁੰਦਾ ਹਾਂ। ਪੂਰੇ ਭਾਰਤ ਦੇ ਕਿਸਾਨਾਂ ਦੀ ਅਗਵਾਈ ਤੁਸੀਂ 40 ਲੀਡਰ ਕਰ ਰਹੇ ਹੋ। ਦੁਨੀਆ ਦੇ ਇਤਿਹਾਸ ਵਿਚ ਕਿਸੇ ਵੀ ਦੇਸ਼, ਫੌਜ ਜਾਂ ਸੰਸਥਾ ਦੀ ਅਗਵਾਈ ਇਕ ਦੀ ਥਾਂ ਅਨੇਕਾ ਲੋਕਾਂ ਨੇ ਕੀਤੀ ਹੋਵੇ, ਤੇ ਉਨ੍ਹਾਂ ਨੂੰ ਸਫਲਤਾ ਮਿਲੀ ਹੋਵੇ, ਕੀ ਕਿਤੇ ਕੋਈ ਅਜਿਹੀ ਮਿਸਾਲ ਹੈ? ਪੁਰਾਤਨ ਸਮੇਂ ਵਿਚ ਰਾਜੇ ਆਪਣੀ ਅਤੇ ਆਪਣੀਆਂ ਫੌਜਾਂ ਦੀ ਸੁਰੱਖਿਆ ਲਈ ਕਿਲ੍ਹੇ ਉਸਾਰਦੇ ਸਨ ਤੇ ਅਕਸਰ ਹੀ ਉਨ੍ਹਾਂ ਕਿਲ੍ਹਿਆਂ ਦਾ ਇਕ ਮੁੱਖ ਦੁਆਰ ਹੁੰਦਾ ਸੀ। ਦੁਸ਼ਮਣ ਲਈ ਸਿਰਫ ਇਕ ਹੀ ਰਸਤਾ ਹੁੰਦਾ ਸੀ ਆਪਣੇ ਵਿਰੋਧੀ ਨੂੰ ਹਰਾਉਣ ਦਾ ਕਿ ਕਿਵੇਂ ਕਿਲ੍ਹੇ ਅੰਦਰ ਦਾਖਲ ਹੋਇਆ ਜਾਵੇ। ਮੁੱਖ ਦੁਆਰ ਦੀ ਹਿਫਾਜ਼ਤ ਪੂਰੇ ਕਿਲ੍ਹੇ ਉਪਰ ਤਾਇਨਾਤ ਸੈਨਾ ਕਰਦੀ ਸੀ। ਕਿਸਾਨੀ ਲੀਡਰਸ਼ਿਪ ਦੇ ਇਸ ਮਜ਼ਬੂਤ ਕਿਲ੍ਹੇ ਦੇ 40 ਦੁਆਰ ਹਨ ਤੇ ਦੁਸ਼ਮਣ ਕੇਂਦਰ ਦੀ ਮਜ਼ਬੂਤ, ਅੜੀਅਲ ਤੇ ਕੱਟੜ ਧਾਰਮਿਕ ਸਰਕਾਰ। ਬਹੁਤ ਲੋਕ ਜਾਣਦੇ ਹੋਣਗੇ, ਖਾਸ ਕਰ ਕੇ ਸਰਕਾਰ ਨੂੰ ਤਾਂ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਇਨ੍ਹਾਂ ਚਾਲੀ ਦੁਆਰਾਂ ਨੂੰ ਕਿਸ-ਕਿਸ ਹਥਿਆਰ ਅਤੇ ਕਿਸ ਵਿਧੀ ਨਾਲ ਜੰਗ ਦੇ ਇਸ ਮੈਦਾਨ ਤੋਂ ਪਾਸੇ ਕਰਨਾ ਹੈ।

ਇਕ ਗੱਲ ਹੋਰ ਲੀਡਰਸ਼ਿਪ ਨੂੰ ਕਹਿਣਾ ਚਾਹੁੰਦਾ ਹਾਂ, ਤੁਹਾਡੇ ਵੱਖ-ਵੱਖ ਲੀਡਰਾਂ ਦੇ ਮੂੰਹੋਂ ਲੋਕਾਂ ਨੇ ਇਸ ਨਾਹਰੇ ਨੂੰ ਬਹੁਤ ਵਾਰੀ ਸੁਣਿਆ ਹੈ ਕਿ 'ਜਿੱਤਾਂਗੇ ਜਾਂ ਮਰਾਂਗੇ'। ਸੋ, ਤੁਸੀਂ ਆਪ ਹੀ ਆਪਣੇ ਘਰਾਂ ਨੂੰ ਵਾਪਸ ਜਾਣ ਦੇ ਦਰਵਾਜ਼ੇ ਕਰੀਬ-ਕਰੀਬ ਬੰਦ ਕਰ ਦਿੱਤੇ ਹਨ। ਕਿੰਨੀ ਦੇਰ ਹੋਰ ਤੜਫਦੇ ਰਹੋਗੇ? ਪੰਥ ਵਿਚ ਇਕ ਕ੍ਰਾਂਤੀਕਾਰੀ ਨਾਅਰਾ ਹੈ, '...ਦਿੱਤਿਆ ਬਾਝ ਨਹੀਂ ਰਹਿਣਾ ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ'; ਇਸੇ ਤਰ੍ਹਾਂ ਕਿਸਾਨੀ ਧਰਮ ਬਚਾਉਣ ਲਈ ਸ਼ਾਇਦ ਸਾਨੂੰ ਸਾਡੇ ਸਿਰਾਂ ਦੀ ਲੋੜ ਹੈ, ਆਪਾਂ ਜੰਗ ਸ਼ਾਂਤਮਈ ਲੜਨੀ ਹੈ। ਮੈਂ ਖੁਦ ਵੀ ਇਸੇ ਹੀ ਸਿਧਾਂਤ ਦਾ ਉਪਾਸ਼ਕ ਵੀ ਹਾਂ ਤੇ ਧਾਰਨੀ ਵੀ ਪਰ ਕਦੋਂ ਤਕ? 250 ਤੋਂ ਉਪਰ ਸ਼ਹਾਦਤਾਂ ਹੋ ਚੁਕੀਆਂ ਹਨ। ਕੀ ਇਹ ਨਾਹਰਾ ਇੰਜ ਤੇ ਨਹੀਂ ਕਿ ਜੇ ਜਿੱਤ ਹੋਵੇਗੀ ਤਾਂ ਸਾਡੀ, ਮਤਲਬ ਲੀਡਰਸ਼ਿਪ ਦੀ ਅਤੇ ਜੇ ਮਰਨਾ ਪਿਆ ਤਾਂ ਉਹ ਲੋਕਾਂ ਲਈ ਹੈ।

ਨਿਮਰਤਾ ਸਹਿਤ ਬੇਨਤੀ ਹੈ ਕਿ ਲੋਕਾਂ ਨੂੰ ਮਰਾਉਣਾ ਤੇ ਤਪਾਉਣਾ ਛੱਡੋ। 40 ਲੀਡਰ ਹੁਣ ਵਾਰੀ-ਵਾਰੀ ਆਪਣੀਆਂ ਬਲੀਆਂ ਕਿਸਾਨੀ ਅੰਦੋਲਨ ਦੇ ਇਸ ਮਹਾਂ-ਯੱਗ ਵਿਚ ਦੇਣ ਲਈ ਤਿਆਰ ਹੋਣ। ਸਰਕਾਰ ਨੂੰ ਸਮਾਂਬੱਧ ਸੁਨੇਹਾ ਦੇਵੋ ਕਿ ਜੇ ਇਸ ਤਾਰੀਕ ਤਕ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸੀਂ 40 ਦੇ 40, ਵਾਰੀ-ਵਾਰੀ ਸ਼ਹਾਦਤਾਂ ਦੇਵਾਂਗੇ। ਪਹਿਲਾਂ ਤਾਂ ਸਾਰਿਆਂ ਨੂੰ ਸਾਂਝੇ ਰੂਪ ਵਿਚ ਪੁੱਛ ਲਵੋ ਕਿ ਇਸ ਨਵੀਂ ਰਣਨੀਤੀ ਵਿਚ ਇਸ ਮਹਾਂ-ਯੱਗ ਦਾ ਪਹਿਲਾ ਸ਼ਹੀਦ ਹੋਣ ਦਾ ਸੁਭਾਗ ਕਿਸ ਨੂੰ ਪ੍ਰਾਪਤ ਹੋਵੇ। ਜੇ ਕੋਈ ਆਪਣੇ ਆਪ ਪਹਿਲਕਦਮੀ ਨਹੀਂ ਕਰਦਾ ਤਾਂ 40 ਲੀਡਰ ਪਰਚੀਆਂ ਪਾ ਕੇ ਇਕ ਲੀਡਰ ਦੀ ਪਰਚੀ ਚੁਕ ਲਵੋ ਜਿਸ ਨੂੰ ਪਹਿਲੇ ਸ਼ਹੀਦ ਲੀਡਰ ਹੋਣ ਦਾ ਸੁਭਾਗ ਪ੍ਰਾਪਤ ਹੋਵੇ। ਇਸੇ ਹੀ ਤਰਤੀਬ ਵਿਚ 15-15 ਦਿਨ ਬਾਅਦ ਜਾਂ ਜਿੰਨੇ ਵੀ ਦਿਨਾਂ ਦੀ ਵਿਥ ਤੁਸੀਂ ਜ਼ਰੂਰੀ ਸਮਝੋ ਤੇ ਫੈਸਲਾ ਕਰ ਲਵੋ। ਸ਼ਹਾਦਤਾਂ ਤੋਂ ਬਿਨਾ ਇਸ ਅੰਦੋਲਨ ਦੀ ਜਿੱਤ ਦਾ ਸੁਫਨਾ, ਸੁਫਨਾ ਹੀ ਬਣਿਆ ਰਹੇਗਾ; ਇਹ ਮੇਰਾ ਦਾਅਵਾ ਹੈ ਅਤੇ ਵਿਸ਼ਵਾਸ ਵੀ। ਇਹ ਅੰਦੋਲਨ ਮੇਰਾ, ਤੁਹਾਡਾ ਤੇ ਸਭ ਦਾ ਹੈ। ਇਸ ਅੰਦੋਲਨ ਨੇ ਪੰਜਾਬ ਦੇ ਭਵਿੱਖ ਲਈ ਸ਼ਪਸਟ ਮੀਲ ਪੱਥਰ ਸਥਾਪਤ ਕਰਨਾ ਹੈ। ਇਹ ਹੁਣ ਲੀਡਰਸ਼ਿਪ 'ਤੇ ਨਿਰਭਰ ਕਰਦਾ ਹੈ ਕਿ ਉਹ ਮੀਲ ਪੱਥਰ ਸਾਡੇ ਲਈ ਰੌਸ਼ਨ ਮੁਨਾਰਾ ਬਣਦਾ ਹੈ ਜਾਂ ਸਾਡੇ ਪਹਿਲਾਂ ਤੋਂ ਧੁੰਦਲੇ ਰਾਹਾਂ ਵਿਚ ਹਨੇਰਾ ਹੋਰ ਗਹਿਰਾ ਕਰਦਾ ਹੈ!

# ਇਸਤਰੀ ਸ਼ਕਤੀ ਅਤੇ ਅੰਦੋਲਨ

ਔਰਤ ਮਨੁੱਖੀ ਸਮਾਜ ਦਾ ਧੁਰਾ ਹੈ, ਉਸ ਦੀ ਹੋਂਦ ਤੋਂ ਬਿਨਾ ਮਨੁੱਖੀ ਸਮਾਜ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਦੇ ਬਾਵਜੂਦ ਉਸ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ, ਆਪਣੇ ਅਧਿਕਾਰਾਂ ਖਾਤਰ ਸਮੇਂ ਸਮੇਂ ਸੰਘਰਸ਼ ਕਰਨਾ ਪੈਂਦਾ ਰਿਹਾ ਹੈ, ਆਪਣੇ ਹੱਕਾਂ ਲਈ ਲੜਨਾ ਪਿਆ ਹੈ। ਸੰਘਰਸ਼ਾਂ ਵਿਚੋਂ ਲੰਘਦਿਆਂ ਹੀ ਉਹ ਇਸ ਪੜਾਅ 'ਤੇ ਪਹੁੰਚ ਗਈ ਹੈ, ਏਨੀ ਕੁ ਬਲਵਾਨ ਹੋ ਗਈ ਹੈ ਕਿ ਅੱਜ ਇੱਕੀਵੀਂ ਸਦੀ ਵਿਚ ਉਹ ਮਹਿਜ਼ ਆਪਣੇ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਦੇ ਅਧਿਕਾਰਾਂ ਲਈ, ਸਮੁੱਚੀ ਮਾਨਵਤਾ ਨੂੰ ਬਚਾਉਣ ਲਈ ਆਪਣੀ ਪੂਰੀ ਤਾਕਤ ਨਾਲ ਸੰਘਰਸ਼ਸ਼ੀਲ ਹੈ ਤੇ ਕਿਸੇ ਵੀ ਹੱਦ ਤੱਕ ਸੰਘਰਸ਼ ਵਿਚ ਕੁੱਦ ਸਕਦੀ ਹੈ। ਆਪਣੀ ਹੋਂਦ ਅਤੇ ਸ਼ਕਤੀ ਦਾ ਅਹਿਸਾਸ ਉਸ ਨੇ ਕੌਮਾਂਤਰੀ ਪੱਧਰ 'ਤੇ ਅੱਜ ਸਮੁੱਚੇ ਸਮਾਜ ਨੂੰ ਕਰਾ ਦਿੱਤਾ ਹੈ। ਉਸ ਦੇ ਇਸ ਸੰਘਰਸ਼ ਨੂੰ ਸਮਰਪਿਤ ਹੀ ਕੌਮਾਂਤਰੀ ਪੱਧਰ 'ਤੇ 8 ਮਾਰਚ ਦਾ



**ਡਾ. ਗੁਰਨਾਮ ਕੌਰ, ਕੈਨੇਡਾ**

ਦਿਨ ਯੂ. ਐਨ. ਓ. ਵੱਲੋਂ 'ਇਸਤਰੀ ਦਿਵਸ' ਵਜੋਂ ਸੰਸਾਰ ਭਰ ਵਿਚ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ 'ਕੌਮਾਂਤਰੀ ਇਸਤਰੀ ਦਿਵਸ' (8 ਮਾਰਚ) ਦਾ ਵਿਸ਼ਾ ਇਸ ਵਾਰ "ਵੂਮੈਨ ਇਨ ਲੀਡਰਸ਼ਿਪ: ਅਚੀਵਿੰਗ ਐਨ ਇਕੁਅਲ ਫਿਊਚਰ ਇਨ ਏ ਕੋਵਿਡ-19 ਵਰਲਡ" ਅਰਥਾਤ "ਨੇਤ੍ਰਤਵ ਵਿਚ ਇਸਤਰੀਆਂ: ਕੋਵਿਡ-19 ਦੀ ਦੁਨੀਆਂ ਵਿਚ ਬਰਾਬਰ ਦੇ ਭਵਿੱਖ ਦੀ ਪ੍ਰਾਪਤੀ ਕਰਦੀਆਂ ਹੋਈਆਂ" ਨੂੰ ਸਮਰਪਿਤ ਕਰਕੇ ਮਨਾਇਆ ਜਾ ਰਿਹਾ ਹੈ; ਇਹ ਸਾਲ ਔਰਤਾਂ ਅਤੇ ਲੜਕੀਆਂ ਵੱਲੋਂ ਸੰਸਾਰ ਭਰ ਵਿਚ ਪਾਏ ਭਰਪੂਰ ਯੋਗਦਾਨ ਨੂੰ ਸਾਹਮਣੇ ਰੱਖ ਕੇ ਮਨਾਉਂਦਿਆਂ ਜ਼ਿਆਦਾ ਬਰਾਬਰੀ ਵਾਲਾ ਭਵਿੱਖ ਘੜਨ, ਕੋਵਿਡ-19 ਦੀ ਮਹਾਂਮਾਰੀ ਵਿਚੋਂ ਨਿਕਲਣ ਤੇ ਰਹਿ ਗਏ ਖੱਪੇ ਨੂੰ ਉਭਾਰਨ ਦੇ ਸੰਦਰਭ ਵਿਚ ਹੈ।

ਔਰਤਾਂ ਵੱਲੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਪਾਇਆ ਭਰਪੂਰ ਯੋਗਦਾਨ, ਉਨ੍ਹਾਂ ਦੀ ਸ਼ਮੂਲੀਅਤ ਅਤੇ ਨੇਤ੍ਰਤਵ ਸਾਰੇ ਸਮਾਜ ਲਈ ਤਰੱਕੀ ਲਿਆਉਂਦਾ ਹੈ। ਇਸ ਦੇ ਬਾਵਜੂਦ, ਯੂ. ਐਨ. ਸਕੱਤਰ ਜਨਰਲ ਦੀ ਰਿਪੋਰਟ ਅਨੁਸਾਰ ਜਨਤਕ ਜੀਵਨ ਅਤੇ ਫੈਸਲੇ ਲੈਣ ਵਿਚ ਇਸਤਰੀਆਂ ਦੀ ਹਿੱਸੇਦਾਰੀ ਦੀ ਨੁਮਾਇੰਦਗੀ ਬਹੁਤ ਘੱਟ ਹੈ। ਭਾਵੇਂ ਦੁਨੀਆਂ ਦੇ 22 ਮੁਲਕਾਂ ਦੀਆਂ ਮੁਖੀ ਇਸਤਰੀਆਂ ਹਨ, ਪ੍ਰੰਤੂ ਕੌਮੀ ਪਰਲੀਮੈਂਟਾਂ ਵਿਚ ਉਨ੍ਹਾਂ ਦੀ ਨੁਮਾਇੰਦਗੀ ਮਹਿਜ਼ 24.9 ਪ੍ਰਤੀਸ਼ਤ ਹੀ ਹੈ। ਜੇ ਤਰੱਕੀ ਦੀ ਰਫਤਾਰ ਇਹੀ ਰਹੀ ਤਾਂ, ਸਰਕਾਰਾਂ ਦੇ ਮੁਖੀਆਂ ਵਿਚ ਲਿੰਗ ਬਰਾਬਰੀ ਲਈ ਹੋਰ 130 ਸਾਲ ਲੱਗਣਗੇ। ਕੋਵਿਡ-19 ਦੇ ਖਿਲਾਫ ਲੜਾਈ ਵਿਚ ਇਸਤਰੀਆਂ ਨੇ ਆਪਣਾ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਮੂਹਰਲੀਆਂ ਸਫਾਂ ਅਤੇ ਸਿਹਤ ਖੇਤਰ ਕਾਰਕੁਨਾਂ, ਵਿਗਿਆਨੀਆਂ, ਡਾਕਟਰਾਂ ਅਤੇ ਦੇਖਭਾਲ-ਕਰਤਾ ਦੇ ਤੌਰ 'ਤੇ ਮਹਾਂਮਾਰੀ ਖਿਲਾਫ ਲੜਾਈ ਲੜੀ ਹੈ, ਫਿਰ ਵੀ ਸੰਸਾਰ ਪੱਧਰ 'ਤੇ ਉਨ੍ਹਾਂ ਨੂੰ ਆਪਣੇ ਪੁਰਸ਼ ਸਮਕਸ਼ਾਂ ਦੇ ਮੁਕਾਬਲੇ 11% ਘੱਟ ਉਜਰਤ ਮਿਲੀ ਹੈ। ਅਸੀਂ ਦੇਖਦੇ ਹਾਂ ਕਿ ਜਦੋਂ ਔਰਤਾਂ ਅਗਵਾਈ ਕਰਦੀਆਂ ਹਨ ਤਾਂ ਨਤੀਜੇ ਜ਼ਿਆਦਾ ਹਾਂ-ਮੁਖੀ ਅਤੇ ਸਾਰਥਕ ਨਿਕਲਦੇ ਹਨ। ਕੋਵਿਡ-19 ਮਹਾਂਮਾਰੀ ਖਿਲਾਫ ਔਰਤਾਂ ਨੇ ਬਹੁਤ ਸੁਜੱਗਤਾ ਨਾਲ ਆਪਣਾ ਯੋਗਦਾਨ ਪਾਇਆ ਹੈ। ਸਮਾਜਿਕ ਨਿਆਂ, ਵਾਤਾਵਰਣ ਸੰਭਾਲ ਅਤੇ ਬਰਾਬਰੀ ਲਈ ਔਰਤਾਂ ਖਾਸ ਕਰਕੇ ਨੌਜੁਆਨ ਔਰਤਾਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਵਿਭਿੰਨ ਕਿਸਮ ਦੀਆਂ ਆਨਲਾਈਨ ਅਤੇ ਸੜਕੀ ਲਹਿਰਾਂ ਵਿਚ ਅੱਗੇ ਹੋ ਕੇ ਅਗਵਾਈ ਕਰ ਰਹੀਆਂ ਹਨ। ਫਿਰ ਵੀ ਸੰਸਾਰ ਪੱਧਰ 'ਤੇ ਸੰਸਦਾਂ ਵਿਚ 30 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ 1% ਤੋਂ ਵੀ ਘੱਟ ਹਨ।

ਆਲਮੀ ਪੱਧਰ 'ਤੇ ਇਸਤਰੀਆਂ ਕਲੰਕ-ਰਹਿਤ, ਗੈਰ-ਦਕਿਆਨੂਸੀ ਅਤੇ ਹਿੰਸਾ-ਮੁਕਤ ਬਰਾਬਰ ਦਾ ਭਵਿੱਖ ਚਾਹੁੰਦੀਆਂ ਹਨ, ਅਜਿਹਾ ਭਵਿੱਖ ਜਿਹੜਾ ਸਥਾਈ, ਸ਼ਾਂਤ, ਬਰਾਬਰ ਦੇ ਅਧਿਕਾਰਾਂ, ਮੌਕਿਆਂ ਤੇ ਸੰਭਾਵਨਾਵਾਂ ਭਰਪੂਰ ਹੋਵੇ, ਜਿਸ ਦੀਆਂ ਉਹ ਹੱਕਦਾਰ ਵੀ ਹਨ। ਉਨ੍ਹਾਂ ਲਈ ਅਜਿਹਾ ਮਾਹੌਲ ਸਿਰਜਣ ਲਈ ਇਸਤਰੀਆਂ ਉਸ ਹਰ ਇੱਕ ਮੇਜ਼ 'ਤੇ ਸ਼ਾਮਲ ਹੋਣੀਆਂ ਚਾਹੀਦੀਆਂ ਹਨ, ਜਿਸ 'ਤੇ ਫੈਸਲੇ ਲਏ ਜਾਂਦੇ ਹਨ।

ਅੰਦੋਲਨ ਇੱਕ ਵਿਸ਼ਵ-ਵਿਆਪੀ ਭਾਸ਼ਾ ਹੈ। ਜਦੋਂ ਤੁਹਾਡੀ ਗੱਲ ਨਹੀਂ ਸੁਣੀ ਜਾਂਦੀ ਤਾਂ ਆਪਣੀ ਗੱਲ ਸੁਣਾਉਣ ਲਈ ਲੋਕ ਜਨਤਕ ਪੱਧਰ 'ਤੇ ਇਕੱਠੇ ਹੋ ਕੇ ਆਪਣੇ ਮਸਲੇ ਦਾ ਪ੍ਰਦਰਸ਼ਨ ਕਰਦੇ ਹਨ। ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਰਹਿੰਦੇ ਹੋਣ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਆਪਣੀ ਇੱਕਮੁਠਤਾ, ਤਾਕਤ, ਏਕਤਾ ਅਤੇ ਤਬਦੀਲੀ ਲਿਆਉਣ ਦੀ ਇੱਛਾ ਦਿਖਾਉਣ ਦਾ ਇਹ ਇੱਕ ਬਹੁਤ ਹੀ ਸ਼ਕਤੀਸ਼ਾਲੀ ਤੇ ਸਮਰੱਥ ਜ਼ਰੀਆ ਹੈ। ਇਸਤਰੀਆਂ ਵੀ ਸਮੇਂ ਸਮੇਂ ਆਪਣੇ ਅਧਿਕਾਰਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਜਾਂ ਰੋਸ ਦਿਖਾਵੇ ਕਰਦੀਆਂ ਰਹੀਆਂ ਹਨ। ਦੁਨੀਆਂ ਭਰ ਵਿਚ ਔਰਤਾਂ ਵੱਲੋਂ ਆਪਣੇ ਹੱਕਾਂ ਲਈ ਸਮੇਂ ਸਮੇਂ ਬਹੁਤ ਵੱਡੇ ਪੱਧਰ 'ਤੇ ਵੀ ਅਤੇ ਕੁਝ ਛੋਟੇ ਪੱਧਰ 'ਤੇ ਅੰਦੋਲਨ ਕੀਤੇ ਜਾਂਦੇ ਰਹੇ ਹਨ, ਪਰ ਹਰ ਇੱਕ ਅੰਦੋਲਨ ਦੀ ਆਪਣੀ ਅਹਿਮੀਅਤ ਰਹੀ ਹੈ-ਭਾਵੇਂ ਕਈਆਂ ਦਾ ਘੇਰਾ ਵਿਸ਼ਵ ਪੱਧਰ ਤੱਕ ਦਾ ਰਿਹਾ ਤੇ ਕਈਆਂ ਦਾ ਛੋਟਾ।

ਔਰਤਾਂ ਵੱਲੋਂ ਕੀਤੇ ਗਏ ਅੰਦੋਲਨਾਂ ਦੀ ਇਸ ਪਰੰਪਰਾ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਵੀਹਵੀਂ ਸਦੀ ਦੇ ਅਰੰਭ ਵਿਚ ਔਰਤਾਂ ਦੇ ਹੱਕਾਂ ਲਈ ਬਰਤਾਨੀਆ ਵਿਚ ਅੰਦੋਲਨ ਸ਼ੁਰੂ ਹੋਇਆ ਸੀ, ਜਿਸ ਵਿਚ ਪੰਜਾਬ ਦੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਧੀ ਸੋਫੀਆ ਦਲੀਪ ਸਿੰਘ ਨੂੰ ਇਸਤਰੀ ਅਧਿਕਾਰਾਂ ਲਈ ਸਫਰਜੈਟ ਅਤੇ ਕੰਪੇਨਰ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ ਅਤੇ ਸਾਰੇ ਬੜੀ ਉਤਸੁਕਤਾ ਨਾਲ ਉਸ ਨੂੰ ਸੁਣਦੇ ਤੇ ਦੇਖਦੇ ਸਨ ਕਿ ਇਸਤਰੀ ਅਧਿਕਾਰਾਂ ਲਈ ਲੜਨ ਵਾਲੀ ਉਹ ਇੱਕ 'ਬਲੈਕ ਪ੍ਰਿੰਸੈਸ' ਹੈ। ਕੁਝ ਦੇਰ ਪਹਿਲਾਂ ਮੈਂ ਅਨੀਤਾ ਅਨੰਦ ਦੀ ਸੋਫੀਆ ਦਲੀਪ ਸਿੰਘ 'ਤੇ ਲਿਖੀ ਕਿਤਾਬ ਪੜ੍ਹੀ ਸੀ, ਜਿਸ ਦਾ ਸਿਰਲੇਖ ਹੀ "ਸੋਫੀਆ: ਪ੍ਰਿੰਸੈਸ, ਸਫਰਜੈਟ, ਰੈਵੋਲੂਸ਼ਨਰੀ" ਹੈ ਅਤੇ ਹੁਣ ਇੱਕ ਹੋਰ ਪੁਸਤਕ ਬਾਲੀ ਰਾਏ ਅਤੇ ਰੇਚਲ ਡੀਨ ਵੱਲੋਂ ਲਿਖੀ ਗਈ ਹੈ, ਜਿਸ ਦਾ ਸਿਰਲੇਖ ਵੀ "ਦਾ ਰਾਇਲ ਰੈਬਲ: ਦਾ ਲਾਈਫ ਆਫ ਸਫਰਜੈਟ ਪ੍ਰਿੰਸੈਸ ਸੋਫੀਆ ਦਲੀਪ ਸਿੰਘ" ਹੈ। ਕਹਿਣ ਤੋਂ ਭਾਵ ਅੱਜ ਰਾਜਕੁਮਾਰੀ ਸੋਫੀਆ ਨੂੰ ਮਹਾਰਾਜਾ ਦਲੀਪ ਸਿੰਘ ਦੀ ਧੀ ਹੋਣ ਦੇ ਨਾਲ ਨਾਲ ਔਰਤਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੀ ਸ਼ਖਸੀਅਤ ਦੇ ਤੌਰ 'ਤੇ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਸਤਰੀ ਬੀਬੀ ਨਾਨਕੀ ਦੀ ਮੁਹੱਬਤ ਭਰੀ ਦਿੱਬ-ਦ੍ਰਿਸ਼ਟੀ, ਮਾਤਾ ਖੀਵੀ ਦੀ ਸੇਵਾ-ਭਾਵਨਾ, ਮਾਤਾ ਗੁਜਰੀ ਦਾ ਸਬਰ-ਸੰਤੋਖ ਅਤੇ ਮਾਈ ਭਾਗੋ ਦੇ ਜੁਝਾਰੂ ਜਜ਼ਬੇ ਦੀ ਵਾਰਸ ਹੈ, ਜਿਸ ਦਾ ਜ਼ਿਕਰ ਅਸੀਂ ਮੌਜੂਦਾ ਕਿਸਾਨੀ ਅੰਦੋਲਨ ਦੇ ਸੰਦਰਭ ਵਿਚ ਕਰ ਸਕਦੇ ਹਾਂ ਅਤੇ ਉਹ ਅੰਦੋਲਨ ਵਿਚ ਜੂਝ ਰਹੀਆਂ ਬੀਬੀਆਂ ਵਿਚੋਂ ਦ੍ਰਿਸ਼ਟੀਗੋਚਰ ਵੀ ਹੁੰਦਾ ਹੈ। ਇਸ ਤੋਂ ਪਹਿਲਾਂ 'ਇਸਤਰੀ ਦਿਵਸ' ਨੂੰ ਧਿਆਨ ਵਿਚ ਰੱਖਦਿਆਂ, ਔਰਤਾਂ ਵੱਲੋਂ ਕੀਤੇ ਜਾਂਦੇ ਰਹੇ ਅੰਦੋਲਨਾਂ ਦੀ ਪਰੰਪਰਾ 'ਤੇ ਇੱਕ ਸਰਸਰੀ ਨਜ਼ਰ ਮਾਰ ਲੈਣੀ ਕੁਥਾਂ ਨਹੀਂ ਹੋਵੇਗੀ।

ਔਰਤਾਂ ਦੇ ਹੱਕਾਂ ਲਈ ਅੰਦੋਲਨ 25 ਮਾਰਚ 1911 ਨੂੰ, ਨਿਊ ਯਾਰਕ ਦੇ ਗਰੀਨਵਿਚ ਪਿੰਡ ਦੀ "ਟਰਾਇੰਗਲ ਸ਼ਰਟਵੇਸਟ ਫੈਕਟਰੀ" ਵਿਚ ਅੱਗ ਲੱਗਣ ਕਾਰਨ 146 ਕਾਮੇ ਮੌਤ ਦੇ ਮੂੰਹ ਵਿਚ ਚਲੇ ਗਏ ਸਨ, ਕਿਉਂਕਿ ਬਾਹਰ ਨਿਕਲਣ ਦੇ ਰਸਤੇ ਬੰਦ ਕੀਤੇ ਹੁੰਦੇ ਸਨ, ਜਿਨ੍ਹਾਂ ਵਿਚੋਂ 123 ਔਰਤਾਂ ਸਨ, ਦੇ ਖਿਲਾਫ ਹੋਇਆ ਸੀ ਅਤੇ ਆਸ-ਪਾਸ ਦੇ ਕਰੀਬ 10,000 ਲੋਕਾਂ ਨੇ ਰੋਸ ਮਾਰਚ ਵਿਚ ਹਿੱਸਾ ਲਿਆ। ਸੰਨ 1949 ਵਿਚ ਕਰੀਬ 100 ਸਫਾਈ ਸੇਵਕ ਔਰਤਾਂ ਵੱਲੋਂ ਆਪਣੀਆਂ ਘੱਟ ਉਜਰਤਾਂ ਦੇ ਰੋਸ ਵਿਚ ਲੰਡਨ'ਸ ਟੈਂਪਲ ਗਾਰਡਨ ਤੋਂ ਲਿੰਕਨ'ਸ ਇਨ ਫੀਲਡਜ਼ ਤੱਕ ਰੋਸ ਮਾਰਚ ਕੀਤਾ ਗਿਆ। ਔਰਤਾਂ, ਜਿਹੜੀਆਂ ਕਿ ਸਿਵਲ ਸਰਵਿਸਿਜ਼ ਯੂਨੀਅਨ ਦੀਆਂ ਮੈਂਬਰ ਸਨ, ਆਪਣੀ ਤਨਖਾਹ 34 ਸੈਂਟ ਪ੍ਰਤੀ ਘੰਟਾ ਤੋਂ 40 ਸੈਂਟ ਪ੍ਰਤੀ ਘੰਟਾ ਕਰਨ ਲਈ ਸੰਘਰਸ਼ ਕਰ ਰਹੀਆਂ ਸਨ। ਉਨ੍ਹਾਂ ਦੇ ਹੱਥਾਂ ਵਿਚ ਬੈਨਰ ਚੁੱਕੇ ਹੋਏ ਸੀ, "ਕਲੀਨਲੈਸ ਇਜ਼ ਨੈਕਸਟ ਟੂ ਗੌਡਲੀਨੈਸ, ਵੂਮੈਨ ਕਲੀਨਰਜ਼ ਆਰ ਨੈਕਸਟ ਟੂ ਸਟਾਰਵੇਸ਼ਨ।" ਉਨ੍ਹਾਂ ਨੇ ਲਹਿਰਾਉਣ ਲਈ ਨਵੇਂ ਮੌਪ (ਪੋਚੇ ਖਰੀਦੇ)।

ਇਸੇ ਤਰ੍ਹਾਂ 9 ਅਗਸਤ 1956 ਨੂੰ ਦੱਖਣੀ ਅਫਰੀਕਨ ਔਰਤਾਂ ਦੇ ਇੱਕ ਸਮੂਹ ਨੇ ਇੱਕ ਕਾਨੂੰਨ ਪਾਸ ਕਰਨ ਦੇ ਵਿਰੁੱਧ ਸੰਘਰਸ਼ ਕੀਤਾ, ਜਿਹੜਾ ਕਾਨੂੰਨ ਜਨਤਾ ਨੂੰ ਵੰਡਣ ਲਈ ਇੱਕ ਤਰ੍ਹਾਂ ਦਾ ਅੰਦਰੂਨੀ ਦਸਤਾਵੇਜ਼ ਸੀ। ਇਸ ਦਾ ਮੁਖ ਨੁਕਤਾ ਦੱਖਣੀ ਅਫਰੀਕਾ ਦੇ ਮੂਲ ਨਿਵਾਸੀਆਂ ਅਤੇ ਏਸ਼ੀਆਈ ਲੋਕਾਂ ਨਾਲ ਨਸਲੀ ਵਿਤਕਰਾ-ਭਰਪੂਰ ਵਰਤਾਉ ਕਰਨਾ ਸੀ। ਹਰ ਤਰ੍ਹਾਂ ਦੇ ਪਿਛੋਕੜ ਤੋਂ ਕਰੀਬ 20,000 ਔਰਤਾਂ ਨੇ ਇਕੱਠੀਆਂ ਹੋ ਕੇ ਪਰੀਟੋਰੀਆ ਯੂਨੀਅਨ ਬਿਲਡਿੰਗ ਤੱਕ ਪ੍ਰਧਾਨ ਮੰਤਰੀ ਨੂੰ ਆਪਣੀ ਅਪੀਲ ਸੌਂਪਣ ਲਈ ਮਾਰਚ ਕੀਤਾ। ਪ੍ਰਧਾਨ ਮੰਤਰੀ ਉਥੇ ਹਾਜ਼ਰ ਨਹੀਂ ਸੀ, ਪਰ ਉਸ ਦੇ ਸਕੱਤਰ ਨੂੰ ਆਪਣਾ ਪੱਤਰ ਇੱਕ ਨਾਹਰੇ ਵਰਗਾ ਗੀਤ ਗਾਉਂਦਿਆਂ ਸੌਂਪਿਆ, ਜਿਸ ਦਾ ਅਰਥ ਸੀ, "ਯੂ ਸਟਰਾਈਕ ਏ ਵੂਮੈਨ, ਯੂ ਸਟਰਾਈਕ ਏ ਰੌਕ" ਅਤੇ ਹੁਣ ਦੱਖਣੀ ਅਫਰੀਕਾ ਵਿਚ 9 ਅਗਸਤ ਦਾ ਦਿਨ "ਨੈਸ਼ਨਲ ਵੂਮੈਨ ਡੇ" ਉਨ੍ਹਾਂ ਦੇ ਹੌਸਲੇ ਅਤੇ ਸ਼ਕਤੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।



ਵੀਅਤਨਾਮ ਜੰਗ ਦੇ ਖਿਲਾਫ ਲੰਡਨ ਤੋਂ ਲੈ ਕੇ ਦੁਨੀਆਂ ਦੇ ਵੱਖ ਵੱਖ ਸ਼ਹਿਰਾਂ ਵਿਚ ਅਨੇਕ ਮਾਰਚ ਹੋਏ ਅਤੇ ਕਈ ਥਾਵਾਂ 'ਤੇ ਝੜੱਪਾਂ ਵੀ ਹੋਈਆਂ। ਸਭ ਤੋਂ ਸ਼ਾਂਤਮਈ 19 ਫਰਵਰੀ 1968 ਦਾ ਅੰਦੋਲਨ ਸੀ, ਜਦੋਂ ਕਰੀਬ 400 ਔਰਤਾਂ ਨੇ ਲੰਡਨ ਵਿਚ ਅਮਰੀਕਨ ਦੂਤ-ਘਰ ਦੇ ਸਾਹਮਣੇ ਗਰੋਵਨਰ ਸੁਕੇਅਰ ਤੋਂ ਡਾਊਨਿੰਗ ਸਟਰੀਟ ਤੱਕ ਰੋਸ-ਮਾਰਚ ਕੀਤਾ।

ਸੰਨ 2017 ਦਾ ਮਾਰਚ ਮਹੀਨਾ ਬਹੁਤ ਵਿਸ਼ਾਲ ਕੌਮਾਂਤਰੀ ਅੰਦੋਲਨ ਦੀ ਇੱਕ ਮਿਸਾਲ ਹੈ; ਜਿਸ ਵਿਚ ਇੱਕ ਅੰਦਾਜ਼ੇ ਅਨੁਸਾਰ ਕਰੀਬ ਸੱਤਰ ਲੱਖ ਲੋਕਾਂ ਨੇ ਸੰਸਾਰ ਭਰ ਵਿਚ ਮਨੁੱਖੀ ਅਧਿਕਾਰਾਂ, ਆਜ਼ਾਦੀ ਅਤੇ ਸਭ ਲਈ ਬਰਾਬਰੀ ਦੀ ਵਕਾਲਤ ਲਈ ਸ਼ਾਂਤਮਈ ਅੰਦੋਲਨ ਕੀਤਾ, ਜਿਸ ਵਿਚ ਅੰਟਾਰਟਿਕਾ ਵਰਗੇ ਮੁਲਕ ਵੀ ਸ਼ਾਮਲ ਹੋਏ। ਵੱਡੇ ਪੱਧਰ 'ਤੇ ਸੋਸ਼ਲ ਮੀਡੀਆ ਰਾਹੀਂ ਸੰਗਠਨ ਕੀਤਾ ਗਿਆ ਇਹ ਇੱਕ-ਰੋਜ਼ਾ ਅੰਦੋਲਨ ਅਮਰੀਕਾ ਵਿਚ ਸਭ ਤੋਂ ਵੱਡਾ ਅੰਦੋਲਨ ਹੋ ਨਿਬੜਿਆ। ਇਸੇ ਤਰ੍ਹਾਂ "ਦਾ ਐਸੋਸੀਏਸ਼ਨ ਆਫ ਫੀਮੇਲ ਇੰਡੀਜਿਨੀਅਸ ਵਾਰੀਅਰਜ਼ ਫਰਾਮ ਰੋਡੋਨੀਆ" ਬਣਾਈ ਗਈ, ਜਿਸ ਦਾ ਮਕਸਦ ਬ੍ਰਾਜ਼ੀਲ ਦੇ ਮੂਲ ਭਾਈਚਾਰੇ ਦੀਆਂ ਔਰਤਾਂ, ਜਿਨ੍ਹਾਂ ਦੀ ਗਿਣਤੀ 50 ਦੇ ਕਰੀਬ ਐਥਨਿਕ ਸਮੂਹਾਂ ਵਿਚ ਕਰੀਬ 15000 ਹੈ, ਦੀ ਫੈਸਲੇ ਲੈਣ ਵਿਚ ਬਹੁਤ ਘੱਟ ਹਿੱਸੇਦਾਰੀ ਨੂੰ ਟੱਕਰ ਦੇਣ ਵਿਚ ਮਦਦ ਕਰਨਾ ਸੀ। ਸੰਨ 2015 ਤੋਂ ਉਭਰ ਕੇ, ਮੈਂਬਰਾਂ ਨੇ ਆਪਣੀ ਆਵਾਜ਼ ਨੂੰ ਸੁਣੇ ਜਾਣ ਲਈ ਸੰਘਰਸ਼ ਕੀਤਾ, ਜਿਸ ਲਈ ਮੀਟਿੰਗਾਂ ਕੀਤੀਆਂ ਗਈਆਂ ਅਤੇ ਰੋਸ-ਦਿਖਾਵੇ ਕੀਤੇ ਗਏ। ਮਸਲਿਆਂ ਵਿਚ ਸਭ ਤੋਂ ਅਹਿਮ ਵਿਸ਼ਾ ਮੂਲ ਵਾਸੀਆਂ ਦੀਆਂ ਜ਼ਮੀਨਾਂ ਦੀ ਖਣਨ/ਖੁਦਾਈ ਦਾ ਸੀ (ਭਾਰਤ ਵਿਚ ਵੀ ਝਾਰਖੰਡ ਅਤੇ ਹੋਰ ਆਦਿ-ਵਾਸੀ ਇਲਾਕਿਆਂ ਦੀ ਇਹੀ ਸਮੱਸਿਆ ਹੈ, ਜਿਸ ਲਈ ਅੰਦੋਲਨਕਾਰੀ ਔਰਤਾਂ ਤੇ ਮਰਦਾਂ ਨੂੰ "ਮਾਓਵਾਦੀ" ਕਹਿ ਕੇ ਤਸ਼ੱਦਦ ਕੀਤਾ ਜਾਂਦਾ ਹੈ); ਖਣਨ ਨਾਲ ਵਾਤਾਵਰਣ ਦਾ ਪ੍ਰਦੂਸ਼ਣ ਫੈਲਦਾ ਹੈ, ਜੋ ਖਾਧ-ਪਦਾਰਥਾਂ ਅਤੇ ਘਰੇਲੂ ਦਸਤਕਾਰੀ ਦੇ ਸੋਮਿਆਂ ਨੂੰ ਤਬਾਹ ਕਰਦਾ ਹੈ ਤੇ ਇਸ ਦੇ ਬੁਰੇ ਸਮਾਜਿਕ ਪ੍ਰਭਾਵ ਵੀ ਪੈਂਦੇ ਹਨ ਜਿਵੇਂ ਸ਼ਰਾਬਨੋਸ਼ੀ, ਨਸ਼ਿਆਂ ਤੇ ਵੇਸਵਾਗਿਰੀ 'ਚ ਵਾਧਾ ਹੋਣਾ ਆਦਿ ਹੈ।

ਇਸ ਤਰ੍ਹਾਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਇਸਤਰੀਆਂ ਦੇ ਹੱਕਾਂ ਅਤੇ ਸਾਂਝੀਆਂ ਸਮਾਜਿਕ, ਰਾਜਨੀਤਕ ਸਮੱਸਿਆਵਾਂ ਨੂੰ ਲੈ ਕੇ ਛੋਟੇ ਵੱਡੇ ਅੰਦੋਲਨ ਚੱਲਦੇ ਰਹੇ ਹਨ, ਜਿਨ੍ਹਾਂ ਦੀ ਆਪਣੀ ਆਪਣੀ ਅਹਿਮੀਅਤ ਹੈ। ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਵਿਚ ਬੀਬੀਆਂ ਦੀ ਸ਼ਮੂਲੀਅਤ ਵੱਲ ਆਉਣ ਤੋਂ ਪਹਿਲਾਂ ਮੈਂ ਇੱਥੇ ਦੋ ਹੋਰ ਵੱਡੇ ਅੰਦੋਲਨਾਂ ਦੀ ਗੱਲ ਕਰਨਾ ਵਾਜਬ ਸਮਝਦੀ ਹਾਂ। ਇਨ੍ਹਾਂ ਵਿਚੋਂ ਪਹਿਲਾ ਹੈ, "ਬਲੈਕ ਲਾਈਵਜ਼ ਮੈਟਰ" ਅਤੇ ਦੂਸਰਾ ਹੈ, ਸ਼ਾਹੀਨ ਬਾਗ ਮੋਰਚਾ। ਸੰਨ 2020 ਦਾ ਸਾਲ ਸਾਰੀ ਦੁਨੀਆਂ 'ਤੇ "ਬਲੈਕ ਲਾਈਵਜ਼ ਮੈਟਰ" ਅੰਦੋਲਨ ਲਈ ਯਾਦ ਰੱਖਿਆ ਜਾਵੇਗਾ। "ਬਲੈਕ ਲਾਈਵਜ਼ ਮੈਟਰ" (ਬੀ. ਐਲ. ਐਮ.) ਇੱਕ ਕੌਮਾਂਤਰੀ ਸਮਾਜਿਕ ਲਹਿਰ ਹੈ, ਜਿਸ ਦੀ ਸਥਾਪਨਾ ਯੂਨਾਈਟਿਡ ਸਟੇਟਸ ਵਿਚ 2013 ਨੂੰ, ਨਸਲਵਾਦ ਅਤੇ ਸਿਆਹਫਾਮ ਲੋਕਾਂ ਖਿਲਾਫ ਹੁੰਦੀ ਹਿੰਸਾ, ਖਾਸ ਕਰਕੇ ਪੁਲਿਸ ਦੇ ਤਸ਼ੱਦਦ ਨੂੰ ਰੋਕਣ ਲਈ ਕੀਤੀ ਗਈ ਸੀ। ਅਸਲ ਵਿਚ ਅਮਰੀਕਾ ਦੀ ਪੁਲਿਸ ਵੱਲੋਂ ਗੋਰੇ ਲੋਕਾਂ ਨਾਲੋਂ ਸਿਆਹਫਾਮ ਲੋਕਾਂ ਦੇ ਗੈਰ-ਨਿਆਂਇਕ ਕਤਲ ਵੱਧ ਕੀਤੇ ਜਾਂਦੇ ਹਨ। ਸੰਗਠਨ ਦਾ ਮਕਸਦ ਹੈ ਕਿ ਸਿਆਹਫਾਮ ਲੋਕਾਂ ਦੇ ਜੀਵਨ ਅਤੇ ਮਾਨਵਤਾ ਦੀ ਓਨੀ ਹੀ ਮੰਗ ਕਰਦਾ ਹੈ, ਜਿੰਨੀ ਗੋਰੇ ਲੋਕਾਂ ਦੇ ਜੀਵਨ ਅਤੇ ਮਾਨਵਤਾ ਦੀ। ਇਸ ਲਈ ਸੰਗਠਨ ਦੇ ਕਾਰਕੁਨ ਅਮਰੀਕਾ ਅਤੇ ਕੌਮਾਂਤਰੀ ਪੱਧਰ 'ਤੇ ਪ੍ਰਭਾਵਸ਼ਾਲੀ ਅੰਦੋਲਨ ਕਰਦੇ ਹਨ। ਇਸ ਦੇ ਅਮਰੀਕਾ ਸਮੇਤ ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਵਿਚ ਵੀ ਸੰਗਠਨ ਹਨ, ਜਿਨ੍ਹਾਂ ਦੀ ਮਾਨਤਾ ਬੀ. ਐਮ. ਐਲ. ਗਲੋਬਲ ਨੈੱਟਵਰਕ ਫਾਊਂਡੇਸ਼ਨ ਨਾਲ ਹੈ ਤੇ ਸਥਾਨਕ ਪੱਧਰ 'ਤੇ ਸਭ ਆਪਣਾ ਆਪਣਾ ਅੰਦੋਲਨ ਚਲਾਉਂਦੇ ਹਨ। ਇਸ ਦਾ ਅਰੰਭ ਓਨਲਾਈਨ ਲਹਿਰ ਦੇ ਤੌਰ 'ਤੇ ਸਿਆਹਫਾਮ ਭਾਈਚਾਰੇ ਦੀਆਂ ਤਿੰਨ ਇਸਤਰੀ ਪ੍ਰਬੰਧਕਾਂ-ਪੈਟਰੀਸ ਖਾਨ ਕਲਰਜ਼, ਅਲੀਸੀਆ ਗਾਰਜ਼ਾ ਅਤੇ ਓਪਾਲ ਟੋਮੈਟੀ ਵੱਲੋਂ ਕੀਤਾ ਗਿਆ ਸੀ, ਜਦੋਂ 2013 ਵਿਚ ਜਾਰਜ ਜ਼ਿਮਰਮੈਨ ਨੂੰ ਇੱਕ ਸਿਆਹਫਾਮ ਨਾਬਾਲਗ ਟਰੈਵਨ ਮਾਰਟਿਨ ਦੇ ਕਤਲ ਕੇਸ ਵਿਚੋਂ "ਦੋਸ਼ੀ ਨਹੀਂ" ਤਹਿਤ ਬਰੀ ਕਰ ਦਿੱਤਾ ਗਿਆ ਸੀ। ਜਾਰਜ ਜ਼ਿਮਰਮੈਨ, ਜੋ ਜਰਮਨ ਅਤੇ ਪੇਰੂਵੀਅਨ ਵੰਸ਼ ਵਿਚੋਂ ਸੀ, ਉਸ ਨੇ ਸ਼ੱਕ ਦੀ ਬਿਨਾਂ 'ਤੇ ਪੁਲਿਸ ਦੇ ਰੋਕਣ 'ਤੇ ਵੀ ਮਾਰਟਿਨ ਦਾ ਪਿੱਛਾ ਕਰਕੇ ਉਸ ਦੇ ਗੋਲੀ ਮਾਰ ਕੇ ਮਾਰ ਦਿੱਤਾ ਸੀ।

ਬਲੈਕ ਲਾਈਵਜ਼ ਮੈਟਰ ਲਹਿਰ ਨੇ ਥਾਂ ਥਾਂ ਏਨਾ ਜ਼ੋਰ ਫੜਿਆ ਕਿ ਆਖਰ ਜ਼ਿਮਰ 'ਤੇ ਸੈਕੰਡ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ। ਸਮੇਂ ਸਮੇਂ ਇਹ ਲਹਿਰ ਸਿਆਹਫਾਮ ਲੋਕਾਂ ਦੇ ਕਤਲਾਂ ਖਿਲਾਫ ਭਖਦੀ ਰਹੀ ਹੈ। ਸੰਨ 2020 ਮਈ ਵਿਚ ਫਿਰ ਇਹ ਲਹਿਰ ਭਖੀ, ਜਦੋਂ ਮਿਨੀਐਪੋਲਿਸ 'ਚ ਇੱਕ ਪੁਲਿਸ ਅਫਸਰ ਨੇ ਜਾਰਜ ਫਲਾਇਡ ਨਾਮ ਦੇ ਸਿਆਹਫਾਮ ਵਿਅਕਤੀ ਦੀ ਧੌਣ 'ਤੇ ਉਦੋਂ ਤੱਕ ਗੋਡਾ ਧਰੀ ਰੱਖਿਆ, ਜਦੋਂ ਤੱਕ ਸਾਹ ਬੰਦ ਹੋ ਕੇ ਉਸ ਦੀ ਮੌਤ ਨਹੀਂ ਹੋ ਗਈ। ਇਸ ਦੇ ਰੋਸ ਵਜੋਂ ਸਮੇਤ ਅਮਰੀਕਾ, ਕੈਨੇਡਾ ਦੇ ਦੁਨੀਆਂ ਭਰ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਲਹਿਰ ਦੀ ਚੜ੍ਹਤ ਨੇ ਡੋਨਲਡ ਟਰੰਪ ਦੀ ਹਾਰ ਵਿਚ ਅਹਿਮ ਯੋਗਦਾਨ ਪਾਇਆ। ਗਾਰਜ਼ਾ ਦਾ ਕਹਿਣਾ ਹੈ ਕਿ ਬਲੈਕ ਲਾਈਵਜ਼ ਮੈਟਰ ਸੱਤ ਸਾਲ ਦੇ ਵਕਫੇ ਬਾਅਦ ਅਸਲ ਵਿਚ ਹੁਣ ਇਸ ਮੁਲਕ ਦੇ ਡੀ. ਐਨ. ਏ. ਅਤੇ ਗਹਿਰੀ ਯਾਦਸ਼ਤ ਦਾ ਹਿੱਸਾ ਬਣ ਗਿਆ ਹੈ।

ਸ਼ਾਹੀਨ ਬਾਗ ਅੰਦੋਲਨ ਅਸਲ ਵਿਚ ਬੈਠ ਕੇ ਧਰਨਾ ਦੇਣ ਦਾ ਸ਼ਾਂਤਮਈ ਅੰਦੋਲਨ ਸੀ, ਜਿਸ ਦੀ ਅਗਵਾਈ ਔਰਤਾਂ ਨੇ ਕੀਤੀ। ਇਹ ਅੰਦੋਲਨ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਵਿਚ ਲਿਆਂਦੇ ਗਏ 'ਸਿਟੀਜ਼ਨਸ਼ਿਪ (ਅਮੈਂਡਮੈਂਟ) ਐਕਟ (ਸੀ. ਏ. ਏ.) ਦੇ ਵਿਰੋਧ ਵਿਚ ਸ਼ੁਰੂ ਹੋਇਆ, ਜਿਸ ਵਿਚ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨ. ਆਰ. ਸੀ.) ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐਨ. ਪੀ. ਆਰ.) ਦਾ ਵਿਰੋਧ ਵੀ ਸ਼ਾਮਲ ਸੀ। ਇਸ ਵਿਚ ਉਸ ਤਸ਼ੱਦਦ ਦੀ ਵਿਰੋਧਤਾ ਵੀ ਸ਼ਾਮਲ ਹੋ ਗਈ, ਜੋ ਪੁਲਿਸ ਵੱਲੋਂ ਸਿਟੀਜ਼ਨ ਅਮੈਂਡਮੈਂਟ ਐਕਟ ਦਾ ਵਿਰੋਧ ਕਰ ਰਹੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਉਤੇ ਢਾਹਿਆ ਗਿਆ। ਇਹ ਅੰਦੋਲਨ ਬੇਹੱਦ ਸ਼ਾਂਤਮਈ ਅਤੇ ਪੁਰਅਮਨ ਸੀ, ਜਿਸ ਦੀ ਵਾਗਡੋਰ ਪੂਰੀ ਤਰ੍ਹਾਂ ਬੀਬੀਆਂ ਨੇ ਆਪਣੇ ਹੱਥ ਵਿਚ ਲੈ ਰੱਖੀ ਸੀ। ਇਸ ਵਿਚ ਮੁਸਲਿਮ ਔਰਤਾਂ ਤੋਂ ਬਿਨਾ ਭਾਵੇਂ ਹਰ ਰੋਜ਼ ਹੋਰ ਭਾਈਚਾਰਿਆਂ ਦੇ ਨੁਮਾਇੰਦੇ ਅਤੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਰਹੇ, ਪਰ ਭਾਜਪਾ ਇਸ ਨੂੰ ਆਈ. ਐਸ. ਐਸ. ਅਤੇ ਪਾਕਿਸਤਾਨ ਵੱਲੋਂ ਸਪਾਂਸਰਡ ਅੰਦੋਲਨ ਪ੍ਰਚਾਰਦੀ ਰਹੀ।

ਭਾਜਪਾ ਦੇ ਕਾਰਕੁਨਾਂ ਨੇ ਹਰ ਤਰ੍ਹਾਂ ਨਾਲ ਇਸ ਅੰਦੋਲਨ ਦਾ ਵਿਰੋਧ ਪੂਰੇ ਜ਼ੋਰ-ਸ਼ੋਰ ਨਾਲ ਕੀਤਾ। ਧਰਨੇ ਵਿਚ ਹਿੱਸਾ ਲੈਣ ਵਾਲੀਆਂ ਬੀਬੀਆਂ ਦੀ ਕਿਰਦਾਰਕੁਸ਼ੀ ਤੋਂ ਲੈ ਕੇ ਮੰਦੀ ਸ਼ਬਦਾਵਲੀ ਵਰਤਣ ਤੱਕ ਹਰ ਹਰਬਾ ਵਰਤਿਆ ਗਿਆ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ (ਜਦ ਕਿ ਕਿਸੇ ਵੀ ਮੁਲਕ ਦਾ ਪ੍ਰਧਾਨ ਮੰਤਰੀ ਕਿਸੇ ਇੱਕ ਭਾਈਚਾਰੇ ਦਾ ਨੁਮਾਇੰਦਾ ਨਹੀਂ ਹੁੰਦਾ) ਕਿਹਾ ਕਿ ਅੰਦੋਲਨ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੱਪੜਿਆਂ ਤੋਂ ਪਛਾਣਿਆ ਜਾ ਸਕਦਾ ਹੈ। ਇਹ ਅੰਦੋਲਨ 14 ਦਸੰਬਰ 2019 ਤੋਂ ਲੈ ਕੇ 24 ਮਾਰਚ 2020 ਤੱਕ ਪੂਰੇ 101 ਦਿਨ ਚੱਲਿਆ ਅਤੇ ਫਿਰ ਇਸ ਨੂੰ ਕੋਵਿਡ-19 ਦਾ ਬਹਾਨਾ ਲਾ ਕੇ ਚੁਕਵਾ ਦਿੱਤਾ ਗਿਆ। ਦਿੱਲੀ ਪੁਲਿਸ ਨੇ ਇਸ ਧਰਨੇ ਦੁਆਲੇ ਵੀ ਉਤਰ-ਪੂਰਬੀ ਦਿੱਲੀ ਵਿਚ ਦੰਗਿਆਂ ਅਤੇ ਸਿਕਿਉਰਿਟੀ ਦਾ ਬਹਾਨਾ ਲਾ ਕੇ ਬੈਰੀਕੇਡਿੰਗ ਕੀਤੀ ਤੇ ਬਹੁਤ ਗਿਣਤੀ ਵਿਚ ਪੁਲਿਸ ਦੀ ਨਫਰੀ ਵਧਾ ਦਿੱਤੀ। ਇਹ 2020 ਦਾ ਇੱਕ ਲੰਬਾ ਅਤੇ ਹਰ ਤਰ੍ਹਾਂ ਦੀ ਭੜਕਾਹਟ ਦੇ ਬਾਵਜੂਦ ਬੇਹੱਦ ਸ਼ਾਂਤਮਈ ਅੰਦੋਲਨ ਰਿਹਾ। ਇਨ੍ਹਾਂ ਕਾਨੂੰਨਾਂ ਦੇ ਖਿਲਾਫ ਭਾਵੇਂ ਮੁਲਕ ਦੇ ਬਾਕੀ ਸ਼ਹਿਰਾਂ ਵਿਚ ਵੀ ਅੰਦੋਲਨ ਹੋਏ, ਪਰ ਸ਼ਾਹੀਨ ਬਾਗ ਦਾ ਮੋਰਚਾ ਆਪਣੀ ਮਿਸਾਲ ਆਪ ਸੀ, ਜਿਸ ਵਿਚ ਬੱਚੀਆਂ ਤੋਂ ਲੈ ਕੇ 82 ਸਾਲ ਦੀ ਬਜ਼ੁਰਗ ਬਲਕੀਸ ਬਾਨੋ ਵਰਗੀਆਂ ਨੇ ਡੱਟ ਕੇ ਧਰਨਾ ਦਿੱਤਾ ਅਤੇ ਹੌਸਲੇ ਬੁਲੰਦ ਰੱਖੇ। ਭਾਰਤ ਦੇ ਇਤਿਹਾਸ ਵਿਚ ਇਸ ਵਿਲੱਖਣ ਇਸਤਰੀ ਅੰਦੋਲਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਭਾਰਤ ਦੀ ਕੇਂਦਰੀ ਸਰਕਾਰ ਨੇ ਖੇਤੀ ਦਾ ਕਾਰਪੋਰੇਟੀਜ਼ੇਸ਼ਨ ਕਰਨ ਲਈ ਅਤੇ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਧੱਕ ਦੇਣ ਲਈ ਜੋ ਕਾਲੇ ਤਿੰਨ ਕਾਨੂੰਨ ਲਿਆਂਦੇ ਹਨ, ਉਨ੍ਹਾਂ ਦੀ ਚਰਚਾ ਲਗਾਤਾਰ ਚੱਲਦੀ ਰਹੀ ਹੈ ਤੇ ਚੱਲ ਰਹੀ ਹੈ। ਇਨ੍ਹਾਂ ਕਾਲੇ ਕਾਨੂੰਨਾਂ ਦੇ ਖਿਲਾਫ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਤੋਂ ਅੰਦੋਲਨ ਸ਼ੁਰੂ ਕੀਤਾ ਗਿਆ, ਜੋ ਅੱਜ ਪੰਜਾਬ ਦੇ ਕਿਸਾਨਾਂ ਦਾ ਹੀ ਅੰਦੋਲਨ ਨਾ ਰਹਿ ਕੇ ਸਮੁੱਚੇ ਭਾਰਤ ਦਾ ਜਨ-ਅੰਦੋਲਨ ਬਣ ਗਿਆ ਹੈ, ਜਿਸ ਦਾ ਫੈਲਾਉ ਅਤੇ ਪ੍ਰਭਾਵ ਕੌਮਾਂਤਰੀ ਪੱਧਰ 'ਤੇ ਅਨੇਕ ਮੁਲਕਾਂ ਤੱਕ ਪਸਰ ਗਿਆ ਹੈ। ਜਿਸ ਦਿਨ ਤੋਂ ਇਹ ਅੰਦੋਲਨ ਪੰਜਾਬ ਤੋਂ ਸ਼ੁਰੂ ਹੋਇਆ ਹੈ, ਉਸ ਦਿਨ ਤੋਂ ਹੀ ਪਹਿਲਾਂ ਪੰਜਾਬ ਦੀਆਂ ਕਿਸਾਨ ਅਤੇ ਮਜ਼ਦੂਰ ਔਰਤਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ, ਜਿਸ ਵਿਚ ਟੋਲ ਪਲਾਜ਼ਿਆਂ, ਪੈਟਰੋਲ ਪੰਪਾਂ, ਸ਼ਾਪਿੰਗ ਮਾਲਾਂ, ਸੈਲੋਜ਼, ਰੇਲਵੇ ਲਾਈਨਾਂ, ਟਾਵਰਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਤੇ ਕਾਰਕੁਨਾਂ ਦਾ ਘਿਰਾਉ ਕਰਨਾ ਸ਼ਾਮਲ ਸੀ। ਪੰਜਾਬ ਤੋਂ ਹੁੰਦੇ ਹੋਏ ਇਸ ਅੰਦੋਲਨ ਨੂੰ 25-26 ਨਵੰਬਰ 2020 ਤੋਂ ਦਿੱਲੀ ਦੀਆਂ ਫਿਰਨੀਆਂ 'ਤੇ ਚੱਲਦੇ ਨੂੰ ਵੀ 101 ਦਿਨ ਹੋ ਗਏ ਹਨ। ਜਿੱਥੇ ਇੱਕ ਪਾਸੇ ਦਿੱਲੀ ਦੀਆਂ ਸਰਹੱਦਾਂ 'ਤੇ ਹਰ ਉਮਰ ਦੀਆਂ ਬੀਬੀਆਂ, 80 ਸਾਲ ਦੀ ਬੇਬੇ ਮਹਿੰਦਰ ਕੌਰ ਤੋਂ ਲੈ ਕੇ 60 ਸਾਲ ਦੀ ਬਲਬੀਰ ਕੌਰ ਤੱਕ ਕਿਸਾਨ-ਮਜ਼ਦੂਰ, ਘਰੇਲੂ, ਸਕੂਲ-ਕਾਲਜ-ਯੂਨੀਵਰਸਿਟੀ ਦੀਆਂ ਵਿਦਿਆਰਥਣਾਂ, ਬੱਚਿਆਂ ਵਾਲੀਆਂ ਆਪਣੇ ਬੱਚਿਆਂ ਸਮੇਤ, ਕਲਾਕਾਰ, ਗਾਇਕ ਬਹੁਤ ਵੱਡੀ ਗਿਣਤੀ ਵਿਚ ਬੀਬੀਆਂ ਸ਼ਾਮਲ ਹਨ; ਉਥੇ ਹੀ ਪੰਜਾਬ ਵਿਚ ਉਪਰ ਦੱਸੀਆਂ ਸਾਰੀਆਂ ਥਾਂਵਾਂ 'ਤੇ ਚੱਲ ਰਹੇ ਧਰਨਿਆਂ ਵਿਚ ਵੀ ਬੀਬੀਆਂ ਲਗਾਤਾਰ ਹਿੱਸਾ ਲੈ ਰਹੀਆਂ ਹਨ। ਇਹੀ ਨਹੀਂ ਉਹ ਪਿੱਛੇ

(ਬਾਕੀ ਸਫਾ 21 ਉਤੇ)

# ਨੀਮ ਹਕੀਮ 'ਮੋਦੀ' ਅਤੇ ਖਤਰੇ ਵਿਚ ਮਰੀਜ਼ 'ਭਾਰਤ' ਦੀ ਜਾਨ

'ਨੀਮ ਹਕੀਮ, ਖਤਰਾ-ਏ-ਜਾਨ।' ਇਹ ਅਖੌਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਐਨ ਢੁੱਕਦੀ ਹੈ। ਇਸ ਨੇ ਸਾਲ 2014 ਵਿਚ ਚੋਣ ਲੜਨ ਵੇਲੇ ਦੁਨੀਆਂ ਭਰ ਦਾ ਝੂਠ ਬੋਲਿਆ। ਲੋਕਾਂ ਨਾਲ ਅਸੰਭਵ ਜਿਹੇ ਅਨਗਿਣਤ ਵਾਅਦੇ ਕੀਤੇ, ਜੋ ਕਿਸੇ ਵੀ ਹਾਲਤ ਵਿਚ ਸੰਭਵ ਨਹੀਂ ਸਨ, ਪਰ ਬਲਿਹਾਰੇ ਭਾਰਤ ਦੀ ਜਨਤਾ ਦੇ, ਜਿਸ ਨੇ ਇਸ ਦੇ ਸਫੈਦ ਝੂਠ ਨੂੰ ਵੀ ਸਤਿ ਬਚਨ ਕਰਕੇ ਇੱਕ ਵਾਰ ਅਜਿਹਾ ਮੰਨਿਆ ਕਿ ਦੂਜੀ ਵਾਰ ਨਰਿੰਦਰ ਮੋਦੀ ਨੇ ਜਨਤਾ ਨੂੰ ਰਾਸ਼ਟਰਵਾਦ ਦੇ ਅਜਿਹੇ ਜੰਤਰ-ਤੰਤਰ ਨਾਲ ਭਰਮਾ ਲਿਆ ਕਿ ਭਾਰਤ ਦੇ ਲੋਕ ਨਰਿੰਦਰ ਮੋਦੀ ਦੀਆਂ ਪਿਛਲੇ ਪੰਜਾਂ ਸਾਲਾਂ ਦੌਰਾਨ ਕੀਤੀਆਂ ਕਵੱਲੀਆਂ ਭੁੱਲ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਗਏ ਅਤੇ ਰਾਸ਼ਟਰਵਾਦ ਦੇ ਕੁਚੱਕਰ ਵਿਚ ਫਸ ਕੇ ਹੋਰ ਪੰਜ ਸਾਲਾਂ ਲਈ ਆਪਣੀ ਜਾਨ ਨੂੰ ਖਤਰੇ ਵਿਚ ਪਾ ਲਿਆ।

ਇਸ ਦੀ ਨੀਮ ਹਕੀਮੀ ਅਤੇ ਝੂਠ ਦਾ ਦੌਰ 2014 ਵਿਚ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਨ ਦੇ ਨਾਲ ਹੀ ਸ਼ੁਰੂ ਹੋ ਗਿਆ। 2014 ਦੇ ਚੋਣ ਪ੍ਰਚਾਰ ਦੌਰਾਨ ਪਾਕਿਸਤਾਨ ਨੂੰ ਪਾਣੀ ਪੀ-ਪੀ ਕੇ ਕੋਸਣ ਵਾਲੇ ਨਰਿੰਦਰ ਮੋਦੀ ਨੇ ਸਹੁੰ ਚੁੱਕ ਸਮਾਗਮ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਨੂੰ ਸੱਦਾ ਦੇ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਸਾਰੇ ਹੀ ਸਮਝਦਾਰ ਲੋਕ ਨਰਿੰਦਰ ਮੋਦੀ ਦੇ ਇਸ ਕਦਮ 'ਤੇ ਹੈਰਾਨ ਸਨ। ਇਸ ਤੋਂ ਬਾਅਦ ਨਰਿੰਦਰ ਮੋਦੀ ਅਤੇ ਉਸ ਦੀ ਭਾਜਪਾਈ ਜੁੰਡਲੀ (ਅਮਿਤ ਸ਼ਾਹ ਅਤੇ ਅਰੁਣ ਜੇਤਲੀ), ਜਿਨ੍ਹਾਂ ਪਾਸ ਤਜਰਬੇ ਦੇ ਨਾਮ 'ਤੇ ਹਰ ਸਰਕਾਰੀ ਨੀਤੀ ਦਾ ਅੱਖਾਂ ਬੰਨ ਕੇ ਵਿਰੋਧ ਕਰਨ ਦੇ ਤਜਰਬੇ ਤੋਂ ਇਲਾਵਾ ਕੁਝ ਵੀ ਨਹੀਂ ਸੀ, ਨੇ ਮਿਲ ਕੇ ਝੂਠਾਂ ਦਾ ਇੱਕ ਨਾ ਖਤਮ ਹੋਣ ਵਾਲਾ ਦੌਰ ਅਰੰਭਿਆ। ਲੋਕ ਸਭਾ ਵਿਚ ਹਰ ਵਕਤ ਨਹਿਰੂ ਤੇ ਉਸ ਦੀ ਵਿਰਾਸਤ ਨੂੰ ਗਲਤ ਦੱਸ ਕੇ ਭੰਡਨ ਦਾ ਨਾਖਤਮ ਹੋਣ ਵਾਲਾ ਦੌਰ ਚੱਲਿਆ। ਸ਼ੁੱਰ੍ਹੇਆਮ ਦਿਨ ਦਿਹਾੜੇ ਡਾ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਚਲਾਈਆਂ ਸਮਾਜਿਕ ਤੇ ਆਰਥਿਕ ਨੀਤੀਆਂ ਨੂੰ ਇੰਨ-ਬਿੰਨ ਨਵੇਂ ਨਾਂਵਾਂ ਦੇ ਹੇਠ ਸ਼ੁਰੂ ਕੀਤਾ। ਕਾਂਗਰਸ ਨੂੰ ਭ੍ਰਿਸ਼ਟ ਕਹਿਣ ਵਾਲੇ ਨਰਿੰਦਰ ਮੋਦੀ ਅਤੇ ਜੁੰਡਲੀ ਨੇ ਲੋਕ-ਸਭਾ ਵਿਚ ਮਤਾ ਪਾਸ ਕਰਕੇ ਰਾਜਨੀਤਕ ਪਾਰਟੀਆਂ ਨੂੰ ਚੰਦਾ ਦੇਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਨ ਦੀ ਥਾਂ ਹੋਰ ਲੁਕਵੀਂ ਬਣਾ ਦਿੱਤਾ ਹੈ। ਹੁਨ ਨਵੇਂ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ, ਸੰਸਥਾ ਜਾਂ ਕਾਰੋਬਾਰੀ ਘਰਾਣਾ ਬੜੇ ਲੁਕਵੇਂ ਢੰਗ ਨਾਲ ਜਿੰਨਾ ਮਰਜ਼ੀ ਚਾਹੇ ਆਪਣੀ ਮਨਪਸੰਦ ਰਾਜਨੀਤਕ ਪਾਰਟੀ ਨੂੰ ਚੰਦਾ ਦੇ ਸਕਦਾ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਸ਼ੁੱਰ੍ਹੇਆਮ ਰਾਜਨੀਤਕ ਪਾਰਟੀਆਂ ਚੰਦਾ ਪ੍ਰਾਪਤ ਕਰ ਸਕਦੀਆਂ ਹਨ। ਇਨ੍ਹਾਂ ਰਾਜਨੀਤਕ ਚੰਦਿਆਂ ਦੀ ਕੋਈ ਸਰਕਾਰੀ ਜਾਣਕਾਰੀ ਨਹੀਂ ਰੱਖੀ ਜਾਵੇਗੀ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਵਧੇਰਾ ਸਮਾਂ ਦੇਸ਼ 'ਤੇ ਇੱਕ ਛੱਤਰ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਅਜੇ ਤੱਕ ਦਿੱਲੀ ਵਿਚ ਆਪਣਾ ਪਾਰਟੀ ਦਫਤਰ ਨਹੀਂ ਬਣਾ ਸਕੀ। ਭਾਜਪਾ ਨੇ ਨਰਿੰਦਰ ਮੋਦੀ ਸਰਕਾਰ ਦੇ ਪਹਿਲੇ ਕਾਰਜ ਕਾਲ ਦੌਰਾਨ ਹੀ ਦਿੱਲੀ ਵਿਚ 8000 ਕਰੋੜ ਖਰਚ ਕੇ ਫਾਈਵ ਸਟਾਰ ਹੋਟਲਾਂ ਵਰਗਾ ਆਪਣਾ ਮੁੱਖ ਦਫਤਰ ਬਣਾ ਲਿਆ ਹੈ। ਸਿਵਾਏ ਨਰਿੰਦਰ ਮੋਦੀ ਤੇ ਜੁੰਡਲੀ ਦੇ ਕਿਸੇ ਨੂੰ ਕੁਝ ਵੀ ਜਾਣਕਾਰੀ ਨਹੀਂ ਕਿ ਪਾਰਟੀ ਦਾ ਮੁੱਖ ਦਫਤਰ ਬਣਾਉਨ ਲਈ ਸਾਰਾ ਪੈਸਾ ਕਿੱਥੋਂ ਆਇਆ? ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੋ ਸਕਦਾ ਹੈ, ਸ਼ਾਇਦ ਭਾਰਤ ਸਰਕਾਰ ਦਾ ਵੀ ਪੈਸਾ ਲੱਗਾ ਹੋਵੇ? ਕਿਉਂਕਿ ਮੋਦੀ ਸਰਕਾਰ ਵੱਲੋਂ ਜਿਸ ਰਹੱਸਮਈ ਢੰਗ ਨਾਲ ਬਜਟ ਤਿਆਰ ਕੀਤੇ ਗਏ ਅਤੇ ਪੇਸ਼ ਕੀਤੇ ਗਏ, ਉਨ੍ਹਾਂ ਵਿਚ ਸਰਕਾਰ ਨੇ ਕਿਸੇ ਵੀ ਮਦ 'ਤੇ ਜਵਾਬਦੇਹੀ ਕਦੇ ਵੀ ਨਹੀਂ ਕਬੂਲੀ। ਕਿਹੜੀਆਂ ਮਦਾਂ ਤੋਂ ਪੈਸਾ ਆਇਆ ਅਤੇ ਕਿਹੜੀਆਂ ਮੱਦਾਂ 'ਤੇ ਖਰਚ ਹੋਇਆ? ਪੂਰਾ ਖਰਚ ਵੀ ਹੋਇਆ ਹੈ ਜਾਂ ਪੈਸਾ ਕਿਸੇ ਹੋਰ ਪਾਸੇ ਨੂੰ ਮੋੜ ਦਿੱਤਾ ਗਿਆ ਹੈ? ਜੇ ਤੁਸੀਂ ਮੋਦੀ ਸਰਕਾਰ ਦੇ ਪਹਿਲੇ ਕਾਰਜ-ਕਾਲ ਦੇ ਹਿਸਾਬ ਕਿਤਾਬ 'ਤੇ ਪੜਚੋਲਵੀਂ ਨਿਗਾਹ ਮਾਰੋਗੇ ਤੇ ਪਤਾ ਚੱਲੇਗਾ ਕਿ ਸਰਕਾਰ ਨੇ ਪੈਸੇ ਨੂੰ ਕਿਵੇਂ ਵੇਰੂ-ਖੇਰੂ ਕੀਤਾ ਹੈ, ਕੋਈ ਨਹੀਂ ਜਾਣਦਾ।

ਇਤਿਹਾਸ ਵਿਚ ਪਹਿਲੀ ਵਾਰ ਮੋਦੀ ਸਰਕਾਰ ਨੇ ਰਿਜ਼ਰਵ ਬੈਂਕ ਨੂੰ ਨੰਗ ਕਰਨੋਂ ਗੁਰੇਜ਼ ਨਹੀਂ ਕੀਤਾ। ਰਿਜ਼ਰਵ ਬੈਂਕ ਦਾ ਗਵਰਨਰ ਇਕ ਅਜਿਹੇ ਵਿਅਕਤੀ ਨੂੰ ਬਣਾਇਆ ਗਿਆ, ਜਿਸ ਨੂੰ ਆਰਥਿਕਤਾ ਦਾ ਵਧੇਰੇ ਗਿਆਨ ਨਹੀਂ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਨੇ ਜਦੋਂ ਰਿਜ਼ਰਵ ਬੈਂਕ ਦੇ ਸੁਰੱਖਿਅਤ ਫੰਡ ਸਰਕਾਰ ਨੂੰ ਦੇਣ ਤੋਂ ਨਾਂਹ ਕੀਤੀ, ਤਾਂ ਸਰਕਾਰ ਨੇ ਅਜਿਹਾ ਮਾਹੌਲ ਤਿਆਰ ਕਰ ਦਿੱਤਾ ਕਿ ਗਵਰਨਰ ਉਰਜਿੱਤ ਪਟੇਲ ਨੂੰ ਅਸਤੀਫਾ ਦੇਣਾ ਪਿਆ। ਪਟੇਲ ਦੀ ਥਾਂ ਇੱਕ ਨੌਕਰਸ਼ਾਹ ਦਾਸ ਨੂੰ ਮੋਦੀ ਸਰਕਾਰ ਨੇ ਆਪਣੇ ਏਜੰਡੇ ਦੀ ਪੂਰਤੀ ਲਈ ਰਿਜ਼ਰਵ ਬੈਂਕ ਦਾ ਗਵਰਨਰ ਨਿਯੁਕਤ ਕੀਤਾ। ਦਾਸ ਨੇ ਹਰ ਉਹ ਕੰਮ ਕੀਤਾ, ਜੋ ਨੀਮ ਹਕੀਮ ਵਰਗੇ ਆਰਥਿਕਤਾ ਦੇ ਗਿਆਨ ਤੋਂ ਕੋਰੇ ਨਰਿੰਦਰ ਮੋਦੀ ਨੇ ਕਰਨ ਲਈ ਕਿਹਾ।

ਜੀ. ਐਸ. ਟੀ. ਲਿਆਉਣ ਲਈ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਤਜਵੀਜ਼ ਪੇਸ਼ ਕੀਤੀ, ਪਰ ਭਾਜਪਾ ਨੇ ਇਸ ਦਾ ਘੋਰ ਵਿਰੋਧ ਕੀਤਾ। ਬਾਅਦ ਵਿਚ 2014 ਵਿਚ ਜਦੋਂ ਭਾਜਪਾ ਸੱਤਾ ਵਿਚ ਆਈ ਤਾਂ ਜੀ. ਐਸ. ਟੀ. ਲਾਗੂ ਕਰਨ ਲਈ ਕਿਵੇਂ ਲੋਕ ਸਭਾ ਭਵਨ ਦੀ ਦੀਪ ਮਾਲਾ ਕੀਤੀ ਅਤੇ ਅੱਧੀ ਰਾਤ ਨੂੰ ਲੋਕ ਸਭਾ ਦਾ ਵਿਸ਼ੇਸ਼ ਸੈਸ਼ਨ ਠੀਕ ਉਸੇ ਤਰਜ਼ 'ਤੇ ਸੱਦਿਆ ਗਿਆ, ਜਿਵੇਂ ਦੇਸ਼ ਆਜ਼ਾਦ ਹੋਣ ਵੇਲੇ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਲੋਕ ਸਭਾ ਦੀ ਵਿਸ਼ੇਸ਼ ਬੈਠਕ ਹੋਈ ਸੀ। ਤਮਾਸ਼ਾ ਇੰਜ ਕੀਤਾ ਗਿਆ ਜਿਵੇਂ ਕਿ ਮੋਦੀ ਸਰਕਾਰ ਦੇਸ਼ ਦੀ ਆਰਥਿਕਤਾ ਵਿਚ ਕੋਈ ਬਹੁਤ ਮਾਅਰਕਾ ਮਾਰਨ ਜਾ ਰਹੀ ਹੈ। ਹੋਇਆ ਠੀਕ ਇਸ ਦੇ ਉਲਟ ਕਿ ਨੀਮ ਹਕੀਮ ਨਰਿੰਦਰ ਮੋਦੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਚਾਰ ਆਨੇ ਦੀ ਹੈਸ਼ੀਅਤ ਰੱਖਣ ਵਾਲੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਵੱਲੋਂ ਪੇਸ਼ ਜੀ. ਐਸ. ਟੀ. ਕਾਨੂੰਨ ਨੇ ਦੇਸ਼ ਦੇ ਸਾਰੇ ਛੋਟੇ-ਵੱਡੇ ਵਪਾਰੀਆਂ ਨੂੰ ਅਜਿਹੇ ਭੰਬਲਭੂਸੇ ਵਿਚ ਤਾਂ ਪਾਇਆ, ਸਰਕਾਰ ਨੂੰ ਖੁਦ ਕੁਝ ਸਮਝ ਵਿਚ ਹੀ ਨਹੀਂ ਆਇਆ ਕਿ ਇਨ੍ਹਾਂ ਤਕਨੀਕੀ ਗੁੰਝਲਾਂ ਦਾ ਹੱਲ ਕੀ ਹੈ? ਜੀ. ਐਸ. ਟੀ. ਬਿੱਲ 'ਤੇ ਕਰੀਬ 1000 ਤੋਂ ਵੱਧ ਵਾਰ ਮੀਟਿੰਗਾਂ ਹੋਈਆਂ ਤੇ ਜੀ. ਐਸ. ਟੀ. ਬਿੱਲ ਵਿਚ ਇੰਨੀਆਂ ਤਰਮੀਮਾਂ ਹੋ ਚੁਕੀਆਂ ਹਨ ਕਿ ਜੀ. ਐਸ. ਟੀ. ਬਿੱਲ ਦਾ ਅਸਲ ਸਵਰੂਪ ਹੀ ਗੁੰਮ ਹੋ ਗਿਆ ਹੈ। ਅਜੇ ਵੀ ਇਸ ਬਿੱਲ ਤੋਂ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਿਆ।

ਆਮ ਪ੍ਰਚਲਿਤ ਕਹਾਵਤ ਹੈ ਕਿ ਕਿਸੇ ਬਾਂਦਰ ਨੂੰ ਸੁੰਢ ਦੀ ਗੰਢੀ ਲੱਭ ਗਈ ਤਾਂ ਉਹ ਪੰਸਾਰੀ ਬਣ ਬੈਠਾ। ਮੋਦੀ ਨਾਲ ਵੀ ਕੁਝ ਅਜਿਹਾ ਹੀ ਹੋਇਆ। ਯੂ. ਪੀ. ਏ. ਸਰਕਾਰ ਵੱਲੋਂ ਤਿਆਰ ਜੀ. ਐਸ. ਟੀ. ਬਿੱਲ ਦਾ ਖਰੜਾ ਮਿਲ ਗਿਆ ਤਾਂ ਨਰਿੰਦਰ ਮੋਦੀ ਨੂੰ ਇੰਜ ਲੱਗਾ ਕਿ ਜਿਵੇਂ ਉਸ ਨੂੰ ਇੱਕ ਆਰਥਿਕ ਬ੍ਰਹਮ ਅਸਤਰ ਮਿਲ ਗਿਆ, ਜੋ ਦੇਸ਼ ਦਾ ਭਾਗ ਬਦਲ ਦੇਵੇਗਾ; ਪਰ ਮੋਦੀ ਇਹ ਭੁੱਲ ਗਿਆ ਕਿ ਉਹ ਡਾ. ਮਨਮੋਹਨ ਸਿੰਘ ਵਾਂਗ ਅਰਥ ਸ਼ਾਸਤਰੀ ਨਹੀ, ਨਾ ਹੀ ਉਸ ਪਾਸ ਆਰਥਿਕਤਾ ਬਾਰੇ ਕੋਈ ਗਿਆਨ ਹੈ। ਗਿਆਨ ਦੇ ਨਾਮ 'ਤੇ ਲੈ ਦੇ ਕੇ ਉਸ ਪਾਸ ਹੈ ਵਿੱਦਿਆ ਦੀ ਡਿਗਰੀ ਦਾ ਸ਼ੱਕੀ ਸਰਟੀਫਿਕੇਟ। ਇਸ ਮਾਮਲੇ ਵਿਚ ਵੀ ਦੇਸ਼ ਦੇ ਸਨਅਤੀ ਤੇ ਆਰਥਿਕ ਫਰੰਟ ਦਾ ਵੀ ਉਹੋ ਹਾਲ ਹੋਇਆ, ਜੋ ਨੀਮ ਹਕੀਮ ਮਰੀਜ਼ ਆਪਣੇ ਮਰੀਜ਼ ਨਾਲ ਕਰਦਾ ਹੈ।

ਨਰਿੰਦਰ ਮੋਦੀ ਨੇ ਦੇਸ਼ 'ਤੇ ਆਪਣੀ ਨੀਮ ਹਕੀਮੀ ਦੇ ਪ੍ਰਭਾਵ ਨੂੰ ਮਜਬੂਤ ਕਰਨ ਲਈ ਇੱਕ ਬਹੁਤ ਘਾਤਕ ਕੰਮ ਸ਼ੁਰੂ ਕਰ ਦਿੱਤਾ, ਉਹ ਸੀ ਸਰਕਾਰੀ ਤੰਤਰ ਅਤੇ ਮਸ਼ੀਨਰੀ 'ਤੇ ਪਾਰਟੀ ਰਾਹੀਂ ਆਪਣੀ ਪਕੜ ਬਣਾਉਨ ਦਾ। ਸਰਕਾਰੀ ਵਿਭਾਗਾਂ ਵਿਚ ਉਸ ਨੇ ਪਾਰਟੀ ਦੇ ਅਜਿਹੇ ਤੰਤਰ ਨੂੰ ਫਿੱਟ ਕੀਤਾ, ਜੋ ਸਿਰਫ ਇਹ ਜਾਣਦਾ ਹੈ ਕਿ 'ਮੋਦੀ ਹੈ ਤੋ ਮੁਮਕਿਨ ਹੈ।' ਨਰਿੰਦਰ ਮੋਦੀ ਨੇ ਆਰ. ਐਸ. ਐਸ. ਸਮੇਤ ਭਾਜਪਾ ਦੇ ਸਾਰੇ ਰਾਜਸੀ ਤੇ ਧਾਰਮਿਕ ਸੰਗਠਨਾਂ ਨੂੰ ਹਿੰਦੁਤਵਾ ਦੇ ਪ੍ਰਚਾਰ ਤੇ ਪਸਾਰ ਦੇ ਨਾਮ 'ਤੇ ਅਜਿਹੀ ਖੁੱਲ੍ਹ ਦਿੱਤੀ ਕਿ ਉਨ੍ਹਾਂ ਨੇ ਦੇਸ਼ ਭਰ ਵਿਚ ਅਨਪੜ੍ਹ ਹਿੰਦੂ ਜਨਤਾ ਨੂੰ ਹਿੰਦੂ ਧਰਮ ਦੀ ਪੁਨਰ ਸਥਾਪਤੀ ਅਤੇ ਚੜ੍ਹਦੀ ਕਲਾ ਦੇ ਨਾਮ 'ਤੇ ਲਾਮਬੰਦ ਕਰਨਾ ਸ਼ੁਰੂ ਕੀਤਾ। ਸਾਰੀ ਮੁਸਲਿਮ ਆਬਾਦੀ ਨੂੰ ਡਰ



ਦੇ ਸਾਏ ਵਿਚ ਧੱਕ ਦਿੱਤਾ। ਮੁਸਲਿਮ ਘੱਟ ਗਿਣਤੀ ਤੇ ਜ਼ੁਲਮਾਂ ਦੀ ਖਬਰ ਆਮ ਲੋਕਾਂ ਤੱਕ ਨਾ ਪਹੁੰਚੇ ਜਾਂ ਉਸ ਨੂੰ ਜਾਇਜ਼ ਠਹਿਰਾਉਣ ਲਈ ਮੋਦੀ ਨੇ ਮੁੱਖ ਧਾਰਾ ਦੇ ਸੰਚਾਰ ਮਾਧਿਅਮਾਂ ਨੂੰ ਇਸ਼ਤਿਹਾਰਾਂ ਦਾ ਅਜਿਹਾ ਚੋਗਾ ਪਾਇਆ ਕਿ ਸਰਕਾਰ 'ਤੇ ਨਕੇਲ ਪਾਉਣ ਦਾ ਕੰਮ ਕਰਨ ਵਾਲਾ 90% ਇਲੈਕਟ੍ਰਾਨਿਕ ਤੇ ਪ੍ਰਿੰਟ ਸੰਚਾਰ ਤੇ ਸੰਵਾਦ ਤੰਤਰ ਸਰਕਾਰ ਦੀ ਗੋਦ ਵਿਚ ਬੈਠ ਕੇ ਸਰਕਾਰੀ ਗੁਣਗਾਨ ਕਰਨ ਦੇ ਨਾਲ-ਨਾਲ ਭਾਜਪਾ ਅਤੇ ਨਰਿੰਦਰ ਮੋਦੀ ਦੀਆਂ ਸਾਰੀਆਂ ਗਲਤ ਨੀਤੀਆਂ ਨੂੰ ਸਹੀ ਤੇ ਜਾਇਜ਼ ਸਾਬਤ ਕਰਨ ਵਿਚ ਜੁੱਟ ਗਿਆ।

ਨਰਿੰਦਰ ਮੋਦੀ ਨੇ ਇੰਜ ਹੌਲੀ-ਹੌਲੀ ਸੁਪਰੀਮ ਕੋਰਟ ਅਤੇ ਇਲੈਕਸ਼ਨ ਕਮਿਸ਼ਨ ਸਮੇਤ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਦਹਿਸ਼ਤ ਦੇ ਦਾਇਰੇ ਵਿਚ ਲੈ ਆਂਦਾ। ਇਨ੍ਹਾਂ ਸਾਰੇ ਸੰਵਿਧਾਨਕ ਅਦਾਰਿਆਂ ਨੇ ਵੀ ਨਰਿੰਦਰ ਮੋਦੀ ਦੀ ਨੀਮ ਹਕੀਮੀ ਨੂੰ ਮੰਨ ਲਿਆ ਅਤੇ ਲੁਕਵੇਂ ਢੰਗ ਨਾਲ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ।

ਡਾ. ਮਨਮੋਹਨ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਨਰਿੰਦਰ ਮੋਦੀ ਸਰਕਾਰ ਦੀ 'ਡੀ ਮੋਨੇਟਾਈਜੇਸ਼ਨ' ਦਾ ਫੈਸਲਾ ਭਾਰਤ ਦੀ ਅਰਥ ਵਿਵਸਥਾ ਨੂੰ ਸੁਨਿਯੋਜਿਤ ਢੰਗ ਨਾਲ ਲੁੱਟਣ ਦਾ ਇਕ ਸ਼ੜਯੰਤਰ ਸੀ। ਇਥੇ ਵੀ ਨਰਿੰਦਰ ਮੋਦੀ ਦਾ ਬਿਨਾ ਕਿਸੇ ਤਿਆਰੀ ਦੇ ਰਾਤ 8 ਵਜੇ ਰਾਸ਼ਟਰ ਦੇ ਨਾਮ ਸੰਬੋਧਨ ਕਰਕੇ 'ਡੀ ਮੋਨੇਟਾਈਜੇਸ਼ਨ' ਦਾ ਐਲਾਨ ਕਰਨਾ ਵੀ ਇੱਕ ਨੀਮ ਹਕੀਮ ਵੱਲੋਂ ਮਰੀਜ ਨੂੰ ਸੁਆਹ ਦੀ ਪੁੜੀ ਸੰਜੀਵਨੀ ਕਹਿ ਕੇ ਦੇਣ ਦੇ ਬਰਾਬਰ ਸੀ। ਦੁਨੀਆਂ ਭਰ ਦੇ ਝੂਠਾਂ ਨੂੰ 'ਡੀ ਮੋਨੇਟਾਈਜੇਸ਼ਨ' ਤੋਂ ਹੋਣ ਵਾਲੇ ਲਾਭਾਂ ਵਜੋਂ ਪ੍ਰਚਾਰਿਆ ਗਿਆ, ਪਰ ਇਹ ਇੱਕ ਸੁਨਿਯੋਜਿਤ ਲੁੱਟ ਤੋਂ ਵੱਧ ਕੁਝ ਵੀ ਨਹੀਂ ਸੀ। ਅਸਲ ਵਿਚ ਭਾਜਪਾ ਨੇ 'ਡੀ ਮੋਨੇਟਾਈਜੇਸ਼ਨ' ਦੇ ਨਾਮ 'ਤੇ ਬੇਹਿਸਾਬ ਕਾਲਾ ਧਨ ਸਫੈਦ ਕੀਤਾ। ਰਿਜ਼ਰਵ ਬੈਂਕ ਦੇ ਅੰਕੜਿਆਂ ਤੋਂ ਸਪਸ਼ਟ ਹੋ ਗਿਆ ਕਿ ਕਰੀਬ 99.99% ਧਨ ਰਿਜ਼ਰਵ ਬੈਂਕ ਪਾਸ ਵਾਪਿਸ ਆ ਗਿਆ ਸੀ।

ਬਲੈਕ ਮਨੀ ਨੂੰ ਵ੍ਹਾਈਟ ਕਰਨ ਦੀ ਇੱਕ ਮਿਸਾਲ ਹੈ, ਅਹਿਮਦਾਬਾਦ ਦਾ ਇੱਕ ਸਹਿਕਾਰੀ ਬੈਂਕ, ਜਿਸ ਦਾ ਕਰਤਾ ਧਰਤਾ ਅਮਿਤ ਸ਼ਾਹ ਸੀ, ਨੇ ਇੱਕ ਦਿਨ ਵਿਚ ਕਰੀਬ 150 ਕਰੋੜ ਰੁਪਏ ਦੀ ਰਕਮ ਜਮ੍ਹਾਂ ਕੀਤੀ। ਇੱਕ ਸਹਿਕਾਰੀ ਬੈਂਕ, ਜਿਸ ਪਾਸ ਨੋਟ ਗਿਣਨ ਦੀ ਮਸ਼ੀਨ ਤੱਕ ਨਹੀਂ ਹੁੰਦੀ, ਨੇ ਕਿਵੇਂ ਇੰਨੀ ਵੱਡੀ ਕਰਮ ਦੀ ਗਿਣਤੀ ਮਾਰੀ ਹੋਏਗੀ? ਭਾਜਪਾ ਨੇ ਆਪਣਾ ਮਿਸ਼ਨ ਸਫਲ ਕਰ ਲਿਆ, ਪਰ ਮੋਦੀ ਵੱਲੋਂ ਗਿਣਾਏ ਦੇਸ਼ ਨੂੰ ਹੋਣ ਵਾਲੇ ਫਾਇਦਿਆਂ ਦਾ ਕੀ ਬਣਿਆ, ਇਹ ਕੋਈ ਨਹੀਂ ਜਾਣਦਾ। ਨਾ ਹੀ ਸਰਕਾਰ ਪਾਸ ਇਸ ਦਾ ਕੋਈ ਜਵਾਬ ਹੈ? ਸੈਂਕੜੇ ਲੋਕ ਏ. ਟੀ. ਐਮ. ਮਸ਼ੀਨਾਂ ਸਾਹਮਣੇ ਲੱਗੀਆਂ ਲਾਈਨਾਂ ਵਿਚ ਮਰ ਖੱਪ ਗਏ। ਕਿਸੇ ਨੂੰ ਭੋਰਾ ਜਿਹਾ ਅਫਸੋਸ ਨਹੀਂ। ਕਿਵੇਂ ਨੀਮ ਹਕੀਮ ਜਿਹੇ ਇੱਕ ਰਾਜਨੀਤਕ ਨੇ 'ਡੀ ਮੋਨੇਟਾਈਜੇਸ਼ਨ' ਦੀ ਗੇਮ ਖੇਡ ਕੇ ਦੇਸ਼ ਦੀ ਅਰਥ ਵਿਵਸਥਾ ਨੂੰ ਖੱਡੇ ਵਿਚ ਸੁੱਟ ਦਿੱਤਾ। ਲੱਖਾਂ ਰੋਜਗਾਰ ਪੈਦਾ ਕਰਨ ਵਾਲੇ ਛੋਟੇ ਤੇ ਦਰਮਿਆਨੀ ਕਿਸਮ ਦੇ ਉਦਯੋਗ ਇਸ ਨੀਮ ਹਕੀਮ ਦੀ ਨਾਦਾਨੀ ਭਰੇ ਕਦਮ ਵਜੋਂ ਬੰਦ ਹੋ ਗਏ। ਕਰੋੜਾਂ ਲੋਕਾਂ ਦੇ ਰੁਜਗਾਰ ਖੁਸ ਗਏ, ਪਰ ਸਰਕਾਰ ਨੇ ਇਸ ਸੱਚ ਦੇ ਉਲਟ ਆਪਣੇ ਤੁਗਲਕੀ ਫੈਸਲੇ ਦੇ ਹੱਕ ਵਿਚ ਆਪਣੀ ਪਾਰਟੀ ਦੇ ਵਰਕਰਾਂ ਅਤੇ ਸਰਕਾਰ ਦੀ ਤਾਲ ਵਿਚ ਤਾਲ ਮਿਲਾ ਕੇ ਗੱਲਾਂ ਕਰਨ ਵਾਲੇ ਮੀਡੀਏ ਤੋਂ ਕਾਫੀ ਝੂਠ ਬੁਲਵਾ ਕੇ ਆਪਣੀ ਪਿੱਠ ਆਪ ਹੀ ਠੋਕਣ ਵਾਲਾ ਕੰਮ ਬਾਖੂਬੀ ਕੀਤਾ।

ਜਦੋਂ ਪਿਛਲੇ ਸਾਲ ਦੀ ਸ਼ੁਰੂਆਤ ਵਿਚ ਕਰੋਨਾ ਨੇ ਹੌਲੀ-ਹੌਲੀ ਸਾਰੀ ਦੁਨੀਆਂ ਵਿਚ ਪਸਰਨਾ ਸ਼ੁਰੂ ਕੀਤਾ ਸੀ ਤਾਂ ਨਰਿੰਦਰ ਮੋਦੀ ਨੂੰ ਆਪਣੇ ਵਰਗੇ ਹਮੇਸ਼ਾ ਝੂਠ ਦੀ ਲਹਿਰ 'ਤੇ ਸਵਾਰ ਰਹਿਣ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਗੁਜਰਾਤ ਵਿਚ ਸਵਾਗਤ ਕਰਨਾ ਵਧੇਰੇ ਜ਼ਰੂਰੀ ਲੱਗਦਾ ਸੀ। ਇਸੇ ਕਰਕੇ ਭਾਰਤ ਵਿਚ ਕਰੋਨਾ ਦੀ ਕਾਟ ਲਈ ਇਸ ਦੀ ਸ਼ੁਰੂਆਤ ਵਿਚ ਜ਼ਰੂਰੀ ਕਦਮ ਨਹੀਂ ਚੁੱਕੇ ਜਾ ਸਕੇ। ਜਦੋਂ ਕਰੋਨਾ ਦੀ ਰੋਕਥਾਮ ਲਈ ਸਰਕਾਰੀ ਕਾਰਵਾਈ ਸ਼ੁਰੂ ਹੋਈ, ਤਾਂ ਉਸ ਅਹਿਮ ਵਕਤ 'ਤੇ ਵੀ ਨਰਿੰਦਰ ਮੋਦੀ ਨੇ ਕੋਈ ਠੋਸ ਵਿਗਿਆਨਕ ਕਦਮ ਨਾ ਚੁੱਕਦਿਆਂ ਪਹਿਲਾਂ ਆਪਣੀ ਨੀਮ ਹਕੀਮੀ ਹੀ ਅਜ਼ਮਾਈ। ਜਦੋਂ ਨੀਮ ਹਕੀਮੀ ਦੇ ਟੋਟਕਿਆਂ ਦਾ ਕੋਈ ਲਾਭ ਨਹੀਂ ਹੋਇਆ ਤਾਂ ਫਿਰ ਮੋਦੀ ਨੇ ਇੱਕ ਵਾਰ ਫਿਰ ਆਪਣੀ ਪ੍ਰਸ਼ਾਸਨਿਕ ਅਗਿਆਨਤਾ ਦਾ ਪ੍ਰਦਰਸ਼ਨ ਕਰਦਿਆਂ ਰਾਤ 8 ਵਜੇ ਰਾਸ਼ਟਰ ਨੂੰ ਸੰਬੋਧਨ ਦੌਰਾਨ ਉਸੇ ਰਾਤ 12 ਵਜੇ ਦੇਸ਼ ਵਿਆਪੀ ਲਾਕ-ਡਾਊਨ ਦਾ ਐਲਾਨ ਕਰ ਦਿੱਤਾ। ਉਸ ਲਾਕ-ਡਾਊਨ ਨੇ ਦਿਹਾੜੀਦਾਰ ਅਤੇ ਛੋਟੇ ਤਬਕੇ ਦੇ ਮਜ਼ਦੂਰ ਵਰਗ 'ਤੇ ਕੀ ਕਹਿਰ ਢਾਇਆ ਸੀ, ਇਸ ਤੋਂ ਸਾਰਾ ਸੰਸਾਰ ਵਾਕਿਫ ਹੈ। ਕਿਵੇਂ ਕਰੋੜਾਂ ਲੋਕਾਂ ਨੇ ਬਿਨਾ ਕਿਸੇ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ ਵਿਚ ਸੈਂਕੜੇ ਮੀਲਾਂ ਦਾ ਸਫਰ ਕਰਕੇ ਆਪਣੇ ਜੱਦੀ ਘਰਾਂ ਤੱਕ ਦਾ ਸਫਰ ਕੀਤਾ ਸੀ। ਮੋਦੀ ਦੀ ਪ੍ਰਸ਼ਾਸਨਿਕ ਕਾਬਲੀਅਤ ਦਾ ਪੋਲ ਕਰੋਨਾ ਦੌਰਾਨ ਹੋਏ ਲਾਕ-ਡਾਊਨ ਵੇਲੇ ਸਰਕਾਰ ਦੀਆਂ ਕੰਮ ਚਲਾਊ ਅਤੇ ਟਰਕਾਊ ਨੀਤੀਆਂ ਨਾਲ ਪੂਰੀ ਤਰ੍ਹਾਂ ਖੁੱਲ੍ਹ ਗਿਆ ਹੈ।

ਸਰਕਾਰ ਵੱਲੋਂ ਗਰੀਬਾਂ ਅਤੇ ਡੁੱਬਦੀ ਆਰਥਿਕਤਾ ਦੇ ਨਾਮ 'ਤੇ ਕਾਰਪੋਰੇਟ ਵਰਗ ਨੂੰ ਮੁੜ-ਮੁੜ ਆਰਥਿਕ ਗੱਫੇ ਤੇ ਉਨ੍ਹਾਂ ਦੇ ਕਰਜ਼ਿਆਂ 'ਤੇ ਲਕੀਰ ਮਾਰਨਾ ਵੀ ਮੋਦੀ ਦੀ ਸ਼ਾਤਿਰ ਬੁੱਧੀ ਅਤੇ ਮੌਕੇ ਦਾ ਲਾਭ ਲੈਣ ਵਿਚ ਉਸ ਦੀ ਮੁਹਾਰਤ ਸਾਬਤ ਕਰਦਾ ਹੈ। ਕਰੋਨਾ ਕਾਲ ਦੌਰਾਨ ਜਦੋਂ ਕਿ ਸਾਰੇ ਸੰਸਾਰ ਦੇ ਦੇਸ਼ਾਂ ਦੇ ਮੁਖੀ ਆਪਣੇ-ਆਪਣੇ ਦੇਸ਼ਾਂ ਦੀ ਜਨਤਾਂ ਲਈ ਫਿਕਰਮੰਦ ਸਨ, ਪਰ ਮੋਦੀ ਦੀ ਨੀਮ ਹਕੀਮੀ ਵਾਲੀ ਜ਼ਹਿਨੀਅਤ ਇਸ ਦੁਸ਼ਵਾਰੀ ਨਾਲ ਭਰੇ ਮੌਕੇ 'ਤੇ ਵੀ ਰਾਜ ਸਰਕਾਰਾਂ ਡੇਗਣ ਅਤੇ ਆਪਣੀ ਪਾਰਟੀ ਦੀਆਂ ਸਰਕਾਰਾਂ ਬਣਾਉਣ ਦੀ ਕੋਝੀ ਖੇਡ ਵਿਚ ਰੁੱਝੀ ਹੋਈ ਸੀ।

ਨਰਿੰਦਰ ਮੋਦੀ ਦੇ ਸ਼ਰਾਰਤੀ ਨੀਮ ਹਕੀਮ ਵਾਲੀ ਅਕਲ ਦਾ ਨਤੀਜਾ ਹੈ, ਦੇਸ਼ ਦੀ ਖੇਤੀਬਾੜੀ ਨਾਲ ਸਬੰਧਿਤ ਤਿੰਨ ਕਾਲੇ ਬਿੱਲ, ਜੋ ਸਾਰੇ ਭਾਰਤ ਦੀ ਕਿਰਸਾਨੀ ਨੂੰ ਕਾਰਪੋਰੇਟ ਸੈਕਟਰ ਪਾਸ ਵੇਚਣ ਦਾ ਮਾਸਟਰ ਪਲਾਨ ਹਨ। ਗੌਰ ਕਰਨ ਵਾਲੀ ਗੱਲ ਹੈ ਕਿ ਮੋਦੀ ਸਰਕਾਰ ਨੇ ਇਨ੍ਹਾਂ ਬਿੱਲਾਂ ਦੀ ਤਿਆਰੀ ਕੁਝ ਸਾਲ ਪਹਿਲਾਂ ਹੀ ਚੁੱਪ ਚੁਪੀਤੇ ਸ਼ੁਰੂ ਕਰ ਦਿੱਤੀ ਸੀ। ਯਾਦ ਕਰੋ, ਪੰਜਾਬ ਦੇ ਮੋਗਾ ਜਿਲੇ ਵਿਚ ਅਡਾਨੀ ਗਰੁੱਪ ਨੇ ਕਦੋਂ ਵਿਸ਼ਾਲ ਭੰਡਾਰਨ ਲਈ ਸਿਲੋਸ ਬਣਾਉਣੇ ਸ਼ੁਰੂ ਕਰ ਦਿੱਤੇ ਸਨ? ਇਹ ਵਿਸ਼ਾਲ ਸਿਲੋਸ ਪਿਛਲੇ ਸਾਲ ਦੇ ਅੱਧ ਵਿਚ ਕਰੀਬ ਤਿਆਰ ਹੋ ਗਏ ਸਨ, ਠੀਕ ਉਸੇ ਸਮੇਂ ਦੌਰਾਨ ਮੋਦੀ ਸਰਕਾਰ ਨੇ ਮੌਜੂਦਾ ਸਮੇਂ ਦੇ ਸਭ ਤੋਂ ਵੱਧ ਵਿਵਾਦਤ ਤਿੰਨ ਕਿਸਾਨ ਵਿਰੋਧੀ ਬਿੱਲਾਂ ਨੂੰ ਆਰਡੀਨੈਂਸ ਰਾਹੀਂ ਪੇਸ਼ ਕੀਤਾ। ਇਨ੍ਹਾਂ ਬਿੱਲਾਂ ਨਾਲ ਸਬੰਧਿਤ ਪ੍ਰਭਾਵਿਤ ਧਿਰਾਂ ਇਨ੍ਹਾਂ ਬਿੱਲਾਂ ਦਾ ਵਿਸਤ੍ਰਿਤ ਅਧਿਐਨ ਕਰਦਿਆਂ ਮੋਦੀ ਸਰਕਾਰ ਨੇ ਚਲਾਕੀ ਨਾਲ ਲੋਕ ਸਭਾ ਦੇ ਚੱਲਦੇ ਸ਼ੈਸ਼ਨ ਵਿਚ ਵਿਰੋਧੀ ਧਿਰ ਦੇ ਮੂੰਹ 'ਤੇ ਦਿਖਾਵਟੀ ਸਾਵਧਾਨੀਆਂ ਦਾ ਛਿੱਕਾ ਚੜ੍ਹਾ ਕੇ ਪਹਿਲਾਂ ਲੋਕ ਸਭਾ ਵਿਚ ਆਪਣੇ ਬਹੁਮਤ ਨਾਲ ਤੇ ਫਿਰ ਰਾਜ ਸਭਾ ਵਿਚ ਰੋਲ ਘਚੋਲਾ ਪਾ ਕੇ ਇਨ੍ਹਾਂ ਬਿੱਲਾਂ ਨੂੰ ਜਿਸ ਢੰਗ ਨਾਲ ਪਾਸ ਕਰਵਾਇਆ, ਉਸ ਤੋਂ ਇਨ੍ਹਾਂ ਬਿੱਲਾਂ ਬਾਰੇ ਵੱਡੇ ਪੱਧਰ 'ਤੇ ਲੋਕਾਂ ਵਿਚ ਸ਼ੱਕ ਪੈਦਾ ਹੋਣਾ ਲਾਜ਼ਮੀ ਸੀ।

ਦੂਜੇ ਪਾਸੇ ਇਨ੍ਹਾਂ ਬਿੱਲਾਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਕਿਸਾਨ ਵਰਗ ਨੇ ਵੀ ਇਨ੍ਹਾਂ ਬਿੱਲਾਂ ਦਾ ਵੇਰਵੇ ਸਹਿਤ ਅਧਿਐਨ ਕਰ ਲਿਆ ਸੀ ਤੇ ਉਨ੍ਹਾਂ ਨੂੰ ਇਹ ਬਿੱਲ ਕਿਸਾਨ ਵਿਰੋਧੀ ਲੱਗੇ। ਫੌਰਨ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਮੀਟਿੰਗ ਕਰਕੇ ਇਨ੍ਹਾਂ ਬਿੱਲਾਂ ਕਾਰਨ ਸਮੁੱਚੀ ਕਿਰਸਾਨੀ ਨੂੰ ਹੋਣ ਵਾਲੇ ਵਿਆਪਕ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ ਸਾਂਝਾ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ। ਉਨ੍ਹਾਂ ਪੰਜਾਬ ਵਿਚ ਵੱਡੇ ਪੱਧਰ 'ਤੇ ਪਰਦਰਸ਼ਨ ਕੀਤੇ ਅਤੇ ਲੰਮੇ ਸਮੇਂ ਤੱਕ ਰੇਲਾਂ ਦੀ ਆਵਾਜਾਈ ਰੋਕੀ ਰੱਖੀ। ਇਨ੍ਹਾਂ ਕਿਸਾਨ ਨੇਤਾਵਾਂ ਨੂੰ ਆਸ ਸੀ ਕਿ ਕੇਂਦਰ ਸਰਕਾਰ ਉਨ੍ਹਾਂ ਦੇ ਐਜੀਟੇਸ਼ਨ ਦਾ ਨੋਟਿਸ ਲਵੇਗੀ, ਪਰ ਨੀਮ ਹਕੀਮ ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਸਿਰਫ ਪੰਜਾਬੀ ਕਿਸਾਨਾਂ ਦਾ ਅੰਦੋਲਨ ਦੱਸਿਆ ਅਤੇ ਆਪਣੀ ਨੀਮ ਹਕੀਮੀ ਵਾਲੇ ਗੁਰਾਂ ਦੇ ਪ੍ਰਯੋਗ ਸ਼ੁਰੂ ਕਰ ਦਿੱਤੇ। ਹੋਇਆ ਸਰਕਾਰ ਦੀ ਆਸ ਦੇ ਬਿਲਕੁਲ ਉਲਟ। ਅੰਦੋਲਨ ਨੇ ਹਰਿਆਣੇ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਜਦੋਂ ਪੰਜਾਬ ਦੀ ਕਿਰਸਾਨ ਲੀਡਰਸ਼ਿਪ ਨੇ ਬਹਿਰੀ ਤੇ ਅਸੰਵੇਦਨ ਮੋਦੀ ਸਰਕਾਰ ਦੇ ਕੰਨਾਂ ਵਿਚ ਧਮਕ ਸੁਣਾਉਣ ਲਈ ਦਿੱਲੀ ਆਉਣ ਦਾ ਐਲਾਨ ਕਰ ਦਿੱਤਾ।

ਹਰਿਆਣੇ ਦੇ ਆਰ. ਐਸ. ਐਸ. ਪ੍ਰਚਾਰਕ ਦੀ ਅਕਲ ਵਾਲੇ ਮੁੱਖ ਮੰਤਰੀ ਖੱਟੜ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਬਥੇਰੇ ਖਤਰੇ ਪੈਦਾ ਕੀਤੇ, ਪਰ ਕਿਸਾਨਾਂ ਦੇ ਹੌਸਲੇ ਮੂਹਰੇ ਕੋਈ ਵੀ ਰੁਕਾਵਟ ਕੰਮ ਨਾ ਆਈ। ਕਿਸਾਨ ਦਿੱਲੀ ਪੁੱਜ ਗਏ। ਕਿਸਾਨ ਅੰਦੋਲਨ ਦੌਰਾਨ ਵਾਪਰੀਆਂ ਸਾਰੀਆਂ ਘਟਨਾਵਾਂ ਤੋਂ ਭਾਰਤ ਹੀ ਨਹੀਂ, ਸਾਰਾ ਸੰਸਾਰ ਵਾਕਿਫ ਹੈ, ਉਸ 'ਤੇ ਆਪਣੇ ਪ੍ਰਤੀਕਰਮ ਵੀ ਦੇ ਰਿਹਾ ਹੈ, ਪਰ ਨੀਮ ਹਕੀਮ ਮੋਦੀ ਆਪਣੇ ਨੁਸਖੇ ਵਰਤ ਰਿਹਾ ਹੈ, ਜਿਸ ਦੇ ਇਵਜ਼ ਵਜੋਂ ਕਿਸਾਨ ਅੰਦੋਲਨ ਹੁਣ ਭਾਰਤ ਦੇ ਬਹੁਤੇਰੇ ਸੂਬਿਆਂ ਵਿਚ ਫੈਲਦਾ ਜਾ ਰਿਹਾ ਹੈ। ਇਹ ਮੋਦੀ ਦੀ ਨੀਮ ਹਕੀਮੀ ਦਾ ਸਭ ਤੋਂ ਤਾਜਾ ਅਤੇ ਸਭ ਤੋਂ ਵੱਡੀ ਯਾਦਗਾਰੀ ਮਿਸਾਲ ਹੈ।

ਮੈਂ ਵਾਰ-ਵਾਰ ਮੋਦੀ ਨੂੰ ਨੀਮ ਹਕੀਮ ਕਹਿ ਕੇ ਇਸ ਲਈ ਸੰਬੋਧਨ ਕਰ ਰਿਹਾ ਹਾਂ, ਕਿਉਂਕਿ ਉਸ ਵਿਚ ਭਾਰਤ ਜਿਹੇ ਵਿਸ਼ਾਲ ਦੇਸ਼ ਦਾ ਮੁਖੀਆ ਬਣਨ ਦੀ ਯੋਗਤਾ ਕਿਸੇ ਵੀ ਕੋਣ ਤੋਂ ਨਹੀਂ ਹੈ? ਗੁਜਰਾਤ ਦੇ ਮੁੱਖ ਮੰਤਰੀ ਵਜੋਂ ਵੀ ਉਸ ਦੀਆਂ ਪ੍ਰਾਪਤੀਆਂ ਮੀਡੀਆ ਵੱਲੋਂ ਉਚਰਿਆ ਇੱਕ ਪਰਪੰਚ ਹੀ ਸੀ। ਗੁਜਰਾਤ ਨੇ ਮੋਦੀ ਦੀ ਅਗਵਾਈ ਵਿਚ ਕੋਈ ਵੱਡੇ ਤੀਰ ਨਹੀਂ ਮਾਰੇ, ਪਰ ਮੀਡੀਆ ਵਿਚ ਪੈਸਾ ਖਰਚ ਕੇ ਗੁਜਰਾਤ ਮਾਡਲ ਜ਼ਰੂਰ ਤਿਆਰ ਕੀਤਾ ਸੀ। ਗੁਜਰਾਤ ਮਾਡਲ ਵਿਚ ਜਿਵੇਂ ਸਰਵਸ਼ਕਤੀਮਾਨ ਮੋਦੀ ਸੀ, ਠੀਕ ਉਸੇ ਤਰਜ਼ ਦਾ ਭਾਰਤ ਮਾਡਲ ਦਿੱਲੀ ਵਿਚ ਬਣ ਗਿਆ ਹੈ, ਜਿਸ ਵਿਚ ਮੋਦੀ ਹੀ ਭਾਰਤ ਦੀ ਆਨ, ਬਾਨ ਅਤੇ ਸ਼ਾਨ ਹੈ। ਸਰਕਾਰ ਯਾਨਿ ਮੋਦੀ ਵਿਰੁੱਧ ਮੂੰਹ ਖੋਲਣ ਦਾ ਅਰਥ ਹੈ, 'ਦੇਸ਼ ਨਾਲ ਧ੍ਰੋਹ ਕਰਨਾ?' ਸਾਰੇ ਲੋਕ ਡਰੇ ਹੋਏ ਹਨ, ਦੁਖੀ ਹਨ, ਤਰ੍ਹਾਂ-ਤਰ੍ਹਾਂ ਦੀਆਂ ਦੁਸ਼ਵਾਰੀਆਂ ਨਾਲ ਜੂਝ ਰਹੇ ਹਨ, ਪਰ ਸਰਕਾਰ ਖਿਲਾਫ ਮੂੰਹ ਖੋਲ੍ਹਣ ਦਾ ਹੀਆ ਨਹੀਂ ਕਰ ਪਾ ਰਹੇ? ਮੋਦੀ ਦਾ ਹਾਲ 'ਮੋਗੈਂਬੋ ਖੁਸ਼ ਹੂਆ' ਵਾਲਾ ਬਣ ਗਿਆ ਸੀ, ਪਰ ਨੀਮ ਹਕੀਮ ਮੋਦੀ ਪੰਜਾਬੀਆਂ ਨੂੰ ਅਤੇ ਖਾਸ ਕਰਕੇ ਸਿੱਖਾਂ ਨੂੰ ਸਮਝਣ ਵਿਚ ਬਹੁਤ ਵੱਡਾ ਧੋਖਾ ਖਾ ਗਿਆ, ਜਿਸ ਕਾਰਨ ਅੱਜ ਉਸ ਦੀ ਅਤੇ ਭਾਜਪਾ ਦੀ ਦੁਨੀਆਂ ਭਰ ਵਿਚ ਥੂ-ਥੂ ਹੋ ਰਹੀ ਹੈ।

ਅੰਗਰੇਜ਼ੀ ਦੀ ਆਨ ਲਾਈਨ ਨਿਊਜ਼ ਵੇਬ ਪੋਰਟਲ 'ਦਾ ਵਾਇਰ' ਨਾਲ ਕਿਸਾਨ ਅੰਦੋਲਨ 'ਤੇ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਭਾਰਤ ਦੇ ਮਸ਼ਹੂਰ ਪੱਤਰਕਾਰ ਅਰੁਣ ਸ਼ੋਰੀ ਨੇ ਕਰਨ ਥਾਪਰ ਨੂੰ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਪੰਜਾਬੀਆਂ ਨਾਲ ਆਢਾ ਲੈਣ ਤੋਂ ਪਹਿਲਾਂ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਦਾ ਇਤਿਹਾਸ ਜ਼ਰੂਰ ਵਾਚਣਾ ਚਾਹੀਦਾ ਸੀ? ਅਰੁਣ ਸ਼ੋਰੀ ਕਹਿੰਦਾ ਹੈ ਕਿ ਪੰਜਾਬੀ ਜਿੱਥੇ ਵੀ ਡੱਟ ਜਾਣ, ਜਿੱਤ ਤੋਂ ਬਗੈਰ ਪਿੱਛੇ ਨਹੀਂ ਹਟਦੇ। ਅਰੁਣ ਸ਼ੋਰੀ ਨੇ ਕਿਹਾ ਕਿ ਜੇ ਕਿਸਾਨ ਚਾਹੁੰਦੇ ਹਨ ਤਾਂ ਮੋਦੀ ਨੂੰ ਇਹ ਕਾਨੂੰਨ ਵਾਪਿਸ ਲੈ ਕੇ ਮਾਮਲੇ ਨੂੰ ਫੌਰਨ ਸੰਭਾਲਣਾ ਚਾਹੀਦਾ ਹੈ, ਨਹੀਂ ਤਾਂ ਸਰਕਾਰ ਨੂੰ ਬਹੁਤ ਵੱਡਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਨੀਮ ਹਕੀਮ ਨਰਿੰਦਰ ਮੋਦੀ ਨੂੰ ਆਪਣੀ ਹਕੀਮੀ 'ਤੇ ਲੋੜ ਤੋਂ ਵੱਧ ਭਰੋਸੇ ਦਾ ਭੁਲੇਖਾ ਵੀ ਬਣਨ ਲੱਗ ਪਿਆ ਸੀ। ਇਸ ਭੁਲੇਖੇ ਦਾ ਇਹ ਆਲਮ ਸੀ ਕਿ ਉਸ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਉਹ ਜੇ ਅਸੰਭਵ ਜਿਹੇ ਝੂਠ ਵੀ ਬੋਲ ਦੇਵੇਗਾ ਤਾਂ ਵੀ ਕੋਈ ਉਸ ਦੀ ਸਚਿਆਈ ਜਾਣਨ ਦੀ ਕੋਸ਼ਿਸ਼ ਨਹੀਂ ਕਰੇਗਾ। ਇਸ ਲੋੜ ਤੋਂ ਵੱਧ ਝੂਠ ਬੋਲਣ ਦੇ ਆਤਮ ਵਿਸ਼ਵਾਸ ਦੀ ਇਕ ਵੰਨਗੀ ਨਰਿੰਦਰ ਮੋਦੀ ਦੇ ਪਹਿਲੇ ਕਾਰਜਕਾਲ ਦੌਰਾਨ ਉਸ ਦੇ ਇੰਗਲੈਂਡ ਦੌਰੇ ਵਕਤ ਇੱਕ ਸਰਕਾਰੀ

***(ਬਾਕੀ ਅਗਲੇ ਸਫੇ 'ਤੇ)***

# ਇਤਿਹਾਸਕ ਪ੍ਰਸੰਗ ’ਚ ਦਿੱਲੀ ਕਿਸਾਨ ਮੋਰਚਾ

26 ਨਵੰਬਰ 2020 ਤੋਂ ਕਿਸਾਨਾਂ ਦਾ ਮੋਰਚਾ ਦਿੱਲੀ ਬਾਰਡਰ ਉੱਤੇ ਚੱਲ ਰਿਹਾ ਹੈ। ਪੰਜਾਬ ਤੋਂ ਸ਼ੁਰੂ ਹੋਇਆ ਇਹ ਮੋਰਚਾ ਹਰਿਆਣਾ ਦੀ ਭਾਈਵਾਲੀ ਨਾਲ ਦਿੱਲੀ ਦੇ ਬਾਹਰ ਟਿਕ ਗਿਆ। ਯੂ. ਪੀ. ਅਤੇ ਉਤਰਾਖੰਡ ਦੇ ਕਿਸਾਨ ਗਾਜ਼ੀਆਬਾਦ ਬਾਰਡ ਉੱਤੇ ਆ ਗਏ। ਸਮਾਂ ਬੀਤਣ ਨਾਲ ਬਾਕੀ ਸੂਬਿਆਂ ਦੇ ਕਿਸਾਨ ਵੀ ਦਿੱਲੀ ਪਹੁੰਚੇ ਅਤੇ ਦਿੱਲੀ ਹਰ ਪਾਸਿਓਂ ਕਿਸਨਾਂ ਨੇ ਘੇਰ ਲਈ। ਮੋਰਚੇ ਦਾ ਮੂਲ ਕਾਰਨ ਤਿੰਨ ਖੇਤੀ ਕਾਨੂੰਨ ਹਨ, ਜਿਹੜੇ ਨਾ ਸਿਰਫ ਕਿਸਾਨਾਂ ਲਈ ਮਾਰੂ ਹਨ, ਸਗੋਂ ਭਾਰਤ ਦੀ ਸਮੁੱਚੀ ਜਨਤਾ ਦੇ ਹਿਤਾਂ ਦੇ ਵੀ ਖਿਲਾਫ ਹਨ।



ਕਾਨੂੰਨ ਪਾਸ ਕਰਨ ਸਮੇਂ ਅਖੌਤੀ ਕਿਸਾਨ ਆਗੂਆਂ ਨੇ ਪਾਰਲੀਮੈਂਟ ਵਿਚ ਸਿਰਫ ਹਮਾਇਤ ਹੀ ਨਹੀਂ ਕੀਤੀ, ਸਗੋਂ ਪੰਜਾਬ ਦੀ ਜਨਤਾ ਨੂੰ ਗੁਮਰਾਹ ਕਰਨ

**ਪ੍ਰੋ. ਨਿਰਮਲ ਸਿੰਘ ਧਾਰਨੀ**
ਫੋਨ: 905-497-1173

ਲਈ ਕਾਨੂੰਨਾਂ ਦੇ ਫਾਇਦੇ ਵੀ ਪ੍ਰਚਾਰੇ। ਕਿਸਾਨਾਂ ਅਨੁਸਾਰ ਇਹ ਕਾਨੂੰਨ ਅਨਡੈਮੋਕਰੈਟਿਕ ਤਰੀਕੇ ਨਾਲ ਪਾਸ ਹੋਏ ਹਨ। ਕੋਈ ਵੀ ਸਿਆਣਾ ਬੰਦਾ ਸਮਝ ਸਕਦਾ ਹੈ ਕਿ ਬਿਨਾ ਰੋਕ ਟੋਕ ਖੁੱਲ੍ਹਾ ਅੰਨ ਭੰਡਾਰਣ ਕਿਵੇਂ ਨੁਕਸਾਨਦੇਹ ਹੁੰਦਾ ਹੈ।

ਸਰਕਾਰ ਬਿਨਾ ਕੋਈ ਫਾਇਦਾ ਦੱਸੇ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਹਿਤੈਸ਼ੀ ਦਸਦੀ ਰਹੀ। ਸਰਕਾਰ ਨੇ ਸਰਕਾਰ ਵਾਲਾ ਕੋਈ ਵੀ ਰੋਲ ਅਦਾ ਨਾ ਕੀਤਾ। ਹੁਣ 26 ਜਨਵਰੀ ਤੋਂ ਬਾਅਦ ਸਰਕਾਰ ਨੇ ਗੱਲਬਾਤ ਬੰਦ ਕਰ ਰੱਖੀ ਹੈ, ਕਿਉਂਕਿ ਸਰਕਾਰ ਇਸ ਸਮੇਂ ਸਦਮੇ ਵਿਚ ਆ ਗਈ ਕਿ ਉਸ ਦੀ ਲਾਲ ਕਿਲੇ ‘ਤੇ ਹਮਲੇ ਵਾਲੀ ਚਾਲ ਵੀ ਅਸਫਲ ਹੋ ਗਈ। ਕਿਸਾਨ ਆਗੂਆਂ ਨੇ ਸਾਂਤ ਰਹਿ ਕੇ ਮੁੜ ਘੋਲ ਸੁਰਜੀਤ ਕਰ ਲਿਆ। ਇਸ ਸਾਂਤੀ ਦੇ ਪਿੱਛੇ ਵੀ ਗੁਰੂ ਕੇ ਬਾਗ, ਜੈਤੋ, ਨਨਕਾਣਾ ਸਾਹਿਬ ਅਤੇ ਚਾਬੀਆਂ ਦੇ ਮੋਰਚੇ ਦੀ ਪ੍ਰੇਰਨਾ ਸੀ। ਇਸ ਗੱਲੋਂ ਕਿਸਾਨ ਆਗੂਆਂ ਦੀ ਸਿਆਣਪ ਅਤੇ ਏਕੇ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਕਿਸਾਨ ਆਗੂਆਂ ਨੂੰ ਹੋਰ ਵੀ ਤਾਕਤ ਮਿਲੀ, ਜਦੋਂ ਉਨ੍ਹਾਂ ਦੇ ਨਾਲ ਖੇਤ ਮਜਦੂਰ, ਆੜ੍ਹਤੀ, ਸ਼ੈਲ ਮਾਲਕ, ਵਕੀਲ, ਜੱਜ, ਵਿਦਿਆਰਥੀ, ਸੰਤ-ਮਹੰਤ, ਬੋਧੀ ਸੰਤ, ਹਿੰਦੂ ਸੰਤ-ਸਭ ਸ਼ਾਮਲ ਹੋ ਗਏ ਅਤੇ ਮੋਰਚਾ ਪਹਿਲਾਂ ਨਾਲੋਂ ਵੀ ਸੁਚੱਜਾ ਤੇ ਸੁਚਾਰੂ ਰੂਪ ਧਾਰਨ ਕਰ ਗਿਆ। ਵਿਦੇਸ਼ੀ ਸਰਕਾਰਾਂ ਨੇ, ਵਿਦੇਸ਼ੀ ਕਿਸਾਨਾਂ, ਕਰਮਚਾਰੀਆਂ ਨੇ ਮੋਰਚੇ ਨੂੰ ਹਮਾਇਤ ਦਿੱਤੀ।

ਕਿਸਾਨ ਹਰ ਉਹ ਸ਼ਖਸ਼ ਹੈ ਜਿਹੜਾ ਖੇਤੀ ਕਰਦਾ ਹੈ, ਡੰਗਰ ਪਾਲਦਾ ਹੈ, ਦਰਖਤਾਂ ਦੀ ਦੇਖ ਭਾਲ ਕਰਦਾ ਹੈ ਅਤੇ ਧਰਤੀ ਨੂੰ ਆਪਣੀ ਮਾਂ ਮੰਨਦਾ ਹੈ। ਕਿਸਾਨੀ ਨਾਲ ਸਬੰਧਿਤ ਜਾਤਾਂ ਵਿਚ ਜੱਟ, ਗੁੱਜਰ, ਅਹੀਰ, ਸੈਣੀ, ਕੰਬੋਜ਼, ਲੁਬਾਣੇ ਆਦਿ ਹਨ। ਰਾਜਪੂਤ ਜੱਟ, ਗੁੱਜਰ ਅਤੇ ਅਹੀਰ ਬਾਹਰੋਂ ਆਏ ਹਨ। ਜੱਟਾਂ ਦਾ ਲੱਗਪਗ ਤਿੰਨ ਹਜਾਰ ਸਾਲ ਪਹਿਲਾਂ ਦਾ ਘਰ ਮੱਧ ਏਸ਼ੀਆ ਹੈ। ਜਿਨ੍ਹਾਂ ਜੱਟਾਂ ਨੇ ਬ੍ਰਾਹਮਣੀ ਸਮਾਜਿਕ ਸ਼ਰਤਾਂ ਮੰਨੀਆਂ, ਉਨ੍ਹਾਂ ਨੂੰ ਰਾਜਪੂਤ ਅਤੇ ਹਿੰਦੂ ਗੁੱਜਰ ਮੰਨ ਲਿਆ ਗਿਆ। ਮੁਢਲਾ ਖਾਸਾ ਇਨ੍ਹਾਂ ਸਾਰਿਆਂ ਦਾ ਇੱਕੋ ਹੀ ਹੈ। ਜੱਟ ਸੁਭਾ ਤੋਂ ਬਹਾਦਰ ਹੈ, ਐਕਸ਼ਨ ਕਰਨ ਵਿਚ ਮੋਹਰੀ ਹੈ, ਅੱਗੇ ਨੂੰ ਤੇਜੀ ਨਾਲ ਤੁਰਦਾ ਹੈ, ਮੌਕੇ ਉੱਤੇ ਸਹੀ ਫੈਸਲੇ ਲੈਣ ਦਾ ਮਾਹਿਰ ਹੈ, ਜਮਾਂਦਰੂ ਰੂਲਰ ਹੈ, ਕਿਸੇ ਉੱਤੇ ਨਿਰਭਰ ਨਹੀਂ ਕਰਦਾ, ਸੈਕੂਲਰ ਹੈ, ਖੁੱਲ੍ਹੇ ਦਿਮਾਗ ਦਾ ਹੈ। ਕੋਈ ਧਾਰਮਿਕ ਕੱਟੜਤਾ ਨਹੀਂ। ਇਸੇ ਲਈ ਜੱਟ ਬੋਧੀ ਹੈ, ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਕ੍ਰਿਸਚੀਅਨ ਹੈ, ਜ਼ੋਰੋ ਅਸਤਰੀਅਨ ਹੈ। ਜੱਟ ਭੂਗੋਲਿਕ ਖਿੱਤਿਆਂ ਦੀਆਂ ਵੱਖੋ ਵੱਖਰੀਆਂ ਬੋਲੀਆਂ ਵਿਚ ਥੋੜ੍ਹੇ ਬਹੁਤੇ ਫਰਕ ਨਾਲ ਜੱਟ-ਨਾਂ ਦਿੱਤੇ ਗਏ ਹਨ। ਆਜਰਬਾਈਜਾਨ, ਉਜਬੇਕਸਤਾਨ, ਸੈਂਟਰਲ ਏਸ਼ੀਆ-ਦੋ ਹੋਰ ਹਿੱਸਿਆਂ ਵਿਚ ਜਟਾਨ, ਸਵੀਡਨ ਵਿਚ ਗੋਟਸ, ਜਰਮਨੀ ਵਿਚ ਗੋਟਾਸ, ਤੁਰਕੀ ਅਤੇ ਮਿਸਰ ਵਿਚ ਜੱਟ, ਅਰੇਬੀਆ ਵਿਚ ਜੌਟਸ, ਜੱਟ ਪੰਜਾਬ, ਜਾਟ ਹਰਿਆਣਾ ਅਤੇ ਯੂ. ਪੀ., ਰਾਜਸਥਾਨ ਵਿਚ ਜੀਟ ਕਿਹਾ ਗਿਆ। ਇਸ ਤੋਂ ਬਿਨਾ ਜੱਟ ਗੁਜਰਾਤ, ਕਠੀਆਵਾੜ, ਉਜੈਨ ਅਤੇ ਮਥਰਾ ਦੇ ਇਲਾਕਿਆਂ ਵਿਚ ਵਸਦੇ ਹਨ। ਸਿਵੀਆ ਜੱਟ ਸਪੇਨ ਤੋਂ ਹੋ ਕੇ ਮਿਸਰ ਗਏ ਅਤੇ ਭਾਰਤ ਵਿਚ ਕਾਵੇਰੀ ਦੇ ਇਲਾਕੇ ਵਿਚ ਵਸੇ। ਧਾਰਨ ਜੱਟ ਬੰਗਾਲ ਅਤੇ ਮਾਲਵਾ ਵਿਚ ਵਸੇ। ਤਾਮਿਲਨਾਡੂ ਦੇ ਦੱਖਣੀ ਭਾਗ ਵੀ ਜੱਟ ਵਸੇ। ਉਹ ਮਾਨ ਜੱਟ ਸਨ।

ਇਤਿਹਾਸਕਾਰਾਂ ਨੇ ਜੱਟਾਂ ਨੂੰ ਧਰਤੀ ਦੇ ਸਭ ਤੋਂ ਪਹਿਲੇ ਬਾਦਸ਼ਾਹ ਮੰਨਿਆ ਹੈ। ਇੱਥੋਂ ਤੱਕ ਕਿ ਕੰਗ ਜੱਟਾਂ ਨੇ 700 ਬੀ. ਸੀ. ਵਿਚ ਮੱਧ ਏਸ਼ੀਆ ਵਿਚ ਖੂਹ ਲਗਵਾਏ ਅਤੇ ਨਹਿਰਾਂ ਖੁਦਵਾਈਆਂ। ਜੱਟਾਂ ਦੀ ਹਕੂਮਤ ਡੈਮੋਕਰੈਟਿਕ ਫਾਰਮ ਦੀ ਸੀ। ਹਰ ਕਬੀਲੇ ਦਾ ਮੁਖੀਆ ਹੁੰਦਾ ਸੀ। ਸਾਰੇ ਮੁਖੀਏ ਮਿਲ ਕੇ ਆਪਣਾ ਇੱਕ ਮੁਖੀ ਮੁਖੀਆ ਚੁਣ ਲੈਂਦੇ ਸਨ। ਸਾਰੇ ਜਣੇ ਮਿਲ ਕੇ ਫੈਸਲੇ ਕਰਦੇ ਸਨ। ਮਨਮਾਨੀ ਕਰਨ ਦਾ ਅਧਿਕਾਰ ਕਿਸੇ ਮੁਖੀਏ ਨੂੰ ਵੀ ਨਹੀਂ ਸੀ ਹੁੰਦਾ। ਜਨਰਲ ਅਸੈਂਬਲੀ ਨੂੰ ਓਰਦੂ ਕਹਿੰਦੇ ਸਨ, ਜਿਸ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹੁੰਦੇ ਸਨ। ਇਸ ਦੀਆਂ ਸਾਲ ਵਿਚ ਤਿੰਨ ਮੀਟਿੰਗਾਂ ਹੁੰਦੀਆਂ ਸਨ। ਮੁਖੀਏ ਦਾ ਉੱਤਰ ਅਧਿਕਾਰੀ ਸਮੁੱਚੇ ਕਬੀਲੇ ਦਾ ਯੋਗ ਬੰਦਾ ਹੀ ਬਣ ਸਕਦਾ ਸੀ।

ਜੱਟ ਦੀ ਸਭ ਤੋਂ ਪਹਿਲੀ ਖੂਬੀ ਜੰਗਜੂ ਹੋਣਾ ਹੈ। ਪਾਣਨੀ ਨੇ ਜੱਟਾਂ ਨੂੰ ਯੁੱਧਜੀਵੀ ਕਿਹਾ ਸੀ। ਇਸੇ ਕਾਰਨ ਜਦੋਂ ਤੋਂ ਜੱਟ ਭਾਰਤ ਵਿਚ ਆਏ, ਉਨ੍ਹਾਂ ਨੇ ਭਾਰਤ ਦੀ ਰਾਖੀ ਤਨੋਂ, ਮਨੋਂ, ਧਨੋਂ ਅਤੇ ਜੀਅ ਜਾਨ ਨਾਲ ਕੀਤੀ। ਖੈਬਰ ਪਾਸ ਦੇ ਲਾਗੇ ਜੌਹਲ ਜੱਟਾਂ ਨੇ ਦਿੱਲੀ ਦੇ ਲਾਲ ਕਿਲੇ ਵਰਗਾ ਕਿਲਾ ਬਣਾਇਆ। ਕਿਕਾ ਨਾਨ ਦੇ ਜੱਟਾਂ ਨੇ ਬੋਲਾਨ ਪਾਸ ਦੀ ਰਾਖੀ ਕੀਤੀ ਸੀ, ਸਿਕੰਦਰ ਨੂੰ ਜੱਟਾਂ ਨੇ ਸਮਰਕੰਦ ਵਿਚ ਹਰਾਇਆ। ਸਿਕੰਦਰ ਦੇ ਆਪਣੇ ਸਿਪਾਹੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਤੁਸੀਂ ਭੇਡਾਂ ਚਾਰਦੇ ਸੀ, ਥਰੇਜੀਅਨ ਜੱਟਾਂ ਤੋਂ ਆਪਣੇ ਆਪ ਨੂੰ ਨਹੀਂ ਬਚਾ ਸਕੇ। ਮੇਰੇ ਪਿਤਾ ਨੇ ਤੁਹਾਨੂੰ



ਜੰਗਜੂ ਬਣਾ ਕੇ ਜੱਟਾਂ ਦੇ ਬਰਾਬਰ ਕੀਤਾ। ਤਿਮਰਲੰਗ ਦਾ ਆਪਣਾ ਬਿਆਨ ਹੈ ਕਿ ਜਦੋਂ ਮੈਂ ਜੱਟਾਂ ਦੇ ਸਾਹਮਣੇ ਆਇਆ ਤਾਂ ਮੇਰੇ ਕੋਲ ਅਰਦਾਸ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਸਮਰਕੰਦ ਦੇ ਮੁੱਖ ਮੁੱਲਾਂ ਦੀ ਅਰਦਾਸ ਸੁਣੀ ਗਈ ਅਤੇ ਜੱਟਾਂ ਦੇ ਘੋੜਿਆਂ ਨੂੰ ਬੀਮਾਰੀ ਪੈ ਗਈ। ਘੋੜੇ ਤੋਂ ਬਿਨਾ ਜੱਟ ਦੀ ਸੂਰਮਗਤੀ ਕਿਸੇ ਕੰਮ ਦੀ ਨਹੀਂ। ਜੱਟ ਆਪਣਾ ਸਮਾਨ ਵੀ ਆਪ ਚੁੱਕ ਕੇ ਲੈ ਕੇ ਗਏ।

ਸਪੇਨ ਦੇ ਜੱਟ ਰਾਜੇ ਦਾ ਪੋਤਾ ਫੱਟੜ ਹੋਇਆ, ਆਪਣੇ ਜ਼ਖਮਾਂ ਨੂੰ ਸਲਾਹੁੰਦਾ ਹੋਇਆ ਕਹਿੰਦੈ, “ਪਤੈ ਮੈਂ ਕੌਣ ਹਾਂ। ਮੇਰੀ ਜਾਤ ਦੇ ਸਾਹਮਣੇ ਸਿਕੰਦਰ ਆਉਣ ਤੋਂ ਬਚਦਾ ਸੀ। ਗਰੀਕ ਦਾ ਰਾਜਾ ਤ੍ਰੈਹਿੰਦਾ ਸੀ ਅਤੇ ਸੀਜ਼ਰ ਕੰਬਦਾ ਸੀ। ਇਸੇ ਜੰਗਜੂ ਸੁਭਾ ਕਾਰਨ ਜੱਟਾਂ ਨੇ ਸੋਮਨਾਥ ਦਾ ਮੰਦਿਰ ਲੁੱਟ ਕੇ ਮੁੜੇ ਗਜ਼ਨਵੀ ਨੂੰ ਲੁੱਟਿਆ। ਮੁਹੰਮਦ ਗੌਰੀ ਜਦੋਂ ਪ੍ਰਿਥਵੀ ਰਾਜ ਚੁਹਾਨ ਨੂੰ ਹਰਾ ਕੇ ਮੁੜਿਆ ਤਾਂ ਹਾਂਸੀ ਦੇ ਸਥਾਨ ਤੋਂ ਜੱਟਾਂ ਨੇ ਭਜਾਇਆ। ਭਰਤਪੁਰ, ਧੌਲਪੁਰ ਅਤੇ ਡੀਗ ਦੇ ਰਾਜਿਆਂ ਨੇ ਭਾਰਤ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾਇਆ। ਜਮਨਾ ਦਰਿਆ ਤੋਂ ਲੈ ਕੇ ਸਤਲੁਜ ਤੱਕ ਦੇ ਜੱਟ ਰਾਜਿਆਂ ਨੇ, ਸਿੱਖ ਮਿਸਲਾਂ ਨੇ ਲਾਮਿਸਾਲ ਕੁਰਬਾਨੀਆਂ ਕਰਕੇ ਸ਼ਹੀਦੀਆਂ ਦੇ ਕੇ ਅਬਦਾਲੀ ਨੂੰ ਨੱਥ ਪਾਈ। ਮਹਾਰਾਜਾ ਰਣਜੀਤ ਸਿੰਘ ਵੀ ਜੱਟ ਰਾਜਾ ਸੀ, ਜਿਸ ਨੇ ਸਾਰੇ ਪੰਜਾਬ ਨੂੰ ਇੱਕ ਕਰਕੇ ਸਾਮਰਾਜ ਕਾਇਮ ਕੀਤਾ, ਜਿਸ ਦੇ ‘ਹਲੇਮੀ ਰਾਜ’ ਦੀ ਮਿਸਾਲ ਅੱਜ ਦੁਨੀਆਂ ਤੇ ਨਹੀਂ ਮਿਲਦੀ। ਪੰਜਾਬ ਭਾਰਤ ਦੀ ਖੜਗ ਭੁਜਾ ਬਣ ਗਿਆ।

ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜੱਟਾਂ ਨੂੰ ਸਦਾ ਬਾਹਰਲੇ ਕਿਹਾ ਗਿਆ। ਇਨ੍ਹਾਂ ਜੱਟਾਂ ਦੇ ਜਿਹੜੇ ਕਬੀਲੇ ਭਾਰਤ ਵਿਚ ਆਏ, ਉਨ੍ਹਾਂ ਨਾਲ ਇਨਸਾਫ ਨਹੀਂ ਕੀਤਾ ਗਿਆ। ਜੱਟ ਰਾਜਿਆਂ ਨੂੰ ਇਤਿਹਾਸ ਵਿਚੋਂ ਮਨਫੀ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਇਹ ਕੋਸ਼ਿਸ਼ਾਂ ਅੱਜ ਵੀ ਜਾਰੀ ਹਨ। ਸਿਰਫ ਤੌਰ ਤਰੀਕਾ ਹੀ ਬਦਲਿਆ ਹੈ। ਮੁਦਰਾ ਰਾਖਸ਼ਸ਼ ਵਿਚ ਚੰਦਰਗੁਪਤ ਮੌਰੀਆ ਨੂੰ ਵਰੀਸ਼ਾਲਜ਼ ਕਿਹਾ ਗਿਆ। ਪਤਾਂਜਲੀ ਨੇ ਕਿਹਾ, ਵਰੀਸ਼ਾਲਜ਼ ਅਨੈਤਿਕ ਹਨ। ਮਹਾਂਭਾਸ਼ ਵਿਚ ਪਤਾਂਜਲੀ ਨੇ ਵਰੀਸ਼ਾਲਜ਼ ਨੂੰ ਖਤਮ ਕਰਨ ਦੀ ਪੁਕਾਰ ਦਿੱਤੀ। ‘ਮੌਰੀਯਾ’ ਜੱਟ ਰਾਜਾ ਬਰੀਹਦਰਥ ਨੂੰ ਉਸ ਦੇ ਸੈਨਾਪਤੀ ਪੁਸਪਾਮਿੱਤਰ ਸ਼ੁੰਗ ਨੇ ਕਤਲ ਕੀਤਾ। ਮਾਰਕੰਡੇ ਪੁਰਾਣ, ਵਾਯੂ ਪੁਰਾਣ ਅਤੇ ਅਸ਼ਟ ਅਧਿਆਇ ਵਿਚ ਜੱਟਾਂ ਲਈ ਅਸੁਰ, ਸੂਦਰ ਅਤੇ ਮਲੇਸ਼ ਸ਼ਬਦ ਵਰਤੇ ਗਏ। ਜੱਟਾਂ ਦੀਆਂ ਪ੍ਰਾਪਤੀਆਂ, ਗਤੀਵਿਧੀਆਂ ਅਤੇ ਮੁਹਿੰਮਾਂ ਨੂੰ ਸੰਸਾਰ ਤੋਂ ਲੁਕੋਇਆ ਗਿਆ। ਇਹ ਜੱਟਾਂ ਤੋਂ ਇਤਿਹਾਸਕ ਬਦਲਾ ਹੈ। ਜੱਟ ਸ਼ਬਦ ਮਿਟਾਉਣ ਦੀ ਹਰ ਕੋਸ਼ਿਸ਼ ਕੀਤੀ ਗਈ, ਪਰ ਇਨ੍ਹਾਂ ਸਖਤਜਾਨ, ਬਹਾਦਰ ਅਤੇ ਸਾਦੇ ਜੱਟਾਂ ਨੇ ਨਾ ਸਿਰਫ ਆਪਣੇ ਆਪ ਨੂੰ, ਸਗੋਂ ਆਪਣੇ ਨਾਂ ਅਤੇ ਜਾਤਾਂ ਨੂੰ 3000 ਸਾਲ ਤੋਂ ਜਿੰਦਾ ਰੱਖਿਆ।

ਜੱਟ ਅੱਜ ਵੀ ਆਪਣੇ ਮੁੱਖ ਕੰਮ ਖੇਤੀਬਾੜੀ, ਪਸ਼ੂ ਪਾਲਣ ਕਰ ਰਹੇ ਹਨ ਅਤੇ ਦੇਸ਼ ਦੀ ਰਾਖੀ ਵਚਨਬਧਤਾ ਨਾਲ ਨਿਭਾ ਰਹੇ ਹਨ, ਪਰ ਜਿਨ੍ਹਾਂ ਦੇ ਹੱਥ ਰਾਜ ਆ ਗਿਆ ਹੈ, ਉਹ ਰਾਜ ਦਾ ਧਰਮ ਭੁਲ ਚੁਕੇ ਹਨ:

ਆਦਮੀਆਂ ਦੀ ਸੂਰਤ ਦਿਸਦੇ ਰਾਖਸ਼ ਆਦਮਖੋਰੇ
ਜਾਲਮ ਚੋਰ ਪਲੀਤ ਜਨਾਹੀ ਖੌਫ ਖੁਦਾਓਂ ਕੋਰੇ।

ਇਨ੍ਹਾਂ ਗੁਣਾ (ਔਗੁਣਾ) ਕਾਰਨ ਹੀ ਅੱਜ ਦੇ ਖੇਤੀ ਕਾਨੂੰਨ ਜੱਟਾਂ ਉੱਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ ਹੈ। ‘ਰਾਜੇ ਪਾਪ ਕਮਾਵਦੇ ਉਲਟੀ ਵਾੜ ਕੈਤ ਕੋ ਖਾਈ’ ਵਾਲੀ ਗੱਲ ਹੈ। ਇਨ੍ਹਾਂ ਕਾਨੂੰਨਾਂ ਨਾਲ ਹਰ ਕਿਸਾਨ ਨੂੰ ਮਾਰਨ ਤੇ ਉਜਾੜਨ ਦੀ ਅਤੇ ਹੋਰ ਕਰੋੜਾਂ ਲੋਕਾਂ ਨੂੰ ਭੁੱਖ ਨਾਲ ਮਾਰਨ ਦੀ ਸਾਜਿਸ਼ ਨੰਗੀ ਹੋਈ ਹੈ। ਇੱਥੇ ਇਹ ਵੀ ਦੱਸ ਦੇਣਾ ਠੀਕ ਰਹੇਗਾ ਕਿ ਪੰਜਾਬ ਦਾ ਜੱਟ ਰਾਜਾ ਤਾਂ ਭੁੱਖੇ ਅਤੇ ਬੁੱਢੇ ਮੋਚੀ ਦੇ ਘਰ ਦਾਣਿਆਂ ਦੀ ਪੰਡ ਆਪ ਚੁੱਕ ਕੇ ਸੁੱਟ ਕੇ ਆਇਆ ਸੀ। ਉਸ ਦੇ ਰਾਜ ਵਿਚ 40 ਸਾਲ ਕਿਸੇ ਚੀਜ਼ ਦਾ ਭਾਅ ਨਹੀਂ ਸੀ ਵਧਿਆ। ਉਸ ਦੇ ਰਾਜ ਦੀ ਕਾਨੂੰਨ ਵਿਵਸਥਾ ਬਾਰੇ ਕਵੀ ਸਾਵਣ ਯਾਰ ਲਿਖਦੈ,

ਸਾਵਣ ਯਾਰ ਕੁਆਰੀਆਂ ਰਾਹ ਤੁਰੀਆਂ
ਨਹੀਂ ਬੱਕਰੀ ਖੌਫ ਪਲੰਗ ਦਾ ਏ।

ਕੇਂਦਰ ਸਰਕਾਰ ਨੂੰ ਆਪਣੇ ਕੰਮ ਕਰਨ ਦਾ ਢੰਗ ਅਤੇ ਜੱਟਾਂ ਦਾ ਇਤਿਹਾਸ ਜਰੂਰ ਸਮਝ ਲੈਣਾ ਚਾਹੀਦਾ ਹੈ। ਜੱਟਾਂ ਦੇ ਦੋ ਕਬੀਲਿਆਂ ਨੇ ਰੋਮਨ ਅੰਪਾਇਰ ‘ਤੇ ਹਮਲਾ ਕੀਤਾ। ਲੜਾਈ 485 ਤੋਂ 557 ਈ. ਤੱਕ 72 ਸਾਲ ਚੱਲੀ ਸੀ। ਭਾਰਤ ਦੇ ਸਾਰੇ ਕਿਸਾਨਾਂ ਦੀ ਜਾਤ ਇੱਕ ਹੈ। 1965 ਦੀ ਲੜਾਈ ਇੱਕ ਜੱਟ ਜਰਨੈਲ ਹਰਬਖਸ਼ ਸਿੰਘ ਨੇ ਆਪਣੇ ਕਮਾਂਡਰ-ਇਨ-ਚੀਫ ਦੀ ਹੁਕਮ ਅਦੂਲੀ ਕਰਕੇ ਜਿੱਤੀ ਸੀ। ਭਾਰਤ ਦੀ ਆਜ਼ਾਦੀ ਵਿਚ ਮੁੱਖ ਰੋਲ ਜੱਟਾਂ ਦਾ ਹੈ। ਅਜੇ ਕੱਲ੍ਹ ਦੀ ਗੱਲ ਹੈ, ਚੀਨ ਦੇ ਬਾਰਡਰ ਉੱਤੇ ਇੱਕ ਅਠਾਰਾਂ ਸਾਲ ਦੇ ਜੱਟ ਗੱਭਰੂ ਨੇ ਕਿੰਨੇ ਚੀਨੀ ਮਾਰੇ ਸਨ, ਇਹ ਸਰਕਾਰ ਨੂੰ ਪਤਾ ਹੀ ਹੋਵੇਗਾ। ਗੱਲ ਕੇਂਦਰ ਸਰਕਾਰ ਭਾਰਤ ਦੀ ਅਖੰਡਤਾ ਦੀ ਕਰ ਰਹੀ ਹੈ, ਪਰ ਅੰਦੋਲਨ ਸਮਾਪਤ ਕਰਨ ਲਈ ਖਾਲਿਸਤਾਨ ਦਾ ਹਊਆ ਲੋਕਾਂ ਅੱਗੇ ਖੜ੍ਹਾ ਕਰਨ ਦੀ ਕੋਸ਼ਿਸ਼ ਵਿਚ ਹੈ। ਕੇਂਦਰ ਸਰਕਾਰ ਦਾ ਰਵੱਈਆ ਦੇਸ਼ ਤੋੜਨ ਵੱਲ ਜਾ ਰਿਹਾ ਹੈ। ਗੱਲ ਹੁਣ ਕਿਤੇ ਜੱਟ-ਲੈਂਡ ਦੀ ਨਾ ਚੱਲ ਪਵੇ। ਫੇਰ ਕਸੂਰ ਤਾਂ ਕੇਂਦਰ ਦਾ ਹੋਵੇਗਾ। ਸੌਖਾ ਤੇ ਵਧੀਆ ਹੱਲ ਹੈ, ਤਿੰਨੇ ਕਾਨੂੰਨ ਵਾਪਸ ਲੈਣੇ, ਐਮ. ਐਸ. ਪੀ. ਦੀ ਗਾਰੰਟੀ ਦੇਣੀ ਅਤੇ ਰਾਜਾਂ ਦੇ ਅਧਿਕਾਰਾਂ ਵਿਚ ਦਖਲ ਦੇਣ ਦੀ ਗਲਤੀ ਮੰਨਣੀ। ਆਸ ਹੈ, ਸੁਮੱਤ ਆਵੇਗੀ; ਇਹ ਆਖੰਡ ਭਾਰਤ ਦੇ ਹਿਤ ਵਿਚ ਹੋਵੇਗਾ।

ਕਿਸਾਨ ਆਗੂਆਂ ਨੂੰ ਇਹ ਲੜਾਈ ਨਿੱਜੀ ਹਿਤਾਂ ਤੋਂ ਉੱਪਰ ਉੱਠ ਕੇ ਸਮੁੱਚੇ ਭਾਰਤ ਦੇਸ਼ ਦੇ ਦੱਬੇ ਕੁਚਲੇ ਲੋਕਾਂ ਲਈ ਲੜਨੀ ਪੈਣੀ ਹੈ, ਨਹੀਂ ਤਾਂ ਭੁੱਖਮਰੀ ਅਤੇ ਕਾਲ ਸਾਹਮਣੇ ਖੜ੍ਹੇ ਹਨ। ਉਸ ਹਾਲਤ ਵਿਚ ਅੱਜ ਦੇ ਹਾਕਮਾਂ ਨੂੰ, ਜੋ ਉਨ੍ਹਾਂ ਦਾ ਟੀਚਾ ਹੈ, ਭਾਰਤ ਦੇ ਸੰਵਿਧਾਨ ਨੂੰ ਰੱਦ ਕਰਕੇ ਉਸ ਦੀ ਥਾਂ ਮੰਨੂੰ ਸਿਮਰਤੀ ਅਨੁਸਾਰ ਸੰਵਿਧਾਨ ਬਣਾਉਣ ਵਿਚ ਕੋਈ ਔਕੜ ਨਹੀਂ ਆਵੇਗੀ ਅਤੇ ਸਾਡਾ ਦੇਸ਼ 2000 ਸਾਲ ਪਿੱਛੇ ਪੈ ਜਾਵੇਗਾ।

---

# ਨੀਮ ਹਕੀਮ ‘ਮੋਦੀ’ ਅਤੇ ਖਤਰੇ ਵਿਚ ਮਰੀਜ਼ ‘ਭਾਰਤ’ ਦੀ ਜਾਨ

*(ਪਿਛਲੇ ਸਫੇ ਦੀ ਬਾਕੀ)*

ਸਮਾਗਮ ਹੈ, ਜਿਸ ਵਿਚ ਉਹ ਕਹਿੰਦਾ ਹੈ ਕਿ ਚੀਨ ਦੇ ਰਾਸ਼ਟਰਪਤੀ ਜ਼ਿੰਨ ਪਿੰਗ ਜਦੋਂ ਭਾਰਤ ਦੇ ਦੌਰੇ ‘ਤੇ ਆਇਆ ਸੀ, ਤਾਂ ਉਸ ਨੇ ਨਰਿੰਦਰ ਮੋਦੀ ਨੂੰ ਦੱਸਿਆ ਕਿ ਚੀਨ ਦਾ ਇਤਿਹਾਸਕ ਯਾਤਰੀ ਹੁਏਨ ਸਾਂਗ ਜਦੋਂ ਭਾਰਤ ਦੇ ਦੌਰੇ ‘ਤੇ ਆਇਆ ਸੀ ਤਾਂ ਉਸ ਨੇ ਨਰਿੰਦਰ ਮੋਦੀ ਦੇ ਜਨਮ ਸਥਾਨ ‘ਬੱਡ ਨਗਰ’ ਜਾਣ ਦਾ ਵੀ ਜ਼ਿਕਰ ਕੀਤਾ ਹੈ। ਨਰਿੰਦਰ ਮੋਦੀ ਕਹਿੰਦਾ ਹੈ ਕਿ ਜਦੋਂ ਉਹ ਚੀਨ ਦੇ ਸਰਕਾਰੀ ਦੌਰੇ ‘ਤੇ ਗਿਆ ਸੀ, ਤਾਂ ਚੀਨ ਦਾ ਰਾਸ਼ਟਰਪਤੀ ਜ਼ਿੰਨ ਪਿੰਗ, ਇਤਿਹਾਸਕ ਚੀਨੀ ਯਾਤਰੂ ਹੁਏਨ ਸਾਂਗ ਦੇ ਯਾਦਗਾਰ ‘ਤੇ ਮੈਨੂੰ ਲੈ ਕੇ ਗਿਆ ਅਤੇ ਉਸ ਨੇ ਕਿਤਾਬ ਦਾ ਉਹ ਸਫਾ ਵੀ ਵਿਖਾਇਆ, ਜਿੱਥੇ ਉਸ ਨੇ ‘ਬੱਡ ਨਗਰ’ ਦਾ ਜ਼ਿਕਰ ਕੀਤਾ ਸੀ। ਜਿਸ ਰਾਸ਼ਟਰਪਤੀ ਜ਼ਿੰਨ ਪਿੰਗ ਨਾਲ ਮੋਦੀ ਆਪਣੀ ਗੂੜ੍ਹੀ ਯਾਰੀ ਦੱਸਦਾ ਸੀ, ਉਸੇ ਹੀ ਰਾਸ਼ਟਰਪਤੀ ਜ਼ਿੰਨ ਪਿੰਗ ਨੇ ਲੇਹ-ਲੱਦਾਖ ਵਿਚ ਨੀਮ ਹਕੀਮ ਮੋਦੀ ਨੂੰ ਕਿਵੇਂ ਜਿੱਚ ਕੀਤਾ, ਸਾਰੀ ਦੁਨੀਆਂ ਜਾਣਦੀ ਹੈ।

ਕੌਮਾਂਤਰੀ ਰਾਜਨੀਤੀ ਵਿਚ ਲੀਡਰਾਂ ਦੀਆਂ ਨਿੱਜੀ ਨੇੜਤਾਵਾਂ ਆਪਣੇ ਦੇਸ਼ ਦੀ ਰਾਜਨੀਤੀ ਵਿਚ ਕੋਈ ਖਾਸ ਮੁਕਾਮ ਨਹੀਂ ਰੱਖਦੀਆਂ, ਜਦੋਂ ਕਿ ਨੇਤਾ ਜ਼ਿੰਨ ਪਿੰਗ ਜਿਹਾ ਘਾਗ ਕਿਸਮ ਦਾ ਵਿਅਕਤੀ ਹੋਵੇ। ਮੋਦੀ ਦਾ ਰਾਜਨੀਤਕ ਗਿਆਨ ਵੀ ਉਸ ਦੀਆਂ ਵਿੱਦਿਅਕ ਡਿਗਰੀਆਂ ਵਾਂਗ ਹੀ ਸ਼ੱਕੀ ਹੈ। ਮੋਦੀ ਜੋ ਹਰ ਮੌਕੇ ‘ਤੇ ਨਹਿਰੂ ਨੂੰ ਕੋਸਣ ਜਾਂ ਆਪਣੀ ਅਸਫਲਤਾ ਦਾ ਦੋਸ਼ ਉਸ ਮੱਥੇ ਮੜ੍ਹਨ ਵਿਚ ਦੇਰ ਨਹੀਂ ਲਾਉਂਦਾ, ਨੂੰ ਇਹ ਵੀ ਗਿਆਤ ਹੋਣਾ ਚਾਹੀਦਾ ਸੀ ਕਿ 1961 ਦੀ ਚੀਨ ਜੰਗ ਵੀ ਚੀਨ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਚਾਊ ਐਨ ਲਾਈ ਦੀ ‘ਇੰਡੀਆ, ਚੀਨੀ ਭਾਈ-ਭਾਈ’ ਦੇ ਨਾਅਰੇ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ ਚੀਨ ਨੂੰ ਮਿੱਤਰ ਦੇਸ਼ ਸਮਝਣ ਦੀ ਗਲਤੀ ਸੀ!

---

# ਇਸਤਰੀ ਸ਼ਕਤੀ ਅਤੇ ਅੰਦੋਲਨ

*(ਸਫਾ 19 ਦੀ ਬਾਕੀ)*

ਰਹਿ ਕੇ ਧਰਨਿਆਂ ਵਿਚ ਹਿੱਸਾ ਲੈਣ ਦੇ ਨਾਲ ਨਾਲ ਪੁਰਸ਼ਾਂ ਦੀ ਗੈਰਹਾਜ਼ਰੀ ਵਿਚ ਖੇਤੀਬਾੜੀ ਅਤੇ ਪਸ਼ੂਆਂ ਦੀ ਸੰਭਾਲ ਦਾ ਕਾਰਜ ਬਾਖੂਬੀ ਨਿਭਾ ਰਹੀਆਂ ਹਨ। ਦਿੱਲੀ ਦੇ ਬਾਰਡਰਾਂ ’ਤੇ ਬੈਠੀਆਂ ਬੀਬੀਆਂ ਸਿਰਫ ਲੰਗਰ ਪਕਾਉਣ ਜਾਂ ਸਫਾਈ ਦਾ ਕੰਮ ਹੀ ਨਹੀਂ ਸਾਂਭ ਰਹੀਆਂ, ਸਗੋਂ ਸਟੇਜ ਤੋਂ ਸੰਬੋਧਨ ਵੀ ਕਰਦੀਆਂ ਹਨ, ਕਾਲੇ ਖੇਤੀ ਕਾਨੂੰਨਾਂ ਦੀ ਉਨ੍ਹਾਂ ਨੂੰ ਖੂਬ ਜਾਣਕਾਰੀ ਹੈ। ਬਹੁਤ ਸਾਰੀਆਂ ਕਿਸਾਨ ਔਰਤਾਂ ਆਪਣੇ ਖੇਤਾਂ ਵਿਚ ਆਪ ਟਰੈਕਟਰ ਚਲਾਉਂਦੀਆਂ ਹਨ। 26 ਜਨਵਰੀ ਦੀ ਟਰੈਕਟਰ ਪਰੇਡ ਲਈ ਕਈਆਂ ਨੇ ਖੂਬ ਟਰੈਕਟਰ ਚਲਾਉਣ ਦਾ ਅਭਿਆਸ ਕਰਕੇ ਪੂਰੀ ਤਿਆਰੀ ਕੀਤੀ ਸੀ। ਕੁਝ ਇੱਕ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪ੍ਰੇਰਨਾ ਦਾ ਸਰੋਤ ਸ਼ਾਹੀਨ ਬਾਗ ਦੀਆਂ ਬੀਬੀਆਂ ਹਨ। ਇਨ੍ਹਾਂ ਵਿਚੋਂ ਕਈ 26 ਨਵੰਬਰ ਤੋਂ ਲਗਾਤਾਰ ਇਥੇ ਹੀ ਡਟੀਆਂ ਹੋਈਆਂ ਹਨ।

ਪੰਜਾਬ ਦੀਆਂ ਔਰਤਾਂ ਤੋਂ ਪ੍ਰੇਰਨਾ ਲੈ ਕੇ ਹਰਿਆਣਾ, ਰਾਜਸਥਾਨ ਅਤੇ ਯੂ. ਪੀ., ਉਤਰਾਖੰਡ ਦੀਆਂ ਔਰਤਾਂ ਵੀ ਦਿੱਲੀ ਧਰਨੇ ਵਿਚ ਲਗਾਤਾਰ ਹਾਜ਼ਰੀ ਭਰਨ ਦੇ ਨਾਲ ਨਾਲ ਆਪਣੇ ਆਪਣੇ ਪ੍ਰਾਂਤਾਂ ਵਿਚ ਹੋ ਰਹੀਆਂ ਖਾਪ-ਪੰਚਾਇਤਾਂ, ਮਹਾਂ-ਪੰਚਾਇਤਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਹਿੱਸਾ ਲੈ ਰਹੀਆਂ ਹਨ। ਭਾਰਤੀ ਔਰਤ ਲਈ ਇਹ ਇੱਕ ਬਹੁਤ ਹੀ ਸ਼ੁਭ ਸ਼ਗਨ ਹੈ ਕਿ ਘਰਾਂ ਵਿਚ ਪਰਦੇ ਅੰਦਰ ਰਹਿਣ ਵਾਲੀਆਂ ਔਰਤਾਂ ਇਸ ਹੱਦ ਤੱਕ ਜਾਗ੍ਰਿਤ ਹੋ ਰਹੀਆਂ ਹਨ-ਭਾਵੇਂ ਉਨ੍ਹਾਂ ਪ੍ਰਤੀ ਵੀ ਮੋਦੀ ਪੱਖੀ ਔਰਤਾਂ ਅਤੇ ਮੀਡੀਆ ਵੱਲੋਂ ਮਾੜੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਬਿੰਦੂ ਵਰਗੀਆਂ ਕਿਸਾਨ ਬੀਬੀਆਂ ਲਗਾਤਾਰ ਦੂਸਰੀਆਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਦੀਆਂ ਹਨ। ਪੂਨਮ ਪੰਡਿਤ ਵਰਗੀਆਂ ਨਿਝੱਕ ਹੋ ਕੇ ਸਰਕਾਰ ਦੀਆਂ ਬਦਨੀਤੀਆਂ ਦੇ ਵਿਰੁੱਧ ਆਪਣੇ ਖਿਆਲ ਮੀਡੀਆ ਅੱਗੇ ਰੱਖਦੀਆਂ ਹਨ। “ਟਰਾਲੀ ਟਾਈਮਜ਼” ਦੀ ਸੰਪਾਦਕੀ ਵਰਗੇ ਕੰਮਾਂ ਤੋਂ ਲੈ ਕੇ ਕਿਤਾਬਾਂ ਵੰਡਣ, ਦਵਾਈਆਂ ਦੇਣ ਤੱਕ ਦੇ ਬਹੁਤ ਸਾਰੇ ਕੰਮ ਔਰਤਾਂ ਨੇ ਸੰਭਾਲ ਰੱਖੇ ਹਨ, ਜਿਸ ਨਾਲ ਅੰਦੋਲਨ ਨੂੰ ਬਹੁਤ ਮਜ਼ਬੂਤੀ ਮਿਲੀ ਹੈ। ਕਿਸਾਨ ਆਗੂਆਂ ਵੱਲੋਂ ਸਮੇਂ ਸਮੇਂ ਉਲੀਕੇ ਜਾਂਦੇ ਪ੍ਰੋਗਰਾਮਾਂ ਨੂੰ ਸਿਰੇ ਚੜ੍ਹਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਮਸ਼ਹੂਰ ਗਾਇਕਾ ਰਿਹਾਨਾ ਅਤੇ ਵਾਤਾਵਰਣ ਕਾਰਕੁਨ ਗਰੇਟਾ ਥਨਬਰਗ ਨੇ ਵੀ ਕਿਸਾਨਾਂ ਦੇ ਮਨੁੱਖੀ ਹੱਕਾਂ ਦੀ ਹੋ ਰਹੀ ਉਲੰਘਣਾ ਵਿਰੁੱਧ ਆਵਾਜ਼ ਉਠਾ ਕੇ ਆਪਣੀ ਹਾਜ਼ਰੀ ਹੀ ਨਹੀਂ ਲੁਆਈ, ਸਗੋਂ ਭਾਰਤੀ ਜਨਤਾ ਪਾਰਟੀ ਅਤੇ ਸਰਕਾਰੀ ਤੰਤਰ ਵਿਚ ਹਨੇਰੀ ਲਿਆ ਦਿੱਤੀ। ਦਿਸ਼ਾ ਰਵੀ ਅਤੇ ਮਜ਼ਦੂਰ ਕਾਰਕੁਨ ਨੌਦੀਪ ਕੌਰ ਨੂੰ ਜੇਲ੍ਹ ਜਾਣਾ ਪਿਆ। ਫਿਲਮੀ ਕਲਾਕਾਰ ਤਾਪਸੀ ਪੰਨੂ ਦੇ ਕਿਸਾਨਾਂ ਦੇ ਹੱਕ ਵਿਚ ਬੋਲਣ ਕਰਕੇ ਇਨਕਮ ਟੈਕਸ ਵਿਭਾਗ ਦੀ ਟੀਮ ਵੱਲੋਂ ਛਾਪੇ ਮਾਰੇ ਗਏ। ਪਿਛਲੇ ਦਿਨੀਂ ਸਿੰਘੂ ਬਾਰਡਰ ਤੋਂ ਬੰਗਲਾ ਸਾਹਿਬ ਜਾ ਰਹੀਆਂ 25 ਬੀਬੀਆਂ ਦੇ ਗਰੁੱਪ ਨੇ ਆਪਣੀਆਂ ਗੱਡੀਆਂ ‘ਤੇ ਕਿਸਾਨੀ ਝੰਡੇ ਲਾ ਰੱਖੇ ਸਨ, ਜਿਨ੍ਹਾਂ ਨੂੰ ਰੋਕ ਕੇ ਦਿੱਲੀ ਪੁਲਿਸ ਨੇ ਝੰਡੇ ਉਤਾਰਨ ਲਈ ਕਿਹਾ। ਇਨਕਾਰ ਕਰਨ ‘ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਠਾਣੇ ਲੈ ਜਾਇਆ ਗਿਆ, ਜਿਨ੍ਹਾਂ ਵਿਚ ਦੋ ਸਾਲ ਦੀ ਇੱਕ ਬੱਚੀ ਵੀ ਸ਼ਾਮਲ ਸੀ। ਬਿਰਤਾਂਤ ਬਹੁਤ ਲੰਬੇ ਹਨ। ਰੱਬ ਬੀਬੀਆਂ ਦੇ ਹੌਸਲੇ ਸਦਾ ਬੁਲੰਦ ਰੱਖੇ।

# ਪੰਜਾਬ ਤੋਂ ਬਾਹਰਲੇ ਸਿੱਖ ਤੇ ਪੰਜਾਬੀ ਸਿੱਖ ਸਮਾਜ

ਕਲਾ ਪਰਿਕਰਮਾ

ਸਿੱਖਾਂ ਦੀ ਵੱਖਰੀ ਅਤੇ ਵਿਲੱਖਣ ਪਛਾਣ ਦਾ ਮੁੱਦਾ ਅੰਗਰੇਜ਼ਾਂ ਵੱਲੋਂ 1849 ਵਿਚ ਸਿੱਖ ਰਾਜ ਨੂੰ ਆਪਣੇ ਸਾਮਰਾਜ ਦਾ ਹਿੱਸਾ ਬਣਾ ਲੈਣ ਤੋਂ ਬਾਅਦ ਉਭਰਿਆ ਸੀ ਪਰ ਇਸ ਬਿਰਤਾਂਤ ਉਤੇ ਭਖਵੀਂ ਚਰਚਾ ਅਤੇ ਬਹਿਸ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਨਾਲ ਸ਼ੁਰੂ ਹੋਈ। ਇਸ ਬਿਰਤਾਂਤ ਵਿਚੋਂ ਹੀ ਇਕ ਸਮੇਂ 'ਹਮ ਹਿੰਦੂ ਨਹੀਂ' ਅਤੇ 'ਹਮ ਹਿੰਦੂ ਹੈਂ' ਦੇ ਪੈਂਤੜਿਆਂ ਨੇ ਜਨਮ ਲਿਆ।



ਜਗਤਾਰ ਸਿੰਘ
ਫੋਨ: +91-97797-11201

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਅਤੇ ਮੁਸਲਿਮ ਧਰਮਾਂ ਤੋਂ ਬਿਲਕੁਲ ਹੀ ਵੱਖਰੀ ਜੀਵਨ ਜਾਚ ਵਾਲੇ ਧਰਮ ਦੀ ਸ਼ੁਰੂਆਤ ਕੀਤੀ ਜਿਸ ਦੀ ਨੀਂਹ ਉਨ੍ਹਾਂ ਨੇ ਜਾਤ-ਪਾਤ ਅਤੇ ਨਸਲੀ ਵਿਤਕਰੇ ਸਮੇਤ ਉਸ ਸਮੇਂ ਪ੍ਰਚੱਲਤ ਹਰ ਕਿਸਮ ਦੇ ਵਖਰੇਵਿਆਂ ਨੂੰ ਨਕਾਰ ਕੇ ਆਲਮੀ ਭਾਈਚਾਰੇ ਅਤੇ ਮਨੁੱਖੀ ਬਰਾਬਰੀ ਦੇ ਸਿਧਾਂਤ ਉਤੇ ਰੱਖੀ। ਇਸ ਸਿੱਖੀ ਜੀਵਨ ਜਾਚ ਦੀ ਟਕਸਾਲ ਰਾਹੀਂ ਘੜੇ ਗਏ ਮਨੁੱਖ ਨੂੰ ਦਸਵੇਂ ਅਤੇ ਆਖਰੀ ਦੇਹਧਾਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵੱਖਰੀ ਧਾਰਮਿਕ ਅਤੇ ਰਾਜਨੀਤਕ ਪਛਾਣ ਦਿੱਤੀ।

ਸਿੱਖਾਂ ਦੀ ਵੱਖਰੀ ਪਛਾਣ ਦਾ ਮੁੱਦਾ ਹਿੰਦੋਸਤਾਨ ਦੀ ਵੰਡ ਤੋਂ ਬਾਅਦ ਇਕ ਵਾਰ ਫਿਰ ਉਭਰਿਆ ਤਾਂ ਸੀ ਪਰ ਇਹ ਮਾਮਲਾ ਬਹੁਤੀ ਚਰਚਾ ਵਿਚ ਪੰਜਾਬ ਦੀ 1966 ਵਿਚ ਇਕ ਵਾਰੀ ਫਿਰ ਹੋਈ ਵੰਡ ਤੋਂ ਬਾਅਦ ਆਇਆ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੂਨ 1979 ਦੇ ਆਪਣੇ ਜਨਰਲ ਇਜਲਾਸ ਵਿਚ ਇਹ ਮਤਾ ਪਾਇਆ, "ਸਿੱਖ ਭਾਈਚਾਰੇ ਵੱਲੋਂ ਇਕ ਕੌਮ ਵਜੋਂ ਆਪਣੀ ਸਿਆਸੀ ਪਛਾਣ ਕਾਇਮ ਰੱਖਣ ਲਈ ਲੜੇ ਜਾ ਰਹੇ ਇਤਿਹਾਸਕ ਸੰਘਰਸ਼ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਧਾਂਤਕ ਅਗਵਾਈ ਮੁਹੱਈਆ ਕਰੇਗੀ। ਇਹ ਅਜਿਹੀ ਤਾਂਘ ਹੈ ਜਿਹੜੀ ਸਿੱਖ ਇਤਿਹਾਸ ਵਿਚ ਵੱਖ-ਵੱਖ ਰੂਪਾਂ ਅਤੇ ਹਾਲਾਤ ਅਨੁਸਾਰ ਵੱਖ-ਵੱਖ ਢੰਗ ਤਰੀਕਿਆਂ ਰਾਹੀਂ ਵਿਦਮਾਨ ਰਹੀ ਹੈ। ਅਜੋਕੇ ਹਾਲਾਤ ਦੇ ਪ੍ਰਸੰਗ ਵਿਚ ਇਸ ਤਾਂਘ ਨੇ ਸਾਡੀ ਇਸ ਮੰਗ ਦਾ ਰੂਪ ਧਾਰਨ ਕਰ ਲਿਆ ਹੈ ਕਿ ਫੈਡਰਲਿਜ਼ਮ ਦੇ ਰਾਜਸੀ ਢਾਂਚੇ ਵਿਚ ਸੂਬਿਆਂ ਨੂੰ ਖੁਦਮੁਖਤਾਰੀ ਦਿੱਤੀ ਜਾਵੇ ਜਿਹੜੀ ਬਹੁਕੌਮੀ ਹਿੰਦੋਸਤਾਨੀ ਸਮਾਜ ਦੇ ਤਾਣੇ-ਬਾਣੇ, ਭਾਵ ਇੱਥੇ ਵਸਦੀਆਂ ਕੌਮਾਂ, ਕੌਮੀਅਤਾਂ ਅਤੇ ਘੱਟ ਗਿਣਤੀਆਂ ਦੀ ਵੱਖਰੀ ਪਛਾਣ ਅਤੇ ਹੋਂਦ ਦੀ ਸਲਾਮਤੀ ਲਈ ਜ਼ਰੂਰੀ ਅਤੇ ਲਾਜ਼ਮੀ ਹੈ। ਮੁਲਕ ਦੀ ਏਕਤਾ ਅਤੇ ਅਖੰਡਤਾ ਨੂੰ ਸਦਾ ਲਈ ਕਾਇਮ ਰੱਖਣ ਦਾ ਇਹ ਇੱਕੋ-ਇੱਕ ਰਸਤਾ ਹੈ।" (ਗੁਰਦੁਆਰਾ ਗਜ਼ਟ ਜੁਲਾਈ 1979)।

ਸਿੱਖ ਪਛਾਣ ਦੀਆਂ ਕਈ ਪਰਤਾਂ ਹਨ ਅਤੇ ਸਿੱਖ ਸਮਾਜ ਦੀ ਮੁੱਖ ਧਾਰਾ ਦੀ ਪਛਾਣ ਦੇ ਸਰੂਪ ਨੂੰ ਹੀ ਸਿੱਖ ਪਛਾਣ ਮੰਨਿਆ ਜਾਂਦਾ ਹੈ। ਇਸ ਵਰਤਾਰੇ ਵਿਚ ਮੁੱਖ ਧਾਰਾ ਤੋਂ ਬਾਹਰਲੇ ਸਿੱਖ ਨਜ਼ਰਅੰਦਾਜ਼ੀ ਦਾ ਸ਼ਿਕਾਰ ਹੋ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੱਖ-ਵੱਖ ਸੂਬਿਆਂ, ਗੁਰਦੁਆਰਾ ਸਾਹਿਬਾਨ ਅਤੇ ਸਿੱਖ ਸੰਪਰਦਾਵਾਂ ਵੱਲੋਂ ਅਪਣਾਈ ਜਾ ਰਹੀ ਸਿੱਖ ਰਹਿਤ ਮਰਿਯਾਦਾ ਦੇ ਵਖਰੇਵਿਆਂ ਨੂੰ ਵੀ ਇਹ ਪਰਤ ਸਪਸ਼ਟ ਕਰਦੀ ਹੈ। ਮਨਪ੍ਰੀਤ ਜੇ. ਸਿੰਘ ਦੀ ਪੁਸਤਕ 'ਦਿ ਸਿੱਖ ਨੈਕਸਟ ਡੋਰ- ਐਨ ਆਈਡੈਂਟਿਟੀ ਇਨ ਟਰਾਂਜੀਸ਼ਨ' ਵਿਦਵਤਾ ਵਾਲਾ ਅਜਿਹਾ ਕਾਰਜ ਹੈ ਜਿਸ ਵਿਚ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਵੱਖਰੀ ਪਛਾਣ ਅਤੇ ਹੋਂਦ-ਹਸਤੀ ਦੀ ਸਲਾਮਤੀ ਵਰਗੇ ਗੰਭੀਰ ਮਾਮਲਿਆਂ ਬਾਰੇ ਬੜੀ ਸਾਰਥਿਕ ਚਰਚਾ ਕੀਤੀ ਗਈ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਸਿੱਖਾਂ ਦੀਆਂ ਭਾਵਨਾਵਾਂ ਅਤੇ ਰਾਜਨੀਤਕ ਇੱਛਾਵਾਂ ਨੂੰ ਅਮਲ ਵਿਚ ਲਿਆਉਣ ਲਈ ਸਿਰਜੀਆਂ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਮੁੱਖ ਸਿੱਖ ਸੰਸਥਾਵਾਂ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ ਹੈ।




*ਮਨਪ੍ਰੀਤ ਜੇ. ਸਿੰਘ ਦੀ ਪੁਸਤਕ 'ਦਿ ਸਿੱਖ ਨੈਕਸਟ ਡੋਰ - ਐਨ ਆਈਡੈਂਟਿਟੀ ਇਨ ਟਰਾਂਜੀਸ਼ਨ' ਦਾ ਮੁਖੜਾ।*

ਵਿਦਵਾਨ ਲੇਖਕ ਦਾ ਇਹ ਸੋਚਣਾ ਬਿਲਕੁਲ ਠੀਕ ਹੈ ਕਿ "ਆਮ ਧਾਰਨਾ ਦੇ ਉਲਟ ਸਿੱਖ ਭਾਈਚਾਰਾ ਵੱਖੋ ਵੱਖਰੀਆਂ ਪਛਾਣਾਂ ਦਾ ਸਮੂਹ ਹੈ" ਪਰ ਇਸ ਬਹੁਭਾਂਤੀ ਭਾਈਚਾਰੇ ਦਾ ਮੂਲ ਆਧਾਰ ਮਾਨਵਵਾਦ ਅਤੇ ਬਰਾਬਰੀ ਦਾ ਸਿਧਾਂਤ ਹੈ। ਸਿੱਖ ਭਾਈਚਾਰੇ ਦੇ ਕਈ ਸਾਂਝੇ ਪਛਾਣ ਚਿੰਨ੍ਹਾਂ ਵਿਚੋਂ ਇਕ ਨਿਸ਼ਾਨ ਸਾਹਿਬ ਹੈ ਜਿਹੜਾ ਇਕ ਝੰਡੇ ਦੇ ਰੂਪ ਵਿਚ ਦੁਨੀਆ ਦੇ ਹਰ ਗੁਰਦੁਆਰੇ ਦੇ ਉਪਰ ਝੂਲਦਾ ਹੈ।

ਇਤਿਹਾਸਕਾਰਾਂ ਨੇ ਪੰਜਾਬ ਦੇ ਨਾਂ ਨਾਲ ਜਾਣੇ ਜਾਂਦੇ ਭੂਗੋਲਿਕ ਖਿੱਤੇ ਨੂੰ ਸਿੱਖਾਂ ਦੀ ਧਰਤੀ ਵਜੋਂ ਬਿਆਨਿਆ ਹੈ ਜਿੱਥੇ ਉਨ੍ਹਾਂ ਨੇ ਆਪਣੀ ਹੋਂਦ ਬਚਾਉਣ ਲਈ ਜੰਗਾਂ ਵੀ ਲੜੀਆਂ ਅਤੇ ਆਪਣੀ ਸਲਤਨਤ ਵੀ ਖੜ੍ਹੀ ਕੀਤੀ। ਇਹੀ ਕਾਰਨ ਹੈ ਕਿ ਮੁੱਖ ਸਿੱਖ ਬਿਰਤਾਂਤ ਇਸ ਖਿੱਤੇ ਨਾਲ ਜੁੜੀ ਹੋਈ ਸਿੱਖਾਂ ਦੀ ਮੁੱਖ ਧਾਰਾ ਦੇ ਆਲੇ-ਦੁਆਲੇ ਹੀ ਸਿਰਜਿਆ ਗਿਆ ਹੈ। ਲੇਖਕ ਕਹਿੰਦਾ ਹੈ, "ਸਿੱਖ ਭਾਈਚਾਰੇ ਦੁਆਲੇ ਸਿਰਜੇ ਗਏ ਬਿਰਤਾਂਤ ਨੂੰ ਮੁੜ ਲਿਖਣ ਦੀ ਇਸ ਲਈ ਲੋੜ ਹੈ ਤਾਂ ਕਿ ਇਸ ਦੇ ਵੱਖ-ਵੱਖ ਅੰਗਾਂ ਨੂੰ ਢੁਕਵੀਂ ਥਾਂ ਦੇ ਕੇ ਭਾਈਚਾਰੇ ਦੀ ਅਜੋਕੀ ਪਛਾਣ ਦਾ ਪ੍ਰਮਾਣਿਕ ਰੂਪ ਘੜਿਆ ਜਾ ਸਕੇ।"

ਸਿੱਖਾਂ ਦੀ ਮੁੱਖ ਧਾਰਾ ਨੇ ਸਿਕਲੀਗਰ ਅਤੇ ਅਜਿਹੇ ਕਈ ਸਿੱਖ ਸਮੂਹਾਂ ਨੂੰ ਅੱਖੋਂ-ਪਰੋਖੇ ਕੀਤਾ ਹੋਇਆ ਹੈ ਅਤੇ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਖ-ਵੱਖ ਪੱਧਰਾਂ ਉਤੇ ਕਈ ਵਾਰੀ ਉਠ ਚੁੱਕਿਆ ਹੈ। ਅਜਿਹੇ ਸਿੱਖ ਸਮੂਹਾਂ ਨੂੰ ਸਿੱਖ ਸਮਾਜ ਦੀ ਮੁੱਖ ਧਾਰਾ ਦਾ ਅੰਗ ਬਣਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਫੌਰੀ ਲੋੜ ਹੈ।

ਲੇਖਕ ਨੇ ਸਿੱਖ ਸਮਾਜ ਦੀ ਮੁੱਖ ਧਾਰਾ ਦੇ ਸਭਿਆਚਾਰ ਦੇ ਵੱਖ-ਵੱਖ ਰੰਗਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਸਿੱਖ ਪਛਾਣ ਦੇ ਪ੍ਰਵਚਨ ਨੂੰ ਪ੍ਰਭਾਵਿਤ ਕਰਦੇ ਹਨ। ਇਹ ਰੰਗ ਸਿੱਖਾਂ ਦੇ ਵਪਾਰੀ ਅਤੇ ਕਿਸਾਨੀ ਜਾਂ ਸ਼ਹਿਰੀ ਅਤੇ ਪੇਂਡੂ ਵਰਗਾਂ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ। ਇਨ੍ਹਾਂ ਬਾਰੇ ਲੇਖਕ ਕਹਿੰਦਾ ਹੈ, "ਇਹ ਦੋਵੇਂ ਵਰਗਾਂ ਦੇ ਲੋਕ ਆਪਣੇ ਵਰਤ-ਵਰਤਾਉ, ਸੁਭਾਅ, ਰਵੱਈਏ, ਦਿੱਖ ਅਤੇ ਰਹਿਣ-ਸਹਿਣ ਪੱਖੋਂ ਅਕਸਰ ਹੀ ਵਿਰੋਧੀ ਅਤੇ ਭੰਬਲਭੂਸੇ ਵਾਲੀਆਂ ਹਾਲਤਾਂ ਵਿਚ ਦੇਖੇ ਜਾਂਦੇ ਹਨ।" ਇੱਥੇ ਇਹ ਜ਼ਿਕਰਯੋਗ ਹੈ ਕਿ ਗੁਰੂ ਸਾਹਿਬਾਨ ਵੀ ਸਿੱਖਾਂ ਦੇ ਵਪਾਰੀ ਵਰਗ ਵਿਚੋਂ ਹੀ ਸਨ ਪਰ ਹੁਣ ਸਿੱਖ ਸਮਾਜ ਦੇ ਸਭਿਆਚਾਰ ਅਤੇ ਰਾਜਨੀਤਕ ਖੇਤਰਾਂ ਵਿਚ ਕਿਸਾਨੀ ਸਭਿਆਚਾਰ ਦੀ ਹੀ ਸਰਦਾਰੀ ਹੈ।

ਲੇਖਕ ਉਤਰ-ਪੂਰਬ ਦੇ ਅਸੋਮੀਆ ਅਤੇ ਹੈਦਰਾਬਾਦ ਦੇ ਦੱਖਣੀ ਸਿੱਖਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ 'ਸਿੱਖਾਂ ਦੀ ਧਰਤੀ' ਉਤੇ ਵਸਦੇ ਸਿੱਖਾਂ ਦੇ ਬਿਲਕੁਲ ਹੀ ਵਿਸਾਰਿਆ ਹੋਇਆ ਹੈ ਅਤੇ ਇਹ ਬਹੁਤ ਹੀ ਮੰਦਭਾਗਾ ਵਰਤਾਰਾ ਹੈ।

ਤਕਰੀਬਨ ਇੱਕ ਦਹਾਕਾ ਪਹਿਲਾਂ ਕੁਝ ਸਿੱਖ ਕਾਰਕੁਨਾਂ ਅਤੇ ਵਿਦਵਾਨਾਂ ਨੇ ਪੰਜਾਬੋਂ ਬਾਹਰਲੇ ਇਨ੍ਹਾਂ ਸਿੱਖਾਂ ਦਾ ਮੁੱਦਾ ਚੁੱਕਦਿਆਂ ਕਿਹਾ ਸੀ ਕਿ ਘੱਟੋ-ਘੱਟ ਅਜਿਹੇ ਸਿੱਖਾਂ ਦੀ ਗਿਣਤੀ ਤਾਂ ਹੋਣੀ ਚਾਹੀਦੀ ਹੈ ਜਿਸ ਨਾਲ ਸਿੱਖਾਂ ਦੀ ਮੁਲਕ ਵਿਚ ਕੁੱਲ ਗਿਣਤੀ ਵਧਣ ਨਾਲ ਉਹ ਹੋਰ ਤਕੜੇ ਹੋਣਗੇ। ਪੂਰੀ ਦੁਨੀਆ ਵਿਚ ਵਸਦੇ ਹੋਣ ਕਾਰਨ ਸਿੱਖ ਹੁਣ ਆਲਮੀ ਭਾਈਚਾਰਾ ਬਣ ਗਿਆ ਹੈ। ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੇ ਪ੍ਰਸੰਗ ਵਿਚ ਲੇਖਕ ਦਾ ਵਿਚਾਰ ਹੈ, "ਪਛਾਣ ਵੀ ਆਪਣਾ ਸਰੂਪ ਬਦਲਦੀ ਰਹਿੰਦੀ ਹੈ, ਇਹ ਬਦਲਦੇ ਪ੍ਰਸੰਗਾਂ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਨਵੇਂ-ਨਵੇਂ ਰੂਪਾਂ ਵਿਚ ਢਾਲਦੀ ਰਹਿੰਦੀ ਹੈ।" ਬਾਹਰਲੇ ਮੁਲਕਾਂ ਵਿਚ ਵਸਦੇ ਸਿੱਖ ਹੁਣ 'ਸਿੱਖਾਂ ਦੀ ਧਰਤੀ - ਪੰਜਾਬ' ਨਾਲ ਜੁੜੇ ਧਾਰਮਿਕ ਅਤੇ ਸਿਆਸੀ ਮਾਮਲਿਆਂ ਬਾਰੇ ਜ਼ਿਆਦਾ ਸਰੋਕਾਰ ਰੱਖਦੇ ਹਨ। ਤ੍ਰਾਸਦੀ ਇਹ ਹੈ ਕਿ ਸਿੱਖਾਂ ਦੇ ਪ੍ਰਮੁੱਖ ਧਾਰਮਿਕ ਅਤੇ ਸਿਆਸੀ ਆਗੂ ਪਿਛਲੇ ਸਾਲਾਂ ਵਿਚ ਇਕ ਵਾਰ ਵੀ ਬਾਹਰਲੇ ਮੁਲਕਾਂ ਦੇ ਉਨ੍ਹਾਂ ਸ਼ਹਿਰਾਂ ਵਿਚ ਨਹੀਂ ਗਏ ਜਾਂ ਜਾਣ ਜੋਗੇ ਨਹੀਂ ਰਹੇ ਜਿੱਥੇ ਸਿੱਖ ਵੱਡੀ ਗਿਣਤੀ ਵਿਚ ਵਸਦੇ ਹਨ। ਹਾਲਾਤ ਇਹ ਹਨ ਕਿ ਕੁਝ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੋਵਾਂ ਨੂੰ ਹੀ ਆਪਣੀਆਂ ਕੈਨੇਡਾ ਯਾਤਰਾਵਾਂ ਰੱਦ ਕਰਨੀਆਂ ਪਈਆਂ ਸਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ 'ਬਾਹਰਲੇ ਸਿੱਖ' ਜਿਨ੍ਹਾਂ ਦੇ ਪੁਰਖਿਆਂ ਨੇ ਸਿੱਖ ਧਰਮ ਧਾਰਨ ਕੀਤਾ ਸੀ, ਆਪਣੇ ਸਭਿਆਚਾਰਕ ਰਸਮਾਂ-ਰਿਵਾਜਾਂ ਨੂੰ ਮੰਨਦੇ ਰਹੇ ਅਤੇ ਕੁਝ ਹਿੰਦੂ ਰਸਮ-ਰਿਵਾਜ ਉਨ੍ਹਾਂ ਦੇ ਧਾਰਮਿਕ ਰਸਮ-ਰਿਵਾਜਾਂ ਦਾ ਹਿੱਸਾ ਬਣ ਕੇ ਗੁਰਦੁਆਰਾ ਸਾਹਿਬਾਨ ਦੀ ਮਰਿਯਾਦਾ ਦਾ ਵੀ ਹਿੱਸਾ ਬਣ ਗਏ।

ਇਸ ਦੇ ਨਾਲ-ਨਾਲ ਹੀ ਵੱਖਰੀ ਅਤੇ ਵਿਲੱਖਣ ਪਛਾਣ ਦਾ ਮੁੱਦਾ ਵੀ ਸਮੇਂ-ਸਮੇਂ ਉਤੇ ਉਭਰਦਾ ਰਿਹਾ ਹੈ ਖਾਸ ਤੌਰ ਉਤੇ ਆਰ.ਐਸ.ਐਸ. ਦੇ ਇਸ ਵਿਚਾਰ ਦੇ ਪ੍ਰਸੰਗ ਵਿਚ ਕਿ ਸਿੱਖ ਦਰਅਸਲ ਹਿੰਦੂ ਧਰਮ ਦਾ ਇੱਕ ਅੰਗ ਹਨ। ਸਿੱਖ ਹਮੇਸ਼ਾ ਹੀ ਇਹ ਕਹਿੰਦੇ ਆਏ ਹਨ ਕਿ ਸਿੱਖ ਵੱਖਰੀ ਕੌਮ ਹਨ ਅਤੇ ਉਨ੍ਹਾਂ ਦੀ ਵੱਖਰੀ ਪਛਾਣ ਤੇ ਅੱਡਰੀ ਹੋਂਦ-ਹਸਤੀ ਹੈ।


ਖਾੜਕੂ ਲਹਿਰ ਦਾ ਕੇਂਦਰ ਬਿੰਦੂ ਵੀ ਵੱਖਰੀ ਅਤੇ ਵਿਲੱਖਣ ਸਿੱਖ ਪਛਾਣ ਹੀ ਸੀ ਪਰ ਇਸ ਅਹਿਮ ਸਿਆਸੀ ਪਹਿਲੂ ਦਾ ਇਸ ਦੁਨੀਆ ਵਿਚ ਕੋਈ ਥਾਂ ਨਹੀਂ ਹੈ। ਲੇਖਕ ਇਸ ਬਿਰਤਾਂਤ ਨੂੰ 'ਨਫਰਤ ਭਰੀ ਦਹਿਸ਼ਤਗਰਦੀ' ਕਹਿ ਕੇ ਰੱਦ ਕਰਦਾ ਹੈ।

ਪੰਜਾਬ ਤੋਂ ਬਾਹਰਲੇ ਸਿੱਖਾਂ ਬਾਰੇ ਅਜੇ ਹੋਰ ਕੰਮ ਕਰਨ ਦੀ ਲੋੜ ਹੈ ਅਤੇ ਇਹ ਪੁਸਤਕ ਇਸ ਦਿਸ਼ਾ ਵਿਚ ਸਮੇਂ ਸਿਰ ਚੁੱਕਿਆ ਗਿਆ ਸਾਰਥਿਕ ਕਦਮ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਮਾਰਚ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-473



**ਚੱਲਦਾ ਘੋਲ ਦਿੱਲੀ ਦੇ ਵਿਚ ਭਾਰਾ, ਲੱਖਾਂ ਲੋਕ ਪਏ ਸੇਵ ਕਮਾਂਵਦੇ ਨੇ।**
**ਇਕ ਜਾਈ ਜਾਵੇ, ਦੋ ਆਈ ਜਾਵਣ, ਲਾਰਾ ਆਪਣਾ ਇੰਜ ਵਧਾਂਵਦੇ ਨੇ।**
**ਚੁੱਕਿਆ ਭਾਰ ਇਹ ਲੋਕਾਂ ਨੇ ਖੁਦ ਖਾਤਰ, ਸੱਤਾ ਤਾਈਂ ਪਏ ਅੱਖਾਂ ਦਿਖਾਂਵਦੇ ਨੇ।**
**ਕਹਿੰਦੇ ਬੈਠੇ ਹਾਂ ਇਥੇ ਹੀ ਹਿੱਕ ਡਾਹ ਕੇ, ਸਬਰ ਤੇਰਾ ਵੀ ਖੂਬ ਅਜ਼ਮਾਂਵਦੇ ਨੇ।**

### ਕੈਪਸ਼ਨ ਮੁਕਾਬਲਾ-471



ਕਿਸਾਨਾਂ ਨੇ ਲਾਇਆ ਮੋਰਚਾ
ਬੀਬੀਆਂ ਵੀ ਸਨ ਨਾਲ,
ਲੰਗਰ ਲਗਾਏ ਦਵਾਈਆਂ ਦੇ
ਕਿਤਾਬਾਂ ਦੇ ਲੱਗੇ ਸਟਾਲ।
ਉਮਰ ਨਾ ਲਾਵੇ ਬੰਦਿਸ਼ ਕੋਈ
ਜੇ ਸ਼ੌਕ ਪੜ੍ਹਨ ਦਾ ਜਾਗੇ,
ਖਰੀਦ ਪੁਸਤਕਾਂ ਸਿਰ ਧਰ ਕੇ
ਅਨਪੜ੍ਹਤਾ ਨਾ ਛੱਡੂੰ ਲਾਗੇ
*-ਸੇਵਾ ਸਿੰਘ ਨੂਰਪੁਰੀ*

---

ਕਿਤਾਬਾਂ ਦਾ ਗੱਠੜ ਸਿਰ 'ਤੇ ਚੁੱਕਿਆ,
ਵੰਡਣ ਤੁਰ ਪਈ ਬੇਬੇ ਰਕਾਨ।
ਪੜ੍ਹੋ, ਵਿਚਾਰੋ, ਅਮਲ ਕਰੋ,
ਦੇਵਣ ਇਹ ਅਨਮੋਲ ਗਿਆਨ।
ਧੀ ਪੜ੍ਹਾਓ, ਕੁੱਲ ਪੜ੍ਹਾਏਗੀ,
ਸੁਣ ਲਓ ਗੱਲ ਨਾਲ ਧਿਆਨ।
*-ਦਵਿੰਦਰ ਕੌਰ*

---

ਸਿਰ 'ਤੇ ਧਰ ਕੇ ਗਿਆਨ ਖਜਾਨਾ
ਵੰਡਣ ਲਈ ਮੈਂ ਜਾਵਾਂਗੀ।
ਸਾਡੀ ਲੁੱਟ ਕਿਵੇਂ ਹੈ ਹੁੰਦੀ
ਲੋਕਾਂ ਤਾਈਂ ਪੜ੍ਹਾਵਾਂਗੀ।
'ਲੜੇ ਬਿਨਾ ਹੁਣ ਸਰਨਾ ਨਹੀਂਓਂ'
ਸੁਨੇਹਾ ਸਭ ਨੂੰ ਲਾਵਾਂਗੀ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮਾਂ ਦੀ ਮਮਤਾ ਦਾ ਤਪ ਦੱਸੇ
ਧੀਆਂ-ਪੁੱਤਾਂ ਨੂੰ ਕਿਵੇਂ ਪਾਲੀਦਾ।
ਤਾਉਮਰ ਬੱਚਿਆਂ ਲਈ ਇੰਜ ਤਪੇ
ਜਿਵੇਂ ਲੋਹੇ ਨੂੰ ਭੱਠੀ 'ਚ ਢਾਲੀਦਾ।
ਧਰਤੀ ਮਾਂ ਨਾਲੋਂ ਵੀ ਵੱਧ ਜਿਉਂਦੀ ਮਾਂ
ਕਿਸਾਨੀ ਅੰਦੋਲਨ 'ਚ ਹੱਥ ਵਟਾਵੇ।
ਸ਼ਾਂਤਮਈ ਰੋਸ ਦੇ ਬੰਡਲ ਸਿਰ 'ਤੇ ਚੁੱਕੇ
ਪਿੰਡ ਪਿੰਡ, ਘਰ ਘਰ ਜਾਗਰੂਕ ਹੋ ਜਾਵੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਢੋਈ ਟੋਕਰੀ ਜਿਨ੍ਹੀਂ
ਚੋਇਆ ਮੁੜ੍ਹਕਾ ਧਰਤ 'ਤੇ ਜਿਨ੍ਹੀਂ
ਸਬਕ ਦਿੰਦੇ ਓਹੀ
ਪੜ੍ਹ ਜਾਓਗੇ ਜੇ
ਕੁਰਸੀ 'ਤੇ ਬੈਠੋਗੇ
ਨਹੀਂ ਤਾਂ ਘੱਟਾ ਫੱਕਦੇ ਰਹੋਗੇ।
'ਸਿਆਣੇ ਦਾ ਕਿਹਾ
ਔਲੇ ਦਾ ਖਾਧਾ
ਅਸਰ ਬਾਅਦ 'ਚ ਹੀ ਪਤਾ ਲੱਗਦਾ।'
*-ਦਰਸ਼ਨਪਾਲ ਦੋਸਾਂਝ*

# ਕਿਸਾਨ-ਮਜ਼ਦੂਰ ਸੰਘਰਸ਼

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਕਿਸਾਨ ਮਜ਼ਦੂਰ ਸੰਘਰਸ਼ ਹੁੰਦਾ ਹੀ ਚਲਿਆ ਆਇਆ ਹੈ, ਕਿਸਾਨ ਮਜ਼ਦੂਰ ਦੀ ਜ਼ਿੰਦਗੀ ਆਪਣੇ ਆਪ 'ਚ ਇੱਕ ਸੰਘਰਸ਼ ਹੈ: ਇਸ ਦੇ ਕਈ ਰੂਪ ਤੇ ਸੁਭਾਅ ਹਨ। ਕਿਸਾਨ ਮਜ਼ਦੂਰ ਦਾ ਆਪਸੀ ਰਿਸ਼ਤਾ ਅਟੁੱਟ ਹੈ। ਦੋਹਾਂ ਦੀ ਹੋਂਦ ਇੱਕ ਦੂਸਰੇ ਨਾਲ ਜੁੜੀ ਹੋਈ ਹੈ। ਇੁਨਾਂ ਦਾ ਆਪਸੀ ਸਬੰਧ ਇੱਕ ਦੂਜੇ ਲਈ ਸਾਹ ਰਗ ਦਾ ਕੰਮ ਕਰਦਾ ਹੈ। ਅੱਜ ਦੇ ਮਸ਼ੀਨੀ ਯੁੱਗ ਨੇ ਭਾਵੇਂ ਕੁੱਝ ਨਵਾਂ ਮੋੜਾ ਲਿਆ ਹੈ ਪਰ ਇਹ ਰਿਸ਼ਤਾ ਸੰਪੂਰਨ ਬਰਕਰਾਰ ਹੈ। ਖੇਤੀ ਕਾਨੂੰਨਾਂ ਦੇ ਵਿਰੋਧ 'ਚ ਦਿੱਲੀ ਦੇ ਬਾਰਡਰਾਂ ਤੇ ਚੱਲ ਰਹੇ ਸੰਘਰਸ਼ ਨੇ ਇਸ ਰਿਸ਼ਤੇ ਨੂੰ ਖੁੱਲ ਕੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਹਰ ਇੱਕ ਕਿਸਾਨ, ਚਾਹੇ ਵੱਡਾ ਹੈ ਜਾਂ ਛੋਟਾ ਇਹ ਇੱਕ ਇੱਕ ਇਕਾਈ ਹੈ; ਇਹਨਾਂ ਦਾ ਆਪੋ ਆਪਣਾ ਅੱਡੋ-ਅੱਡ ਫਸਲ ਦੀ ਪੈਦਾਵਾਰ ਦਾ ਵੱਖੋ-ਵੱਖਰਾ ਜੁਗਾੜ ਹੈ। ਖੇਤੀ ਦੇ ਮਸ਼ੀਨੀਕਰਨ ਹੋਣ ਤੋਂ ਪਹਿਲਾਂ ਕਿਸਾਨ ਦਾ ਸਾਰਾ ਟੱਬਰ ਖੇਤੀ ਕੰਮ ਵਿੱਚ ਆਪੋ ਆਪਣਾ ਯੋਗਦਾਨ ਪਾਉਂਦਾ ਸੀ, ਨਿੱਕੇ ਨਿਆਣਿਆਂ ਤੋਂ ਲੈ ਕੇ ਬਿਰਧ ਹੋ ਗਏ ਬਜ਼ੁਰਗਾਂ ਤੱਕ। ਤਿੰਨ ਕੁ ਸਾਲ ਦੇ ਬੱਚੇ ਨੂੰ ਖੂਹ ਨੂੰ ਚਾਹ ਦਾ ਡੋਲੂ ਲੈ ਕੇ ਤੋਰ ਦਈਦਾ ਸੀ ਤੇ ਨਾਲ ਕਹਿ ਦੇਣਾ ਕਿ ਮੁੜਦਾ ਇਸੇ ਡੋਲੂ 'ਚ ਦੁੱਧ ਪੁਆ ਕੇ ਲੈ ਆਈਂ। ਸਿਆਣੇ ਬਜ਼ੁਰਗ ਹੱਡ ਪੈਰ ਚਲਦੇ ਰੱਖਣ ਲਈ, ਅਤੇ ਘਰ ਦੇ ਕੰਮ ਕਾਜ 'ਚ ਸਹਾਈ ਹੁੰਦੇ ਰਹਿਣ ਲਈ, ਪਸ਼ੂਆਂ ਨੂੰ ਪਾਣੀ ਪਿਆ ਦੇਣਾ, ਖੋਲ੍ਹ ਕੇ ਏਧਰੋਂ-ਓਧਰ ਬੰਨ੍ਹ ਦੇਣਾ ਅਤੇ ਰਾਖੀ ਆਦਿ ਦਾ ਕੰਮ ਬਿਨ ਦੱਸਿਆਂ-ਪੁੱਛਿਆਂ ਹੀ ਕਰੀ ਜਾਇਆ ਕਰਦੇ ਸਨ ਤੇ ਇੰਜ ਖੇਤੀ ਦੇ ਕਾਰਖਾਨੇ ਦੀ ਮਸ਼ੀਨ ਆਪੇ ਹੀ ਆਟੋ ਮੋਡ 'ਚ ਲੱਗੀ ਚੱਲੀ ਜਾਂਦੀ ਸੀ। ਜੇ ਕੋਈ ਘਰ ਦਾ ਜੀਅ ਕੰਮ-ਚੋਟਾ ਹੋਵੇ ਤਾਂ ਉਸ ਨੂੰ ਵਾਂਢੇ ਜਾਣ ਆਉਣ ਦਾ ਜ਼ੁੰਮਾ ਸੌਂਪ ਦਿੱਤਾ ਜਾਂਦਾ ਸੀ ਅਤੇ ਸ਼ਹਿਰੋਂ, ਘਰ ਤੇ ਖੇਤੀ ਦੀਆਂ ਲੋੜੀਂਦੀਆਂ ਚੀਜ਼ਾਂ-ਵਸਤਾਂ ਲਿਆਉਣ ਦਾ ਜ਼ੁੰਮਾ ਲਾ, ਕੰਮ ਉਸ ਤੋਂ ਵੀ ਉਤਨਾ ਹੀ ਲੈ ਲਿਆ ਜਾਂਦਾ ਸੀ।

ਹਰੇ ਇਨਕਲਾਬ ਤੋਂ ਪਹਿਲਾਂ ਪੁਸ਼ਤਾਂ ਤੋਂ ਹੀ ਇੱਕ ਰੁਝਾਨ ਬਣਿਆਂ ਚਲਿਆ ਆ ਰਿਹਾ ਸੀ ਕਿ ਖੇਤੀ 'ਚ ਹੱਥ ਵਟਾਉਣ ਲਈ ਇੱਕ ਸਾਂਝੀ ਕਾਮਾ ਸਾਰਾ ਸਾਲ, ਉਸ ਕਿਸਾਨ ਪਰਿਵਾਰ ਨਾਲ ਰੋਟੀ 'ਤੇ ਹੀ ਕੰਮ ਕਰਵਾਉਂਦਾ ਰਹਿੰਦਾ ਸੀ ਤੇ ਅਖੀਰ ਫਸਲ ਆਉਣ 'ਤੇ ਉਸ ਨੂੰ ਕੰਮ ਕਰਾਉਣ ਦੇ ਇਵਜ਼ ਵਜੋਂ ਫਸਲ ਦਾ ਕੁੱਝ ਹਿੱਸਾ ਦੇ ਦਿੱਤਾ ਜਾਂਦਾ ਸੀ, ਪਰ ਕਈਆਂ ਨਾਲ ਫਸਲ ਦੀ ਮਿਕਦਾਰ ਮਿਥੀ ਹੁੰਦੀ ਸੀ ਜਿਸ ਨੂੰ ਪੰਜ-ਦੁਪੰਜੀ ਕਹਿੰਦੇ ਸਨ, ਪੰਜਾਂ ਹਿੱਸਿਆਂ 'ਚੋਂ ਦੋ ਹਿੱਸੇ ਮਜ਼ਦੂਰ ਦੇ ਤੇ ਤਿੰਨ ਕਿਸਾਨ ਦੇ: ਜਾਂ ਇੰਜ ਕਹਿ ਲਈਏ ਕਿ ਚਾਲੀ ਪ੍ਰਤੀਸ਼ਤ ਕੰਮ ਕਰਨ ਵਾਲੇ ਦਾ ਤੇ ਸੱਠ ਪ੍ਰਤੀਸ਼ੱਤ ਕਿਸਾਨ ਦਾ ਹਿੱਸਾ। ਇੰਜ ਹਿੱਸੇ ਤੇ ਕੰਮ ਕਰਵਾਉਣ ਵਾਲੇ ਨੂੰ ਸੀਰੀ ਕਹਿੰਦੇ ਸਨ, ਜੋ ਸਾਰਾ ਸਾਲ ਕਿਸਾਨ ਪਰਿਵਾਰ ਨਾਲ ਘਰ ਦੇ ਜੀਆਂ ਵਾਂਗ ਹੀ ਹਰ ਖੇਤੀ ਦੇ ਕੰਮ ਕਾਜ ਨੂੰ ਸਿਰੇ ਚਾੜ੍ਹਨ ਲਈ ਤਤਪਰ ਤੇ ਹਾਜ਼ਰ ਰਹਿੰਦਾ ਸੀ। ਇਸ ਤਰ੍ਹਾਂ ਬਹੁਤੇ ਕਿਸਾਨ ਪਰਿਵਾਰਾਂ ਦਾ, ਵਿੱਤ ਮੁਤਾਬਕ ਇੱਕ ਇੱਕ ਸੀਰੀ ਪਰਿਵਾਰ ਅੱਗੇ ਤੋਂ ਅੱਗੇ ਪੁਸ਼ਤ ਦਰ ਪੁਸ਼ਤ ਚਲਿਆ ਆਉਂਦਾ ਸੀ। ਸੱਠਵਿਆਂ ਦੇ ਹਰੇ ਇਨਕਲਾਬ ਵੇਲੇ ਤਬਦੀਲੀ ਦਾ ਰੁਖ਼ ਆਇਆ ਤਾਂ ਨਕਦ ਪੈਸਿਆਂ ਤੇ ਜੋਤੇ ਅਤੇ ਦਿਹਾੜੀਆਂ ਕਰਨ ਦਾ ਰਿਵਾਜ਼ ਪ੍ਰਚੱਲਤ ਹੋ ਗਿਆ। ਹਰ ਕੰਮ ਪੈਸੇ ਦੇ ਕੇ ਕਰਵਾਇਆ ਜਾਣ ਲੱਗਾ; ਕਿਸਾਨ ਨਾਲ ਕੰਮ ਕਰਵਾਉਣ ਵਾਲੇ ਹੁਣ ਫਸਲ ਦੇ ਹਿੱਸੇ ਦੀ ਥਾਂ ਨਕਦ ਪੈਸਿਆਂ ਤੇ ਕੰਮ ਕਰਨ ਲੱਗੇ: ਚਾਹੇ ਉਹ ਪੈਸੇ ਦਿਹਾੜੀ ਦੇ ਹੋਣ, ਮਹੀਨੇ ਦੇ ਜਾਂ ਪ੍ਰਤੀ ਸਾਲ ਦੀ ਮਿਥੀ ਤਨਖਾਹ। ਸਮੇਂ ਦੇ ਬਦਲਾ ਨਾਲ ਕਿਸਾਨ ਮਜ਼ਦੂਰ ਦੇ ਰਿਸ਼ਤੇ ਦੀ ਸਾਂਝ, ਕੰਮ ਬਦਲੇ ਫਸਲ ਦਾ ਹਿੱਸਾ ਦੇਣ ਦੀ ਥਾਂ ਪੈਸਿਆਂ ਨੇ ਲੈ ਲਈ। ਜਦ ਗੱਲ ਪੈਸਿਆਂ ਦੀ ਆ ਗਈ ਤਾਂ ਇੱਕੋ ਪਰਿਵਾਰ ਨਾਲ ਕੰਮ ਕਰਦੇ ਰਹਿਣ ਦੀ ਪ੍ਰਤੀਬੱਧਤਾ ਵੀ ਖਤਮ ਹੋ ਗਈ। ਵੱਧ ਪੈਸੇ ਲੈ ਕੇ ਕਿਸੇ ਵੀ ਕਿਸਾਨ ਨਾਲ ਕੰਮ ਕਰਨ ਦਾ ਰਾਹ ਪੱਧਰਾ ਹੋ ਗਿਆ ਤੇ ਪੁਸ਼ਤਾਂ ਤੋਂ ਚਲੀ ਆ ਰਹੀ ਸਾਂਝ ਨੂੰ ਸਮੇਂ ਦੀ ਰਫ਼ਤਾਰ ਨੇ ਨਕਦ ਪੈਸਿਆਂ ਨਾਲ ਬੰਨ ਦਿੱਤਾ।

ਕਿਸਾਨ ਮਜ਼ਦੂਰ ਸੰਘਰਸ਼ ਦੀਆਂ ਇੱਕ ਦੋ ਘਟਨਾਵਾਂ ਜਿਹੜੀਆਂ ਮੇਰੇ ਆਪਣੇ ਜੀਵਨ ਦਾ ਹਿੱਸਾ ਹਨ, ਮੈਂ ਜ਼ਿਕਰ ਕਰਦਾਂ। ਇੱਕ ਸਾਲ ਸਾਡੀ ਕਣਕ ਦੇ ਦੋ ਖੇਤ ਅਗੇਤੇ ਪੱਕ ਗਏ, ਤੇ ਅਗੇਤੀ ਹੀ ਵਾਢੀ ਕਰਵਾਉਣੀ ਪਈ। ਵਾਢੇ ਕਣਕ ਵੱਢ ਕੇ ਭਰੀਆਂ ਤਾਂ ਬੰਨ ਗਏ ਪਰ ਭਰੀਆਂ ਚੁੱਕ ਕੇ ਖਲ਼ੀ ਲਾਉਣ ਤੋਂ ਇਨਕਾਰੀ ਹੋ ਗਏ। ਸਾਡੇ ਖੂਹ ਦੇ ਪਿੜ ਤੋਂ ਇੱਕ ਖੇਤ ਦੇ ਫਾਸਲੇ ਨਾਲ, ਸਾਡੀ ਉਹ ਦੋ ਖੇਤਾਂ ਦੀ ਕਣਕ ਸੀ। ਵਾਢੀ ਦੀਆਂ ਬਣਦੀਆਂ ਕਣਕ ਦੀਆਂ ਭਰੀਆਂ ਉਹ ਪਹਿਲਾਂ ਹੀ ਲੈ ਗਏ ਤੇ ਹੁਣ ਖਲ਼ੀ ਲਾਉਣ ਦੀਆਂ ਉਤਨੀਆਂ ਹੀ ਹੋਰ ਮੰਗਦੇ ਸਨ, ਜਿਹੜੀਆਂ ਉੱਕਾ ਹੀ ਨਾ ਮੁਮਕਨ ਤੇ ਸਾਡੇ ਹਿਸਾਬ ਨਾਲ ਨਾਜਾਇਜ਼ ਸਨ। ਉਨ੍ਹਾਂ ਨੂੰ ਇਹ ਪਤਾ ਸੀ ਕਿ ਮੈਂ ਤਾਂ ਕਾਲਜ ਪੜ੍ਹਨ ਜਾਂਦਾ ਹਾਂ; ਬਾਪੂ ਜੀ ਇਕੱਲੇ ਦੋ ਖੇਤਾਂ ਦੀਆਂ ਭਰੀਆਂ ਚੁੱਕ ਕੇ ਖਲ਼ੀ ਲਾ ਨਹੀਂ ਸਕਦੇ ਤੇ ਹਰ ਹਾਲਤ ਜਿਨ੍ਹਾਂ ਕਣਕ ਵੱਢੀ ਉਨ੍ਹਾਂ ਤੋਂ ਹੀ ਖਲ਼ੀ ਲਗਵਾਉਣਗੇ! ਸੋ ਕਿਉਂ ਨਾ ਇਸ ਮਜ਼ਬੂਰੀ ਤਹਿਤ ਦੂਹਰੀ ਮਿਹਨਤ ਲੈਣ ਦਾ ਮਾਂਜਾ ਲਾਇਆ ਜਾਏ। ਮੇਰੇ ਮਨ ਨੂੰ ਉਨ੍ਹਾਂ ਦੀ ਇਹ ਖੇਡ ਹੋ ਰਹੀ ਚਤੁਰਾਈ, ਉੱਕਾ ਹੀ ਨਾ ਭਾਈ ਤੇ ਮੈਂ ਕੋਰਾ ਕਹਿ ਦਿੱਤਾ ਕਿ ਤੁਹਾਨੂੰ ਬਣਦੀ ਮਿਹਨਤ ਦੇ ਦਿੱਤੀ ਹੈ ਤੇ ਤੁਸੀਂ ਕੰਮ ਅਧੂਰਾ ਛੱਡ ਕੇ ਆਪਣੀ ਜ਼ੁੰਮੇਵਾਰੀ ਨਿਭਾਉਣ ਤੋਂ ਇਨਕਾਰੀ ਹੋ ਰਹੇ ਹੋ। ਤਿੰਨ ਚਾਰ ਦਿਨ ਇਹ ਘਸ ਘਸ ਚਲਦੀ ਰਹੀ।

ਇਸੇ ਦੌਰਾਨ ਸਾਨੂੰ ਇਹ ਸੁਨੇਹੇ ਮਿਲਣ ਲੱਗੇ ਕਿ ਵਾਧੂ ਹੋਰ ਕਣਕ ਦੀਆਂ ਭਰੀਆਂ ਉਨ੍ਹਾਂ ਨੂੰ ਦੇਵਾਂਗੇ ਤਾਂ ਉਹ ਖਲ਼ੀ ਲਾਉਣਗੇ, ਅੱਗੋਂ ਉਨ੍ਹਾਂ ਇਹ ਵੀ ਠੋਕ ਕੇ ਕਹਿ ਦਿੱਤਾ ਕਿ ਤੁਸੀਂ ਕਿਹੜਾ ਆਪ ਚੁੱਕ ਕੇ ਖਲ਼ੀ ਲਾ ਲੈਣੀ ਹੈ? ਕੰਮ ਤਾਂ ਸਾਥੋਂ ਹੀ ਕਰਵਾਉਣਾ ਪਊ। ਇਹ ਮੈਨੂੰ ਉੱਕਾ ਹੀ ਬਲੈਕ ਮੇਲ ਲੱਗਿਆ ਤੇ ਮਨ ਦੁਬਿਦਾ 'ਚ ਪੈ ਗਿਆ ਕਿ ਹੁਣ ਕੀਤਾ ਕੀ ਜਾਏ? ਇੱਕ ਪਾਸੇ ਮਜ਼ਬੂਰੀ ਹੈ ਤੇ ਦੂਜੇ ਪਾਸੇ ਗੱਲ ਅਸੂਲ ਦੀ ਹੈ।- ਉਨ੍ਹਾਂ ਦਿਨਾਂ 'ਚ ਸਾਡੇ ਖੂਹ ਤੇ ਇੱਕ ਰਾਜ ਮਿਸਤਰੀ, ਜਿਸ ਦਾ ਨਾਂ ਭਜਨ ਸਿੰਘ ਸੀ, ਉਹ ਦਿਨੇ ਪਿੰਡ 'ਚ ਰਾਜਗਿਰੀ ਕਰਕੇ ਰਾਤ ਨੂੰ ਸਾਡੇ ਖੂਹ ਤੇ ਬਾਪੂ ਜੀ ਦੇ ਕੋਲ ਹੀ ਸੌਂ ਜਾਇਆ ਕਰਦਾ ਸੀ। ਉਹ ਕੁੱਪ-ਰੋਹੀੜੇ ਦਾ ਸੀ, ਜਿੱਥੇ ਵੱਡੇ ਘੱਲੂਘਾਰੇ ਦਾ ਸਾਕਾ ਵਾਪਰਿਆ ਸੀ ਤੇ ਹਜ਼ਾਰਾਂ ਹੀ ਸਿੰਘ ਸ਼ਹੀਦ ਹੋਏ ਸਨ। ਮੈਂ ਇਹ ਵੀ ਦੱਸ ਦਿਆਂ ਕਿ ਸਾਡੇ ਨਾਲ ਉਸ ਦਾ ਸਬੰਧ ਕਿਵੇਂ ਪੈ ਗਿਆ?-ਜਦੋਂ ਅਸੀਂ ਲੁਧਿਆਣੇ ਤੋਂ 'ਜਿੰਦਲ ਐਂਡ ਕੰਪਨੀ' ਤੋਂ ਨਵਾਂ ਪੇਟੀ ਬੰਦ ਕਿਰਲੋਸਕਰ ਇੰਜਨ ਖ੍ਰੀਦਿਆ ਤਾਂ ਜਿੰਦਲਾਂ ਨੂੰ ਹੀ ਪੁੱਛ ਲਿਆ ਕਿ ਜੇ ਤੁਹਾਡੇ ਕੋਲ ਕੋਈ ਕਾਰੀਗਰ ਹੈਗਾ ਤਾਂ ਉਹ ਸਾਡੇ ਖੂਹ 'ਤੇ ਜਾ ਕੇ ਇਹ ਇੰਜਨ ਚਲਦਾ ਕਰ ਖੂਹ 'ਚੋਂ ਟਿਊਬਵੈਲ ਨਾਲ ਪਾਣੀ ਨਿਕਲਦਾ ਕਰ ਆਏ; ਤਾਂ ਉਨ੍ਹਾਂ ਝੱਟ ਹੀ ਮਿਸਤਰੀ ਬਚਨ ਸਿੰਘ ਦੀ ਦੱਸ ਪਾਈ ਤੇ ਉਸ ਨੂੰ ਉੱਥੇ ਬੁਲਾ ਲਿਆ: ਉਸ ਵਾਅਦਾ ਕੀਤਾ ਕਿ ਚੌਥੇ ਦਿਨ ਨੂੰ ਉਹ ਰਾਜ ਮਿਸਤਰੀ ਵੀ ਆਪਣੇ ਨਾਲ ਲੈ ਸਵੇਰੇ ਦਸ ਵਜੇ ਸਾਡੇ ਖੂਹ ਤੇ ਪੁੱਜ ਜਾਏਗਾ। ਵਾਅਦੇ ਮੁਤਾਬਕ ਬਚਨ ਸਿੰਘ ਆਪਣੇ ਹੀ ਮੋਟਰ ਸਾਈਕਲ ਤੇ ਰਾਜ ਮਿਸਤਰੀ ਭਜਨ ਸਿੰਘ ਨੂੰ ਨਾਲ ਲੈ ਆਇਆ।

ਬਚਨ ਸਿੰਘ ਤਾਂ ਪਾਈਪ ਖੂਹ 'ਚ ਵਰਾ ਕੇ ਪੱਖੇ ਨਾਲ ਕੱਸ ਇੰਜਨ ਦੀ ਸੇਧ ਵੇਧ ਕਰਕੇ ਤੇ ਫੱਟੇ 'ਤੇ ਇੰਜਨ ਕੱਸ ਟਿਊਬਵੈਲ ਚਲਦਾ ਕਰ ਆਇਆ ਪਰ ਭਜਨ ਸਿੰਘ ਨੂੰ ਸਾਡੇ ਖੂਹ ਤੇ ਹੀ ਛੱਡ ਆਇਆ ਕਿ ਉਹ ਇੰਜਨ ਵਾਲੀ ਥੜੀ ਤੇ ਇੰਜਨ ਵਾਲੀ ਕੋਠੀ ਦਾ ਕੰਮ ਪੂਰਾ ਕਰਕੇ ਹਫਤੇ ਦਸਾਂ ਦਿਨਾਂ ਮਗਰੋਂ ਲੁਧਿਆਣੇ ਪਰਤ ਆਏ। ਹੋਇਆ ਇਹ ਕਿ ਸਾਡਾ ਤਾਂ ਕੰਮ ਹਫਤੇ 'ਚ ਮੁੱਕ ਗਿਆ ਪਰ ਲਗਦੇ ਹੀ ਹੱਥ ਭਜਨ ਸਿੰਘ ਨੂੰ ਸਾਡੇ ਪਿੰਡ 'ਚ ਹੀ ਮਕਾਨਾਂ ਦੀ ਉਸਾਰੀ ਦਾ ਕੰਮ ਐਸਾ ਲੜੀ ਦਰ ਲੜੀ ਮਿਲਦਾ ਗਿਆ ਕਿ ਉਹ ਤਾਂ ਸਾਲ ਭਰ ਹੀ ਸਾਡੇ ਖੂਹ ਤੇ ਰਿਹਾ। ਦਿਨੇ ਪਿੰਡ 'ਚ ਰਾਜਗਿਰੀ ਦੀ ਦਿਹਾੜੀ ਕਰ ਤੇ ਉੱਥੇ ਹੀ ਰੋਟੀ ਪਾਣੀ ਛਕ ਰਾਤ ਨੂੰ ਸਾਡੇ ਖੂਹ ਤੇ ਆ ਕੇ ਸੌਂ ਜਾਇਆ ਕਰੇ।-ਹਾਂ ਵੱਢੀ ਕਣਕ ਦੀ ਖਲ਼ੀ ਲਾਉਣ ਦੀ ਰੋਜ਼ ਹੁੰਦੀ ਘੁਸਰ-ਮੁਸਰ ਉਹ ਵੀ ਸੁਣਦਾ ਰਿਹਾ; ਤੇ ਇੱਕ ਦਿਨ ਮੈਨੂੰ ਕਹਿੰਦਾ ਕਿ ਜੇ ਮੈਂ ਹਿੰਮਤ ਕਰਾਂ, ਤਾਂ ਉਹ ਮੈਨੂੰ ਖੇਤ 'ਚ ਪਈਆਂ ਭਰੀਆਂ ਚੁਕਾ ਦਏਗਾ ਤੇ ਮੈਂ ਆਪ ਸਿਰ ਤੇ ਚੁੱਕ ਖਲ਼ੀ ਲਾ ਲਵਾਂ, ਉਸ ਦੀ ਇਹ ਪੇਸ਼ਕਸ਼ ਮੈਨੂੰ ਬੜੀ ਚੰਗੀ ਲੱਗੀ, ਕਹਾਵਤ ਹੈ 'ਅੰਨਾ ਕੀ ਭਾਲੇ ਦੋ ਅੱਖਾਂ' ਅਗਲੀ ਰਾਤ ਉਹ ਕੰਮ ਤੋਂ ਆ ਕੇ ਮੈਨੂੰ ਭਰੀਆਂ ਚੁਕਾਉਂਦਾ ਰਿਹਾ ਤੇ ਮੈਂ ਸਿਰ ਤੇ ਚੁੱਕ ਚੁੱਕ ਲਿਆਉਂਦਾ ਰਿਹਾ, ਚੰਦ ਦੀ ਚਾਨਣੀ ਸੀ, ਸੂਰਜ ਚੜ੍ਹਨ ਤੋਂ ਪਹਿਲਾਂ ਦੋ ਖੇਤਾਂ ਦੀ ਵੱਢੀ ਕਣਕ ਦੀਆਂ ਭਰੀਆਂ ਦੀ ਖਲ਼ੀ ਲਾ ਦਿੱਤੀ। ਜਿਨ੍ਹਾਂ ਕਣਕ ਵੱਢੀ ਸੀ ਉਹ ਵੀ ਹੈਰਾਨ ਤੇ ਆਂਢ ਗੁਆਂਢ ਦੇ ਖੂਹਾਂ ਵਾਲੇ ਵੀ ਕਿ ਕੱਲ ਸ਼ਾਮ ਤਾਂ ਭਰੀਆਂ ਖੇਤ 'ਚ ਪਈਆਂ ਸਨ ਤੇ ਸਵੇਰੇ ਦੇਖਿਆ ਤਾਂ ਖੇਤ ਦੇ ਫਾਸਲੇ ਤੇ ਪਿੜ 'ਚ ਖਲ਼ੀ ਲੱਗੀ ਹੋਈ ਸੀ। ਸਾਰੀ ਰਾਤ ਭਰੀਆਂ ਚੁਕਾਉਂਦਾ ਭਜਨ ਸਿੰਘ ਨਹਾ ਧੋ ਕੇ ਪਿੰਡ ਆਪਣੀ ਰਾਜਗਿਰੀ ਕਰਨ ਚਲਾ ਗਿਆ ਤੇ ਮੈਂ ਤਿਆਰ ਹੋ ਡੀ ਏ ਵੀ ਕਾਲਜ ਜਲੰਧਰ ਪੜ੍ਹਨ ਚਲਾ ਗਿਆ।

ਮੇਰੇ ਲਈ ਇਹ ਗੱਲ ਇੱਕ ਬਹੁਤ ਵੱਡਾ ਸੰਘਰਸ਼ ਜਿੱਤਣ ਵਾਂਗ ਸੀ: ਮੈਨੂੰ ਇਹ ਆਪਣੇ ਅਸੂਲ ਦੀ ਜਿੱਤ ਲੱਗੀ।-ਹਾਂ! ਮੈਂ ਇਹ ਵੀ ਦੱਸ ਦਿਆਂ ਕਿ ਪਿੰਡੋਂ ਡੀ ਏ ਵੀ ਕਾਲਜ ਜਲੰਧਰ ਪਹੁੰਚਣ ਨੂੰ ਘੱਟੋ ਘੱਟ ਦੋ ਘੰਟੇ ਦਾ ਸਮਾਂ ਲਗਦਾ ਸੀ, ਘਰੋਂ ਗੁਰਾਇਆ ਤੱਕ ਸਾਈਕਲ ਤੇ ਜਾਣਾ, ਸਾਈਕਲ ਉੱਥੇ ਛੱਡ, ਜਲੰਧਰ ਤੱਕ ਬੱਸ 'ਚ ਤੇ ਅੱਗੇ ਬੱਸ ਅੱਡੇ ਤੋਂ ਸਦਰ ਬਜ਼ਾਰ ਛਾਉਣੀ ਤੋਂ ਚਲਦੀ ਤਿੰਨ ਨੰਬਰ ਲੋਕਲ ਬੱਸ ਫੜ ਕਾਲਜ ਪਹੁੰਚੀਦਾ ਸੀ, ਸਵੇਰੇ ਨੌਂ ਵਜੇ ਮੇਰੀ ਪਹਿਲੀ ਕਲਾਸ ਸ਼ੁਰੂ ਹੁੰਦੀ ਸੀ। ਇਸੇ ਤ੍ਰਰਾਂ ਸਾਰਾ ਦਿਨ ਕਲਜ ਪੜ੍ਹਨ ਉਪਰੰਤ ਕਿਤੇ ਰਾਤ ਨੂੰ ਘਰ ਪਹੁੰਚ ਹੁੰਦਾ ਸੀ। ਮੇਰੇ ਲਈ ਇਹ ਇੱਕ ਸੰਘਰਸ਼ ਸੀ, ਕਿਸਾਨੀ ਕਰਨ ਦੇ ਨਾਲ ਨਾਲ ਮੈਂ ਵਿਦਿਆਰਥੀ ਵੀ ਸੀ। ਖੇਤ ਮਜ਼ਦੂਰਾਂ ਨੂੰ ਬਣਦੀ ਮਿਹਨਤ ਮਜ਼ਦੂਰੀ ਦੇਣ ਨੂੰ ਤਾਂ ਕੋਈ ਝਿਜਕ ਨਹੀਂ ਸੀ ਪਰ ਮਜਬੂਰੀ ਬੱਸ ਉਹ ਜੋ ਡੇਢੀ-ਦੁਗਣੀ ਮਿਹਨਤ ਮੰਗਦੇ ਸਨ, ਉਹ ਗਲਤ ਲਗਦਾ ਸੀ। ਬਹੁਤਾ ਕੰਮ ਖੇਤੀ ਦਾ ਆਪ ਹੀ ਕਰੀਦਾ ਸੀ, ਅਤਿ ਲੋੜ ਹੋਣ ਤੇ ਹੀ ਕਾਮਿਆਂ ਤੋ ਕਰਵਾਉਣਾ ਪੈਂਦਾ ਸੀ, ਇਤਨੀ ਸਰੱਗੀ ਨਹੀਂ ਸੀ ਆਈ ਕਿ ਆਪ ਵਿਹਲੇ ਰਹਿ ਸਾਰਾ ਕੰਮ ਕਾਮਿਆਂ ਤੋਂ ਹੀ ਕਰਵਾਈਏ; ਭਾਵੇ ਹੁਣ ਸਾਰੀ ਜ਼ਮੀਨ ਸੇਂਜੂ ਹੋਣ ਕਾਰਨ ਫਸਲਾਂ ਚੰਗੀ ਪੈਦਾਵਾਰ ਦੇਣ ਲੱਗੀਆਂ ਸਨ ਅਤੇ ਪੈਸੇ ਵੀ ਵੱਟੇ ਜਾਣ ਲੱਗੇ ਸਨ ਪਰ ਫਿਰ ਵੀ ਕਾਮਿਆਂ ਦੇ ਬਰਾਬਰ ਨਾਲ ਡਟ ਕੇ ਕੰਮ ਕਰਨੋ ਕਦੇ ਵੀ ਨੱਕ ਨੀ ਸੀ ਵੱਟਿਆ।

ਇਸੇ ਵਰਗੀ ਇੱਕ ਹੋਰ ਘਟਨਾ ਵੀ ਦੱਸਦਾਂ, ਜਿਹੜੇ ਕਾਮੇ ਪਿੰਡੋਂ ਸਾਡੀ ਕਣਕ ਵੱਢਦੇ ਸਨ ਤੇ ਮਸ਼ੀਨ ਨਾਲ ਕੁਤਰਾਈ/ਗਹਾਈ ਕਰ ਕਰਾ ਕਣਕ ਦੀ ਸਾਂਭ ਸੰਭਾਲ ਅਤੇ ਤੂੜੀ ਦੇ ਕੁੱਪ ਵੀ ਬੰਨਾਉਂਦੇ ਸਨ, ਉਹ ਇੱਕ ਸਾਲ ਅੜ ਗਏ ਕਿ ਜੋ ਉਨ੍ਹਾਂ ਨੂੰ ਕਣਕ ਗਹਾਈ ਅਤੇ ਕੁੱਪ ਬੰਨ੍ਹਾਈ ਦਾ ਭਾਅ {ਭਾਵ ਕਣਕ} ਦਿੰਦੇ ਸੀ ਉਹ ਉਸ ਤੋਂ ਵੱਧ ਮੰਗ ਕਰਨ ਲੱਗੇ ਕਿਉਂਕਿ ਉਨ੍ਹਾਂ ਨੂੰ ਪੱਕਾ ਇਲਮ ਸੀ ਕਿ ਮੈਂ ਤਾਂ ਕਾਲਜ ਪੜ੍ਹਦਾ ਹਾਂ, ਤੇ ਆਪ ਇਕੱਲਿਆਂ ਕਣਕ ਦੀ ਗਹਾਈ ਕਰ ਨਹੀਂ ਸਕਦੇ ਤੇ ਇੰਜ ਇਹਨਾਂ ਤੋਂ ਠੋਕ ਕੇ ਵੱਧ ਮਿਹਨਤ ਲਵੋ। ਮੈਨੂੰ ਲੱਗਿਆ ਕਿ ਇਹ ਮਜ਼ਬੂਰੀ ਦਾ ਫਾਇਦਾ ਉਠਾ ਨਿਰਾ ਬਲੈਕ ਮੇਲ ਕਰ ਰਹੇ ਹਨ, ਤੇ ਇਸ ਹਾਲਾਤ ਤਹਿਤ ਮਨ ਬਣਾ ਲਿਆ ਕਿ ਇਸ ਸਾਲ ਕਣਕ ਦੀ ਗਹਾਈ/ਕਤਰਾਈ ਆਪ ਹੀ ਕਰਨੀ ਹੈ ਤੇ ਕੁੱਪ ਵੀ ਆਪ ਹੀ ਬੰਨਾਂਗੇ। ਕਣਕ ਦੀ ਗਹਾਈ ਵੇਲੇ ਕੁੱਪਾਂ ਵਾਸਤੇ ਨਾਲੀ ਕੱਢਣਾ ਅਤੇ ਕੁੱਪਾਂ ਅਤੇ ਉਨ੍ਹਾਂ ਦੇ ਐਰੇਆਂ 'ਚ ਤੰਗੜਾਂ ਨਾਲ ਤੂੜੀ ਭਰਨਾ ਔਖਾ ਕੰਮ ਹੁੰਦੈ।- ਉਸ ਸਾਲ ਸਾਡੇ ਨਾਲ ਇੱਕ ਪੱਕਾ ਕਾਮਾ ਸੀ, ਜੋ ਮੇਰੇ ਮਾਮਾ ਜੀ ਯੂ ਪੀ ਤੋਂ ਲਿਆ ਸਾਡੇ ਨਾਲ ਲਾ ਗਏ ਸਨ। ਉਹ ਸੀ ਬੜਾ ਤਕੜਾ ਪਰ ਅੜਬ ਵੀ ਸੀ। ਉਸ ਦਾ ਨਾਂ ਸੀ ਭਗਵਾਨ ਦਾਸ, ਜੋ ਮਗਰੋਂ ਅਮ੍ਰਿਤ ਛਕ ਕੇ ਭਗਵਾਨ ਸਿੰਘ ਬਣ ਗਿਆ।

ਇੱਕ ਦਿਨ ਤੂੜੀ ਦੇ ਕੁੱਪਾਂ ਲਈ ਨਾਲੀ ਕੱਢਣ ਲੱਗੇ ਤਾਂ ਹੱਥਾਂ ਦੀਆਂ ਉਂਗਲੀਆਂ 'ਚ ਚੀਰੇ ਆ ਗਏ; ਮੈਂ, ਮੇਰੇ ਦੋਵੇਂ ਭਤੀਜੇ, ਮੇਰੇ ਵੱਡੇ ਭਰਾ ਦੇ ਮੁੰਡੇ ਜਿਸ ਦੀ ਕੁੱਝ ਸਾਲ ਪਹਿਲਾਂ ਮੌਤ ਹੋ ਗਈ ਸੀ; ਉਹ ਦਸ ਤੇ ਬਾਰਾਂ ਸਾਲਾਂ ਦੇ ਸਨ ਸਕੂਲ ਪੜ੍ਹਦੇ, ਤੇ ਇੱਕ ਮੇਰਾ ਭਾਣਜਾ ਉਹ ਵੀ ਨਾਨਕੇ ਆਇਆ ਹੋਇਆ ਸੀ, ਉਹ ਸੋਲਾਂ ਸਾਲ ਦਾ ਸੀ। ਸੋਚੀਂ ਪੈ ਗਏ ਕਿ ਛੇ ਸੱਤ ਕੁੱਪਾਂ ਦੀ ਨਾਲੀ ਕਿਵੇਂ ਕੱਢਾਂਗੇ? ਹੱਥਾਂ ਵਿੱਚ ਤਾਂ ਪਹਿਲੇ ਦਿਨ ਹੀ ਚੀਰੇ ਆ ਗਏ, ਹਾਲੇ ਮਸ਼ੀਨ 'ਚ ਗਾਲ੍ਹੇ ਲਾਉਣੇ ਹਨ, ਕੁੱਪ ਬੰਨਣੇ ਹਨ। ਨਾਲੀ ਕੱਢਣ ਦਾ ਕੰਮ ਕਿਵੇਂ ਕੀਤਾ ਜਾਏ ਸਮਝ ਨਾ ਆਵੇ! ਸੋਚਦਿਆਂ ਸੋਚਦਿਆਂ ਤਰਕੀਬ ਸੁੱਝੀ ਕਿ ਨਾਲੀ ਕੱਢਣ ਲਈ ਦਰੀਆਂ ਬੁਣਨ ਵਾਲੇ ਪੰਜੇ ਵਰਤੇ ਜਾਣ। ਹੱਥਾਂ ਦੇ ਪੰਜਿਆਂ ਦੀ ਥਾਂ ਜਦੋਂ ਦਰੀਆਂ ਦੇ ਪੰਜਿਆਂ ਦੀ ਵਰਤੋਂ ਕਰਨ ਲੱਗੇ ਤਾਂ ਸਾਰੇ ਕੁੱਪਾਂ ਦੀ ਨਾਲੀ ਸਹਿਜੇ ਹੀ ਅਸਾਨੀ ਨਾਲ ਕੱਢ ਲਈ। ਬੜਾ ਹੌਸਲਾ ਹੋਇਆ ਕਿ ਬਹੁਤ ਔਖਾ ਲਗਦਾ ਕੰਮ ਹੱਲ ਕਰ ਲਿਆ। ਉਪਰੰਤ ਸਾਰੀ ਕਣਕ ਪੰਜ ਹਾਰਸ ਪਾਵਰ ਦੇ ਕਿਰਲੋਸਕਰ ਇੰਜਨ ਨਾਲ ਥਰੈਸ਼ਰ ਤੇ ਪਟਾ ਚ੍ਹਾੜ ਆਪ ਹੀ ਗਾਲ੍ਹੇ ਲਾ ਗਾਹ ਲਈ ਤੇ ਸਾਰੇ ਹੀ ਤੂੜੀ ਦੇ ਕੁੱਪ ਵੀ ਆਪ ਹੀ ਬੰਨ ਲਏ। ਭਗਵਾਨ ਦਾਸ ਤੰਗੜਾਂ 'ਚ ਬੰਨੀ ਤੂੜੀ ਕੁੱਪਾਂ 'ਚ ਸੁੱਟਦਾ ਰਿਹਾ, ਅਸੀਂ ਤੰਗੜਾਂ 'ਚ ਤੂੜੀ ਭਰ ਭਰ ਤੰਗੜ ਬੰਨਦੇ ਅਤੇ ਚੁਕਾਈ ਗਏ। ਇੱਕ ਜਣਾ ਕੁੱਪ ਦੁਆਲੇ ਲਿਪਟ ਰਹੀ ਬੇੜ ਮੋਢੇ ਤੇ ਧਰ ਖਿਚ ਪਾ ਕੇ ਹੌਲੀ ਹੌਲੀ ਅੱਗੇ ਅੱਗੇ ਤੁਰੀ ਗਿਆ ਤੇ ਸਵਰਨਾ, ਜੋ ਕੁੱਪ ਬੰਨਣ ਦਾ ਕਾਰੀਗਰ ਸੀ, ਇੱਕ ਪੀਪਾ ਦਾਣਿਆਂ ਦਾ ਪ੍ਰਤੀ ਕੁੱਪ ਬੰਨਣ ਦਾ ਲੈਂਦਾ ਸੀ, ਤੇ ਸੀ ਵੀ ਵੜਾ ਲੰਬਾ ਜੁਆਨ, ਤੀਸਰਾ ਹਿੱਸਾ ਕੁੱਪ ਦੀਆਂ ਬੇੜਾਂ ਤਾਂ ਰੱਸੀਆਂ ਨਾਲ ਥੱਲੇ ਖੜਾ ਹੀ ਬਿਨਾ ਪੌੜੀਉਂ ਬੰਨ ਦਿੰਦਾ ਸੀ। ਉਸ ਸਾਡੇ ਛੇ ਕੁੱਪ ਤੂੜੀ ਦੇ ਬੰਨੇ ਤੇ ਛੇ ਪੀਪੇ ਕਣਕ ਦੇ ਉਸ ਨੂੰ ਦਿੱਤੇ, ਇੱਕ ਪੀਪੇ 'ਚ ਪੰਦਰਾਂ ਕੁ ਕਿੱਲੋ ਕਣਕ ਪੈਂਦੀ ਸੀ। ਸਾਰੀ ਕਣਕ ਦੀ ਗਹਾਈ ਦਾ ਕੰਮ ਮੀਂਹ ਕਿਣੀ ਤੋ ਪਹਿਲਾਂ ਸੁੱਕ ਪਕੇ ਹੀ ਨਜਿੱਠ ਲਿਆ।

ਇਸ ਤੋਂ ਬਾਅਦ ਸਾਡੇ ਨਾਲ ਕੰਮ ਕਰਵਉਣ ਵਾਲਿਆਂ ਮੁੜ ਕਦੇ ਅਜਿਹਾ ਮਜ਼ਬੂਰੀ ਦਾ ਫਾਇਦਾ ਉਠਾਉਣ ਦਾ ਵਤੀਰਾ ਨਹੀਂ ਅਪਣਾਇਆ। ਬਣਦੀ ਯੋਗ ਮਿਹਨਤ ਲੈਣ ਦੀ ਮੰਗ ਤਾਂ ਹੁੰਦੀ ਰਹੀ ਜੋ ਪੂਰੀ ਵੀ ਕਰਦੇ ਰਹੇ: ਉਸ ਕਾਮੇ ਟੱਬਰ ਦੇ ਪਰਿਵਾਰ 'ਚੋਂ ਉਨ੍ਹਾਂ ਦੀਆਂ ਅਗਲੀਆਂ ਪੀੜੀਆਂ ਹਾਲੇ ਵੀ ਸਾਡੇ ਨਾਲ ਅੜਦੇ-ਥੁੜਦੇ ਕੰਮ ਕਰਵਾ ਦਿੰਦੇ ਹਨ। ਮੈਂ ਜਦੋਂ ਵੀ ਪੰਜਾਬ ਦਾ ਗੇੜਾ ਲਾਉਨਾ, ਉਨ੍ਹਾਂ ਨਾਲ ਪੁਸ਼ਤਾਂ ਦੇ ਬਣੇ ਸਬੰਧ ਸਨਮੁੱਖ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਕਰਕੇ ਆਉਨਾ। ਹੁਣ ਸਥਾਨਕ ਕਾਮਿਆਂ ਦਾ ਥਾਂ ਯੂ ਪੀ ਅਤੇ ਬਿਹਾਰ ਤੋਂ ਆਏ ਕਾਮਿਆਂ ਨੇ ਲੈ ਲਿਆ ਹੈ। ਹੁਣ ਸਾਡੇ ਦੋ ਬਿਹਾਰ ਤੋਂ ਪੱਕੇ ਕਾਮੇ ਰਾਮੂੰ ਤੇ ਚਰੰਜੀ ਤਕਰੀਬਨ ਪਿਛਲੇ ਵੀਹ ਸਾਲ ਤੋਂ ਸਾਲਾਨਾ ਤਨਖਾਹ ਤੇ ਖੇਤੀ ਕਰਵਾਉਂਦੇ ਹਨ। ਪੰਜਾਬ 'ਚ ਸਾਡੀ ਜੱਦੀ ਜ਼ਮੀਨ 'ਚ ਮੇਰਾ ਭਤੀਜਾ ਖੇਤੀ ਕਰਦਾ ਹੈ, ਉਹ ਵੀ ਹੁਣ ਪੁੱਤਾਂ ਪੋਤਿਆਂ ਵਾਲਾ ਹੈ; ਉਸ ਦਾ ਪੋਤਾ ਚੌਧਵੀਂ ਪੀੜੀ ਹੈ। ਮੇਰੇ ਬਾਪੂ ਜੀ ਨੂੰ ਆਪਣੇ ਨੌਂ ਪੀੜੀਆਂ ਦੇ ਵਡੇਰਿਆਂ ਦੇ ਨਾਵਾਂ ਦਾ ਪਤਾ ਸੀ ਤੇ ਦਸਵੀ ਪੀੜ੍ਹੀ ਉਹ ਸਨ। ਜੱਦੀ ਜ਼ਮੀਨ ਦੀ ਮਾਲਕੀ ਪੁਸ਼ਤ ਦਰ ਪੁਸ਼ਤ ਬਰਕਰਾਰ ਹੈ, ਅੱਜ ਤੱਕ ਅਸੀਂ ਵਾਹੀ ਯੋਗ ਜ਼ਮੀਨ ਦਾ ਇੱਕ ਮਰਲਾ ਤੱਕ ਨਹੀਂ ਵੇਚਿਆ ਅਤੇ ਨਾ ਹੀ ਵੰਡਿਆ।-ਹਾਂ! ਉਹ ਛੇ ਦਹਾਕੇ ਪੁਰਾਣਾ ਪੰਜ ਹਾਰਸ ਪਾਵਰ ਦਾ ਕਿਰਲੋਸਕਰ ਇੰਜਨ ਹਾਲੇ ਵੀ ਦੁਧਾਰੂ ਪਸ਼ੂਆਂ ਦੇ ਪੱਠੇ ਕੁਤਰਨ ਵਾਲੀ ਮਸ਼ੀਨ ਨੂੰ ਚਲਾਉਣ ਲਈ ਕੰਮ ਦਿੰਦਾ ਹੈ।

ਹੁਣ ਤੱਕ ਇਸ ਲੇਖ ਵਿੱਚ, ਸਮੇਤ ਉੱਪਰ ਦੱਸੀਆਂ ਹੱਡ ਬੀਤੀਆਂ ਸਣੇ, ਆਮ ਰੋਜ਼ ਹੁੰਦੇ ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਦਾਸਤਾਨ ਹੀ ਬਿਆਨ ਹੁੰਦੀ ਹੈ: ਅੱਜ ਨਾ ਕਿਸਾਨ ਸੁਖੀ ਹੈ ਅਤੇ ਨਾ ਹੀ ਮਜ਼ਦੂਰ, ਖੇਤੀ ਦੇ ਖਰਚੇ ਇਤਨੇ ਅਸਮਾਨੀ ਚੜ੍ਹ ਗਏ ਹਨ ਕਿ ਫਸਲ ਆਉਣ ਤੇ ਕਿਸ਼ਤ ਹੀ ਮਸਾਂ ਮੁੜਦੀ ਹੈ, ਤੇ ਅਗਲੀ ਫਸਲ ਲਈ ਮੁੜ ਬੈਂਕਾਂ ਤੋਂ ਕਰਜ਼ੇ ਚੁੱਕਣੇ ਪੈਂਦੇ ਹਨ। ਜਦ ਤੋਂ ਬੈਂਕਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਆਮ ਅਤੇ ਸਹਿਜੇ ਹੀ ਕਰਜ਼ੇ ਮੁਹੱਈਆ ਕਰਵਾਉਣ ਦੀ ਪਿਰਤ ਪਾਈ ਹੈ ਤਦ ਤੋਂ ਹੀ ਕਿਸਾਨ ਮਜ਼ਦੂਰ ਕਰਜ਼ਿਆਂ ਦੀ ਦਲਦਲ 'ਚ ਧਸਦੇ ਗਏ ਹਨ। ਇਸ ਦਾ ਖੁੱਲ ਕੇ ਫ਼ਾਇਦਾ ਤੇ ਮੁਨਾਫਾ ਬੈਂਕਾਂ ਨੇ ਹੀ ਖੱਟਿਆ ਹੈ; ਕਿਸਾਨ ਮਜ਼ਦੂਰ ਦੇ ਹਿੱਸੇ ਤਾਂ ਕਰਜ਼ੇ ਨਾ ਮੋੜ ਸਕਣ ਦੇ ਸਨਮੁਖ ਖੁਦਕਸ਼ੀਆਂ ਹੀ ਪੱਲੇ ਪਈਆਂ ਹਨ। ਇਹ ਹਾਲਾਤ ਦਿਨੋਂ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਮੋਦੀ ਸਰਕਾਰ ਨੇ ਕਿਸਾਨਾਂ ਨੂੰ ਜੜ੍ਹੋਂ ਹਿਲਾ ਦੇਣ ਵਾਲੇ ਜਿਹੜੇ ਨਵੇਂ ਕਿਸਾਨ ਮਾਰੂ ਕਾਨੂੰਨ ਪਾਸ ਕੀਤੇ ਹਨ, ਇਸ ਨੇ ਕਿਸਾਨ ਮਜ਼ਦੂਰ ਸੰਘਰਸ਼ ਨੂੰ ਓਵਰ ਡਰਾਈਵ 'ਚ ਪਾ ਦਿੱਤਾ ਹੈ, ਇਹ ਕਿਸਾਨੀ ਦੀ ਹੋਂਦ ਦਾ ਮਸਲਾ ਹੈ, ਇਸੇ ਕਰਕੇ ਸਾਰੇ ਭਾਰਤ ਵਿੱਚ ਇਹ ਸੰਘਰਸ਼ ਦਿਨੋ-ਦਿਨ ਜ਼ੋਰ ਫੜ ਰਿਹਾ ਹੈ। ਜੇ ਕਿਸਾਨ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣ 'ਚ ਸਫਲ ਹੁੰਦੇ ਹਨ, ਤਦ ਤਾਂ ਛੋਟੇ ਤੇ ਦਰਮਿਆਨੇ ਕਿਸਾਨ ਬਚ ਜਾਣਗੇ ਨਹੀਂ ਤਾਂ ਥੋਕ ਦੇ ਭਾਅ ਪੁਸ਼ਤ ਦਰ ਪੁਸ਼ਤ ਖੇਤੀ ਦੇ ਕਿੱਤੇ ਨੂੰ ਅੱਗੇ ਤੋਂ ਅੱਗੇ ਤੋਰੀ ਆ ਰਹੇ ਕਿਸਾਨ, ਕਾਰਪੋਰੇਟ ਖੇਤੀ ਕਾਰਖਾਨਿਆਂ 'ਚ ਮਜ਼ਦੂਰ ਬਣ ਕੇ ਹੀ ਰਹਿ ਜਾਣਗੇ।



**ਸੱਠਵਿਆਂ ਦੇ ਹਰੇ ਇਨਕਲਾਬ ਵੇਲੇ ਤਬਦੀਲੀ ਦਾ ਰੁਖ਼ ਆਇਆ ਤਾਂ ਨਕਦ ਪੈਸਿਆਂ ਤੇ ਜੋਤੇ ਅਤੇ ਦਿਹਾੜੀਆਂ ਕਰਨ ਦਾ ਰਿਵਾਜ਼ ਪ੍ਰਚੱਲਤ ਹੋ ਗਿਆ। ਹਰ ਕੰਮ ਪੈਸੇ ਦੇ ਕੇ ਕਰਵਾਇਆ ਜਾਣ ਲੱਗਾ; ਕਿਸਾਨ ਨਾਲ ਕੰਮ ਕਰਵਾਉਣ ਵਾਲੇ ਹੁਣ ਫਸਲ ਦੇ ਹਿੱਸੇ ਦੀ ਥਾਂ ਨਕਦ ਪੈਸਿਆਂ ਤੇ ਕੰਮ ਕਰਨ ਲੱਗੇ: ਚਾਹੇ ਉਹ ਪੈਸੇ ਦਿਹਾੜੀ ਦੇ ਹੋਣ, ਮਹੀਨੇ ਦੇ ਜਾਂ ਪ੍ਰਤੀ ਸਾਲ ਦੀ ਮਿਥੀ ਤਨਖਾਹ। ਸਮੇਂ ਦੇ ਬਦਲਾ ਨਾਲ ਕਿਸਾਨ ਮਜ਼ਦੂਰ ਦੇ ਰਿਸ਼ਤੇ ਦੀ ਸਾਂਝ, ਕੰਮ ਬਦਲੇ ਫਸਲ ਦਾ ਹਿੱਸਾ ਦੇਣ ਦੀ ਥਾਂ ਪੈਸਿਆਂ ਨੇ ਲੈ ਲਈ। ਜਦ ਗੱਲ ਪੈਸਿਆਂ ਦੀ ਆ ਗਈ ਤਾਂ ਇੱਕੋ ਪਰਿਵਾਰ ਨਾਲ ਕੰਮ ਕਰਦੇ ਰਹਿਣ ਦੀ ਪ੍ਰਤੀਬੱਧਤਾ ਵੀ ਖਤਮ ਹੋ ਗਈ।**

# ਔਰਤ ਦੀ ਆਜ਼ਾਦੀ ਦਾ ਮਸਲਾ ਅਤੇ ਔਰਤ-ਮਰਦ ਦਾ ਰਿਸ਼ਤਾ

ਇਸ ਸੱਚਾਈ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਔਰਤ ਜਾਤ ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਦੇ ਦਾਬੇ ਦਾ ਸ਼ਿਕਾਰ ਚਲੀ ਆ ਰਹੀ ਹੈ। ਜਿਹੜਾ ਸਮਾਜ ਆਪਣੀਆਂ ਧਰਮ ਪੁਸਤਕਾਂ ਵਿਚ "ਢੋਰ ਗੰਵਾਰ ਸ਼ੂਦਰ ਔਰ ਨਾਰੀ, ਯੇਹ ਸਭ ਤਾੜਨ ਕੇ ਅਧਿਕਾਰੀ" ਅਤੇ ਆਪਣੇ ਮੁਹਾਵਰਿਆਂ ਵਿਚ ਔਰਤ ਨੂੰ 'ਪੈਰ ਦੀ ਜੁਤੀ' ਅਤੇ 'ਗੁਤ ਪਿਛੇ ਮਤਿ' ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਦਾ ਹੋਵੇ, ਉਸ ਸਮਾਜ ਵਿਚ ਔਰਤ ਜਾਤ ਉਤੇ ਹੋ ਰਹੇ ਮਾਨਸਿਕ ਅਤੇ ਸਰੀਰਕ ਜਬਰ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪਰ ਅਜੋਕੇ ਸਾਮਰਾਜੀ ਸੰਸਾਰੀਕਰਨ ਦੇ ਦੌਰ ਵਿਚ ਔਰਤ ਮਰਦ ਦੇ ਰਿਸ਼ਤੇ ਨੂੰ ਇਕ ਅਸਲੋਂ ਨਵੇਂ ਪ੍ਰਸੰਗ ਵਿਚ ਵੇਖਣ ਦੀ ਲੋੜ ਹੈ। ਕੁਦਰਤ ਵਲੋਂ ਸਿਰਜੇ ਅਤੇ ਮਨੁੱਖ ਜਾਤੀ ਵਲੋਂ ਸਦੀਆਂ ਵਿਚ ਵਿਕਸਿਤ ਕੀਤੇ ਗਏ, ਇਸ ਸਭ ਤੋਂ ਖੂਬਸੂਰਤ ਅਤੇ ਬੁਨਿਆਦੀ ਰਿਸ਼ਤੇ ਨੂੰ ਨਵੇਂ ਪ੍ਰਸੰਗ ਵਿਚ ਸਮਝੇ ਬਿਨਾ ਇਸ ਰਿਸ਼ਤੇ ਨੂੰ ਸਾਮਰਾਜੀ ਖਪਤਕਾਰੀ ਸਭਿਆਚਾਰ ਦੀ ਹਵਸ ਦਾ ਸ਼ਿਕਾਰ ਹੋਣ ਤੋਂ ਬਚਾਇਆ ਨਹੀਂ ਜਾ ਸਕਦਾ।

**ਗੁਰਬਚਨ ਸਿੰਘ**
ਫੋਨ: 91-98156-98451

18ਵੀਂ ਅਤੇ 19ਵੀਂ ਸਦੀ ਵਿਚ ਯੂਰਪ ਅੰਦਰ ਪੂੰਜੀਵਾਦ ਦੇ ਉਭਾਰ ਨਾਲ ਔਰਤ ਦੀ ਆਜ਼ਾਦੀ ਦਾ ਸੁਆਲ ਸਾਹਮਣੇ ਆਇਆ। ਪੂੰਜੀਵਾਦ ਦੇ ਆਪਣੇ ਵੇਲੇ ਦੇ ਅਗਾਂਹਵਧੂ ਸਿਧਾਂਤਕਾਰਾਂ ਨੇ ਜਿਥੇ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ ਨਾਹਰਾ ਲਾਇਆ, ਉਥੇ ਉਨ੍ਹਾਂ ਨੇ ਔਰਤ ਦੀ ਆਜ਼ਾਦੀ ਦੇ ਮਸਲੇ ਨੂੰ ਵੀ ਉਭਾਰਿਆ। ਜਿਵੇਂ-ਜਿਵੇਂ ਯੂਰਪ ਅੰਦਰ ਜਾਗ੍ਰਤੀ ਆਈ, ਤਿਵੇਂ-ਤਿਵੇਂ ਔਰਤਾਂ ਦੇ ਮਨਾਂ ਵਿਚ ਵੀ ਮਰਦ ਪ੍ਰਧਾਨ ਸਮਾਜ ਦੇ ਦਾਬੇ ਵਿਰੁਧ ਆਜ਼ਾਦੀ ਦੇ ਸੰਕਲਪ ਨੇ ਜੋਰ ਫੜਿਆ। ਆਜ਼ਾਦੀ ਦੇ ਇਸ ਸੰਕਲਪ ਵਿਚੋਂ ਹੀ ਔਰਤਾਂ ਦੀ ਆਜ਼ਾਦੀ ਦੀ ਲਹਿਰ ਦਾ ਜਨਮ ਹੋਇਆ। ਇਸ ਲਹਿਰ ਨੇ ਬੜੀਆ ਜੁਝਾਰੂ, ਆਪਣੇ ਹਕਾਂ ਪ੍ਰਤੀ ਬੌਧਿਕ ਤੌਰ ਉਤੇ ਚੇਤੰਨ ਅਤੇ ਸੰਵੇਦਨਸ਼ੀਲ ਉਘੀਆਂ ਔਰਤਾਂ ਨੂੰ ਮੂਹਰੇ ਲਿਆਂਦਾ, ਜਿਨ੍ਹਾਂ ਨੇ ਸਾਇੰਸ ਦੀਆਂ ਖੋਜਾਂ, ਸਮਾਜਵਾਦ ਲਈ ਲੜੇ ਗਏ ਸੰਘਰਸ਼ ਅਤੇ ਸਾਹਿਤ ਰਚਨਾ ਵਿਚ ਅਨੇਕ ਮਾਅਰਕੇ ਮਾਰੇ; ਪਰ ਇਥੇ ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਇਸ ਦੌਰ ਵਿਚ ਹੀ ਔਰਤਾਂ ਦੀ ਆਜ਼ਾਦੀ ਦੇ ਮਸਲੇ ਨੂੰ ਪੂੰਜੀਵਾਦੀ ਤਰਜ ਦੇ ਹੋ ਰਹੇ ਵਿਕਾਸ ਦੇ ਸਿੱਟੇ ਵਜੋਂ ਹੋਂਦ ਵਿਚ ਆਏ ਖਪਤਕਾਰੀ ਸਭਿਆਚਾਰ ਨੇ ਹਥਿਆ ਲਿਆ। ਪੂੰਜੀਵਾਦੀ ਖਪਤਕਾਰੀ ਸਭਿਆਚਾਰ ਨੇ ਜਿਵੇਂ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਸੰਕਲਪਾਂ ਨੂੰ ਗੰਧਲੇ ਕੀਤਾ, ਐਨ ਉਸੇ ਤਰ੍ਹਾਂ ਔਰਤਾਂ ਦੀ ਆਜ਼ਾਦੀ ਦੇ ਸੰਕਲਪ ਨੂੰ ਵੀ ਇਸ ਹਦ ਤਕ ਤੋੜ-ਮਰੋੜ ਦਿਤਾ ਕਿ ਇਹ ਸੰਕਲਪ ਆਪਣੇ ਅਸਲੀ ਅਰਥ ਹੀ ਗੁਆ ਬੈਠਾ। ਇਸ ਨੇ ਔਰਤਾਂ ਦੇ ਪੂਜੀਵਾਦੀ ਖਪਤਕਾਰੀ ਸਭਿਆਚਾਰ ਅਤੇ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਤੋਂ ਆਜ਼ਾਦੀ ਦੇ ਮਸਲੇ ਨੂੰ ਮਰਦਾਂ ਤੋਂ ਆਜ਼ਾਦੀ ਦਾ ਮਸਲਾ ਬਣਾ ਧਰਿਆ। ਇਸ ਗੈਰ-ਕੁਦਰਤੀ ਅਤੇ ਅਰਥਹੀਣ ਸੰਕਲਪ ਨੇ ਅੱਜ ਸਾਰੇ ਮਨੁੱਖੀ ਰਿਸ਼ਤੇ ਹੀ ਗੰਧਲੇ ਕਰ ਦਿਤੇ ਹਨ। ਹੋਰ ਤੇ ਹੋਰ, ਔਰਤ-ਮਰਦ ਦੇ ਸਭ ਤੋਂ ਵਧ ਪਿਆਰ ਭਰੇ ਅਤੇ ਕੁਦਰਤੀ ਰਿਸ਼ਤੇ ਨੂੰ ਵੀ ਇਸ ਹਦ ਤਕ ਭ੍ਰਿਸ਼ਟ ਕਰ ਦਿਤਾ ਹੈ ਕਿ ਹੁਣ ਇਹ ਰਿਸ਼ਤਾ ਸਭ ਤੋਂ ਵੱਧ ਕੁੜੱਤਣ ਭਰਿਆ ਜਾਪਣ ਲਗ ਪਿਆ ਹੈ।

ਏਂਗਲਜ ਨੇ ਕਰੀਬ ਡੇਢ ਸੌ ਸਾਲ ਪਹਿਲਾਂ ਲਿਖਿਆ ਸੀ, "ਪੂੰਜੀਵਾਦ ਦਾ ਅੰਤਿਮ ਨਿਸ਼ਾਨਾ ਹਜਾਰਾਂ ਸਾਲਾਂ ਵਿਚ ਵਿਕਸਿਤ ਹੋਏ ਸਾਂਝੇ ਪਰਿਵਾਰਾਂ ਦਾ ਖਾਤਮਾ ਕਰਨਾ ਹੈ, ਜਿਸ ਨੂੰ ਪੂਰਾ ਕਰਨ ਲਈ ਇਹ ਆਪਣੀ ਖੂਬਸੂਰਤ ਖੋਜ ਕਾਰਖਾਨੇਦਾਰੀ ਨੂੰ ਵਰਤਦਾ ਹੈ। ਕਾਰਖਾਨੇਦਾਰੀ ਸਾਂਝੇ ਹਿਤਾਂ ਦੀ ਆਖਰੀ ਰਹਿੰਦ ਖੂੰਹਦ ਪਰਿਵਾਰ ਦੀ ਮਾਲਕੀ ਵਾਲੀਆਂ ਵਸਤੂਆਂ ਦੀ ਸਾਂਝ ਨੂੰ ਵੀ ਦਰੜ ਦਿੰਦੀ ਹੈ। ਬੱਚਿਆਂ ਵਿਚ ਇਹ ਰੁਝਾਨ ਆਮ ਵਿਕਸਿਤ ਹੋ ਜਾਂਦਾ ਹੈ ਕਿ ਜਦੋਂ ਹੀ ਉਹ ਕੰਮ ਕਰਨ ਦੇ ਯੋਗ ਹੁੰਦੇ ਹਨ, ਉਹ ਆਪਣੀ ਕਮਾਈ ਨੂੰ ਖੁਦ ਖਰਚਣ ਵਾਸਤੇ ਆਪਣੇ ਮਾਪਿਆਂ ਦੇ ਘਰ ਨੂੰ ਰਹਿਣ-ਬਸੇਰਾ ਸਮਝਣ ਲੱਗ ਪੈਂਦੇ ਹਨ ਅਤੇ ਭੋਜਨ ਤੇ ਰਹਿਣ ਦੇ ਖਰਚੇ ਵਜੋਂ ਇਕ ਨਿਸ਼ਚਿਤ ਰਕਮ ਆਪਣੇ ਮਾਪਿਆਂ ਨੂੰ ਦੇ ਕੇ, ਬਾਕੀ ਬਚੀ ਸਾਰੀ ਰਕਮ ਆਪ ਖਰਚਣ ਦੀ ਆਜ਼ਾਦੀ ਮਾਣਨਾ ਚਾਹੁੰਦੇ ਹਨ। ਪੂੰਜੀਵਾਦੀ ਬੇਲਗਾਮ ਮੰਡੀ ਅਤੇ ਪੂੰਜੀਵਾਦੀ (ਖਪਤਕਾਰੀ) ਸਭਿਆਚਾਰ ਦਾ ਸਿੱਟਾ ਇਹੀ ਨਿਕਲ ਸਕਦਾ ਹੈ। ਇਕ ਵਾਰ ਜੇ ਨੇਮ ਬਣ ਗਿਆ ਤਾਂ ਅਰਥਸ਼ਾਸਤਰੀ ਚਾਹੇ ਜਾਂ ਨਾ, ਇਹ ਆਪਣੇ ਹੀ ਵੇਗ ਨਾਲ ਚਲਦਾ ਹੈ।"

ਪੂੰਜੀਵਾਦੀ ਬੇਲਗਾਮ ਮੰਡੀ ਦਾ ਇਹ ਵੇਗ ਹੁਣ ਤਕ ਪਰਿਵਾਰਕ ਰਿਸ਼ਤਿਆਂ ਨੂੰ ਖਤਮ ਕਰਦਾ ਆ ਰਿਹਾ ਹੈ। ਪੂਜੀਵਾਦੀ ਵਿਕਸਿਤ ਮੁਲਕਾਂ ਵਿਚ ਇਸ ਨੇ ਲਗਪਗ ਪਰਿਵਾਰਾਂ ਨੂੰ ਤੋੜ ਦਿਤਾ ਹੈ ਅਤੇ ਹੁਣ ਸਾਮਰਾਜੀ ਪੂੰਜੀਵਾਦੀ ਸਭਿਆਚਾਰ ਦੀ ਮਾਰ ਹੇਠ ਆ ਰਹੇ ਮੁਲਕਾਂ ਵਿਚ ਬੜੀ ਤੇਜੀ ਨਾਲ ਇਨ੍ਹਾਂ ਰਿਸ਼ਤਿਆਂ ਨੂੰ ਖਤਮ ਕਰਦਾ ਜਾ ਰਿਹਾ ਹੈ। ਵਿਆਹ ਦੀ ਉਮਰ ਵਿਚ ਹੋ ਰਿਹਾ ਵਾਧਾ ਅਤੇ ਤਲਾਕਾਂ ਦੀ ਵਧ ਰਹੀ ਦਰ ਇਸੇ ਵਰਤਾਰੇ ਦਾ ਪ੍ਰਗਟਾਵਾ ਹੈ। ਕਮਿਊਨਿਸਟ ਮੈਨੀਫੈਸਟੋ ਵਿਚ ਔਰਤਾਂ ਦੀ ਗੁਲਾਮੀ ਦਾ ਜ਼ਿਕਰ ਕਰਦਿਆਂ ਮਾਰਕਸ-ਏਂਗਲਜ ਨੇ ਇਹ ਜਾਣਕਾਰੀ ਦਿਤੀ ਹੈ ਕਿ ਪੂੰਜੀਵਾਦ ਪੂਰੀ ਤਰ੍ਹਾਂ ਪਰਿਵਾਰ ਦੇ ਸਭਿਆਚਾਰਕ ਅਤੇ ਜਜ਼ਬਾਤੀ ਆਧਾਰ ਨੂੰ ਖਤਮ ਕਰ ਦਿੰਦਾ ਹੈ। ਪੂੰਜੀਵਾਦੀ ਪਰਿਵਾਰ ਪੂੰਜੀ ਦੀ ਬੁਨਿਆਦ ਉਤੇ ਖੜ੍ਹਾ ਹੈ, ਜਿਸ ਦਾ ਇਕੋ-ਇਕ ਨੇਮ ਵਧ ਤੋਂ ਵਧ ਪੂੰਜੀ ਤੇ ਮੁਨਾਫਾ ਕਮਾਉਣਾ ਅਤੇ ਵਧ ਤੋਂ ਵਧ ਪੈਸਾ ਇਕਠਾ ਕਰਨਾ ਹੈ। ਆਪਣੇ ਪੂਰਨ ਵਿਕਸਿਤ ਰੂਪ ਵਿਚ ਪਰਿਵਾਰ ਸਿਰਫ ਪੂੰਜੀਵਾਦੀਆਂ ਵਿਚਕਾਰ ਹੀ ਹੋਂਦ ਰਖਦਾ ਹੈ, ਜਦੋਂ ਕਿ ਅਮਲ ਵਿਚ ਇਹ ਆਪਣਾ ਪੂਰਕ ਕਿਰਤੀ ਜਮਾਤ ਅੰਦਰ ਪਰਿਵਾਰ ਦੀ ਅਣਹੋਂਦ ਅਤੇ ਸ਼ੱਰੇਆਮ ਹੁੰਦੀ ਵੇਸਵਾਗਿਰੀ ਵਿਚੋਂ ਲਭਦਾ ਹੈ।

ਮਾਰਕਸ ਏਂਗਲਜ ਨੇ ਇਹ ਵੀ ਕਿਹਾ ਹੈ, "ਪੂੰਜੀਵਾਦੀ ਰਿਸ਼ਤਿਆਂ ਉਤੇ ਉਸਰਿਆ ਪਰਿਵਾਰ ਆਪਣੇ ਆਪ ਹੀ ਖਤਮ ਹੋ ਜਾਏਗਾ, ਜਦੋਂ ਇਸ ਦੀ ਪੂਰਕ ਵੇਸਵਾਗਿਰੀ ਖਤਮ ਹੋ ਜਾਏਗੀ। ਪੂੰਜੀ ਦੇ ਖਤਮ ਹੋਣ ਨਾਲ ਇਹ ਦੋਵੇਂ ਹੀ ਖਤਮ ਹੋ ਜਾਣਗੇ।"

ਸਾਰੇ ਟੀ. ਵੀ. ਚੈਨਲਾਂ ਤੇ ਲਗਪਗ ਸਾਰੀਆਂ ਅਖਬਾਰਾਂ ਸਮੇਤ ਅਜੋਕੇ ਕੂੜ ਪ੍ਰਚਾਰ ਦੇ ਸਾਧਨ ਇਸ ਧਾਰਨਾ ਦਾ ਦਿਨ-ਰਾਤ ਪ੍ਰਚਾਰ ਕਰਦੇ ਹਨ ਅਤੇ ਇਸ ਨੂੰ ਉਹ ਇਕ ਕੁਦਰਤੀ ਨੇਮ ਦੇ ਤੌਰ ਉਤੇ ਪ੍ਰਚਾਰਦੇ ਹਨ ਕਿ ਮਨੁੱਖ ਜਮਾਂਦਰੂ ਹੀ ਬਹੁਨਾਰੀ ਜਾਂ ਬਹੁਪੁਰਖ ਗਾਮੀ ਹੈ। ਇਹ ਮਨੁੱਖ ਦੀ ਕੁਦਰਤੀ ਫਿਤਰਤ ਹੈ। ਉਸ ਦੇ ਸੁਭਾਅ ਦਾ ਇਕ ਆਮ ਲਛਣ ਹੈ; ਪਰ ਉਹ ਇਹ ਜਾਣਕਾਰੀ ਨਹੀਂ ਦਿੰਦੀਆਂ ਕਿ ਇਹ ਇਕ ਪਸੂ ਦੀ ਪੱਧਰ ਉਤੇ ਜਿਉਣ ਵਾਲੇ ਮਨੁੱਖ ਦਾ ਲਛਣ ਹੈ, ਜਿਸ ਨੇ ਅਜੇ ਤਕ ਆਪਣੀ ਸਮਾਜੀ ਚੇਤਨਾ ਅਤੇ ਸਦਾਚਾਰ ਨੂੰ ਵਿਕਸਿਤ ਨਹੀਂ ਕੀਤਾ। ਜਿਸ ਨੂੰ ਸਦੀਆਂ ਵਿਚ ਵਿਕਸਿਤ ਹੋਏ ਇਸ ਅਨੁਭਵੀ ਗਿਆਨ ਦੀ ਜਾਣਕਾਰੀ ਨਹੀਂ ਕਿ ਕਾਮੁਕ ਰਿਸ਼ਤਿਆਂ ਸਮੇਤ ਔਰਤ ਮਰਦ ਦੇ ਖੂਬਸੂਰਤ ਰਿਸ਼ਤਿਆਂ ਦਾ ਅਨੰਦ ਸਿਰਫ ਆਤਮਿਕ ਪੱਧਰ ਉਤੇ ਜਾ ਕੇ ਹੀ ਮਾਣਿਆ ਜਾ ਸਕਦਾ ਹੈ, ਨਿਰੋਲ ਸਰੀਰਕ ਪੱਧਰ ਉਤੇ ਨਹੀਂ। ਨਿਰੋਲ ਸਰੀਰਕ ਪਧਰ ਉਤੇ ਬਣਾਏ ਕਾਮੁਕ ਰਿਸ਼ਤੇ ਨਿਰੀ ਭਟਕਣਾ ਦਾ ਕਾਰਨ ਬਣਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਇਹੀ ਭਟਕਣਾ ਹੰਢਾਅ ਰਹੀ ਹੈ, ਜਿਸ ਕਰਕੇ ਉਹ ਮਾਨਸਿਕ ਰੋਗਾਂ ਦੀ ਹੱਦ ਤਕ ਜਾ ਕੇ ਬਿਮਾਰ ਹੈ। ਔਰਤ-ਮਰਦ ਦੇ ਪਸੂ ਦੀ ਪੱਧਰ ਉਤੇ ਜਾ ਕੇ ਕਾਇਮ ਕੀਤੇ ਇਹ ਕਾਮੁਕ ਰਿਸ਼ਤੇ ਨਾ ਸੰਤੁਲਿਤ ਪਰਿਵਾਰ ਯਕੀਨੀ ਬਣਾ ਸਕਦੇ ਹਨ ਤੇ ਨਾ ਮਾਨਸਿਕ ਅਤੇ ਸਰੀਰਕ ਤੌਰ ਉਤੇ ਤੰਦਰੁਸਤ ਪੀੜ੍ਹੀਆਂ ਪੈਦਾ ਕਰ ਸਕਦੇ ਹਨ ਤੇ ਨਾ ਹੀ ਇਨ੍ਹਾਂ ਦੇ ਆਧਾਰ ਉਤੇ ਸੰਤੁਲਿਤ ਮਨੁੱਖੀ ਸਮਾਜ ਕਾਇਮ ਕੀਤਾ ਜਾ ਸਕਦਾ ਹੈ। ਇਨ੍ਹਾਂ ਪਸੂ-ਰਿਸ਼ਤਿਆਂ ਦੀ ਲਲਕ ਨੇ ਹੀ ਦੁਨੀਆਂ ਭਰ ਵਿਚ ਅਸ਼ਲੀਲ ਭੜਕਾਊ ਕਾਮੁਕਤਾ ਦੇ ਨੀਚ ਧੰਦੇ, ਵੇਸਵਾਗਿਰੀ ਅਤੇ ਸਮਲਿੰਗਕਤਾ ਦੀ ਮੰਡੀ ਤਿਆਰ ਕੀਤੀ ਹੈ, ਜਿਸ ਨੂੰ ਵਹਿਸ਼ਤ ਦੀ ਹਦ ਤਕ ਜਾ ਕੇ ਕਾਨੂੰਨੀ ਰੂਪ ਦੇਣ ਦੇ ਯਤਨ ਕੀਤੇ ਜਾ ਰਹੇ ਹਨ। ਜਦੋਂ ਕਿ ਸਰੀਰੀ ਸਾਇੰਸ ਦਸਦੀ ਹੈ ਕਿ ਅਸ਼ਲੀਲ ਭੜਕਾਊ ਕਾਮੁਕਤਾ ਦੀ ਅਤਿ ਮਨੁੱਖ ਦੇ ਦਿਮਾਗ ਨੂੰ ਸੁੰਗੇੜ ਦਿੰਦੀ ਹੈ।

ਕਾਰਲ ਮਾਰਕਸ ਦੀ ਧਾਰਨਾ ਅਨੁਸਾਰ "ਔਰਤ ਨੂੰ ਪੈਰ ਦੀ ਜੁਤੀ, ਦਾਸੀ ਅਤੇ ਸਾਂਝੀ ਹਵਸ ਦੀ ਪੁਤਲੀ ਸਮਝਣ ਵਾਲੀ ਪਹੁੰਚ ਮਰਦ ਦੇ ਉਸ ਅੰਤਹੀਣ ਨਿਘਾਰ ਦਾ ਪ੍ਰਗਟਾਵਾ ਹੈ, ਜਿਸ ਨਿਘਾਰ ਵਿਚ ਉਸ ਨੇ ਆਪਣੀ ਜ਼ਿੰਦਗੀ ਨੂੰ ਆਪ ਹੀ ਲਿਜਾ ਸੁਟਿਆ ਹੈ। ਅਜਿਹੀ ਪਹੁੰਚ ਦਾ ਕਾਰਨ, ਇਸ ਸਿਧੇ ਅਤੇ ਕੁਦਰਤੀ ਨਸਲੀ ਰਿਸ਼ਤੇ ਨੂੰ ਭੁਲ ਕੇ ਇਸ ਰਿਸ਼ਤੇ ਬਾਰੇ ਬਣੀ ਗਲਤ ਸੋਚ ਅਤੇ ਵਿਹਾਰ ਹੈ। ਵਿਅਕਤੀ ਤੋਂ ਵਿਅਕਤੀ ਦਾ ਕੁਦਰਤੀ, ਸਿੱਧਾ ਅਤੇ ਲੋੜੀਂਦਾ ਰਿਸ਼ਤਾ ਔਰਤ-ਮਰਦ ਦਾ ਰਿਸ਼ਤਾ ਹੈ। ਕੁਦਰਤ ਨਾਲ ਆਪਣੇ ਨਸਲੀ ਰਿਸ਼ਤੇ ਵਿਚ ਮਨੁੱਖ ਦਾ ਫੌਰੀ ਰਿਸ਼ਤਾ ਮਨੁੱਖ ਨਾਲ ਹੈ, ਜਿਵੇਂ ਆਪਣੀ ਕੁਦਰਤੀ ਹੋਂਦ ਵਜੋਂ ਮਨੁੱਖ ਦਾ ਫੌਰੀ ਰਿਸ਼ਤਾ ਕੁਦਰਤ ਨਾਲ ਹੈ। ਇਸ ਲਈ ਔਰਤ-ਮਰਦ ਦੇ ਰਿਸ਼ਤੇ ਤੋਂ ਮਨੁੱਖੀ ਵਿਕਾਸ ਦਾ ਸਮੁੱਚਾ ਪੱਧਰ ਜਾਣਿਆ ਜਾ ਸਕਦਾ ਹੈ। ਇਸ ਰਿਸ਼ਤੇ ਦੇ ਪੱਧਰ ਤੋਂ ਹੀ ਪਤਾ ਲਗਦਾ ਹੈ ਕਿ ਇਕ ਨਸਲੀ ਹੋਂਦ ਵਜੋਂ ਮਨੁੱਖ ਕਿੰਨਾ ਕੁ ਮਨੁੱਖ ਬਣਿਆ ਹੈ ਅਤੇ ਇਕ ਮਨੁੱਖ ਵਜੋਂ ਉਸ ਨੇ ਆਪਣੇ-ਆਪ ਨੂੰ ਕਿੰਨਾ ਕੁ ਆਪਣੀ ਅਨੁਭਵੀ ਚੇਤਨਾ ਦੀ ਪਕੜ ਵਿਚ ਲਿਆਂਦਾ ਹੈ।"


ਕਾਰਲ ਮਾਰਕਸ ਦੀ ਇਸ ਧਾਰਨਾ ਅਨੁਸਾਰ ਔਰਤ-ਮਰਦ ਦਾ ਰਿਸ਼ਤਾ ਸਾਰੇ ਮਨੁੱਖੀ ਰਿਸ਼ਤਿਆਂ ਦਾ ਮੂਲ ਆਧਾਰ ਹੈ। ਮਨੁੱਖੀ ਨਸਲ ਚਲਦੀ ਰੱਖਣ ਲਈ ਇਹ ਸਭ ਤੋਂ ਬੁਨਿਆਦੀ ਕੁਦਰਤੀ ਰਿਸ਼ਤਾ ਹੈ। ਭਾਵ ਔਰਤ-ਮਰਦ ਇਕ-ਦੂਜੇ ਤੋਂ ਆਜ਼ਾਦ ਨਹੀਂ, ਜਿਵੇਂ ਕਿ ਸਾਮਰਾਜੀ ਮੀਡੀਆ ਪ੍ਰਚਾਰਦਾ ਹੈ, ਸਗੋਂ ਇਕ-ਦੂਜੇ ਦੇ ਪੂਰਕ ਹਨ। ਮਰਦ ਔਰਤ ਬਿਨਾ ਅਧੂਰਾ ਹੈ ਅਤੇ ਔਰਤ ਮਰਦ ਬਿਨਾ ਅਧੂਰੀ ਹੈ; ਪਰ ਜਿੰਨਾ ਚਿਰ ਇਸ ਰਿਸ਼ਤੇ ਵਿਚ ਪੈਸਾ ਜਾਂ ਨਿਜੀ ਜਾਇਦਾਦ ਦੀ ਹੋਂਦ ਭਾਰੂ ਹੈ, ਓਨਾ ਚਿਰ ਇਹ ਰਿਸ਼ਤਾ ਸੰਤੁਲਿਤ ਨਹੀਂ ਬਣ ਸਕਦਾ।

ਡਾ. ਗੁਰਭਗਤ ਸਿੰਘ ਨੇ ਗੁਰਮਤਿ ਵਿਚ ਔਰਤ ਦੇ ਦਰਜੇ ਬਾਰੇ ਲਿਖਿਆ ਹੈ, "ਗੁਰੂ ਸਾਹਿਬਾਨ ਨੇ ਮਹਿਲਾਵਾਂ ਬਾਰੇ ਜੋ ਚਿੰਤਨ ਅਤੇ ਅਭਿਆਸ ਸਾਨੂੰ ਦਿਤੇ, ਉਹ ਸਮੇਂ ਨਾਲੋਂ ਅਗੇਰੇ ਹੀ ਨਹੀਂ ਸਨ, ਉਹ ਅਤਿਅੰਤ ਵਿਸ਼ੇਸ਼ ਵੀ ਸਨ। ਇਹ ਆਖਣਾ ਵੀ ਅਤਿਕਥਨੀ ਨਹੀਂ ਕਿ ਉਹ ਸਾਡੀ ਸਮਕਾਲੀ ਨਾਰੀਵਾਦੀ ਸੋਚ ਨਾਲੋਂ ਵੀ ਅਗੇ ਲੰਘਦੇ ਹਨ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਤਾਂ ਸਭ ਨੂੰ ਯਾਦ ਆ ਜਾਂਦੇ ਹਨ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ', ਪਰ ਇਹ ਧਿਆਨ ਵਿਚ ਘਟ ਹੀ ਆਉਂਦਾ ਹੈ ਕਿ ਉਨ੍ਹਾਂ ਵਾਹਿਗੁਰੂ ਅਤੇ ਕਾਇਨਾਤ ਦੇ ਕੁਲ ਰਹੱਸ ਨੂੰ ਅਨੁਭਵ ਕਰਨ ਲਈ ਮਹਲਾ ਅਧਿਆਤਮਕ ਸਰੂਪ ਬਣਨ ਦਾ ਚਿੰਤਨ ਅਤੇ ਅਭਿਆਸ ਸਾਨੂੰ ਦਿਤੇ ਹਨ।"

ਡਾ. ਗੁਰਭਗਤ ਸਿੰਘ ਨੇ ਇਹ ਵੀ ਲਿਖਿਆ ਹੈ, "ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਸੰਸਥਾਵਾਂ, ਉਨ੍ਹਾਂ ਪੁਰਸ਼ਾਂ ਦੇ ਹੱਥਾਂ ਵਿਚ ਸਨ, ਜੋ ਵਕਤ ਦੀਆਂ ਪੁਰਸ਼-ਪ੍ਰਧਾਨ ਕੀਮਤਾਂ ਤੋਂ ਪ੍ਰਭਾਵਿਤ ਸਨ। ਉਨ੍ਹਾਂ ਦੇ ਮਨ ਅਤੇ ਭਾਵ ਉਸ ਰਾਜਨੀਤਕ ਆਰਥਿਕਤਾ ਨੇ ਸਿਰਜੇ ਹੋਏ ਸਨ, ਜਿਨ੍ਹਾਂ ਵਿਚ ਪੁਰਸ਼ ਪ੍ਰਧਾਨ ਸੀ। ਪੁਰਸ਼ ਨੂੰ ਹੀ ਸਭ ਨੈਟਵਰਕ ਚਲਾਉਣ ਦੇ ਸਮਰਥ ਸਮਝਿਆ ਜਾਂਦਾ ਸੀ। ਬੁੱਧੀ ਦੀ ਅਜਾਰੇਦਾਰੀ ਉਸੇ ਕੋਲ ਸੀ। ਸਿੱਖ ਸੰਸਥਾਵਾਂ ਨੂੰ ਚਲਾਉਣ ਵਾਲੇ ਭਾਵੇਂ ਗੁਰਬਾਣੀ ਦੇ ਚੰਗੇ ਜਾਣਕਾਰ ਸਨ, ਪਰ ਅਮਲ ਵਿਚ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਮਿਸ਼ਨ ਨੂੰ ਚੰਗੀ ਤਰ੍ਹਾਂ ਸਮਝ ਕੇ ਅੱਗੇ ਤੋਰਨ ਵਿਚ ਕੋਈ ਸਮਰਥਾ ਨਹੀਂ ਦਿਖਾਈ।"

ਸਿੱਖ ਪੰਥ ਨੇ ਗੁਰੂ ਸਾਹਿਬਾਨ ਦੇ ਏਨੇ ਉਚੇ ਅਤੇ ਸੁਚੇ ਮਿਸ਼ਨ ਨੂੰ ਕਿਉਂ ਭੁਲਾ ਦਿਤਾ, ਇਸ ਦੇ ਠੋਸ ਇਤਿਹਾਸਕ ਕਾਰਨ ਹਨ, ਜਿਨ੍ਹਾਂ ਕਰਕੇ ਸਿੱਖ ਇਨਕਲਾਬ ਦੀ ਨਿਰੰਤਰਤਾ ਜਾਰੀ ਨਹੀਂ ਰਹਿ ਸਕੀ। ਪਹਿਲਾਂ ਬ੍ਰਾਹਮਣਵਾਦ ਅਤੇ ਰਜਵਾੜਾਸ਼ਾਹੀ ਦੇ ਗਠਜੋੜ, ਫਿਰ ਬਸਤੀਵਾਦੀ ਰਾਜਨੀਤਕ ਗੁਲਾਮੀ ਅਤੇ ਹੁਣ ਸਾਮਰਾਜੀ ਪੂੰਜੀਵਾਦ ਨੇ ਸਿੱਖ ਇਨਕਲਾਬ ਨੂੰ ਵਾਪਰਨ ਤੋਂ ਰੋਕਿਆ ਹੋਇਆ ਹੈ। ਮੌਜੂਦਾ ਰਾਜਪ੍ਰਬੰਧ ਦੀ ਬੁਨਿਆਦ ਹੀ ਪੁਰਸ਼ ਪ੍ਰਧਾਨ ਸਮਾਜ ਹੈ। ਇਹ ਬੁਨਿਆਦ ਮਨੂੰਵਾਦੀ ਭਰਮਜਾਲ ਅਤੇ ਸਾਮਰਾਜੀ ਆਰਥਿਕਤਾ ਉਤੇ ਟਿਕੀ ਹੋਈ ਹੈ। ਨਿਜੀ ਜਾਇਦਾਦ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਉਤੇ ਮੁਕੰਮਲ ਮਨੁੱਖੀ ਨਿਰਭਰਤਾ ਕਾਰਨ ਬਣੀ ਮਨੁੱਖੀ ਸੋਚ ਅਤੇ ਇਸ ਸੋਚ ਕਾਰਨ ਬਣੇ ਸਾਰੇ ਮਨੁੱਖੀ-ਸਮਾਜੀ ਰਿਸ਼ਤੇ ਇਸ ਪੁਰਸ਼ ਪ੍ਰਧਾਨ ਸਮਾਜ ਦਾ ਪ੍ਰਗਟ ਰੂਪ ਹਨ। ਪੂੰਜੀ (ਪੈਸੇ) ਦਾ ਗਲਬਾ ਅਤੇ ਪੁਰਸ਼ ਪ੍ਰਧਾਨ ਸੋਚ ਇਕੋ ਹੀ ਸਮਾਜੀ ਪ੍ਰਬੰਧ ਦੀਆਂ ਕੜੀਆਂ ਹਨ। ਇਹ ਪ੍ਰਬੰਧ ਸਾਮਰਾਜੀ ਪੂੰਜੀਵਾਦ ਦੀ ਜਕੜ ਵਿਚ ਹੈ। ਇਸ ਜਕੜ ਨੂੰ ਤੋੜੇ ਬਿਨਾ ਗੁਰੂ ਸਾਹਿਬਾਨ ਦੇ ਕਿਆਸੇ, ਮਹਿਲਾਵਾਂ ਦੇ ਮਰਦਾਂ ਨਾਲ ਬਰਾਬਰੀ ਦੇ ਆਧਾਰ ਉਤੇ ਇਕ-ਦੂਜੇ ਦੇ ਪੂਰਕ ਹੋਣ ਦੇ ਰਿਸ਼ਤੇ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ।

ਵਿਦਵਾਨ ਚਿੰਤਕ ਸਮਕਾਲੀ ਚਿੰਤਨ ਵਿਚ ਫਰਾਂਸ ਦੀਆਂ ਦੋ ਮਹਿਲਾਵਾਦੀ ਚਿੰਤਕਾਂ, ਲੂਸ ਇਰਿਗੈਰੇ ਅਤੇ ਹੈਲੇਨ ਸਿਖੂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹੋਏ ਲਿਖਦੇ ਹਨ, "ਇਨ੍ਹਾਂ ਦੋਹਾਂ ਨੇ ਸਪਸ਼ਟ ਕੀਤਾ ਹੈ ਕਿ ਮਹਿਲਾ ਦੀ ਵਿਸ਼ੇਸ਼ ਦੇਹ ਭਾਵ ਅਤੇ ਸੋਚ ਕਾਰਨ ਉਸ ਦੀ ਸ਼ੈਲੀ, ਵਾਕ ਪ੍ਰਬੰਧ ਆਦਿ ਵਿਸ਼ੇਸ਼ ਹਨ। ਉਸ ਦਾ ਜੋ ਅਨੁਭਵ ਹੈ, ਉਹ ਪੁਰਸ਼ ਦੀ ਸਮਰਥਾ ਵਿਚ ਨਹੀਂ। ਇਰਿਗੈਰੇ ਨੇ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਮਹਿਲਾ ਦੀ ਵਿਸ਼ੇਸ਼ਤਾ ਨੂੰ ਮੁਖ ਰਖ ਕੇ, ਸਭ ਸੰਸਥਾਵਾਂ ਨਵੇਂ ਸਿਰਿਓਂ ਸੰਗਠਿਤ ਕਰਨੀਆਂ ਚਾਹੀਦੀਆਂ ਹਨ। ਸਮਾਜ ਦੀ ਦਰਜਾਬੰਦੀ ਰਿਸ਼ਤੇ ਨਾਤੇ, ਮੁਖ ਅਦਾਰੇ ਇਸ ਸਮੇਂ ਪੁਰਖ ਪਰਿਪੇਖ ਤੋਂ ਉਸਾਰੇ ਗਏ ਹਨ। ਉਨ੍ਹਾਂ ਰਾਹੀਂ ਮੁਕਤੀ ਨਹੀਂ ਹੋ ਸਕਦੀ। ਇਨ੍ਹਾਂ ਸਭ ਵਿਚ ਮਹਿਲਾ ਪਰਿਪੇਖ ਜਾਂ ਦ੍ਰਿਸ਼ਟੀ ਸ਼ਾਮਲ ਹੋਣੀ ਚਾਹੀਦੀ ਹੈ, ਵਰਨਾ ਸਭਿਅਤਾ ਦੀ ਪ੍ਰਾਪਤੀ ਅਧੂਰੀ ਰਹਿ ਜਾਵੇਗੀ।"



*ਮਾਂ-ਧੀ ਦੀ ਮੁਹੱਬਤ ਨੂੰ ਦਰਸਾਉਂਦਾ ਇਕ ਚਿੱਤਰ*

ਵਿਦਵਾਨ ਚਿੰਤਕ ਇਹ ਤਾਂ ਦਰੁਸਤ ਕਹਿੰਦੇ ਹਨ ਕਿ "ਇਰਿਗੈਰੇ ਦੀ ਮਹਿਲਾਵਾਦੀ ਸੋਚ ਇਥੋਂ ਤਕ ਨਹੀਂ ਪਹੁੰਚੀ ਕਿ ਕੁੱਲ ਸ੍ਰਿਸ਼ਟੀ ਦਾ ਰਹੱਸ ਮਹਿਲਾ ਅਧਿਆਤਮ ਰਾਹੀਂ ਹੀ ਹੋ ਸਕਦਾ ਹੈ।", ਪਰ ਵਿਦਵਾਨ ਚਿੰਤਕ ਦੀ ਇਹ ਗੱਲ ਸਹੀ ਨਹੀਂ ਕਿ ਗੁਰੂ ਸਾਹਿਬਾਨ ਨੇ ਮਹਿਲਾ-ਪੁਰਸ਼ ਦਾ ਭੇਦ ਮਿਟਾ ਦਿਤਾ ਹੈ। ਇਸ ਧਾਰਨਾ ਨੂੰ ਮੰਨਣ ਨਾਲ ਔਰਤ-ਮਰਦ, ਦੋਵੇਂ, ਇਕ-ਦੂਜੇ ਤੋਂ ਆਜ਼ਾਦ ਇਕਾਈਆਂ ਦੇ ਤੌਰ ਉਤੇ ਜਾਪਦੇ ਹਨ; ਜਦੋਂਕਿ ਹਕੀਕੀ ਜ਼ਿੰਦਗੀ ਵਿਚ ਇਹ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਅਸਲ ਵਿਚ ਮਹਿਲਾ-ਪੁਰਸ਼ ਦਾ ਭੇਦ ਮਿਟਾਉਣ ਦੀ ਧਾਰਨਾ ਵੀ ਪੁਰਸ਼ ਪ੍ਰਧਾਨਗੀ ਦੇ ਅੰਸ਼ ਵਿਚ ਸ਼ਾਮਿਲ ਹੈ।

ਗੁਰਮਤਿ ਤਾਂ ਇਸ ਤੋਂ ਵੀ ਵਡਾ ਕੁਦਰਤੀ ਸੱਚ ਬਿਆਨ ਕਰਦੀ ਹੈ,

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਸਾਹਿਬ ਸਚਾ ਸੋਇ॥
(ਪੰਨਾ 473)

ਭਾਵ ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ ਤੇ ਔਰਤ ਤੋਂ ਬਿਨਾ ਕੋਈ ਮਨੁੱਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਸਿਰਫ ਇਕ ਵੱਡਾ ਸੱਚ ਕਰਤਾ ਹੀ ਇਸ ਵਰਤਾਰੇ ਤੋਂ ਬਾਹਰ ਹੈ। ਭਾਵ ਔਰਤ ਹੀ ਜੀਵਨ ਦਾਤੀ ਹੈ। ਇਹ ਕੁਦਰਤੀ ਸੱਚ ਹੈ। ਮਨੁੱਖੀ ਜੀਵਨ ਦਾ ਆਧਾਰ ਔਰਤ ਦੀ ਕੁਖ ਹੈ। ਮਰਦ ਇਸ ਪ੍ਰਕਿਰਿਆ ਵਿਚ ਸ਼ਾਮਿਲ ਜ਼ਰੂਰ ਹੈ, ਪਰ ਅੰਤਿਮ ਤੌਰ ਉਤੇ ਬੱਚੇ ਨੂੰ ਜਨਮ ਔਰਤ ਹੀ ਦਿੰਦੀ ਹੈ। ਇਸ ਪ੍ਰਸੰਗ ਵਿਚ ਦੇਬੀ ਪ੍ਰਸਾਦਿ ਚੋਟੋਪਾਧਿਆਇ ਦੀ ਸਹਜੀ ਗੀਤ ਦੀ ਦਿੱਤੀ, ਉਨ੍ਹਾਂ ਦੀ ਇਹ ਮਿਸਾਲ, ਗੁਰਮਤਿ ਦੇ ਜ਼ਿਆਦਾ ਨੇੜੇ ਹੈ, "ਜੇ ਤੂੰ ਇਕ ਤਨ ਹੋ ਕੇ ਸਦੀਵਤਾ ਵਿਚ ਜਾਣਾ ਚਾਹੁੰਦਾ ਹੈ ਤਾਂ ਮਰਦ ਅੰਸ਼ ਨੂੰ ਤਿਆਗ ਕੇ ਇਸਤਰੀ ਜਾਂ ਕੁਦਰਤ ਬਣ।" ਇਸੇ ਕਰਕੇ ਗੁਰਮਤਿ ਨੇ ਧਰਤੀ ਨੂੰ ਮਾਂ ਕਿਹਾ ਹੈ। ਕਿਉਂਕਿ ਧਰਤੀ ਹੀ ਮਨੁੱਖੀ ਜੀਵਨ ਦਾ ਆਧਾਰ ਹੈ। ਗੁਰੂ ਸਾਹਿਬ ਨੇ ਇਸ ਸਮਾਜੀ ਸੱਚ ਉਤੇ ਵੀ ਮੋਹਰ ਲਾਈ ਹੈ ਕਿ ਇਸ ਧਰਤੀ ਉਤੇ ਸਾਰੇ ਰਿਸ਼ਤਿਆਂ ਦੀ ਖੂਬਸੂਰਤੀ ਦਾ ਆਧਾਰ ਔਰਤ ਮਰਦ ਦਾ ਰਿਸ਼ਤਾ ਹੈ। ਬਾਕੀ ਸਾਰੇ ਸਮਾਜੀ-ਆਤਮਿਕ ਰਿਸ਼ਤੇ ਇਸ ਦੇ ਦੁਆਲੇ ਹੀ ਘੁੰਮਦੇ ਹਨ। ਇਥੋਂ ਤਕ ਕਿ ਸਾਰਾ ਆਤਮਿਕ ਰਹੱਸ ਅਤੇ ਸੁੰਦਰਤਾ ਇਸ ਰਿਸ਼ਤੇ ਰਾਹੀਂ ਹੀ ਪ੍ਰਗਟ ਹੁੰਦੀ ਹੈ। ਸਾਰੀ ਮਨੁੱਖੀ ਖੂਬਸੂਰਤੀ ਇਸ ਰਿਸ਼ਤੇ ਦੁਆਲੇ ਕੇਂਦਰਿਤ ਹੈ। ਇਸੇ ਕਰਕੇ ਉਨ੍ਹਾਂ ਨੇ ਆਪਣੀ "ਅੰਤਿਮ ਅਨੁਭਵ ਪ੍ਰਤਖਣਾ, ਸਰਵ ਪਰਿਪੇਖੀ ਦ੍ਰਿਸ਼ਟੀ ਨੂੰ ਮਹਲਾ ਅਧਿਆਤਮ ਨਾਲ ਪਰਿਭਾਸ਼ਤ ਕੀਤਾ ਹੈ।"

ਗੁਰਮਤਿ ਨੇ ਔਰਤ ਮਰਦ ਦੇ ਰਿਸ਼ਤੇ ਨੂੰ ਜਿਸ ਅਨੁਭਵੀ ਸਿਖਰ ਉਤੇ ਪਹੁੰਚਾਇਆ ਹੈ, ਇਹ ਅਜੇ ਤਕ ਕਿਸੇ ਫਿਲਾਸਫਰ ਜਾਂ ਧਰਮ ਗੁਰੂ ਦੇ ਹਿੱਸੇ ਨਹੀਂ ਆਇਆ। ਕਮਾਲ ਦੀ ਗੱਲ ਇਹ ਹੈ ਕਿ ਇਹ ਸਿਖਰ ਹੁਣ ਤਕ ਦੇ ਹੋਏ ਪੂਰੇ ਸਮਾਜੀ-ਸਭਿਆਚਾਰਕ ਵਿਕਾਸ ਦਾ ਸਿੱਟਾ ਹੈ ਅਤੇ ਭਵਿਖ ਦਾ ਖੂਬਸੂਰਤ ਸਮਾਜ ਇਹੋ ਜਿਹਾ ਹੀ ਹੋਵੇਗਾ।

ਗੁਰੂ ਸਾਹਿਬ ਦਾ ਫੁਰਮਾਨ ਹੈ,

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ॥ (ਪੰਨਾ 788)

ਔਰਤ-ਮਰਦ ਦੀ ਬਰਾਬਰੀ ਦੀ ਹਮਾਇਤ ਕਰਨ ਦੇ ਨਾਲ-ਨਾਲ ਗੁਰਮਤਿ ਨੇ ਦੋਹਾਂ ਨੂੰ ਇਕ-ਦੂਜੇ ਦੇ ਪੂਰਕ ਮੰਨਿਆ ਹੈ। ਅਰਥਾਤ ਔਰਤ-ਮਰਦ ਦਾ ਰਿਸ਼ਤਾ ਦੋ ਵਖ-ਵਖ ਸਰੀਰਾਂ ਦਾ ਨਹੀਂ, ਸਗੋਂ ਇਸ ਤੋਂ ਕਿਤੇ ਵੱਡਾ ਆਤਮਿਕ ਰਿਸ਼ਤਾ ਹੈ, ਜਿਸ ਵਿਚ ਦੋਵੇਂ ਇਕ-ਦੂਜੇ ਦੇ ਪੂਰਕ ਬਣ ਕੇ ਜਿਉਂਦੇ ਹਨ। ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰੂ ਸਾਹਿਬ ਦੀ ਇਹ ਧਾਰਨਾ, ਅੱਜ ਦੇ ਰਾਜਸੀ-ਸਮਾਜੀ ਮਾਹੌਲ ਵਿਚ ਖਾਸ ਤੌਰ ਉਤੇ ਮਹਤਵਪੂਰਨ ਹੈ; ਕਿਉਂਕਿ ਮਨੂੰਵਾਦ ਨੇ ਜੇ ਔਰਤ-ਮਰਦ ਨੂੰ ਦੇਹ ਦੀ ਹੋਂਦ ਤਕ ਸੁੰਗੇੜ ਦਿੱਤਾ ਸੀ, ਤਾਂ ਸਾਮਰਾਜੀ ਪੂੰਜੀਵਾਦ ਦੇ ਬਾਜ਼ਾਰੀਕਰਨ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਕੁਝ ਕੁ ਅੰਗਾਂ ਤਕ ਸੀਮਤ ਕਰ ਦਿਤਾ ਹੈ। ਇਥੋਂ ਤਕ ਕਿ ਮਨੁੱਖੀ ਰਿਸ਼ਤਿਆਂ ਦਾ ਇਹ ਬਾਜ਼ਾਰੀਕਰਨ, ਮਨੁੱਖ ਜਾਤੀ ਦੀ ਹੁਣ ਤਕ ਦੀ ਇਕੱਠੀ ਹੋਈ ਸਮੁਚੀ ਅਨੁਭਵੀ ਸਿਆਣਪ ਨੂੰ ਵੀ ਅਣਗੌਲਿਆ ਕਰ ਰਿਹਾ ਹੈ।

ਅਰਬਾਂ-ਖਰਬਾਂ-ਨਰਬਾਂ ਮਨੁੱਖਾਂ ਦੇ ਹਜ਼ਾਰਾਂ ਸਾਲਾਂ ਵਿਚ ਹੰਢਾਏ ਅਨੁਭਵੀ ਅਮਲ ਤੋਂ ਬਾਅਦ ਹੀ ਬੰਦੇ ਨੂੰ ਸਮਝ ਆਈ ਕਿ ਔਰਤ-ਮਰਦ ਦਾ ਰਿਸ਼ਤਾ ਬਾਕੀ ਸਾਰਿਆਂ ਰਿਸ਼ਤਿਆਂ ਦੀ ਖੂਬਸੂਰਤੀ ਦਾ ਆਧਾਰ ਹੈ। ਉਸ ਨੂੰ ਇਹ ਸਮਝ ਆਈ ਹੈ ਕਿ ਔਰਤ-ਮਰਦ ਇਕ-ਦੂਜੇ ਦੇ ਪੂਰਕ ਹਨ। ਦੋਵੇਂ ਮਿਲ ਕੇ ਇਕ ਮਨੁੱਖੀ ਇਕਾਈ ਬਣਦੇ ਹਨ। ਕਿਉਂਕਿ ਮਨੁੱਖੀ ਨਸਲ ਚਲਦੀ ਰੱਖਣ ਲਈ, ਇਨ੍ਹਾਂ ਦੋਹਾਂ ਦਾ ਮਿਲਣ ਅਤਿ ਜ਼ਰੂਰੀ ਹੈ। ਦੋਵੇਂ ਇਕ-ਦੂਜੇ ਬਿਨਾ ਅਧੂਰੇ ਹਨ, ਪਰ ਕਿਉਂਕਿ ਬੱਚੇ ਨੂੰ ਜਨਮ ਮਾਂ ਹੀ ਦਿੰਦੀ ਹੈ, ਇਸ ਲਈ ਸਮਾਜੀ ਤੌਰ ਉਤੇ ਔਰਤ ਦੀ ਅਹਿਮੀਅਤ ਮਰਦ ਨਾਲੋਂ ਵਧ ਹੈ। ਇਹ ਸਮਝ ਆਉਣ ਤੋਂ ਬਾਅਦ ਹੀ ਮਨੁੱਖ ਨੂੰ ਪਤਾ ਲਗਾ ਹੈ ਕਿ ਇਨ੍ਹਾਂ ਦੋਹਾਂ ਦਾ ਰਿਸ਼ਤਾ ਸਿਰਫ ਸਰੀਰੀ ਹੀ ਨਹੀਂ, ਸਗੋਂ ਇਸ ਤੋਂ ਕਿਤੇ ਜ਼ਿਆਦਾ ਹੈ। ਇਹ ਸਮਝ ਆਉਣ ਤੋਂ ਬਾਅਦ ਹੀ ਅਨੁਭਵ ਹੋਇਆ ਕਿ ਇਕ ਔਰਤ ਅਤੇ ਇਕ ਮਰਦ ਦਾ ਸਥਾਈ ਰਿਸ਼ਤਾ ਪਰਿਵਾਰ ਦੀ ਸਥਿਰਤਾ ਲਈ ਜ਼ਿਆਦਾ ਗੁਣਕਾਰੀ ਹੈ। ਫਿਰ ਹੀ ਇਹ ਸਮਝ ਆਈ ਕਿ ਇਸ ਰਿਸ਼ਤੇ ਵਾਸਤੇ ਇਕ-ਦੂਜੇ ਦੇ

**(ਬਾਕੀ ਅਗਲੇ ਸਫੇ 'ਤੇ)**

# ਕੇਰਲਾ ਵਿਚ ਔਰਤ 'ਤੇ ਜ਼ੁਲਮ ਦੀ ਗਾਥਾ: ਮੁੱਲਾਂਕਰਮ ਟੈਕਸ

ਸਮਾਜ ਵਿਚ ਬਦਲਾਅ ਲਿਆਉਣ ਲਈ ਅਤੇ ਗਰੀਬ ਵਰਗ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਦਿੱਤੇ ਗਏ ਬਲੀਦਾਨ ਦੀਆਂ ਕਈ ਘਟਨਾਵਾਂ ਇਤਿਹਾਸ ਵਿਚ ਦਰਜ ਹਨ। ਇੱਦਾਂ ਦੀ ਇੱਕ ਘਟਨਾ ਕੇਰਲਾ ਰਾਜ ਦੀ 19ਵੀਂ ਸਦੀ ਵਿਚ ਤਰਾਵਨਕੋਰ ਦੇ ਰਾਜੇ ਦੁਆਰਾ ਔਰਤਾਂ 'ਤੇ ਲਾਇਆ ਜਾਣ ਵਾਲਾ ਮੁੱਲਾਂਕਰਮ ਟੈਕਸ (ਬ੍ਰੈਸਟ ਟੈਕਸ) ਸੀ, ਜਿਸ ਨੇ ਨਾ ਸਿਰਫ ਇਨ੍ਹਾਂ ਔਰਤਾਂ ਦਾ ਅਪਮਾਨ ਕੀਤਾ, ਸਗੋਂ ਇਨ੍ਹਾਂ ਤੋਂ ਜਿਊਣ ਦਾ ਹੱਕ ਵੀ ਖੋਹ ਲਿਆ ਗਿਆ। ਇਸ ਖਿਲਾਫ ਉਥੋਂ

**ਹਰਪ੍ਰੀਤ ਕੌਰ ਦੁੱਗਰੀ**
ਫੋਨ: 91-94782-38443

ਦੀ ਇੱਕ ਔਰਤ ਨੇ ਇਸ ਟੈਕਸ ਦਾ ਸਖਤ ਵਿਰੋਧ ਕੀਤਾ ਅਤੇ ਉਸ ਦਾ ਇਹ ਸਾਹਸੀ ਕਦਮ ਇਸ ਟੈਕਸ ਦੇ ਖਾਤਮੇ ਦੀ ਵਜ੍ਹਾ ਬਣ ਗਿਆ। ਉਸ ਦਾ ਬਲੀਦਾਨ ਨਿਮਨ ਵਰਗ ਦੇ ਲੋਕਾਂ ਵਿਚ ਜਾਗ੍ਰਿਤੀ ਲਿਆਉਣ ਵਿਚ ਇੱਕ ਮੀਲ ਪੱਥਰ ਸਾਬਤ ਹੋਇਆ।

ਤਰਾਵਨਕੋਰ ਰਿਆਸਤ ਵਿਚ ਇੱਕ ਪਰੰਪਰਾ ਸੀ, ਜਿਸ ਵਿਚ ਆਪਣੇ ਤੋਂ ਉੱਚੀ ਜਾਤ ਵਾਲੇ ਲੋਕਾਂ ਨੂੰ ਸਨਮਾਨ ਦੇਣ ਲਈ ਨੀਵੀਂ ਜਾਤ ਦੇ ਲੋਕਾਂ ਨੂੰ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢਕਣ ਦੀ ਸਖਤ ਮਨਾਹੀ ਸੀ। ਜੇ ਕੋਈ ਔਰਤ ਆਪਣੀ ਛਾਤੀ ਢਕਦੀ ਤਾਂ ਟੈਕਸ ਅਧਿਕਾਰੀ ਉਸ ਦੀ ਛਾਤੀ ਦੇ ਸਾਇਜ਼ ਮੁਤਾਬਕ ਤੁਲਨਾ ਕਰਕੇ ਉਸ ਤੋਂ ਟੈਕਸ ਵਸੂਲ ਕਰਦੇ ਸਨ। ਇਹ ਟੈਕਸ ਸਮਾਜ ਦੀਆਂ ਸਾਰੀਆਂ ਔਰਤਾਂ ਅਤੇ ਮਰਦਾਂ 'ਤੇ ਲਾਗੂ ਸੀ, ਪਰ ਸਭ ਤੋਂ ਜ਼ਿਆਦਾ ਸ਼ਿਕਾਰ ਨੀਵੀਂ ਜਾਤ ਦੀਆਂ ਔਰਤਾਂ ਹੋਈਆਂ। ਔਰਤ ਨੂੰ ਗੰਦੀ ਨਜ਼ਰ ਨਾਲ ਦੇਖਣਾ ਅਤੇ ਉਸ ਦਾ ਅਪਮਾਨ ਕਰਨਾ ਬਹੁਤ ਹੀ ਸ਼ਰਮਨਾਕ ਸੀ। ਇਸ ਤੋਂ ਇਲਾਵਾ ਨੀਵੇਂ ਵਰਗ ਦੇ ਲੋਕਾਂ ਨੂੰ ਮੰਦਿਰ ਨੂੰ ਜਾਣ ਵਾਲੀ ਸੜਕ 'ਤੇ ਚੱਲਣ 'ਤੇ ਵੀ ਪਾਬੰਦੀ ਸੀ। ਅੱਜ ਅਸੀਂ ਜਿਸ ਪ੍ਰਗਤੀਵਾਦੀ ਅਤੇ ਸਿੱਖਿਆ ਦੇ ਪਸਾਰ ਕਰ ਕੇ ਕੇਰਲਾ ਰਾਜ ਨੂੰ ਜਾਣਦੇ ਹਾਂ, ਖਾਸ ਕਰਕੇ ਮਹਿਲਾਵਾਂ ਦੀ ਸਿੱਖਿਆ ਦੇ ਖੇਤਰ ਵਿਚ ਕਾਫੀ ਤਾਰੀਫ ਕੀਤੀ ਜਾਂਦੀ ਹੈ, ਉਥੇ ਹਮੇਸ਼ਾ ਹੀ ਔਰਤਾਂ ਦੇ ਇੰਨੇ ਚੰਗੇ ਹਾਲਾਤ ਨਹੀਂ ਸਨ, ਜਿੰਨੇ ਕਿ ਅੱਜ ਸਾਨੂੰ ਦੇਖਣ ਨੂੰ ਮਿਲਦੇ ਹਨ।

ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਕੇਰਲਾ ਰਾਜ ਵਿਚ ਨੀਵੀਂ ਜਾਤ ਦੀਆਂ ਔਰਤਾਂ ਦੀ ਤਰਸਯੋਗ ਹਾਲਤ ਸੀ। ਇਥੇ ਵੀ ਸਮਾਜਕ ਪੱਧਰ 'ਤੇ ਅਨੇਕਾਂ ਬੁਰਾਈਆਂ ਪ੍ਰਚਲਿਤ ਸਨ। ਇੱਥੇ ਕਰੂਰ ਪ੍ਰਥਾ ਅਤੇ ਵਰਣ-ਵਿਵਸਥਾ ਦਾ ਕੋਹੜ ਆਪਣੀਆਂ ਜੜ੍ਹਾਂ ਮਜ਼ਬੂਤ ਕਰੀ ਬੈਠਾ ਸੀ, ਪਰ ਸਮੇਂ-ਸਮੇਂ ਇਨ੍ਹਾਂ ਬੁਰਾਈਆਂ ਤੋਂ ਤੰਗ ਆ ਕੇ ਕਿਸੇ ਨਾ ਕਿਸੇ ਨੇ ਜਾਬਰ-ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ ਹੈ। ਕੇਰਲਾ ਰਾਜ ਦੇ ਤਰਾਵਨਕੋਰ ਜਿਲੇ ਦੇ ਨੇੜਲੇ ਖੇਤਰ ਵਿਚ ਨੀਵੇਂ ਵਰਗ ਦੀਆਂ ਔਰਤਾਂ ਨੂੰ ਆਪਣੇ ਸਰੀਰ ਦੇ ਉੱਪਰਲੇ ਹਿੱਸੇ ਨੂੰ ਢਕਣ ਦੀ ਆਗਿਆ ਨਹੀਂ ਸੀ। ਇੱਥੇ ਮੰਦਿਰ ਵਿਚ ਪ੍ਰੋਹਿਤ ਕੋਲ ਇੱਕ ਲਾਠੀ ਰੱਖੀ ਹੁੰਦੀ ਸੀ ਅਤੇ ਉਸ ਦੇ ਉੱਪਰ ਇੱਕ ਚਾਕੂ ਬੰਨਿਆ ਹੁੰਦਿਆ ਸੀ, ਜਦੋਂ ਕੋਈ ਔਰਤ ਆਪਣੀ ਛਾਤੀ ਢਕ ਕੇ ਆਉਂਦੀ ਤਾਂ ਮੰਦਿਰ ਦੇ ਪ੍ਰੋਹਿਤ ਵੱਲੋਂ ਉਸ ਦੇ ਕੱਪੜੇ ਪਾੜ ਕੇ ਦਰੱਖਤ ਉੱਤੇ ਲਟਕਾ ਦਿੱਤੇ ਜਾਂਦੇ ਸਨ ਕਿ ਅੱਗੇ ਤੋਂ ਕੋਈ ਵੀ ਔਰਤ ਇੱਦਾਂ ਦੀ ਗਲਤੀ ਨਾ ਦੁਹਰਾਏ।

ਇੱਥੇ ਇੱਕ ਹੋਰ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਉੱਚ ਵਰਗ ਦੀਆਂ ਬ੍ਰਾਹਮਣ, ਕਸ਼ੱਤਰੀ ਔਰਤਾਂ ਨੂੰ ਘਰ ਤੋਂ ਬਾਹਰ ਜਾਂਦੇ ਸਮੇਂ ਸਰਵਜਨਿਕ ਥਾਂਵਾਂ 'ਤੇ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢਕਣ ਦੀ ਇਜਾਜ਼ਤ ਸੀ, ਪਰ ਇਸ ਦੇ ਉਲਟ ਦਲਿਤ ਵਰਗ ਨੂੰ ਨਹੀਂ ਸੀ ਜਾਂ ਫਿਰ ਉਨ੍ਹਾਂ ਨੂੰ ਇਸ ਦੇ ਬਦਲੇ ਟੈਕਸ ਭਰਨਾ ਪੈਂਦਾ ਸੀ। ਇਹ ਉਸ ਸਮੇਂ ਫੈਲਿਆ ਹੋਇਆ ਘਿਨੌਣਾ ਜਾਤੀਗਤ ਭੇਦਭਾਵ ਸੀ। ਗਰੀਬ ਲੋਕਾਂ ਨੂੰ ਦਬਾ ਕੇ ਰੱਖਣਾ ਅਤੇ ਜਾਤ-ਪਾਤ ਨੂੰ ਹਮੇਸ਼ਾ ਕਾਇਮ ਰੱਖਣਾ ਇਨ੍ਹਾਂ ਦਾ ਮੁੱਖ ਮਕਸਦ ਸੀ। ਹਰ ਵਰਗ ਦੀਆਂ ਔਰਤਾਂ ਲਈ ਅਲੱਗ-ਅਲੱਗ ਨਿਯਮ ਬਣਾਏ ਹੋਏ ਸਨ। ਇੱਕ ਬ੍ਰਾਹਮਣ ਸ਼ਖਸ ਦੇ ਸਾਹਮਣੇ ਇੱਕ ਕਸ਼ੱਤਰੀ ਵਰਗ ਦੀ ਮਹਿਲਾ ਨੂੰ ਜ਼ਬਰਦਸਤੀ ਤਨ ਦਾ ਉੱਪਰਲਾ ਹਿੱਸਾ ਨੰਗਾ ਕਰਨ ਲਈ ਮਜ਼ਬੂਰ ਕੀਤਾ ਜਾ ਸਕਦਾ ਸੀ। ਇਹ ਕਿੱਸਾ ਬਹੁਤ ਹੀ ਦਿਲ



ਦਿਹਲਾਉਣ ਵਾਲਾ ਹੈ।

ਇੱਕ ਵਾਰ ਮਹੱਲ ਦੀ ਰਾਣੀ ਦੇ ਸਾਹਮਣੇ ਇੱਕ ਨੀਵੇਂ ਵਰਗ ਦੀ ਔਰਤ ਆਪਣੀ ਛਾਤੀ ਢਕ ਕੇ ਚਲੀ ਗਈ ਤਾਂ ਰਾਣੀ ਨੇ ਉਸ ਦੀ ਛਾਤੀ ਨੂੰ ਕਟਵਾਉਣ ਦਾ ਫਰਮਾਨ ਦੇ ਦਿੱਤਾ। ਇੱਥੋਂ ਤੱਕ ਕਿ ਜਦੋਂ ਰਾਜੇ ਦੀ ਸਵਾਰੀ ਸਰਵਜਨਿਕ ਰੂਪ ਤੋਂ ਸ਼ਹਿਰ ਤੋਂ ਬਾਹਰ ਨਿਕਲਦੀ ਤਾਂ ਉੱਚ ਵਰਗ ਦੀਆਂ ਔਰਤਾਂ ਨੂੰ ਉਸ ਦੇ ਸਨਮਾਨ ਲਈ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਨੰਗਾ ਕਰਕੇ ਰਾਜੇ ਦੇ ਉੱਪਰ ਫੁੱਲ ਬਰਸਾਉਣੇ ਪੈਂਦੇ ਸਨ ਅਤੇ ਉਸ ਵਿਚ ਕੁਆਰੀਆਂ ਕੁੜੀਆਂ ਵੀ ਸ਼ਾਮਿਲ ਸਨ।

19ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਇਸ ਪ੍ਰਥਾ ਵਿਚ ਕੁਝ ਬਦਲਾਅ ਆਉਣਾ ਸ਼ੁਰੂ ਹੋਇਆ, ਜਦੋਂ ਲੋਕ ਰੋਜ਼ਗਾਰ ਦੀ ਤਲਾਸ਼ ਵਿਚ ਬਾਹਰ ਸ੍ਰੀ ਲੰਕਾ ਵਰਗੇ ਖੇਤਰਾਂ ਵਿਚ ਵਿਚਰਦੇ ਤਾਂ ਉਨ੍ਹਾਂ ਨੂੰ ਨਵੀਆਂ-ਨਵੀਆਂ ਸਮਾਜਿਕ ਪ੍ਰਣਾਲੀਆਂ ਅਤੇ ਢਾਂਚੇ ਦੇਖਣ ਨੂੰ ਮਿਲੇ। ਫਲਸਰੂਪ ਉਨ੍ਹਾਂ ਵਿਚ ਜਾਗਰੂਕਤਾ ਆਉਣੀ ਸ਼ੁਰੂ ਹੋਈ। ਇਸ ਦੇ ਨਾਲ ਹੀ ਔਰਤਾਂ ਘਰ ਦੇ ਅੰਦਰ ਅਤੇ ਬਾਹਰ ਆਪਣੇ ਸਰੀਰ ਨੂੰ ਢਕਣ ਲੱਗੀਆਂ, ਪਰ ਇਸ ਇਤਿਹਾਸਕ ਬਦਲਾਅ ਨੂੰ ਮਰਦ ਪ੍ਰਧਾਨ ਸਮਾਜ ਨੇ ਇੰਨੀ ਜਲਦੀ ਸਵੀਕਾਰ ਨਹੀਂ ਕੀਤਾ। 1800-1829 ਈ. ਤੱਕ ਅੰਗਰੇਜ਼ੀ ਰਾਜ ਦੇ ਦਖਲ ਵਧਣ ਕਾਰਨ ਇਹ ਨਾਦਰ ਸਮੁਦਾਇ ਨੀਵੀਂ ਜਾਤ ਦੀਆਂ ਔਰਤਾਂ ਨੇ ਈਸਾਈ ਧਰਮ ਅਪਨਾ ਲਿਆ। 1855 ਈ. ਵਿਚ ਦਾਸ ਪ੍ਰਥਾ ਦਾ ਅੰਤ ਹੋਣ ਨਾਲ ਸਵਰਣ ਪ੍ਰਥਾ ਵਿਚ ਗੁੱਸਾ ਭਰ ਆਇਆ ਅਤੇ ਅਕਤੂਬਰ 1859 ਈ. ਵਿਚ ਦੰਗੇ ਹੋਏ। ਇਸ ਵਿਚ ਨਾਦਰ ਸਮੁਦਾਇ ਦੀਆਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ ਦੀ ਬੇਪਤੀ ਕੀਤੀ ਗਈ।

ਇਹ ਸੰਘਰਸ਼ ਲੰਮਾ ਸਮਾਂ ਚੱਲਦਾ ਰਿਹਾ ਅਤੇ ਇਸ ਦੀ ਪਹਿਲੀ ਸ਼ਹੀਦ ਔਰਤ ਨੰਗੇਲੀ ਸੀ, ਜਿਸ ਨੇ ਇਸ ਦਾ ਸਖਤ ਵਿਰੋਧ ਕੀਤਾ ਅਤੇ ਇਸ ਦਾ ਸਾਥ ਉਸ ਦੇ ਪਤੀ ਚਿਰਕੁੰਡਨ ਨੇ ਦਿੱਤਾ। ਨੰਗੇਲੀ ਨੇ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢਕਣਾ ਸ਼ੁਰੂ ਕਰ ਦਿੱਤਾ ਅਤੇ ਟੈਕਸ ਨਾ ਦਿੱਤਾ। ਜਦੋਂ ਸਮਾਜ ਦੇ ਟੈਕਸ ਅਧਿਕਾਰੀ ਟੈਕਸ ਲੈਣ ਲਈ ਉਸ ਦੇ ਘਰ ਆਏ ਤਾਂ ਉਸ ਨੇ ਆਪਣੀਆਂ ਛਾਤੀਆਂ ਨੂੰ ਦਾਤਰੀ ਨਾਲ ਕੱਟ ਕੇ ਕੇਲੇ ਦੇ ਪੱਤਿਆਂ ਉਪਰ ਰੱਖ ਕੇ ਟੈਕਸ ਅਧਿਕਾਰੀ ਦੇ ਸਾਹਮਣੇ ਜਾ ਖੜ੍ਹੀ ਹੋਈ। ਇਹ ਦੇਖ ਕੇ ਟੈਕਸ ਅਧਿਕਾਰੀ ਉੱਥੋਂ ਭੱਜ ਗਏ ਅਤੇ ਖੂਨ ਨਾਲ ਲੱਥ-ਪੱਥ ਖੜ੍ਹੀ ਨੰਗੇਲੀ ਨੇ ਵੀ ਉਸੇ ਸਮੇਂ ਦਮ ਤੋੜ ਦਿੱਤਾ। ਉਸ ਦੀ ਮੌਤ ਦੀ ਖਬਰ ਜੰਗਲ 'ਚ ਲੱਗੀ ਅੱਗ ਵਾਂਗ ਫੈਲ ਗਈ। ਅੱਗ ਦੀ ਚਿਖਾਂ 'ਚ ਨੰਗੇਲੀ ਦੇ ਪਤੀ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ।

ਇਤਿਹਾਸ ਵਿਚ ਇਹ ਪਹਿਲੀ ਘਟਨਾ ਸੀ, ਜਿਸ ਵਿਚ ਔਰਤ ਦੀ ਜਲਦੀ ਚਿਖਾ ਵਿਚ ਉਸ ਦਾ ਪਤੀ ਸਤੀ ਹੋਇਆ ਹੋਵੇ। ਚੇਰਥਾਲਾ ਨਾਮੀ ਇਸ ਜਗ੍ਹਾ 'ਤੇ ਉਨ੍ਹਾਂ ਨੇ ਆਪਣੇ ਪ੍ਰਾਣ ਤਿਆਗੇ ਸਨ। ਇਸ ਜਗ੍ਹਾ ਨੂੰ ਉਨ੍ਹਾਂ ਦੇ ਪ੍ਰਤੀ ਸ਼ਰਧਾਂਜਲੀ ਪ੍ਰਗਟ ਕਰਨ ਲਈ ਮੁਲਾੱਚੀਪਰਾਮਬੂ ਭਾਵ (ਮਹਿਲਾਵਾਂ ਦੇ ਸਤਮ ਦੀ ਭੂਮੀ) ਦੇ ਨਾਮ ਨਾਲ ਜਾਣਿਆ ਜਾਂਦਾ ਹੈ; ਪਰ ਅੱਜ-ਕੱਲ ਇਸ ਨੂੰ ਸਥਾਨਕ ਲੋਕ ਮਨੋਰਮਾ ਕਵਾਲਾ ਦੇ ਨਾਂ ਨਾਲ ਜਾਣਦੇ ਹਨ।

ਅਖੀਰ 26 ਜੁਲਾਈ 1859 ਈ. ਨੂੰ ਔਰਤਾਂ ਨੂੰ ਪੂਰਨ ਰੂਪ ਤੋਂ ਆਪਣੇ ਸਰੀਰ ਨੂੰ ਢਕਣ ਦਾ ਅਧਿਕਾਰ ਮਿਲ ਗਿਆ, ਪਰ ਸਰਕਾਰ ਦੇ ਆਦੇਸ਼ ਅਨੁਸਾਰ ਨੀਵੇਂ ਵਰਗ ਦੀ ਪੁਸ਼ਾਕ ਉੱਚ ਵਰਗ ਨਾਲੋਂ ਵੱਖਰੀ ਕਿਸਮ ਦੀ ਹੋਵੇਗੀ। ਇਸ ਕਰੂਰ ਪਰੰਪਰਾ ਨੂੰ ਅੱਗੇ ਚਲਾਉਣ ਵਿਚ ਰਾਜਸੀ ਘਰਾਣੇ, ਪ੍ਰੋਹਿਤ, ਸਵਰਣ ਵਰਗ ਦੇ ਲੋਕਾਂ ਤੋਂ ਇਲਾਵਾ ਉੱਚ ਵਰਗ ਦੀਆਂ ਰਾਜਸੀ ਔਰਤਾਂ ਵੀ ਜ਼ਿੰਮੇਵਾਰ ਸਨ, ਜਿਨ੍ਹਾਂ ਨੇ ਇਸ ਪ੍ਰਥਾ ਨੂੰ ਕਾਇਮ ਰੱਖਿਆ। ਸਿੰਧੂ ਘਾਟੀ ਦੀ ਸੱਭਿਅਤਾ ਦੇ ਸਮੇਂ ਭਾਰਤ ਮਾਤਾ ਪ੍ਰਧਾਨ ਦੇਸ਼ ਸੀ, ਪਰ ਆਰੀਆ ਲੋਕਾਂ ਦੇ ਭਾਰਤ ਆਉਣ ਕਰਕੇ ਇੱਦਾਂ ਦੀਆਂ ਕਰੂਰ ਪ੍ਰਥਾਵਾਂ ਦਾ ਜਨਮ ਹੋਇਆ। ਸਾਡਾ ਸਮਾਜ ਨਿਰੰਤਰ ਭੇਦ-ਭਾਵ, ਅਛੂਤ ਵਰਗੇ ਭੇਦਭਾਵਾਂ ਦੇ ਦੌਰ ਤੋਂ ਗੁਜ਼ਰ ਰਿਹਾ ਹੈ, ਪਰ ਸਮੇਂ ਦੇ ਪਹੀਏ 'ਤੇ ਸਵਾਰ ਲੋਕਾਂ ਦੇ ਹੌਸਲਿਆਂ ਅਤੇ ਦ੍ਰਿੜ ਵਿਸ਼ਵਾਸ ਨੇ ਇਸ ਘਿਨੌਣੀ ਪ੍ਰਥਾ ਦਾ ਖਾਤਮਾ ਕਰ ਦਿੱਤਾ। ਅੱਜ ਵੀ ਸਾਡੇ ਸਮਾਜ ਵਿਚ ਔਰਤਾਂ ਨਾਲ ਇਨਸਾਨਾਂ ਵਰਗਾ ਸਲੂਕ ਨਹੀਂ ਕੀਤਾ ਜਾਂਦਾ। ਇਸ ਲਈ ਔਰਤਾਂ ਨੂੰ ਪ੍ਰਗਤੀ ਦੇ ਰਾਹ 'ਤੇ ਚੱਲਦਿਆਂ ਹਮੇਸ਼ਾ ਬੁਰਾਈਆਂ ਦੇ ਖਿਲਾਫ ਇਕਜੁੱਟ ਹੋ ਕੇ ਸੰਘਰਸ਼ਸ਼ੀਲ ਬਣਿਆ ਰਹਿਣਾ ਪਵੇਗਾ। ਫਿਰ ਹੀ ਅੱਜ ਦੀ ਔਰਤ ਆਪਣੇ ਹੱਕ ਲੈਣ ਵਿਚ ਸਫਲ ਸਿੱਧ ਹੋਵੇਗੀ। ਇਸ ਲਈ ਉਸ ਦੇ ਕੋਲ ਸਿੱਖਿਆ ਤੇ ਤਰਕਸ਼ੀਲ ਵਿਚਾਰ ਅਤੇ ਆਰਥਿਕ ਰੂਪ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਉਸ ਦੀ ਮਦਦ ਲਈ ਸਭ ਤੋਂ ਜ਼ਿਆਦਾ ਸਹਾਈ ਹਨ।

# ਔਰਤ ਦੀ ਆਜ਼ਾਦੀ ਦਾ ਮਸਲਾ ਅਤੇ ਔਰਤ-ਮਰਦ ਦਾ ਰਿਸ਼ਤਾ

*(ਪਿਛਲੇ ਸਫੇ ਦੀ ਬਾਕੀ)*

ਦੁਖ-ਸੁਖ ਵਿਚ ਭਾਈਵਾਲ ਹੋਣ ਲਈ, ਵਧੇਰੇ ਸੰਵੇਦਨਸ਼ੀਲਤਾ ਦੀ ਲੋੜ ਹੈ। ਸੰਵੇਦਨਸ਼ੀਲਤਾ ਲਈ ਦੋਹਾਂ ਦੇ ਬੌਧਿਕ ਵਿਕਾਸ ਦੀ ਲੋੜ ਹੈ। ਬਹੁਤ ਲੰਮਾ ਸਮਾਂ ਪਾ ਕੇ ਹੀ ਮਨੁੱਖ ਜਾਤੀ ਨੂੰ ਸਮਝ ਆਈ ਕਿ ਔਰਤ-ਮਰਦ ਦੇ ਰਿਸ਼ਤੇ ਦੀ ਖੂਬਸੂਰਤੀ ਦਾ ਆਧਾਰ ਸਰੀਰਕ ਨਾਲੋਂ ਆਤਮਿਕ ਜ਼ਿਆਦਾ ਹੈ। ਭਾਵ ਇਹ ਰਿਸ਼ਤਾ ਸਰੀਰੀ ਵੀ ਹੈ, ਪਰ ਇਨ੍ਹਾਂ ਰਿਸ਼ਤਿਆਂ ਵਿਚ ਖੂਬਸੂਰਤੀ ਭਰਨ ਲਈ ਦੋਹਾਂ ਦੇ ਆਤਮਿਕ ਤੇ ਸਭਿਆਚਾਰਕ ਵਿਕਾਸ ਦੀ ਲੋੜ ਵੀ ਹੈ।

ਗੁਰਮਤਿ ਦੀ ਪਰ-ਨਾਰੀ ਦੀ ਸੇਜ ਸੁਪਨੇ ਵਿਚ ਵੀ ਨਾ ਜਾਣ ਦੀ ਨਸੀਹਤ ਕੋਈ ਧਾਰਮਿਕ ਉਪਦੇਸ਼ ਨਹੀਂ, ਸਗੋਂ ਇਸ ਦਾ ਆਧਾਰ ਸਮਾਜੀ ਤੌਰ ਉਤੇ ਇਕੱਠੀ ਹੋਈ ਅਨੁਭਵੀ ਸਿਆਣਪ ਹੈ ਕਿ ਸੁਪਨਿਆਂ ਵਿਚ ਪਰ-ਨਾਰੀਆਂ ਦੀ ਸੇਜ ਮਾਣਨ ਵਾਲਾ ਮਨੁੱਖ ਕਦੀ ਵੀ ਔਰਤ-ਮਰਦ ਦੇ ਰਿਸ਼ਤਿਆਂ ਨੂੰ ਆਤਿਮਕ ਪੱਧਰ ਉਤੇ ਜਾ ਕੇ ਨਹੀਂ ਮਾਣ ਸਕਦਾ। ਉਹ ਕਦੀ ਵੀ ਆਪਣੀ ਔਰਤ ਨਾਲ ਆਤਮਿਕ ਆਧਾਰ ਉਤੇ ਜਾ ਕੇ ਰਿਸ਼ਤਾ ਕਾਇਮ ਨਹੀਂ ਕਰ ਸਕਦਾ। ਨਾ ਹੀ ਉਹ ਸੁਚੇਤ ਰੂਪ ਵਿਚ ਆਪਣੇ ਸਰੀਰ ਦੀਆਂ ਇੰਦ੍ਰਿਆਵੀ, ਜਜ਼ਬਾਤੀ ਅਤੇ ਆਤਮਿਕ ਲੋੜਾਂ ਦੀ ਪਛਾਣ ਕਰ ਸਕਦਾ ਹੈ। ਕਿਉਂਕਿ ਸੁਪਨਿਆਂ ਵਿਚ ਪਰਾਈਆਂ ਔਰਤਾਂ ਭੋਗਣ ਵਾਲਾ ਮਨੁੱਖ ਯਥਾਰਥ ਤੋਂ ਟੁਟੀ ਹੋਈ ਕਾਲਪਨਿਕ ਭਟਕਣਾ ਦਾ ਸ਼ਿਕਾਰ ਹੈ ਅਤੇ ਇਹੀ ਭਟਕਣਾ ਅਜੋਕੇ ਸਾਮਰਾਜੀ ਅਸਭਿਆਚਾਰ ਦੇ ਸ਼ਿਕਾਰ ਮਨੁੱਖ ਦੀ ਹੋਣੀ ਹੈ।

ਗੁਰਮਤਿ ਇਸ ਧਾਰਨਾ ਵਿਚ ਇਹੀ ਆਤਮਿਕ ਗਿਆਨ ਦੇ ਰਹੀ ਹੈ,

> ਕਾਮਵੰਤ ਕਾਮੀ ਬਹੁ ਨਾਰੀ
> ਪਰ ਗ੍ਰਿਹ ਜੋਹ ਨ ਚੂਕੈ॥
> ਦਿਨ ਪ੍ਰਤਿ ਕਰੈ ਕਰੈ ਪਛੁਤਾਪੈ
> ਸੋਗ ਲੋਭ ਮਹਿ ਸੂਕੈ॥ (ਪੰਨਾ 672)

ਭਾਵ ਕਾਮ ਵਾਸਨਾ ਵਿਚ ਗ੍ਰਸੇ ਮਰਦ ਕੋਲ ਭਾਵੇਂ ਜਿੰਨੀਆਂ ਮਰਜੀ ਔਰਤਾਂ ਹੋਣ, ਪਰ ਉਸ ਦੀ ਹੋਰ-ਹੋਰ ਪਰਾਈਆਂ ਔਰਤਾਂ ਭੋਗਣ ਦੀ ਭੁਖ ਕਦੇ ਤ੍ਰਿਪਤ ਨਹੀਂ ਹੁੰਦੀ। ਉਹ ਦਿਨ-ਰਾਤ ਕਾਮ ਵਿਚ ਗ੍ਰਸਿਆ ਰਹਿ ਕੇ ਪਛਤਾਉਂਦਾ ਵੀ ਹੈ, ਕਿਉਂਕਿ ਸਰੀਰਕ ਸਮਰਥਾ ਸੀਮਤ ਹੈ, ਪਰ ਫਿਰ ਵੀ ਹੋਰ-ਹੋਰ ਔਰਤਾਂ ਭੋਗਣ ਦੀ ਭਟਕਣਾ ਵਿਚ ਮਰਦਾ ਜਾਂਦਾ ਹੈ।

> ਜੇ ਲਖ ਇਸਤਰੀਆਂ ਭੋਗ ਕਰਹਿ
> ਨਵ ਖੰਡ ਰਾਜ ਕਮਾਹਿ॥
> ਬਿਨੁ ਸਤਗੁਰ ਸੁਖ ਨ ਪਾਵਈ
> ਫਿਰਿ ਫਿਰਿ ਜੋਨੀ ਪਾਹਿ॥ (ਪੰਨਾ 26)

ਭਾਵ ਜੇ ਬੰਦਾ ਲਖ ਔਰਤਾਂ ਨਾਲ ਵੀ ਭੋਗ ਕਰ ਲਵੇ ਤੇ ਸਾਰੀ ਦੁਨੀਆਂ ਉਤੇ ਰਾਜ ਕਮਾ ਲਵੇ ਤਾਂ ਵੀ ਸੱਚੇ ਗੁਰੂ ਦੇ ਆਤਮਿਕ ਗਿਆਨ ਤੋਂ ਬਿਨਾ ਮਨ ਵਿਚੋਂ ਵਾਰ ਵਾਰ ਜੰਮਣ-ਮਰਣ ਦਾ ਭਰਮ ਨਹੀਂ ਮਿਟਦਾ ਤੇ ਇਸ ਕਰਕੇ ਮਨ ਦੀ ਸ਼ਾਂਤੀ ਭਾਵ ਸੁਖ ਨਹੀਂ ਮਿਲ ਸਕਦਾ। ਭਾਵ ਆਪਣੀ ਨਾਸਵੰਤ ਹੋਂਦ ਦੀ ਅਸਲੀਅਤ ਜਾਣੇ ਬਿਨਾ ਬੰਦਾ ਆਪਣੇ ਸੰਤੁਲਿਤ ਸੰਜਮੀ ਸਹਿਜ ਜੀਵਨ ਦਾ ਸੁਖ ਨਹੀਂ ਮਾਣ ਸਕਦਾ।

ਗੁਰੂ ਸਾਹਿਬਾਨ ਨੇ ਇਸ ਕੁਦਰਤੀ ਸੱਚ ਉਤੇ ਜ਼ੋਰ ਦਿਤਾ ਕਿ ਔਰਤ ਮਨੁੱਖੀ ਨਸਲ ਦੀ ਜਨਮਦਾਤੀ ਹੈ। ਔਰਤ ਤੋਂ ਬਿਨਾ ਸਮੁੱਚਾ ਮਨੁੱਖੀ ਜੀਵਨ ਚਿਤਵਿਆ ਵੀ ਨਹੀਂ ਜਾ ਸਕਦਾ, ਪਰ ਮੌਜੂਦਾ ਸਾਮਰਾਜੀ ਰਿਸ਼ਤਿਆਂ ਨੇ ਔਰਤਾਂ ਦੇ ਬੱਚੇ ਜੰਮਣ ਦੀ ਪਵਿਤਰ ਕਿਰਿਆ ਨੂੰ ਵੀ ਪੈਸੇ ਦੀਆਂ ਗਿਣਤੀਆਂ-ਮਿਣਤੀਆਂ ਦੇ ਖਾਰੇ ਸਮੁੰਦਰ ਵਿਚ ਡੋਬ ਦਿਤਾ ਹੈ। ਇਸ ਲਈ ਹੁਣ ਇਹ ਗੱਲ ਧਿਆਨ ਵਿਚ ਰਹਿਣੀ ਚਾਹੀਦੀ ਹੈ ਕਿ ਇਸ ਰਿਸ਼ਤੇ ਦੀ ਖੂਬਸੂਰਤੀ ਮਾਣਨੀ ਓਨਾ ਚਿਰ ਸੰਭਵ ਨਹੀਂ, ਜਿੰਨਾ ਚਿਰ ਪੁਰਸ਼ ਪ੍ਰਧਾਨ ਰਿਸ਼ਤਿਆਂ ਦੀ ਪੁਸ਼ਤਪਨਾਹੀ ਕਰ ਰਿਹਾ ਬ੍ਰਾਹਮਣਵਾਦੀ ਭਰਮਜਾਲ ਅਤੇ ਪੂੰਜੀਵਾਦੀ ਸਾਮਰਾਜੀ ਰਿਸ਼ਤੇ ਖਤਮ ਨਹੀਂ ਹੁੰਦੇ ਅਤੇ ਇਸ ਦੀ ਥਾਂ ਕੁਦਰਤੀ-ਸਮਾਜੀ ਰਿਸ਼ਤਿਆਂ ਉਤੇ ਆਧਾਰਿਤ ਇਕ ਰਾਜਸੀ-ਸਮਾਜੀ ਪ੍ਰਬੰਧ ਭਾਵ ਹਲੇਮੀ ਰਾਜ ਅਤੇ ਬੇਗ਼ਮਪੁਰਾ ਸਮਾਜ ਦੀ ਸਥਾਪਨਾ ਨਹੀਂ ਹੁੰਦੀ।

## ਔਰਤ

ਜਵਾਨ ਹੁੰਦੀਆਂ ਧੀਆਂ ਨੂੰ
ਸਿਰ 'ਤੇ ਪਿਆਰ ਦੇਣ ਵਾਲੇ ਹੱਥ
ਜਦੋਂ ਉਸ ਦੀ ਬਾਂਹ ਫੜਨ
ਉਸ ਦੀ ਚੁੰਨੀ ਲਾਹੁਣ ਤੱਕ ਜਾਂਦੇ।
ਉਸ ਦੀਆਂ ਅਲੂਈਆਂ ਅੱਖਾਂ ਵਿਚ
ਬੇਸ਼ਰਮੀ ਨਾਲ ਝਾਕਦੇ
ਜਿਸਮ ਦੇ ਆਰ-ਪਾਰ ਦੇਖਦੇ
ਬੇਹਯਾ ਹੋ ਕੇ ਚੁੱਭਵੇਂ ਬੋਲ ਬੋਲਦੇ
ਜਿਵੇਂ ਕਿ ਉਹ ਇੱਕ ਕੁੜੀ ਨ ਹੋ ਕੇ
ਸਿਰਫ ਕਾਮ ਦੀ ਸ਼ੈਅ ਹੋਵੇ।
ਤਾਂ ਉਹ ਕੱਪੜੇ ਵਿਚ ਲਿਪਟੀ
ਜਿਉਂਦੀ ਜਾਗਦੀ
ਸਹਿਮੀ ਹੋਈ ਲਾਸ਼
ਜੋ ਮਾਪਿਆਂ ਤੋਂ
ਸਮਾਜਿਕ ਰਿਸ਼ਤਿਆਂ ਤੋਂ
ਇੱਥੋਂ ਤੱਕ ਕਿ ਜੱਗ ਤੋਂ
ਡਰੀ ਹੋਈ ਮਹਿਸੂਸ ਕਰਦੀ
ਚੁੱਪ ਵੱਟ ਸਹਿੰਦੀ
ਫਿਰ ਵੀ ਰਿਸ਼ਤੇ ਨਿਭਾਉਂਦੀ
ਜ਼ਿੰਦਗੀ ਦੀ ਚਾਲੇ
ਤੁਰਨ ਦੀ ਕੋਸ਼ਿਸ਼ ਕਰਦੀ।

ਤੇ ਇੱਕ ਨਵਾਂ ਸਮਾਜ
ਸਿਰਜਣ ਵਿਚ ਜੁਟੀ ਰਹਿੰਦੀ
ਮਸ਼ੀਨ ਜਾਪਦੀ
ਮੋਹ ਦੀ ਮੂਰਤ
ਹੁਸਨ ਸ਼ਬਾਬ ਜਿਸ ਬਿਨ
ਮੁਹੱਬਤ ਅਧੂਰੀ
ਸ਼ਾਇਦ ਪਿਆਰ ਦਾ
ਮੁਜੱਸਮਾ ਵੀ
ਤੇ ਪਿਆਰ ਦੇ ਹਰਫ ਨੂੰ
ਵਾਸਤਵਿਕਤਾ ਦੇ ਅਰਥ ਦੇਣ ਵਾਲੀ
ਕੁਦਰਤ ਦੀ ਉੱਚਤਮ ਕ੍ਰਿਤੀ
ਦਿਸਦੀ ਹੈ।
ਪਰ ਨਾ ਪੇਕੇ ਨਾ ਸਹੁਰੇ
ਕਿਸੇ ਜਾਇਦਾਦ ਦੀ ਮਾਲਕ
ਨਾ ਔਲਾਦ ਉਹਦੇ ਨਾਂ
ਸਹੁਰੇ ਘਰ ਬੇਗਾਨੀ
ਪਤੀ ਲਈ ਇੱਕ ਸੁੱਖ ਸਾਧਨ
ਢਿੱਡੋਂ ਜੰਮੀ ਔਲਾਦ ਵੀ
ਉਸ ਦੀ ਸਕੀ ਨ ਬਣਦੀ।
ਸਿਰਫ ਆਪਣੇ ਖਾਵੰਦ ਦੀ
ਨਿੱਜੀ ਜਾਇਦਾਦ
ਪਿਤਾ, ਵੀਰਾਂ, ਪਤੀ ਤੇ ਪੁੱਤਰਾਂ ਦੀ
ਗੁਲਾਮ ਰਹਿ ਕੇ
ਦੁਨੀਆਂ ਭਰ ਦੇ ਮਿਹਣੇ ਸੁਣਦੀ
ਅਸਹਿ ਤੇ ਅਕਹਿ ਪੀੜਾਂ
ਪੱਲੇ ਵਿਚ ਪੁਆ ਕੇ
ਸਹਿਕਦੀ ਸਿਸਕਦੀ
ਅਣਗਿਣਤ ਰਿਸ਼ਤੇ ਜੋੜਦੀ
ਮੋਹ ਮਮਤਾ ਦੇ ਸਹਾਰੇ
ਦੂਜਿਆਂ ਦੀਆਂ ਖੁਸ਼ੀਆਂ
ਵਿਚ ਹਾਸੇ ਵੰਡਦੀ
ਦੋਵਾਂ ਪਰਿਵਾਰਾਂ ਲਈ
ਅਨਾਮਿਕਾ ਬਣ
ਜ਼ਿੰਦਗੀ ਦੀ ਪੈੜ ਬਣ
ਸੰਸਾਰ ਤੋਂ ਕੂਚ
ਕਰ ਜਾਂਦੀ ਹੈ।

***-ਸੇਵਾ ਸਿੰਘ ਨੂਰਪੁਰੀ***

---

## ਅਬਲਾ ਕੌਣ

ਬਲ ਵਾਲਿਓ! ਅਬਲਾ ਕੌਣ,
ਸੱਚਮੁੱਚ ਹੀ ਇਹ ਹੈ ਕਮਜ਼ੋਰ?
ਜੰਮੇ, ਪਾਲੇ, ਕਮਾਏ, ਪਕਾਏ,
ਪਾਉਂਦੀ ਨਹੀਂ ਇਹ ਭੋਰਾ ਸ਼ੋਰ।

ਇੱਕ ਪੇਟ, ਇੱਕ ਕੁੱਛੜ ਚੁੱਕ ਕੇ,
ਬਰਾਬਰ ਸਿਰ 'ਤੇ ਇੱਟਾਂ ਢੋਵੇ।
ਮਰਦ ਥੱਕਿਆ, ਛਿੱਲ ਲਾਹੁੰਦਾ ਪੀ ਕੇ,
ਦਰਦ ਦੀ ਵਿੰਨ੍ਹੀ, ਰਾਤ ਭਰ ਰੋਵੇ।

ਅੰਦਰ ਚੂਹੇ, ਬਾਹਰ ਇੱਲਾਂ,
ਮਾਸ ਇਸ ਦਾ ਸਭ ਹੀ ਨੋਚਣ।
'ਕੱਠੇ ਹੋ ਕੇ ਘੇਰਨ ਇਸ ਨੂੰ,
ਮਹਾਂਬਲੀ ਆਪ ਨੂੰ ਸੋਚਣ।

ਬਲ ਵਾਲਿਓ, ਗੈਰਤਮੰਦੋ,
ਔਰਤਾਂ ਦਾ ਨਾ ਕਰੋ ਘਾਣ।
ਦੇਣਦਾਰ ਤੁਸੀਂ ਹੋ ਇਸ ਦੇ,
ਜੀਵੇ ਹੱਸ ਕੇ, ਦੇਵੋ ਮਾਣ।

***-ਦਵਿੰਦਰ ਕੌਰ***

---

## ਭਾਰਤ ਦਰਸ਼ਨ

ਕਥੂਏ ਤੋਂ,
ਅੰਮ੍ਰਿਤਸਰ
ਦਿੱਲੀ ਤੋਂ
ਉਨਾਵ
ਮੁਜ਼ਫਰਾਬਾਦ ਤੋਂ
ਹਾਥਰਸ
ਬਾਕੀ
ਜੋ ਸੁਰਖੀਆਂ ਚ
ਨਹੀਂ ਦਿਖਦੇ
ਹਰ ਰੋਜ਼
ਸਫਰ ਕਰਦੀ ਹੈ
ਹਿਰਸ ਤੇ ਹਵਸ਼
ਬੇਖੌਫ
ਦੋ ਸਾਲ ਤੋਂ ਅੱਸੀ ਤੱਕ
ਲੱਭਦੀ ਫਿਰਦੀ
ਲਾਲਾਂ ਸੁੱਟਦੀ
ਕਸ਼ਮੀਰ ਤੋਂ
ਕੁਮਾਰੀ ਕੰਨਿਆ ਤੱਕ
ਸ਼ਰਮ ਆਉਂਦੀ ਹੈ
ਪੜ੍ਹ ਕੇ ਬਿਆਨ
ਚੁਣੀਆਂ ਔਰਤ ਲੀਡਰਾਂ ਦਾ
ਬਲਾਤਕਾਰ ਤਾਂ ਇੱਕ
ਚਲਨ ਹੈ
ਸੰਸਕ੍ਰਿਤੀ ਦਾ
ਗਰਮ ਹੁੰਦਾ ਹੈ
ਖੂਨ ਠਾਕਰਾਂ ਦਾ
ਭੁੱਲ ਜਾਂਦੇ ਨੇ
ਠੰਡਾ ਕਰਨ ਨੂੰ
ਕੋਈ ਜਨਮ ਵੀ
ਲੈਂਦੀ ਹੈ
ਫੂਲਨ ਦੇਵੀ।

***-ਹਰਮੇਸ਼ ਸਿੰਘ ਸਾਹਾਬਾਣਾ***
***ਫੋਨ: 91-81959-82006***

# ਬੈਚ ਫੁੱਲ ਸਿਰਾਟੋ-ਸਵੈ ਅਵਿਸ਼ਵਾਸ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਬੈਚ-ਫੁੱਲ ਦਵਾਈਆਂ ਨਿਰਸੰਦੇਹ ਡਾਕਟਰਾਂ ਤੇ ਸਿਹਤ ਕਰਮੀਆਂ ਲਈ ਵਰਦਾਨ ਹਨ। ਉਹ ਇਨ੍ਹਾਂ ਨੂੰ ਆਪਣੀਆਂ ਮੁੱਖ ਪੱਧਤੀਆਂ ਦੀਆਂ ਦਵਾਈਆਂ ਦੇ ਨਾਲ ਨਾਲ ਵਰਤ ਸਕਦੇ ਹਨ। ਹੋਮਿਓਪੈਥੀ, ਐਲੋਪੈਥੀ ਤੇ ਆਯੁਰਵੈਦਿਕ ਦਵਾਈਆਂ ਨਾਲ ਇਨ੍ਹਾਂ ਦਵਾਈਆਂ ਦੀ ਕੋਈ ਵਿਰੋਧਤਾਈ ਨਹੀਂ ਹੈ ਤੇ ਨਾ ਹੀ ਇਨ੍ਹਾਂ ਦਾ ਆਪਸ ਵਿਚ ਕੋਈ ਟਕਰਾਓ ਹੈ। ਜੇ ਇਹ ਵੱਧ ਘੱਟ ਜਾਂ ਸਮੇਂ ਤੋਂ ਅੱਗੇ ਪਿੱਛੇ ਵੀ ਦਿੱਤੀਆਂ ਜਾਣ ਤਾਂ ਵੀ ਕੋਈ ਹਰਜ਼ ਨਹੀਂ। ਇਨ੍ਹਾਂ ਦੀ ਸੀਮਤ ਗਿਣਤੀ, ਸਪਸ਼ਟ ਵਰਣਨ ਤੇ ਸੰਖੇਪ ਮੈਟੀਰੀਆ ਮੈਡੀਕਾ (Materia Medica) ਹੋਣ ਕਾਰਨ ਇਨ੍ਹਾਂ ਨੂੰ ਵਰਤਣ ਲਈ ਕਿਸੇ ਵਿਸ਼ੇਸ਼ ਸਿਖਿਆ ਟ੍ਰੇਨਿੰਗ ਦੀ ਲੋੜ ਵੀ ਨਹੀਂ।

ਪਰ ਜੇ ਬੈਚ ਪ੍ਰਣਾਲੀ ਇੰਨੀ ਹੀ ਸੁਖਾਲੀ ਤੇ ਲਾਭਦਾਇਕ ਹੈ ਤਾਂ ਇਹ ਡਾਕਟਰਾਂ ਹਕੀਮਾਂ ਦੀ ਥਾਂ ਸਿੱਧੀ ਆਮ ਵਿਅਕਤੀਆਂ ਲਈ ਵਰਦਾਨ ਸਾਬਤ ਕਿਉਂ ਨਹੀਂ ਹੋ ਸਕਦੀ? ਆਮ ਆਦਮੀ, ਜੋ ਅਕਸਰ ਬੀਮਾਰ ਹੁੰਦੇ ਰਹਿੰਦੇ ਹਨ, ਦਿਨ ਰਾਤ ਡਾਕਟਰਾਂ ਕੋਲ ਉਹ ਭੱਜੇ ਫਿਰਦੇ ਹਨ, ਪੈਸਾ ਲੁਟਾਉਂਦੇ ਹਨ, ਮਹਿੰਗੇ ਇਲਾਜਾਂ ਤੋ ਬਚਣ ਲਈ ਘਰੇਲੂ ਦਵਾਈਆਂ ਲੱਭਦੇ ਹਨ ਤੇ ਗੂਗਲ ਤੋਂ ਨੁਸਖੇ ਖੋਜਦੇ ਹਨ, ਉਹ ਇਸ ਤੋਂ ਸਿੱਧਾ ਫਾਇਦਾ ਕਿਉਂ ਨਹੀਂ ਉਠਾ ਸਕਦੇ? ਹਾਂ, ਇਹ ਉਨ੍ਹਾਂ ਲਈ ਵੀ ਬਰਾਬਰ ਦਾ ਵਰਦਾਨ ਸਾਬਤ ਹੋ ਸਕਦੀ ਹੈ, ਜੇ ਉਹ ਇਸ ਪਾਸੇ ਉੱਦਮ ਕਰਨ ਤਾਂ, ਭਾਵ ਜੇ ਉਹ ਆਪ ਇਸ ਪ੍ਰਣਾਲੀ ਦੀਆਂ 39 ਦਵਾਈਆਂ ਵਰਤਣਾ ਸਿੱਖ ਲੈਣ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੋਈ ਆਪਣੇ ਦਿਮਾਗ ਵਿਚ ਕਿਸ ਦੇ ਵਿਚਾਰ ਲਈ ਫਿਰਦਾ ਹੈ ਤੇ ਕਿਸ ਦੀ ਭਾਸ਼ਾ ਵਿਚ ਗੱਲ ਕਰਦਾ ਹੈ। ਕਈ ਆ ਕੇ ਕਹਿਣਗੇ ਪੈਰ ਦੀ ਹੱਡੀ ਵਧੀ ਹੋਈ ਹੈ ਤੇ ਕਈ ਕਹਿਣਗੇ ਕੋਲੈਸਟ੍ਰੋਲ (Cholesterol) ਵਧਿਆ ਹੋਇਆ ਹੈ; ਪਰ ਜੇ ਪੁੱਛੋ ਕਿ ਕੀ ਤੁਸੀਂ ਇਨ੍ਹਾਂ ਵਿਚੋਂ ਕਦੇ ਕਿਸੇ ਨੂੰ ਦੇਖਿਆ ਹੈ ਤਾਂ ਕਹਿਣਗੇ, 'ਨਾ ਮੈਂ ਤਾਂ ਨੀ ਦੇਖਿਆ, ਡਾਕਟਰ ਕਹਿੰਦਾ ਸੀ।' ਸਪਸ਼ਟ ਹੈ, ਉਹ ਡਾਕਟਰ ਦੀ ਭਾਸ਼ਾ ਬੋਲ ਰਹੇ ਹੁੰਦੇ ਹਨ, ਆਪਣੀ ਨਹੀਂ। ਜੇ ਉਹ ਆਪਣੀ ਭਾਸ਼ਾ ਬੋਲਦੇ ਹੁੰਦੇ ਤਾਂ ਆਪਣੀ ਤਕਲੀਫ ਦੱਸਦੇ, ਜੋ ਸਿਰਫ ਉਨ੍ਹਾਂ ਨੂੰ ਹੋ ਰਹੀ ਹੁੰਦੀ ਹੈ। ਜੇ ਉਨ੍ਹਾਂ ਨੇ ਬੈਚ-ਫੁੱਲ ਦਵਾਈਆਂ ਦੀ ਵਰਤੋਂ ਕੀਤੀ ਹੁੰਦੀ ਤਾਂ ਉਹ ਹਮੇਸ਼ਾ ਆਪਣੀ ਹੀ ਭਾਸ਼ਾ ਵਿਚ ਸੋਚਦੇ ਤੇ ਇਸੇ ਵਿਚ ਬੋਲਦੇ। ਇਨ੍ਹਾਂ ਦੇ ਲੈਣ ਨਾਲ ਕਈ ਸਿਹਤ ਸਮੱਸਿਆਵਾਂ ਤੋਂ ਉਨ੍ਹਾਂ ਨੇ ਉਂਜ ਹੀ ਬਚੇ ਰਹਿਣਾ ਸੀ। ਇਸ ਲਈ ਇਹ ਇਕ ਵੱਡਾ ਕਲਿਆਣਕਾਰੀ ਕਦਮ ਹੋਵੇ, ਜੇ ਸਕੂਲ ਪੱਧਰ 'ਤੇ ਹੀ ਬੈਚ ਫੁੱਲ ਚਿਕਿਤਸਾ ਦਾ ਸੰਖੇਪ ਕੋਰਸ ਸਭ ਵਿਦਿਆਰਥੀਆਂ ਲਈ ਲਾਜ਼ਮੀ ਕਰ ਦਿੱਤਾ ਜਾਵੇ। ਕੋਈ ਅਣਜਾਣ ਹੀ ਇਸ ਵਿਚਾਰ ਦਾ ਵਿਰੋਧ ਕਰੇਗਾ।

ਕਾਰਨ ਇਹ ਕਿ ਇਸ ਪ੍ਰਣਾਲੀ ਦੀ ਹਰ ਇਕ ਦਵਾ ਅਲੌਕਿਕ ਗੁਣਾਂ ਨਾਲ ਭਰਪੂਰ ਹੈ। ਜਰਾ ਬੈਚ ਫੁੱਲ ਦਵਾਈ ਸਿਰਾਟੋ (Cerato) ਨੂੰ ਈ ਲਵੋ। ਇਹ ਕਿਸੇ ਲੋਕਤੰਤਰ ਲਈ ਚੰਗਾ ਪ੍ਰਧਾਨ ਮੰਤਰੀ ਤਰਾਸ਼ ਸਕਦੀ ਹੈ ਤੇ ਉਸ ਦੀਆਂ ਫੌਜਾਂ ਲਈ ਨਿਪੋਲੀਅਨ ਜਿਹੇ ਫੌਲਾਦੀ ਇਰਾਦੇ ਵਾਲਾ ਜਰਨੈਲ; ਜਾਂ ਉਸ ਨੂੰ ਵੀ ਹਰਾਉਣ ਵਾਲੇ ਡਿਊਕ ਆਫ ਵਾਲਿੰਗਟਨ ਜਿਹਾ ਚੱਟਾਨੀ ਮਨਸੂਬਿਆਂ ਵਾਲਾ ਯੋਧਾ ਦੇ ਸਕਦੀ ਹੈ। ਇਹ ਮਨੁੱਖ ਵਿਚ ਸਵੈ-ਨਿਰਣੇ ਦੀ ਘਾਟ ਖਤਮ ਕਰਕੇ ਲੀਡਰਸ਼ਿਪ ਦੇ ਗੁਣ ਪੈਦਾ ਕਰ ਸਕਦੀ ਹੈ। ਕੀ ਕਿਸੇ ਨੇ ਅਜਿਹੀ ਦਵਾਈ ਬਾਰੇ ਕਦੇ ਸੁਣਿਆ ਹੈ?

ਡਾ. ਬੈਚ ਅਨੁਸਾਰ ਸਿਰਾਟੋ ਦੇ ਮਰੀਜ਼ਾਂ ਵਿਚ ਆਤਮ-ਵਿਸ਼ਵਾਸ ਦੀ ਘਾਟ ਹੁੰਦੀ ਹੈ। ਉਂਜ ਉਹ ਸਮਝਦਾਰ ਤੇ ਗਿਆਨਵਾਨ ਹੁੰਦੇ ਹਨ, ਪਰ ਉਹ ਆਪਣੇ ਗਿਆਨ ਦਾ ਸਹੀ ਇਸਤੇਮਾਲ ਨਹੀਂ ਕਰ ਸਕਦੇ। ਉਹ ਆਪਣਾ ਲਿਆ ਫੈਸਲਾ ਠੀਕ ਨਹੀਂ ਸਮਝਦੇ, ਇਸ ਲਈ ਆਪਣੇ ਬਲਬੂਤੇ 'ਤੇ ਕੋਈ ਨਿਰਣਾ ਲੈ ਹੀ ਨਹੀਂ ਸਕਦੇ। ਉਨ੍ਹਾਂ ਵਿਚ ਆਤਮ-ਵਿਸ਼ਵਾਸ ਦੀ ਕਮੀ ਹੁੰਦੀ ਹੈ, ਇਸ ਲਈ ਉਹ ਦੂਜਿਆਂ ਤੋਂ ਸਲਾਹ ਲਏ ਬਿਨਾ ਅੱਗੇ ਨਹੀਂ ਚਲ ਸਕਦੇ। ਉਹ ਆਪਣੇ ਫੈਸਲੇ ਦੀ ਪ੍ਰੋੜਤਾ ਲਈ ਦੂਜਿਆਂ ਦੀ ਮਨਜੂਰੀ ਚਾਹੁੰਦੇ ਹਨ। ਉਹ ਚੰਗੇ ਕਲਰਕ ਜਾਂ ਚੰਗੇ ਸਿਪਾਹੀ ਤਾਂ ਹੋ ਸਕਦੇ ਹਨ, ਪਰ ਚੰਗੇ ਅਫਸਰ ਤੇ ਚੰਗੇ ਸਰਦਾਰ ਨਹੀਂ ਹੋ ਸਕਦੇ। ਸੋਚ ਸਮਝ ਦੇ ਬਾਵਜੂਦ ਉਨ੍ਹਾਂ ਵਿਚ ਪਹਿਲ-ਕਦਮੀ ਦੀ ਘਾਟ ਹੁੰਦੀ ਹੈ। ਉਹ ਉਦੋਂ ਤੀਕ ਕੋਈ ਕੰਮ ਸ਼ੁਰੂ ਨਹੀਂ ਕਰਦੇ, ਜਦੋਂ ਤੀਕ ਕਿ ਕੋਈ ਦੂਜਾ ਆ ਕੇ ਸ਼ੁਰੂ ਨਾ ਕਰਵਾ ਦੇਵੇ। ਅਫਸਰ ਤੇ ਇੰਜੀਨੀਅਰ ਕਿਸੇ ਪ੍ਰਾਜੈਕਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਹਰੀ ਝੰਡੀ ਵਾਲੇ ਨੂੰ ਉਡੀਕਦੇ ਹਨ। ਪ੍ਰਾਜੈਕਟ ਖਤਮ ਹੋਣ ਤੋਂ ਬਾਅਦ ਉਹ ਫੀਤਾ ਕੱਟ ਕੇ ਉਦਘਾਟਨ ਕਰਨ ਵਾਲਿਆਂ ਦਾ ਇੰਤਜਾਰ ਕਰਦੇ ਹਨ। ਹਸਪਤਾਲ ਵਾਲੇ ਕਿਸੇ ਨਵੀਂ ਮਸ਼ੀਨ ਜਾਂ ਲੈਬ ਨੂੰ ਵਰਤਣ ਤੋਂ ਪਹਿਲਾਂ ਕਿਸੇ ਉੱਘੇ ਨੇਤਾ ਤੋਂ ਬਟਨ ਦਬਵਾਉਂਦੇ ਹਨ। ਸੈਮੀਨਾਰਾਂ ਵਿਚ ਬੈਠੇ ਵਿਦਵਾਨ ਸਭ ਦੇ ਵਿਚਾਰ ਸੁਣਦੇ ਰਹਿੰਦੇ ਹਨ, ਪਰ ਆਪਣਾ ਵਿਚਾਰ ਪੇਸ਼ ਕਰਨ ਤੋਂ ਝਿਜਕਦੇ ਹਨ। ਉਨ੍ਹਾਂ ਨੂੰ ਡਰ ਰਹਿੰਦਾ ਹੈ ਕਿ ਕਿਤੇ ਕੋਈ ਉਨ੍ਹਾਂ ਦੀ ਗੱਲ ਨੂੰ ਕੱਟ ਕੇ ਉਨ੍ਹਾਂ ਦੀ ਖਿੱਲੀ ਹੀ ਨਾ ਉੱਡਾ ਦੇਵੇ। ਉਹ ਇਸ ਨੂੰ ਉਦੋਂ ਤੀਕ ਆਪਣੇ ਅੰਦਰ ਸਾਂਭੀ ਰੱਖਦੇ ਹਨ, ਜਦੋਂ ਤੀਕ ਕਿ ਕੋਈ ਪਹਿਲਾ ਉਨ੍ਹਾਂ ਜਿਹਾ ਵਿਚਾਰ ਪ੍ਰਸਤੁਤ ਨਹੀਂ ਕਰ ਦਿੰਦਾ। ਉਹ ਦੂਜਿਆਂ ਦੇ ਵਿਚਾਰਾਂ ਦੇ ਪਿੱਛੇ ਚਲਦੇ ਹਨ ਤੇ ਉਨ੍ਹਾਂ ਦੀ ਤਾਈਦ ਕਰਦੇ ਹਨ।

ਸਿਰਾਟੋ ਦੇ ਮਰੀਜ਼ ਸਕੂਲ, ਕਾਲਜ, ਦਫਤਰ, ਸਟੋਰ, ਘਰ ਆਦਿ ਹਰ ਥਾਂ ਮਿਲ ਜਾਣਗੇ। ਉਨ੍ਹਾਂ ਦੀ ਨਿਸ਼ਾਨੀ ਹੈ ਕਿ ਜੇ ਉਨ੍ਹਾਂ ਨੂੰ ਕੁਝ ਪੁੱਛੋ ਤਾਂ ਉਹ ਉਸ ਦਾ ਆਪ ਜਵਾਬ ਨਹੀਂ ਦੇਣਗੇ। ਉਹ ਨਵ-ਸਿੱਖਿਆਂ ਵਾਂਗ ਕਿਸੇ ਦੂਜੇ ਨੂੰ ਜਵਾਬ ਦੇਣ ਲਈ ਕਹਿਣਗੇ। ਉਨ੍ਹਾਂ ਦਾ ਉੱਤਰ ਹੁੰਦਾ ਹੈ, "ਪਤਾ ਨਹੀਂ, ਪੁੱਛ ਕੇ ਦੱਸਦਾ ਹਾਂ।" ਮਾਂ ਕਹੇਗੀ, "ਤੇਰੇ ਪਾਪਾ ਆਉਂਦੇ ਨੇ, ਉਨ੍ਹਾਂ ਨੂੰ ਪਤਾ ਹੋਣਾ ਐ।" ਅਧਿਆਪਕ ਕਹੇਗਾ, "ਕਹਿ ਨਹੀਂ ਸਕਦਾ, ਗੂਗਲ 'ਤੇ ਦੇਖ ਲੌ।" ਜੱਜ ਬਹਿਸ ਸੁਣ ਕੇ ਫੈਸਲਾ ਰਾਖਵਾਂ ਰੱਖ ਲਵੇਗਾ ਤੇ ਦੂਜੀਆਂ ਉੱਚ ਅਦਾਲਤਾਂ ਦੇ ਫੈਸਲੇ ਵੇਖ ਕੇ ਨਿਰਣਾ ਕਰੇਗਾ। ਕਿਸੇ ਬੱਸ ਸਟੈਂਡ 'ਤੇ ਖੜ੍ਹੇ ਵਿਅਕਤੀ ਨੂੰ ਕਿਤੇ ਜਾਣ ਵਾਲੀ ਬੱਸ ਦਾ ਨੰਬਰ ਪੁੱਛੋ, ਕੰਨ ਜਿਹਾ ਖੁਰਚ ਕੇ ਨਾਲ ਖੜ੍ਹੇ ਵਿਅਕਤੀ ਨੂੰ ਪੁੱਛਣ ਲੱਗੇਗਾ, "ਭਈਆ! ਸ਼ਾਂਤੀ ਨਗਰ ਕੋ ਕੌਨ ਸਾ ਨੰਬਰ ਜਾਤੀ ਹੈ? ਬਤਾਨਾ ਇਨ ਕੋ।"

ਸਿਰਾਟੋ ਦੇ ਮਰੀਜ਼ ਆਪਣਾ ਕੁਝ ਕਹਿਣ ਦੀ ਥਾਂ ਦੂਜਿਆਂ ਦੀ ਨਕਲ ਕਰਦੇ ਹਨ। ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀ ਹਮੇਸ਼ਾ ਦੂਜਿਆਂ ਦੇ ਨੋਟ ਕਾਪੀ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਬਣਾਏ ਨੋਟਾਂ 'ਤੇ ਭਰੋਸਾ ਨਹੀਂ ਹੁੰਦਾ। ਇਮਤਿਹਾਨ ਵਿਚ ਬੈਠੇ ਵੀ ਉਹ ਨਕਲ ਮਾਰਨ ਦੀ ਕੋਸ਼ਿਸ਼ ਕਰਦੇ ਹਨ। ਉਹੀ ਪ੍ਰਸ਼ਨ ਪਹਿਲਾਂ ਹੱਲ ਕਰਨਗੇ, ਜੋ ਦੂਜੇ ਕਰਨਗੇ। ਆਪਣਾ ਠੀਕ ਲਿਖਿਆ ਉੱਤਰ ਕੱਟ ਦਿੰਦੇ ਹਨ ਤੇ ਦੂਜੇ ਦੇ ਉੱਤਰ ਨੂੰ ਵਧੇਰੇ ਠੀਕ ਸਮਝ ਕੇ ਕਾਪੀ ਕਰਨਾ ਚਾਹੁੰਦੇ ਹਨ। ਨਵੀਂ ਕਲਾਸ ਵਿਚ ਦਾਖਲੇ ਵੇਲੇ ਸਬਜੈਕਟ ਬਦਲਦੇ ਰਹਿਣਗੇ ਤੇ ਖੋਜ ਕਰਦਿਆਂ ਲੋਕਾਂ ਤੋਂ ਪੁੱਛ ਪੁੱਛ ਖੋਜ-ਵਿਸ਼ਾ ਤੇ ਗਾਈਡ ਬਦਲਦੇ ਰਹਿਣਗੇ। ਬੀਮਾਰ ਪੁੱਛਣਗੇ ਦਵਾਈ ਖਾਣੇ ਤੋਂ ਪਹਿਲਾਂ ਲੈਣੀ ਐਂ ਕਿ ਬਾਅਦ ਵਿਚ। ਔਰਤਾਂ ਤੇ ਮਰਦ ਆਪਣੇ ਕੱਪੜੇ, ਗਹਿਣੇ, ਜੁੱਤੇ ਆਦਿ ਖਰੀਦਣ ਲਈ ਦੂਜਿਆਂ ਦੀ ਪਸੰਦ 'ਤੇ ਨਿਰਭਰ ਕਰਦੇ ਹਨ। ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਉਨ੍ਹਾਂ ਲਈ ਕਿਹੜੀ ਚੀਜ਼ ਠੀਕ ਹੈ, ਕਿਹੜੀ ਗਲਤ। ਇਹੀ ਨਹੀਂ, ਪਹਿਲਾਂ ਤਾਂ ਇਹ ਆਤਮ-ਨਿਰਭਰਤਾ ਦੀ ਘਾਟ ਵਾਲੇ ਵਿਅਕਤੀ ਆਪਣੇ ਫੈਸਲੇ ਦੂਜਿਆਂ ਤੋਂ ਪੁੱਛ ਕੇ ਕਰਦੇ ਹਨ ਤੇ ਫਿਰ ਕਿਸੇ ਹੋਰ ਸਲਾਹਕਾਰ ਦੇ ਕਹਿਣ 'ਤੇ ਇਨ੍ਹਾਂ ਨੂੰ ਬਦਲ ਦਿੰਦੇ ਹਨ। ਠੇਠ ਪੰਜਾਬੀ ਭਾਸ਼ਾ ਵਿਚ ਇਨ੍ਹਾਂ ਨੂੰ ਵਹਿਮੀ ਕਹਿੰਦੇ ਹਨ।

ਡਾ. ਬੈਚ ਅਨੁਸਾਰ ਸਿਰਾਟੋ ਵਿਅਕਤਿਤਵ ਦੇ ਮਰੀਜ਼ ਆਪਣਾ ਡਾਕਟਰ ਬਦਲਦੇ ਰਹਿੰਦੇ ਹਨ। ਇਸ ਹਿਸਾਬ ਆਪਣੇ ਵਕੀਲ, ਕੋਚ, ਅਧਿਆਪਕ, ਦੋਸਤ ਤੇ ਜੀਵਨ ਸਾਥੀ ਬਦਲਣ ਵਾਲੇ ਸਾਰੇ ਲੋਕ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ, ਜੋ ਲੋਕ ਆਪਣਾ ਕੰਮ ਜਾਂ ਕਿੱਤਾ ਵਾਰ ਵਾਰ ਬਦਲਦੇ ਰਹਿੰਦੇ ਹਨ, ਉਨ੍ਹਾਂ ਨੂੰ ਤਾਂ ਪੱਕੇ ਤੌਰ 'ਤੇ ਇਸ ਦਵਾਈ ਦੀ ਲੋੜ ਹੁੰਦੀ ਹੈ, ਪਰ ਇੱਥੇ ਨਾਲ ਇਹ ਵੀ ਸ਼ਰਤ ਹੈ ਕਿ ਉਹ ਆਪਣਾ ਕੰਮ ਆਪਣੇ ਮੁੱਖ ਪੇਸ਼ੇ ਦੇ ਅੰਦਰ ਹੀ ਬਦਲਦੇ ਹੋਣ, ਬਾਹਰ ਨਹੀਂ। ਅਰਥਾਤ ਡਾਕਟਰੀ ਪੇਸ਼ੇ ਵਾਲੇ ਵਕੀਲ ਨਾ ਬਣਦੇ ਹੋਣ, ਸਗੋਂ ਡਾਕਟਰੀ ਕਿੱਤੇ ਵਿਚ ਹੀ ਕਦੇ ਸਰਜਨ, ਕਦੇ ਅਧਿਆਪਕ, ਕਦੇ ਖੋਜੀ ਤੇ ਕਦੇ ਮੈਡੀਕਲ ਪੁਸਤਕਾਂ ਲਿਖਣ ਦਾ ਕੰਮ ਕਰਨ ਲੱਗ ਪੈਂਦੇ ਹੋਣ। ਫਿਲਮ ਇੰਡਸਟਰੀ ਦੇ ਲੋਕ ਜਿਹੜੇ ਕਦੇ ਅਦਾਕਾਰ, ਕਦੇ ਸੰਵਾਦ-ਲੇਖਕ, ਕਦੇ ਫਿਲਮ ਪੱਤਰਕਾਰ, ਕਦੇ ਉਤਪਾਦਕ ਤੇ ਕਦੇ ਨਿਰਦੇਸ਼ਕ ਬਣ ਜਾਂਦੇ ਹਨ, ਉਹ ਇਸ ਦਵਾ ਨੂੰ ਲੈ ਕੇ ਇਕ ਥਾਂ ਟਿਕ ਕੇ ਕੰਮ ਕਰਨ ਵਿਚ ਸਫਲ ਹੋ ਸਕਦੇ ਹਨ ਤੇ ਆਪਣੇ ਪੇਸ਼ੇ ਦੀ ਟੀਸੀ 'ਤੇ ਪਹੁੰਚ ਸਕਦੇ ਹਨ।

ਸਿਰਾਟੋ ਦੇ ਮਰੀਜ਼ ਪਰੰਪਰਾਵਾਦੀ ਹੁੰਦੇ ਹਨ। ਪਰੰਪਰਾਵਾਂ ਨੂੰ ਮੰਨਣ ਵਿਚ ਉਨ੍ਹਾਂ ਨੂੰ ਆਪਣਾ ਫੈਸਲਾ ਨਹੀਂ ਲੈਣਾ ਪੈਂਦਾ। ਉਹ ਪੁਰਾਣੇ ਅਖਾਣਾਂ ਮੁਹਾਵਰਿਆਂ ਦੀ ਵਧੇਰੀ ਵਰਤੋਂ ਕਰਦੇ ਹਨ। "ਸਸਤਾ ਰੋਵੇ ਵਾਰ ਵਾਰ, ਮਹਿੰਗਾ ਰੋਵੇ ਇਕ ਵਾਰ" ਦਾ ਉਚਾਰਨ ਕਰ ਕੇ ਮਹਿੰਗੀ ਚੀਜ਼ ਹੀ ਲੈਣਗੇ, ਭਾਵੇਂ ਸਸਤੀ ਚੀਜ਼ ਚੰਗੀ ਮਿਲਦੀ ਹੋਵੇ। ਉਹ ਮਕਾਨ ਉਸਾਰੀ ਵਸਤੂ-ਸਾਸ਼ਤਰ ਅਨੁਸਾਰ ਕਰਨਗੇ ਤੇ ਯੋਜਨਾ ਦੀ ਸ਼ੁਰੂਆਤ ਮਹੂਰਤ ਨਾਲ। ਉਨ੍ਹਾਂ ਦੀ ਦਿਨ-ਚਰਿਆ ਦਾ ਅਰੰਭ ਹੁਕਮਨਾਮੇ ਮੁਤਾਬਿਕ ਹੁੰਦਾ ਹੈ ਤੇ ਬੱਚਿਆਂ ਦੇ ਕੋਰਸਾਂ ਦੀ ਚੋਣ ਗਵਾਂਢੀਆਂ ਦੇ ਬੱਚਿਆਂ ਅਨੁਸਾਰ। ਅਜਿਹੇ ਲੋਕ ਆਪ ਕੋਈ ਨਵੀਂ ਪਿਰਤ ਪਾਉਣ ਦੇ ਸਮਰੱਥ ਨਹੀਂ ਹੁੰਦੇ। ਉਹ ਆਪ ਪਹਿਲ ਕਰਨ ਦੀ ਥਾਂ ਦੂਜਿਆਂ ਦੀ ਰੀਸ ਕਰਨ ਦੇ ਆਦੀ ਹੁੰਦੇ ਹਨ। ਇਸੇ ਲਈ ਉਹ ਮੌਲਿਕ ਲੇਖਕ, ਉੱਘੇ ਡਿਜ਼ਾਈਨਰ ਤੇ ਅਵਿਸ਼ਕਾਰੀ ਵਿਗਿਆਨਕ ਨਹੀਂ ਹੋ ਸਕਦੇ। ਉਹ ਮਕੈਨਿਕ ਹੋ ਸਕਦੇ ਹਨ, ਇੰਜੀਨੀਅਰ ਨਹੀਂ ਅਤੇ ਆਲੋਚਕ ਹੋ ਸਕਦੇ ਹਨ, ਰਚਨਾਕਾਰ ਨਹੀਂ। ਉਹ ਚੰਦਰਮਾ ਵਾਂਗ ਹੁੰਦੇ ਹਨ, ਸੂਰਜ ਵਾਂਗ ਨਹੀਂ।



ਕਿਉਂਕਿ ਸਿਰਾਟੋ ਦੇ ਮਰੀਜ਼ ਪੁੱਛ-ਪੁੱਛ ਚਲਦੇ ਹਨ, ਇਸ ਲਈ ਉਹ ਦੂਜਿਆਂ ਦੀ ਓਟ ਵਿਚ ਪਲਦੇ ਹਨ। ਅਜਿਹੇ ਲੋਕ ਦੂਜਿਆਂ ਦੇ ਵਿਚਾਰਾਂ ਨੂੰ ਰਟ ਕੇ ਆਪਣੀ ਵਿਦਵਤਾ ਚਮਕਾਉਣ ਦਾ ਯਤਨ ਕਰਦੇ ਹਨ, ਪਰ ਉਹ ਪਰਾਏ ਵਿਚਾਰਾਂ ਨੂੰ ਤਬਦੀਲ ਕਰਨ ਦੀ ਥਾਂ ਇਨ੍ਹਾਂ ਨੂੰ ਇੰਨ ਬਿੰਨ ਵਰਤਦੇ ਹਨ। ਇੱਦਾਂ ਕਰਨਾ ਉਨ੍ਹਾਂ ਦੇ ਸੁਭਾਅ, ਚਰਿਤਰ ਤੇ ਮਾਨਸਿਕ ਬਣਤਰ ਦਾ ਭਾਗ ਹੁੰਦਾ ਹੈ। ਉਹ ਮੁੱਖ ਤੌਰ 'ਤੇ ਅੰਧ-ਭਗਤ ਹੁੰਦੇ ਹਨ। ਅਜਿਹੇ ਅੰਧ-ਭਗਤ ਧਰਮ, ਫਿਲਾਸਫੀ, ਰਾਜਨੀਤੀ, ਸਾਹਿਤ ਜਿਹੇ ਹਰ ਖੇਤਰ ਵਿਚ ਹੁੰਦੇ ਹਨ। ਧਰਮ ਵਿਚ ਉਹ ਰੂੜੀਵਾਦੀ ਤੇ ਕਰਮ-ਕਾਂਡੀ ਹੁੰਦੇ ਹਨ। ਉਹ ਪਹਿਲਾਂ ਤੋਂ ਪਈਆਂ ਪਿਰਤਾਂ ਤੇ ਰਹਿਤ-ਨਾਮਿਆਂ 'ਤੇ ਚਲਦੇ ਹਨ। ਉਹ ਆਪਣੇ ਗੁਰੂ ਪੀਰਾਂ ਦੇ ਹੁਕਮਾਂ, ਲਿਖਤਾਂ ਤੇ ਐਲਾਨ-ਨਾਮਿਆਂ ਦੇ ਪਾਬੰਦ ਹੁੰਦੇ ਹਨ। ਉਹ ਇਨ੍ਹਾਂ ਬਾਰੇ ਕੋਈ ਪ੍ਰਸ਼ਨ ਨਹੀਂ ਕਰਦੇ। ਉਹ ਸ਼ਰਧਾਵਾਨ ਹੁੰਦੇ ਹਨ, ਕਿਸੇ ਕਿੰਤੂ ਪ੍ਰੰਤੂ ਵਿਚ ਨਹੀਂ ਪੈਂਦੇ। ਉਹ ਪ੍ਰਚਾਰਕ ਰੁਚੀ ਦੇ ਮਾਲਕ ਹੁੰਦੇ ਹਨ, ਸੁਧਾਰਕ ਰੁਚੀ ਦੇ ਨਹੀਂ।

ਫਿਲਾਸਫੀ ਦੇ ਅੰਧ-ਭਗਤ ਕਿਸੇ ਵੱਡੇ ਫਿਲਾਸਫਰ ਦੇ ਵਿਚਾਰਾਂ ਦੇ ਕਾਇਲ ਹੋਏ ਹੁੰਦੇ ਹਨ। ਉਹ ਇਨ੍ਹਾਂ ਦਾ ਗੁਣ ਗਾਣ ਹੀ ਕਰਦੇ ਹਨ, ਮੁਲੰਕਣ ਨਹੀਂ। ਕਿੰਨੇ ਹੀ ਲੋਕ ਫਰਾਇਡ, ਮਾਰਕਸ, ਕੇਇੰਨਜ਼, ਗਾਂਧੀ ਤੇ ਮਾਓ ਦੀਆਂ ਵਿਚਾਰਧਾਰਾਵਾਂ ਦੇ ਅਨੁਆਈ ਹਨ, ਪਰ ਉਹ ਇਸ ਤੋਂ ਅੱਗੇ ਕੁਝ ਨਹੀਂ ਹਨ। ਉਹ ਉਨ੍ਹਾਂ ਦੇ ਵਿਚਾਰਾਂ ਨੂੰ ਇੰਨ-ਬਿੰਨ ਲਾਗੂ ਕਰਨਾ ਚਾਹੁੰਦੇ ਹਨ। ਉਹ ਉਨ੍ਹਾਂ ਫਿਲਾਸਫਰਾਂ ਦੀਆਂ ਫਿਲਾਸਫੀਆਂ ਦੇ ਕਾਇਲ ਹੁੰਦੇ, ਪਰ ਆਪਣੀ ਜਮੀਨੀ ਹਕੀਕਤ ਅਨੁਸਾਰ ਉਨ੍ਹਾਂ ਦੀ ਉਚਿੱਤਤਾ ਨਹੀਂ ਪਰਖ ਸਕਦੇ। ਸਾਹਿਤ ਪੜ੍ਹਨ ਵਾਲੇ ਸਾਹਿਤ ਪੜ੍ਹਦੇ ਚਲੇ ਜਾਂਦੇ ਹਨ, ਪਰ ਸਾਹਿਤ ਰਚਨਾ ਨਹੀਂ ਕਰ ਸਕਦੇ। ਆਪਣੇ ਵਿਚਾਰਾਂ ਨੂੰ ਵਿਅਕਤ ਕਰਨ ਦਾ ਨਾ ਉਨ੍ਹਾਂ ਕੋਲ ਵੱਲ ਹੁੰਦਾ ਹੈ, ਨਾ ਜੁਰਅਤ। ਇਹ ਦੂਜਿਆਂ ਦੇ ਬਲਬੂਤੇ 'ਤੇ ਚਲਦੇ ਹਨ। ਅਜਿਹੇ ਲੋਕਾਂ ਦੀ ਹੋਂਦ ਦਾ ਸਭ ਤੋਂ ਵੱਧ ਪਰਦਰਸ਼ਨ ਰਾਜਨੀਤੀ ਵਿਚ ਹੁੰਦਾ ਹੈ। ਇੱਥੇ ਪਾਰਟੀਆਂ, ਲੀਡਰਾਂ, ਮੀਡੀਆ ਤੇ ਸਿਸਟਮੀ ਅੰਧ-ਭਗਤਾਂ ਦੇ ਇੱਕਠੇ ਦਰਸ਼ਨ ਹੋ ਜਾਂਦੇ ਹਨ; ਕਿਉਂਕਿ ਇਹ ਅੰਧ-ਭਗਤ ਦੂਜਿਆਂ ਦੀ ਅਗਵਾਈ ਵਿਚ ਚਲਦੇ ਹਨ, ਇਸ ਲਈ ਇਹ ਫਾਸੀਵਾਦ ਜਿਹੀ ਵਿਵਸਥਾ ਵਲ ਨਿਘਰ ਪੈਂਦੇ ਹਨ। ਲੋਕਤੰਤਰਾਂ ਵਿਚ ਹਵਾ ਦੇਖ ਕੇ ਵੋਟ ਪਾਉਂਦੇ ਹਨ, ਨੇਤਾਵਾਂ 'ਤੇ ਇਤਬਾਰ ਕਰਦੇ ਰਹਿੰਦੇ ਹਨ ਤੇ ਅੱਖ ਚੁੱਕ ਕੇ ਨਹੀਂ ਦੇਖਦੇ। ਸਿਰਾਟੋ ਅਜਿਹੇ ਅੰਧ-ਭਗਤਾਂ ਵਿਚ ਸਵੈ-ਨਿਰਣੇ ਤੇ ਪੜਚੋਲ ਦੀ ਭਾਵਨਾ ਨੂੰ ਬਲਵਾਨ ਕਰ ਕੇ ਉਨ੍ਹਾਂ ਨੂੰ ਜ਼ਿੰਮੇਵਾਰ ਸ਼ਹਿਰੀ ਬਣਾਉਂਦੀ ਹੈ। ਇਹ ਲੋਟੂ ਤੇ ਤਾਨਾਸ਼ਾਹੀ ਦਲਾਂ ਦੀਆਂ ਚਾਲਾਂ ਨੂੰ ਪੁੱਠਾ ਪਾ ਕੇ ਜਨਤਕ ਕਲਿਆਣ ਦੀ ਵਿਵਸਥਾ ਪੈਦਾ ਕਰਦੀ ਹੈ।

ਇੰਡੀਆ ਵਿਚ ਰਹਿੰਦਾ ਮੇਰਾ ਇਕ ਮਿੱਤਰ ਕਈ ਸਾਲ ਕਾਂਗਰਸ ਦਾ ਸਮਰਥਕ ਰਿਹਾ, ਫਿਰ ਇਸ ਨੂੰ ਛੱਡ ਕੇ ਅਕਾਲੀ ਦਲ ਵਿਚ ਚਲਾ ਗਿਆ। 1999 ਵਿਚ ਜਦੋਂ ਅਕਾਲੀ ਦਲ ਵਿਚ ਪਰਿਵਾਰਵਾਦ ਕਾਰਨ ਖਿਚੋਤਾਣ ਵਧੀ, ਉਹ ਇਸ ਨੂੰ ਵੀ ਛੱਡ ਗਿਆ। ਫਿਰ ਉਹ ਕਈ ਸਾਲ ਕਿਸੇ ਪਾਸੇ ਨਾ ਜੁੜਿਆ। ਇਮਾਨਦਾਰ ਤੇ ਭਲਾਮਾਣਸ ਹੋਣ ਕਰ ਕੇ ਉਸ ਨੂੰ ਕੋਈ ਰਾਜਸੀ ਧੜਾ ਨਾ ਭਾਇਆ। 2016 ਵਿਚ ਇੰਡੀਆ ਗਏ ਨੂੰ ਮਿਲਣ ਆਇਆ ਤਾਂ ਦੇਸ਼ ਦੀ ਰਾਜਨੀਤੀ ਬਾਰੇ ਗੱਲਬਾਤ ਕਰਨ ਲੱਗਾ। ਉਸ ਨੇ ਦੱਸਿਆ ਕਿ ਉਸ ਦਾ ਤਾਂ ਕਿਸੇ ਪਾਰਟੀ ਨਾਲ ਕੋਈ ਸਰੋਕਾਰ ਨਹੀਂ, ਕਿਉਂਕਿ 'ਸਭ ਚੋਰ' ਹਨ। ਉਸ ਨੇ ਇਹ ਵੀ ਦੱਸਿਆ ਕਿ ਉਹ ਤਾਂ ਹੁਣ ਕਿਸੇ ਨੂੰ ਵੋਟ ਵੀ ਨਹੀਂ ਪਾਉਂਦਾ, ਹਰ ਵਾਰ 'ਨੋਟਾ' ਦੇ ਬਟਨ ਦਾ ਇਸਤੇਮਾਲ ਕਰ ਕੇ ਆਉਂਦਾ ਹੈ। ਮੈਂ ਉਸ ਨੂੰ ਸਮਝਾਉਂਦਿਆਂ ਕਿਹਾ ਕਿ ਉਹ ਆਪਣੇ ਕੀਮਤੀ ਵੋਟ ਨੂੰ ਇਵੇਂ ਬਰਬਾਦ ਨਾ ਕਰੇ, ਕੋਈ ਚੰਗੀ ਪਾਰਟੀ ਦੇਖ ਕੇ ਵੋਟ ਜਰੂਰ ਪਾ ਦਿਆ ਕਰੇ। ਉਹ ਬੋਲਿਆ, "ਪ੍ਰੋਫੈਸਰ ਸਾਹਿਬ, ਮੇਰੇ ਵਰਗੇ "ਲੱਖਾਂ ਕੀਮਤੀ ਵੋਟ" ਹਰ ਵਾਰ 'ਨੋਟਾ' ਨੂੰ ਜਾਂਦੇ ਹਨ। ਕੋਈ ਇਨ੍ਹਾਂ ਦਾ ਹੱਕਦਾਰ ਹੀ ਨਹੀਂ ਬਣਦਾ। ਤੁਸੀਂ ਦੱਸੋ ਕਿਸ ਨੂੰ ਪਾਈਏ?" "ਮੈਂ ਤਾਂ ਤੈਨੂੰ ਹਫਤੇ ਤੀਕ ਦੱਸ ਸਕਦਾ ਹਾਂ।" ਮੈਂ ਮਜ਼ਾਕ ਨਾਲ ਕਿਹਾ। ਉਹਨੇ ਪੁੱਛਿਆ, "ਹਫਤੇ ਤੀਕ ਕਿਸੇ ਤੋਂ ਪੁੱਛ ਕੇ ਦਸੋਗੇ?" ਮੈਂ ਕਿਹਾ, "ਦਵਾਈ ਖਾਵਾਂਗਾ, ਉਹ ਦੱਸੇਗੀ।" ਉਹ ਬੋਲਿਆ, "ਜੇ ਇਸ ਦੀ ਕੋਈ ਦਵਾਈ ਐ, ਤਾਂ ਮੈਨੂੰ ਈ ਦੇ ਦੇ।" ਮੈਂ ਉਸ ਨੂੰ ਖਾਣ ਦਾ ਢੰਗ ਦੱਸਦਿਆਂ ਸਿਰਾਟੋ ਦੀ ਇਕ ਛੋਟੀ ਸ਼ੀਸ਼ੀ ਦਿੱਤੀ ਤੇ ਕਿਹਾ, "ਖਾ ਲਈਂ ਹੁਣ।" ਜਵਾਬ ਵਿਚ, "ਫਿਕਰ ਨਾ ਕਰ", ਕਹਿ ਕੇ ਉਹ ਚਲਾ ਗਿਆ।"

ਜਦੋਂ ਮੈਂ ਆਉਣਾ ਸੀ, ਉਹ ਇਕ ਦਿਨ ਪਹਿਲਾਂ ਮਿਲਣ ਆਇਆ। ਕਹਿਣ ਲੱਗਾ, "ਪਾਰਟੀ ਉਮੀਦਵਾਰਾਂ ਦੀ ਥਾਂ ਆਜ਼ਾਦ ਉਮੀਦਵਾਰਾਂ ਨੂੰ ਚੁਣਨਾ ਚਾਹੀਦਾ ਹੈ।" ਮੈਂ ਪੁੱਛਿਆ, "ਕਿਉਂ?" ਉਹ ਬੋਲਿਆ, "ਆਜ਼ਾਦ ਉਮੀਦਵਾਰ ਕਿਰਦਾਰ ਦੇ ਜੋਰ 'ਤੇ ਲੜਦੇ ਹਨ। ਉਨ੍ਹਾਂ ਨੂੰ ਪੈਸੇ ਤੇ ਅਹੁਦੇ ਦਾ ਲਾਲਚ ਨਹੀਂ ਹੁੰਦਾ।" ਅਗਲੇ ਸਾਲ ਗਿਆ ਤਾਂ ਪਤਾ ਲੱਗਾ, ਉਹ ਪਟਿਆਲੇ ਦੇ ਇਕ ਡਾਕਟਰ ਰਹੇ ਆਜ਼ਾਦ ਉਮੀਦਵਾਰ ਦਾ ਸਮਰਥਨ ਕਰ ਰਿਹਾ ਸੀ।

ਇਕ ਮਾਂ-ਪਿਓ ਦਸ ਸਾਲ ਦੀ ਇਕ ਬੱਚੀ ਨੂੰ ਸਿਹਤ ਨਾ ਬਣਨ ਦੀ ਸ਼ਿਕਾਇਤ ਨਾਲ ਲੈ ਕੇ ਆਏ। ਉਹ ਦੇਖਣ ਨੂੰ ਠੀਕ ਲਗਦੀ ਸੀ, ਪਰ ਉਸ ਦੇ ਮਾਪੇ ਉਸ ਦੇ ਖਾਣ ਪੀਣ ਦੇ ਢੰਗ ਨਾਲ ਸੰਤੁਸ਼ਟ ਨਹੀਂ ਸਨ। ਉਨ੍ਹਾਂ ਅਨੁਸਾਰ ਉਸ ਨੂੰ ਭੁੱਖ ਨਹੀਂ ਲਗਦੀ ਸੀ, ਪਰ ਭੁੱਖ ਦੀ ਥਾਂ ਢਿੱਡ ਵਿਚ ਕਮਜ਼ੋਰੀ ਜਿਹੀ ਮਹਿਸੂਸ ਹੁੰਦੀ ਸੀ। ਆਪਣੇ ਚਿੱਤ ਨਾਲ ਕਦੇ ਖਾਣ ਨੂੰ ਨਹੀਂ ਸੀ ਮੰਗਦੀ, ਪਰ ਦੂਜਿਆਂ ਦੀ ਦੇਖਾ-ਦੇਖੀ ਕੁਝ ਖਾ ਪੀ ਲੈਂਦੀ ਸੀ। ਉਸ ਨੂੰ ਖੇਡ ਦਾ ਬਹੁਤਾ ਚਾਅ ਨਹੀਂ ਸੀ ਤੇ ਨਾ ਹੀ ਉਹ ਪੜ੍ਹਾਈ ਲਿਖਾਈ ਵਿਚ ਬਹੁਤੀ ਤੇਜ ਸੀ। ਉਂਜ ਸਕੂਲ ਵਿਚੋਂ ਜਿੰਨਾ ਕੰਮ ਮਿਲੇ, ਉਸ ਨੂੰ ਕਰ ਲੈਂਦੀ ਸੀ ਤੇ ਰੱਟੇ ਨਾਲ ਯਾਦ ਕਰ ਲੈਂਦੀ ਸੀ। ਉਨ੍ਹਾਂ ਨੇ ਦੱਸਿਆ ਕਿ ਉਹ ਸੁਸਤ ਤਬੀਅਤ ਸੀ ਤੇ ਉਸ ਤੋਂ ਹਰ ਗੱਲ ਕਹਿ ਕੇ ਕਰਵਾਈ ਜਾਂਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਜੋ ਗੱਲ ਇਸ ਦੇ ਹਾਣ ਦੇ ਬੱਚੇ ਆਪੇ ਸਿੱਖ ਜਾਂਦੇ ਹਨ, ਇਹ ਦੱਸਿਆਂ ਵੀ ਨਹੀਂ ਕਰ ਸਕਦੀ। ਉਨ੍ਹਾਂ ਮਿਸਾਲ ਦਿੱਤੀ ਕਿ ਇਹ ਐਸਕੇਲੇਟਰ ਤੇ ਵੀ ਬਿਨਾ ਹੱਥ ਫੜ੍ਹੇ ਇਕਲੀ ਨਹੀਂ ਚੜ੍ਹ ਸਕਦੀ। ਹੇਠ ਖੜ੍ਹੀ ਸੋਚਦੀ ਰਹਿੰਦੀ ਹੈ ਕਿ ਕਿਹੜਾ ਪੈਰ ਕਦੋਂ ਚੁੱਕੇ ਤੇ ਕਦੋਂ ਉੱਤੇ ਰੱਖੇ। ਬਿਨਾ ਸਹਾਰੇ ਆਪ ਚੜ੍ਹਨ ਦਾ ਜੇਰਾ ਨਹੀਂ ਕਰ ਸਕਦੀ।

ਮੈਂ ਹੋਮਿਓਪੈਥੀ ਦੀਆਂ ਕਈ ਦਵਾਈਆਂ 'ਤੇ ਅੰਤਰਝਾਤ ਮਾਰੀ, ਪਰ ਮੈਨੂੰ ਕੋਈ ਇੰਨੀ ਢੁਕਵੀਂ ਨਾ ਲੱਗੀ, ਜਿੰਨੀ ਬੈਚ ਦਵਾ ਸਿਰਾਟੋ। ਉਸ ਨੂੰ ਖਾਣ, ਪੜ੍ਹਨ, ਖੇਡਣ ਤੇ ਹੋਰ ਕੰਮਾਂ ਵਿਚ ਆਪ ਫੈਸਲਾ ਲੈਣ ਵਿਚ ਕਠਿਨਾਈ ਆਉਂਦੀ ਸੀ। ਉਹ ਦੂਜਿਆਂ ਦੇ ਪੂਰਨਿਆਂ 'ਤੇ ਚਲ ਕੇ ਵਧੇਰੇ ਖੁਸ਼ ਸੀ ਤੇ ਆਪਣੇ ਵਲੋਂ ਕੋਈ ਪਹਿਲ ਕਦਮੀ ਨਹੀਂ ਸੀ ਕਰਦੀ; ਇਹ ਸਿਰਾਟੋ ਤੋਂ ਵਧ ਕਿਸੇ ਹੋਰ ਦੇ ਸੰਕੇਤ ਨਹੀਂ ਸਨ। ਇਕ ਮਹੀਨਾ ਸਿਰਾਟੋ ਖਾਣ ਤੋਂ ਬਾਅਦ ਨਾ ਸਿਰਫ ਉਸ ਦੀ ਭੁੱਖ ਚਮਕ ਆਈ, ਸਗੋਂ ਉਹ ਐਸਕੇਲੇਟਰ ਦੀਆਂ ਪੌੜੀਆਂ 'ਤੇ ਵੀ ਆਪੇ ਚੜ੍ਹਨ ਲਗ ਪਈ। ਅਗਲੀ ਵਾਰ ਉਸ ਦੀ ਮਾਂ ਨੇ ਇਕ ਹੋਰ ਗੱਲ ਦੱਸੀ ਕਿ ਉਸ ਨੇ ਸਕੂਲ ਵਿਚ ਹੁਣ ਐਕਸੈਲਰੇਟਿਡ ਬੁੱਕ ਰੀਡਿੰਗ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ, ਜਿਸ ਲਈ ਉਸ ਨੂੰ ਹਰ ਹਫਤੇ ਲਾਇਬਰੇਰੀ ਲੈ ਕੇ ਜਾਣਾ ਪੈਂਦਾ ਸੀ। ਦੋ ਮਹੀਨੇ ਸਿਰਾਟੋ ਨਾਲ ਇਕ ਹੋਰ ਬੈਚ ਫੁੱਲ-ਦਵਾ ਖਾ ਕੇ ਉਹ ਦੂਜੇ ਬੱਚਿਆਂ ਦੇ ਬਰਾਬਰ ਚੱਲਣ ਲੱਗੀ।

ਡਾ. ਵੀ ਕ੍ਰਿਸ਼ਨਾਮੂਰਤੀ ਸਿਰਾਟੋ ਬਾਰੇ ਲਿਖਦੇ ਹਨ, "ਇਹ ਉਨ੍ਹਾਂ ਬੱਚਿਆਂ ਲਈ ਉੱਤਮ ਦਵਾ ਹੈ, ਜੋ ਦੂਜਿਆਂ ਦੇ ਤੌਰ ਤਰੀਕਿਆਂ ਦੀ ਨਕਲ ਕਰਦੇ ਹਨ। ਇਹ ਉਨ੍ਹਾਂ ਬੱਚਿਆਂ ਲਈ ਲਾਭਦਾਇਕ ਹੈ, ਜੋ ਮਾਂ-ਪਿਓ ਦੇ ਰੀਸ ਕਰਦੇ ਹਨ। ਇਹ ਉਨ੍ਹਾਂ ਔਰਤਾਂ ਲਈ ਹੈ, ਜੋ ਦੂਜਿਆਂ ਦੀ ਦੇਖਾ-ਦੇਖੀ ਆਪਣੇ ਘਰ ਦੇ ਰੰਗ ਤੇ ਪਰਦੇ ਬਦਲ ਦਿੰਦੀਆਂ ਹਨ। ਇਹ ਉਨ੍ਹਾਂ ਲਈ ਇਕ ਅਤਿ-ਉੱਤਮ ਟਾਨਿਕ ਹੈ, ਜੋ ਸਪੇਅਰ ਪਾਰਟਸ ਜਾਂ ਡਿਪਾਰਟਮੈਂਟਲ ਸਟੋਰਾਂ ਵਿਚ ਕੰਮ ਕਰਦੇ ਹਨ।"

ਡਾ. ਕ੍ਰਿਸ਼ਨਾਮੂਰਤੀ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਆਪਣਾ ਕੰਮ ਕਰਨ ਲਈ ਨਵੀਨਤਮ ਜਾਣਕਾਰੀ ਦੀ ਲੋੜ ਪੈਂਦੀ ਹੈ, ਜਿਵੇਂ ਲੋਕ ਸੰਪਰਕ ਅਫਸਰ, ਪੁੱਛ-ਗਿੱਛ ਕਲਰਕ, ਕਿੱਤਾ-ਨਿਰਦੇਸ਼ਕ, ਐਕਟਰ, ਅਧਿਆਪਕ, ਡਾਕਟਰ, ਲੇਖਕ, ਐਨਸਾਈਕਲੋਪੀਡੀਆ ਲਿਖਾਰੀ ਆਦਿ, ਉਨ੍ਹਾਂ ਦਾ ਸਿਰਾਟੋ ਬਿਨਾ ਕੋਈ ਗੁਜ਼ਾਰਾ ਨਹੀਂ। ਜੇ ਇਸ ਨੂੰ ਨਾ ਲੈਣਗੇ ਤਾਂ ਉਹ ਇੱਧਰੋਂ ਉੱਧਰੋਂ ਪੁੱਛ ਕੇ ਹੀ ਡੰਗ ਸਾਰਨਗੇ। ਜੇ ਦੋ ਤਿੰਨ ਮਹੀਨੇ ਲਗਾਤਾਰ ਦੋ ਵਾਰ ਖਾ ਲੈਣਗੇ ਤਾਂ ਉਸ ਵਿਸ਼ੇ 'ਤੇ ਰਾਤੋ ਰਾਤ 'ਦਸ ਹਜ਼ਾਰ' ਕਾਪੀਆਂ ਵਿਕਣ ਵਾਲਾ ਆਪਣਾ ਐਨਸਾਈਕਲੋਪੀਡੀਆ ਲਿਖ ਦੇਣਗੇ। ਉਹ ਤਾਂ ਇਥੋਂ ਤੀਕ ਲਿਖਦਾ ਹੈ, "ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਕਿਸੇ ਜਾਣਕਾਰੀ ਦੀ ਲੋੜ ਹੈ, ਇਸ ਬਾਰੇ ਆਪਣੇ ਗਵਾਂਢੀਆਂ ਤੇ ਸਹਿ-ਕਰਮੀਆਂ ਤੋਂ ਨਾ ਪੁੱਛੋ। ਦਿਨ ਵਿਚ ਤਿੰਨ ਵਾਰ ਸਿਰਾਟੋ ਲੈਣੀ ਅਰੰਭ ਕਰ ਦਿਓ। ਚੌਵੀ ਘੰਟਿਆਂ ਦੇ ਅੰਦਰ ਤੁਸੀਂ ਉਸ ਜਾਣਕਾਰੀ ਦੇ ਸਹੀ ਸੋਮੇ ਕੋਲ ਪਹੁੰਚ ਜਾਵੋਗੇ, ਨਹੀਂ ਤਾਂ 48 ਘੰਟਿਆਂ ਵਿਚ ਉਸ ਜਾਣਕਾਰੀ ਦਾ ਕੋਈ ਵਿਸ਼ੇਸ਼ਗ ਉਸ ਨੂੰ ਲੈ ਕੇ ਆਪ ਜਾਣਕਾਰੀ ਲੈ ਕੇ ਤੁਹਾਡੇ ਕੋਲ ਆਵੇਗਾ।" ਇਸ ਫੁੱਲ-ਦਵਾਈ ਬਾਰੇ ਇਸ ਲੇਖਕ ਦੇ ਦਾਅਵੇ ਦਿਲਚਸਪ ਤੇ ਪਰਖਣਯੋਗ ਹਨ।

ਇਸ ਫੁੱਲ-ਦਵਾਈ ਨੂੰ ਸਮਝਣ ਲਈ ਜਿਨ੍ਹਾਂ ਕੁੰਜੀਵਤ ਸ਼ਬਦਾਂ ਨੂੰ ਯਾਦ ਰੱਖਣ ਦੀ ਲੋੜ ਹੈ, ਉਹ ਹਨ, ਆਪਣੀ ਰਾਏ 'ਤੇ ਇਤਬਾਰ ਨਾ ਕਰਨਾ, ਸੁਤੰਤਰਤਾ ਨਾਲ ਆਪਣੇ ਨਿਰਣੇ ਨਾ ਲੈ ਸਕਣਾ, ਦੂਜਿਆਂ ਤੋਂ ਸਲਾਹਾਂ ਲੈਂਦੇ ਫਿਰਨਾ, ਦੂਜਿਆਂ ਦੀਆਂ ਨਕਲਾਂ ਤੇ ਰੀਸਾਂ ਕਰਨਾ, ਰੂੜੀਵਾਦੀ ਹੋਣਾ, ਅਖਾਣ ਮੁਹਾਵਰਿਆਂ ਅਨੁਸਾਰ ਚਲਣਾ, ਤਬਦੀਲੀ, ਸੁਧਾਰ ਤੇ ਵਿਕਾਸ ਨੂੰ ਸਵੀਕਾਰ ਨਾ ਕਰਨਾ, ਪਿਰਤ ਤੋਂ ਬਾਹਰ ਨਾ ਨਿਕਲ ਸਕਣਾ, ਦੂਜੀ ਭਾਸ਼ਾ ਨਾ ਸਿੱਖ ਸਕਣਾ, ਪਹਿਲ ਕਦਮੀ ਦੀ ਘਾਟ ਹੋਣਾ, ਮੌਲਿਕਤਾ ਦਾ ਅਭਾਵ ਹੋਣਾ ਤੇ ਦੂਜਿਆਂ ਦੇ ਫੈਨ ਜਾਂ ਅੰਧ-ਭਗਤ ਬਣੇ ਰਹਿਣ ਦੀ ਆਦਤ ਹੋਣਾ ਆਦਿ। ਇਨ੍ਹਾਂ ਅਲਾਮਤਾਂ ਦੇ ਹੁੰਦਿਆਂ ਕੋਈ ਵਿਅਕਤੀ ਕੋਈ ਨਵੀਨ ਜਾਂ ਪ੍ਰਸਿੱਧੀ ਵਾਲਾ ਕਾਰਜ ਨਹੀਂ ਕਰ ਸਕਦਾ ਤੇ ਨਾ ਹੀ ਪ੍ਰਤਿਭਾਸ਼ਾਲੀ ਬਣ ਸਕਦਾ ਹੈ। ਇਸ ਨੂੰ ਮੰਦਬੁੱਧੀ ਦੀ ਹਾਲਤ ਤਾਂ ਨਹੀਂ ਕਿਹਾ ਜਾ ਸਕਦਾ, ਪਰ ਹੈ ਇਹ 'ਸਾਧਾਰਣ' ਜਾਂ ਬੌਣੀ ਬੁੱਧੀ ਦੀ ਗੱਲ ਜਰੂਰ ਹੈ।

(ਬਾਕੀ ਅਗਲੇ ਸਫੇ 'ਤੇ)

# ਇਕੱਲ ਤੋਂ ਇਕਾਂਤ ਦਾ ਸਫਰ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦਾ ਸੱਚ ਬਿਆਨਿਆ ਸੀ ਕਿ ਨਜ਼ਰ ਨਾਲ ਨਜ਼ਰ ਮਿਲਾ ਕੇ, ਜ਼ਿੰਦਗੀ ਦੇ ਨੈਣਾਂ ਵਿਚ ਝਾਕਣ ਵਾਲੇ ਹੀ ਹਾਂ-ਪੱਖੀ ਵਰਤਾਰਿਆਂ ਦਾ ਵਣਜ ਕਰਦੇ। ਇਸ ਵਿਚੋਂ ਹੀ ਨਿਆਰੀ ਅਤੇ ਨਰੋਈ ਜੀਵਨ-ਜਾਚ ਨੂੰ ਜ਼ਿੰਦਗੀ ਦੇ ਨਾਮ ਕਰਦੇ।...ਲੋੜ ਹੈ ਕਿ ਆਪਣੀ ਨਜ਼ਰ ਨੂੰ ਨਦਰਿ ਦੇ ਰਾਹੀਂ ਤੋਰਨ ਅਤੇ ਸਚਿਆਈ ਨੂੰ ਅਪਨਾਉਣ ਅਤੇ ਇਸ ਨੂੰ ਜੀਵਨ ਦਾ ਅੰਗ ਬਣਾਉਣ ਵੰਨੀਂ ਸੇਧਤ ਹੋਈਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਇਕੱਲ ਤੋਂ ਇਕਾਂਤ ਦੇ ਸਫਰ ਦਾ ਜ਼ਿਕਰ ਛੇੜਿਆ ਹੈ ਕਿ ਦਰਅਸਲ ਜ਼ਿੰਦਗੀ ਇਕੱਲ ਤੋਂ ਇਕਾਂਤ ਨੂੰ ਜਾਣ ਦਾ ਸੁਹਾਵਣਾ ਸਫਰ, ਅਨੰਦਮਈ ਅਹਿਸਾਸ।...ਇਕੱਲ ਸਰਾਪ, ਇਕਾਂਤ ਸੁਗਾਤ। ਇਕੱਲ ਗਲਤੀ, ਇਕਾਂਤ ਸੁਧਾਰ। ਇਕੱਲ ਗੁਨਾਹ, ਇਕਾਂਤ ਪਰਉਪਕਾਰ। ਇਕੱਲ ਪਾਪ, ਇਕਾਂਤ ਪੁੰਨ। ਇਕੱਲ ਕੂੜ-ਕਮਾਈ, ਇਕਾਂਤ ਬੰਦਿਆਈ। ਇਕੱਲ ਅਵੱਗਿਆ, ਇਕਾਂਤ ਆਗਿਆਕਾਰੀ। ਇਕੱਲ ਹਉਮੈ, ਇਕਾਂਤ ਹਲੀਮੀ। ਉਹ ਕਹਿੰਦੇ ਹਨ, "ਹਰ ਕੋਈ ਆਪਣੇ ਸੰਸਾਰ ਵਿਚ ਗਵਾਚਾ, ਖੁਦ ਨੂੰ ਖਾਲੀ ਹੁੰਦਿਆਂ ਵੀ ਭਰਿਆ ਸਮਝਦਾ। ਅਪੂਰਨ ਹੁੰਦਿਆਂ ਵੀ ਪੂਰਨ ਅਤੇ ਨੰਗ ਹੁੰਦਿਆਂ ਵੀ ਅਮੀਰ ਸਮਝਦਾ; ਪਰ ਇਕਾਂਤ ਵਿਰਲੇ ਵਿਅਕਤੀਆਂ ਦਾ ਹਾਸਲ। ਇਕਾਂਤ ਵਿਚ ਵਿਚਰਦੇ ਲੋਕ ਇਤਿਹਾਸ ਰਚਦੇ, ਭਵਿੱਖ ਲਈ ਵਿਰਾਸਤ ਬਣਦੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਲ-ਮਾਡਲ।...ਇਸ ਮਾਰਗ 'ਤੇ ਚੱਲਣ ਲਈ ਖੁਦ ਹੀ ਤਹੱਈਆ ਕਰਨਾ ਪੈਣਾ। ਸੰਭਲ ਕੇ ਤੁਰਨਾ, ਸਫਰ ਪੂਰਾ ਕਰਨ ਅਤੇ ਅਪੂਰਨਤਾ ਤੋਂ ਪੂਰਨਤਾ ਪ੍ਰਾਪਤ ਕਰਨਾ ਪੈਣੀ।" -ਸੰਪਾਦਕ*

ਇਕੱਲ ਤੇ ਇਕਾਂਤ, ਸਮ-ਅਰਥੀ ਜਾਪਦੇ ਸ਼ਬਦ, ਪਰ ਇਕਾਂਤ ਤੇ ਇਕੱਲ ਵਿਚ ਬਹੁਤ ਅੰਤਰ। ਇਕ ਫੁੱਲ ਤੇ ਦੂਸਰਾ ਕੰਡਾ, ਇਕ ਦਿਨ ਤੇ ਦੂਸਰਾ ਰਾਤ, ਇਕ ਪੁੰਨਿਆ ਤੇ ਦੂਸਰਾ ਮੱਸਿਆ, ਇਕ ਚਾਨਣ ਤੇ ਦੂਸਰਾ ਹਨੇਰਾ ਅਤੇ ਇਕ ਫੈਲਣਾ ਤੇ ਦੂਸਰਾ ਸੁੰਗੜਨਾ। ਇਕ ਬਹਾਰ ਦੀ ਆਮਦ ਤੇ ਦੂਸਰਾ ਪਤਝੜੀ ਸੰਤਾਪ। ਇਕ ਸਰਘੀ ਦਾ ਝਲਕਾਰਾ ਅਤੇ ਦੂਸਰਾ ਸ਼ਾਮ ਦੀ ਗਹਿਰ। ਇਕ ਮੌਲਦੇ ਚਾਅਵਾਂ ਦੀ ਰੰਗਤ ਤੇ ਦੂਸਰਾ ਉਜੜੀਆਂ ਰੀਝਾਂ ਦੀ ਬੇਰੰਗਤਾ। ਇਕ ਜੀਵਨ ਦੀਆਂ ਬਾਰੀਕੀਆਂ ਨੂੰ ਅੰਦਰ ਸਮਾਉਣ ਦਾ ਆਹਰ ਤੇ ਦੂਸਰਾ ਆਪਣੇ ਆਪ ਤੋਂ ਦੂਰ ਜਾਣ ਦਾ ਬਹਾਨਾ।

ਇਕੱਲ ਤੇ ਇਕਾਂਤ, ਵਿਰੋਧ-ਭਾਸੀ। ਇਕ ਦੂਜੇ ਤੋਂ ਦੂਰ ਜਾਂਦੀਆਂ ਰਾਹਾਂ। ਇਕ ਦੂਜੇ ਨੂੰ ਕਦੇ ਵੀ ਫੁੱਟੀ ਅੱਖ ਨਾ ਭਾਉਂਦੀਆਂ। ਇਕਾਂਤ ਤੇ ਇਕੱਲ, ਇਕ ਦੂਜੇ ਦੀਆਂ ਦੁਸ਼ਮਣ। ਇਸ ਵਿਚੋਂ ਹੀ ਸ਼ੁਰੂ ਹੁੰਦਾ ਮਨੁੱਖੀ ਵਿਕਾਸ ਜਾਂ ਪਤਨ। ਇਕ ਉਮੀਦ, ਦੂਸਰੀ ਬੇਉਮੀਦੀ। ਇਕ ਆਸ, ਦੂਸਰੀ ਬੇ-ਆਸਤਾ। ਇਕ ਰੂਹ-ਰੰਗਤਾ, ਦੂਸਰੀ ਰੂਹ-ਫਿੱਕਤਤਾ। ਅਸਮਾਨ ਤੇ ਪਤਾਲ ਦਾ ਫਰਕ।

ਇਕੱਲ, ਮਨੁੱਖ ਲਈ ਸਭ ਤੋਂ ਵੱਡੀ ਸਜ਼ਾ। ਖੁਦ ਨੂੰ ਸੂਲੀ 'ਤੇ ਲਟਕਾਉਣਾ। ਆਪਣੀ ਹੀ ਅਰਥੀ ਨੂੰ ਮੋਢਾ ਦੇਣਾ ਅਤੇ ਆਪਣਾ ਮਰਸੀਆ ਆਪਣੇ ਹੀ ਹੋਠਾਂ 'ਤੇ ਗੁਣਗੁਣਾਉਣਾ। ਆਪਣੀ ਰਾਖ ਨੂੰ ਆਪਣੀ ਮਾਨਸਿਕ ਧਰਾਤਲ 'ਤੇ ਵਿਛਾਉਣਾ ਅਤੇ ਫਿਰ ਹਵਾ ਸੰਗ ਹਵਾ ਹੋ ਜਾਣ ਦੀ ਪੀੜਾ ਨੂੰ ਪਲ ਪਲ ਹੰਢਾਉਣਾ, ਜਦੋਂ ਕਿ ਇਕਾਂਤ ਸਭ ਤੋਂ ਵੱਡਾ ਵਰਦਾਨ, ਆਪਣੇ ਆਪ ਨੂੰ ਮਿਲਣ, ਅੰਤਰੀਵ ਵਿਚ ਬੈਠੀਆਂ ਭਾਵਨਾਵਾਂ ਨੂੰ ਕਲਾਵੇ ਵਿਚ ਲੈਣ, ਉਨ੍ਹਾਂ ਨੂੰ ਕੁਝ ਕਹਿਣਾ, ਭਾਵਨਾਤਮਿਕ ਲੋਚਾ ਨੂੰ ਮਨ ਦੀ ਜੂਹੇ ਖਿੜਾਉਣਾ, ਮਨ-ਚਾਹੀਆਂ ਇੱਛਾਵਾਂ ਨੂੰ ਪਾਉਣ ਅਤੇ ਇਨ੍ਹਾਂ ਦਾ ਨਾਦ, ਮਨ ਦੀ ਜੂਹੇ ਗਾਉਣਾ।

ਇਕੱਲ ਤੋਂ ਹਰ ਕੋਈ ਡਰਦਾ, ਦੂਰ ਭੱਜਦਾ ਅਤੇ ਇਸ ਨੂੰ ਤੋੜਨ ਲਈ ਹਰ ਜੁਗਤ ਲੜਾਉਂਦਾ, ਪਰ ਹਰੇਕ ਵਿਅਕਤੀ ਇਕਾਂਤ ਨੂੰ ਮਾਣਨਾ ਚਾਹੁੰਦਾ, ਕਿਉਂਕਿ ਇਕਾਂਤ ਵਿਚ ਹੀ ਬੰਦਾ ਆਪਣੇ ਆਪ ਦੇ, ਕੁਦਰਤ ਅਤੇ ਕਾਇਨਾਤ ਦੇ ਸਭ ਤੋਂ ਕਰੀਬ। ਇਸੇ ਲਈ ਕਲਾਕਾਰ, ਗੀਤਕਾਰ, ਕਵੀ, ਲੇਖਕ, ਸਾਧੂ, ਜੋਗੀ, ਪੀਰ, ਫਕੀਰ ਜਾਂ ਜੀਵਨੀ ਭੱਜਦੌੜ ਤੋਂ ਉਕਤਾਏ ਲੋਕ, ਖੁਦ ਨੂੰ ਮਿਲਣ ਲਈ ਇਕਾਂਤ ਵੱਲ ਦੌੜਦੇ। ਇਕੱਲ ਵਿਚ ਤੁਸੀਂ ਖੁਦ ਦੀਆਂ ਹੂਕਾਂ ਖੁਦ ਸੁਣਦੇ, ਆਪਣਾ ਹੌਕਾ ਆਪ ਬਣਦੇ ਅਤੇ ਆਪਣੀ ਤੁਰਸ਼ੀਆਂ ਦੀ ਗਾਥਾ ਖੁਦ ਨੂੰ ਸੁਣਾਉਂਦੇ। ਕੋਈ ਨਹੀਂ ਹੁੰਦਾ ਹੁੰਗਾਰਾ ਭਰਨ ਵਾਲਾ, ਦੁੱਖ ਦੀਆਂ ਲਾਸਾਂ ਸਹਿਲਾਉਣ ਵਾਲਾ ਅਤੇ ਤੁਹਾਡੇ ਲਈ ਰਾਹਤ ਦੀ ਦੁਆ ਜਾਂ ਦਵਾ ਬਣਨ ਵਾਲਾ, ਪਰ ਇਕਾਂਤ ਵਿਚ ਬੰਦਾ ਇਕੱਲਾ ਨਹੀਂ, ਸਮੁੱਚ ਤੇ ਸਮੁੱਚੀ ਕਾਇਨਾਤ ਉਹਦੇ ਨਾਲ ਹੁੰਦੀ। ਉਹ ਬਿਰਖਾਂ, ਪੰਛੀਆਂ, ਪੌਦਿਆਂ, ਪੱਤਿਆਂ ਤੇ ਫੁੱਲਾਂ ਨੂੰ ਆਪਣਾ ਦਰਦ ਸੁਣਾਉਂਦਾ। ਸੱਜਣਾਂ ਨੂੰ 'ਵਾਵਾਂ ਹੱਥ ਸੁਨੇਹੇ ਭੇਜਦਾ। ਕੋਈ ਉਸ ਨੂੰ ਹਾਕ ਮਾਰਦਾ ਅਤੇ ਕੋਈ ਭਰੇ ਹੁੰਗਾਰਾ।

ਮਹਾਨ ਕਿਰਤਾਂ ਸਿਰਫ ਇਕਾਂਤ ਵਿਚਲੀ ਇਕਾਗਰਤਾ ਵਿਚੋਂ ਹੀ ਪੈਦਾ ਹੁੰਦੀਆਂ। ਇਸ ਲਈ ਸੂਖਮ ਲੋਕ, ਕਲਾਕਾਰ ਬਿਰਤੀ ਵਾਲੇ, ਖੋਜੀ ਵਿਅਕਤੀ ਜਾਂ ਕਿਰਿਆਤਮਿਕਤਾ ਦੀ ਸਿਰਜਣਾ ਕਰਨ ਵਾਲੇ ਜ਼ਿਆਦਾਤਰ ਲੋਕ ਇਕਾਂਤ ਵਿਚੋਂ ਹੀ ਆਪਣੀਆਂ ਸੋਚਾਂ ਨੂੰ ਨਵੇਂ ਉਚਾਣ ਤੱਕ ਲੈ ਜਾਂਦੇ। ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਵਿਚ ਭਵਿੱਖ ਵਿਚ ਵਾਪਰਨ ਵਾਲੀਆਂ ਕਿਰਿਆਵਾਂ ਦੀ ਸਮੂਰਤ, ਪੈਣ ਵਾਲੇ ਸੰਭਾਵੀ ਪ੍ਰਭਾਵਾਂ ਦਾ ਗਿਆਨ ਜਾਂ ਮਨੁੱਖਤਾ ਨੂੰ ਚਮਕਾਉਣ ਦੀ ਚਾਹਨਾ ਦਾ ਪ੍ਰਕਾਸ਼ ਹੁੰਦਾ। ਉਨ੍ਹਾਂ ਦੀ ਕਿਰਿਆਸ਼ੀਲਤਾ ਵਿਚ ਪੈਦਾ ਕੀਤਾ ਖਲਲ, ਕਲਾ ਦੀ ਮੌਤ।

ਇਕੱਲ ਭਟਕਣਾ, ਸਵੈ-ਯੁੱਧ ਜਾਂ ਦੁਨਿਆਵੀ ਲਾਲਸਾਵਾਂ ਦੀ ਅਪੂਰਤੀ ਵਿਚੋਂ ਪੈਦਾ ਹੋਇਆ ਰੋਸਾ। ਆਪਣੇ ਆਪ 'ਤੇ ਖਿਝ, ਹਿੱਕ ਵਿਚ ਬਲਦੀ ਧੂਣੀ, ਅੰਤਰੀਵ ਨੂੰ ਰਾਖ ਕਰਨ ਦੀ ਬਿਰਤੀ, ਭੁੱਲ-ਭਲੱਈਆਂ ਵਿਚ ਗਵਾਚਣਾ, ਆਪਣੇ ਤੋਂ ਬੇਮੁਖੀ ਤੇ ਬੇਲਿਹਾਜ਼ਤਾ ਅਤੇ ਉਪਰਾਮਤਾ ਤੇ ਨਿਰਾਸ਼ਾ ਦਾ ਹਾਵੀ ਹੋਣਾ। ਕਦੇ ਕਦਾਈਂ ਇਹ ਇਕੱਲ ਬੰਦੇ ਨੂੰ ਖੁਦਕੁਸ਼ੀ ਵੱਲ ਵੀ ਤੋਰਦੀ। ਜ਼ਿਆਦਾ ਖੁਦਕੁਸ਼ੀਆਂ ਇਕੱਲ ਵਿਚ ਹੀ ਵਾਪਰਦੀਆਂ; ਪਰ ਇਕਾਂਤ, ਮਨ ਦਾ ਟਿਕਾਅ,



ਸਕੂਨ, ਸਹਿਜ ਅਤੇ ਸੂਹਜ ਦਾ ਸਮੁੰਦਰ, ਸੁਖਨ ਦੀ ਮੂਕ-ਸੱਦ, ਮੰਦ-ਮੰਦ ਮੁਸਕਰਾਹਟ। ਚੁੱਪ ਤੋਂ ਸ਼ਾਂਤੀ ਵੱਲ ਨੂੰ ਜਾਣ ਦਾ ਮਾਰਗ। ਭਟਕਦੀਆਂ ਭਾਵਨਾਵਾਂ ਨੂੰ ਠਹਿਰ ਜਾਣ ਦਾ ਸੁਝਾਅ। ਬੇਲੋੜੀਆਂ ਸੁੱਖ-ਸੁਵਿਧਾਵਾਂ ਤੋਂ ਉਕਤਾਅ ਅਤੇ ਸੀਮਤ ਲੋੜਾਂ ਨਾਲ ਰੂਹ-ਰੰਗੀ ਨੂੰ ਮਾਣਨ ਦਾ ਵਿਸਮਾਦ।

ਹਰ ਬੰਦਾ ਹੀ ਇਕੱਲ ਹੰਢਾਉਂਦਾ। ਉਹ ਪਰਿਵਾਰ, ਸਮਾਜ, ਸੰਸਾਰ ਜਾਂ ਭੀੜ ਦਾ ਹਿੱਸਾ ਬਣਿਆ ਵੀ ਇਕੱਲ ਦੀ ਮਾਰ ਹੇਠ ਆਇਆ ਆਪਣੀ ਬਰਬਾਦੀ ਦਾ ਅਹਿਦਨਾਮਾ। ਸਾਹਾਂ 'ਤੇ ਉਗਾਏ ਸੋਗ ਦੀ ਤਵਾਰੀਖ। ਮਸਤਕ ਰੇਖਾਵਾਂ 'ਤੇ ਉਕਰੀ ਮਰਨਹਾਰੀ ਰੁੱਤ। ਇਸ ਇਕੱਲ ਦਾ ਹੀ ਆਲਮ ਹੈ ਕਿ ਘਰਾਂ ਵਿਚ ਉਗ ਆਏ ਨੇ ਨਿੱਕੇ ਨਿੱਕੇ ਘਰ ਅਤੇ ਉਸਰੀਆਂ ਕੰਧਾਂ ਨੇ ਬਹੁਤ ਦੂਰ ਕਰ ਦਿਤਾ ਏ ਇਨ੍ਹਾਂ ਘਰਾਂ ਨੂੰ। ਇਕ ਕਮਰੇ ਤੋਂ ਦੂਸਰੇ ਕਮਰੇ ਤੀਕ ਦਾ ਫਾਸਲਾ ਹੀ ਤੈਅ ਨਹੀਂ ਹੁੰਦਾ ਸਾਰੀ ਉਮਰ। ਕਈ ਉਮਰਾਂ ਤੀਕ ਫੈਲ ਗਈ ਏ ਇਹ ਦੂਰੀ। ਹਰ ਕੋਈ ਆਪਣੇ ਸੰਸਾਰ ਵਿਚ ਗਵਾਚਾ, ਖੁਦ ਨੂੰ ਖਾਲੀ ਹੁੰਦਿਆਂ ਵੀ ਭਰਿਆ ਸਮਝਦਾ। ਅਪੂਰਨ ਹੁੰਦਿਆਂ ਵੀ ਪੂਰਨ ਅਤੇ ਨੰਗ ਹੁੰਦਿਆਂ ਵੀ ਅਮੀਰ ਸਮਝਦਾ; ਪਰ ਇਕਾਂਤ ਵਿਰਲੇ ਵਿਅਕਤੀਆਂ ਦਾ ਹਾਸਲ। ਉਨ੍ਹਾਂ ਦੀ ਮਾਣ-ਮਰਿਆਦਾ। ਇਕਾਂਤ ਵਿਚੋਂ ਉਗਦੇ ਚਿਰਾਗ। ਰਾਤ ਵਿਚ ਉਗਦੇ ਸੂਰਜ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਝਰਦੀ ਹੈ ਤਾਰਿਆਂ ਭਿੱਜੀ ਆਬਸ਼ਾਰ। ਸਮੇਂ ਨੂੰ ਸਾਰਥਿਕ, ਸਚਿਆਰਾ ਅਤੇ ਸਦੀਵੀ ਬਣਾਉਣ ਲਈ ਉਨ੍ਹਾਂ ਦੀਆਂ ਸੱਗਵੀਆਂ ਤੇ ਸੰਦਲੀ ਸੋਚਾਂ ਨੂੰ ਨਤਮਸਤਕਤਾ।

ਇਕੱਲ ਵਿਚ ਬੰਦੇ ਦਾ ਸਾਹ ਘੁੱਟਦਾ। ਅੱਖਾਂ ਸਾਹਵੇਂ ਹਨੇਰਾ, ਘਬਰਾਹਟ, ਕੈਦਖਾਨੇ ਜਿਹਾ ਚੌਗਿਰਦਾ। ਦੀਵਾਰਾਂ ਵਿਚ ਚਿਣੇ ਜਾਣ ਦਾ ਖਦਸ਼ਾ। ਕਾਲ ਕੋਠੜੀ ਵਿਚ ਦਫਨਾਏ ਜਾਣ ਦਾ ਦਰਦ। ਆਪਣੇ ਹੀ ਸਾਹਾਂ 'ਤੇ ਬੇਇਤਬਾਰੀ। ਨੈਣਾਂ ਵਿਚ ਧੁੰਦਲਕਾ। ਦਿਸਦਿਆਂ ਵੀ ਅਣਦੇਖੀ ਕਰਨ, ਸੁਣਦਿਆਂ ਅਣਸੁਣੀ ਕਰਨ ਅਤੇ ਜਾਣਦਿਆਂ ਵੀ ਅਣਗੌਲਿਆਂ ਕਰਨ ਦੀ ਬਿਰਤੀ। ਬੰਦਾ ਆਪਣੇ ਆਪ ਤੋਂ ਅਤੇ ਲੋਕਾਂ ਤੋਂ ਡਰਦਾ। ਖੁਦ ਨੂੰ ਡਰ ਦੀ ਪਨਾਹ ਵਿਚ ਲਿਆ ਕੇ ਸਾਹਾਂ ਦਾ ਕਾਤਲ ਬਣ ਬਹਿੰਦਾ ਜਦ ਕਿ ਇਕਾਂਤ ਵਿਚ ਬੰਦਾ ਵਿਸ਼ਾਲ ਹੁੰਦਾ। ਮਾਨਸਿਕਤਾ ਵਿਚ ਫੈਲਾਅ, ਸੋਚ ਵਿਚ ਨਵੀਆਂ ਧਰਾਤਲਾਂ ਦੀ ਨਿਸ਼ਾਨਦੇਹੀ, ਮੱਥੇ ਵਿਚ ਨਵੇਂ ਸੁਪਨਿਆਂ ਦੀ ਉਡਾਣ। ਮਸਤਕ-ਵਰਕੇ 'ਤੇ ਨਵੇਂ ਹਰਫਾਂ ਨੂੰ ਉਕਰਨ ਦਾ ਚਾਅ। ਇਕਾਂਤ ਸਬਰ, ਸਿਰੜ, ਸੰਤੋਖ, ਸਮਰਪਿਤਾ ਅਤੇ ਸਾਦਗੀ ਨੂੰ ਜਨਮਦੀ। ਇਕਾਗਰਤਾ, ਠਹਿਰਾਅ ਤੇ ਸੰਜਮ।

ਮਨ ਦੀਆਂ ਲਹਿਰਾਂ ਵਿਚ ਪਸਰੀ ਇਕੱਲ ਸਮੁੰਦਰੀ ਜਵਾਰਭਾਟਾ, ਤਬਾਹੀ ਦਾ ਚਿੰਨ੍ਹ, ਬਰਬਾਦੀ ਦੀ ਅਲਾਮਤ, ਕੀਰਤੀਆਂ ਦੀ ਤਬਾਹੀ। ਇਕਾਂਤ, ਵਿਸ਼ਾਲ ਸਮੁੰਦਰ ਤਲ 'ਤੇ ਪਸਰੀ ਹੋਈ ਸ਼ਾਂਤੀ। ਬੇੜੀ ਲਈ ਹਿੱਕ ਦਾ ਪਲੇਟਫਾਰਮ ਬਣਾ, ਕੰਢਿਆਂ ਨੂੰ ਮਿਲਾਉਂਦੀ। ਨਵੀਆਂ ਰਾਹਾਂ, ਥਾਂਵਾਂ ਅਤੇ ਜਗਾਵਾਂ ਨੂੰ ਮਨੁੱਖੀ ਮਨ ਵਿਚ ਧਰਦੀ। ਸਿਆਣਪੀ ਮਾਣਕ ਮੋਤੀ ਮਨੁੱਖ ਨੂੰ ਨਦਰਿ-ਏ-ਅਨਾਇਤ ਕਰਦੀ।

ਇਕੱਲ ਆਫਤ, ਇਕਾਂਤ ਅਨੰਦ। ਇਕੱਲ ਓਹਲਾ, ਇਕਾਂਤ ਪ੍ਰਤੱਖ। ਇਕੱਲ ਭਟਕਣਾ, ਇਕਾਂਤ ਇਕਾਗਰਤਾ। ਇਕੱਲ ਆਦਤ, ਇਕਾਂਤ ਸ਼ੌਕ। ਇਕੱਲ ਬਾਹਰਮੁਖੀ, ਇਕਾਂਤ ਅੰਤਰੀਵੀ। ਇਕੱਲ ਯੱਖਤਾ, ਇਕਾਂਤ ਨਿੱਘ। ਇਕੱਲ ਅੱਖੜਤਾ, ਇਕਾਂਤ ਆਜਜ਼ੀ। ਇਕੱਲ ਹਉਕਾ, ਇਕਾਂਤ ਹੋਕਾ। ਇਕੱਲ ਉਂਘਲਾਉਣਾ, ਇਕਾਂਤ ਜਾਗਣਾ।

ਇਕੱਲ ਬਾਹਰੀ ਹਾਲਤਾਂ ਦਾ ਹਾਵੀ ਹੋਣਾ, ਬੰਦੇ ਨੂੰ ਤੋੜਨਾ, ਸਮਰੱਥਾ ਨੂੰ ਸੁੰਕੀ ਬਣਾਉਣਾ, ਭਾਵਨਾਵਾਂ ਨੂੰ ਨਕਾਰਨਾ ਅਤੇ ਸੁਪਨਿਆਂ ਵਿਚ ਸੋਗ ਧਰਨਾ। ਇਹ ਰੁਤਬਿਆਂ, ਮਾਣ-ਸਨਮਾਨਾਂ, ਹਾਲਾਤਾਂ ਜਾਂ ਹੋਂਦ ਵਿਚ ਪੈਦਾ ਹੋਈ ਬੇਚਾਰਗੀ, ਨਿਰਾਸ਼ਾ ਦਾ ਆਲਮ, ਹਤਾਸ਼ਪੁਣੇ ਦੀ ਅੰਤ, ਮਾਰੀ ਹੋਈ ਮੱਤ ਅਤੇ ਖੁਦ ਹੀ ਆਪਣੇ ਹੱਥੀਂ ਗਵਾਇਆ ਜੱਤ ਤੇ ਸੱਤ। ਇਕਾਂਤ, ਬੰਦੇ ਦਾ ਮਾਣਮੱਤਾ ਹਾਸਲ। ਬਾਹਰੀ ਯਾਤਰਾ ਤੋਂ ਅੰਤਰੀਵੀ ਯਾਤਰਾ ਵੱਲ ਮੁੜਦਾ, ਖੁਦ ਦਾ ਭਰਮਣ ਕਰਦਾ, ਦਿਲ ਦੇ ਖੂੰਜੇ-ਖਰਲਾਂ ਫਰੋਲਦਾ। ਇਸ ਦੀ ਅਮੀਰਤਾ ਤੇ ਅਸੀਮਤਾ ਵਿਚੋਂ ਜੀਵਨ ਦੇ ਮਾਣਕ-ਮੋਤੀਆਂ ਨੂੰ ਹਿੱਕ ਦਾ ਹਾਰ ਬਣਾਉਂਦਾ। ਅੰਦਰਲੇ ਹਨੇਰ ਨੂੰ ਦੂਰ ਕਰਨ ਲਈ ਇਕ ਜੋਤ ਆਪਣੇ ਅੰਦਰ ਜਗਾਉਂਦਾ, ਜੋ ਚਾਨਣ ਵੰਡਦੀ। ਇਸ ਨਾਲ ਮਿਲਦੀ ਹੈ ਬੋਲਾਂ ਨੂੰ ਮਧੁਰਤਾ, ਸ਼ਬਦਾਂ ਨੂੰ ਸੁੰਦਰਤਾ, ਸੁਘੜਤਾ ਤੇ ਸਦੀਵਤਾ। ਇਹ ਕਿਰਦਾਰ ਤੇ ਵਿਹਾਰ ਨੂੰ ਸਮਾਂ-ਸੀਮਾ ਤੋਂ ਪਾਰ ਲੈ ਜਾਂਦੀ। ਇਕਾਂਤ ਵਿਚ ਵਿਚਰਦੇ ਲੋਕ ਇਤਿਹਾਸ ਰਚਦੇ, ਭਵਿੱਖ ਲਈ ਵਿਰਾਸਤ ਬਣਦੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਲ-ਮਾਡਲ।

ਇਉਂ ਲੱਗਦਾ ਕਿ;  
ਇਕੱਲ 'ਚ ਬੰਦਾ ਖੁਣਸੀ ਹੋ ਕੇ,  
ਜਾਪੇ ਜੀਕੂੰ ਰੋਗੀ  
ਤੇ ਇਕਾਂਤ 'ਚ ਹੁੰਦਾ ਰੁੱਖਾਂ ਜੇਹਾ,  
ਜੋਗ ਕਮਾਉਂਦਾ ਜੋਗੀ।  
ਇਕੱਲ ਹਉਕੇ ਹਉਕੇ ਹੋ ਕੇ,  
ਆਪਣੇ ਸਿਵੇ ਨੂੰ ਸੇਕੇ  
ਤੇ ਇਕਾਂਤ ਵਿਚ ਬੈਠੇ ਬੰਦੇ ਨੂੰ ਤਾਂ,  
ਦੁਨੀਆਂ ਮੱਥੇ ਟੇਕੇ।  
ਇਕੱਲ ਵਿਚ ਸੱਧਰਾਂ ਦੀ ਲੋਈ,  
ਮੈਲ ਨਾਲ ਭਾਰੀ ਹੋਵੇ।  
ਇਕਾਂਤ 'ਚ ਆਪਣੇ ਆਲਮ ਬੈਠਾ,  
ਬੰਦਾ ਮਨ ਨੂੰ ਧੋਵੇ।  
ਇਕੱਲ ਹੁੰਦੀ ਗੰਦਗੀ ਦਾ ਕੀੜਾ,  
ਗੰਦਗੀ ਜੂਨ ਹੰਢਾਵੇ।  
ਇਕਾਂਤ ਦੀ ਸੁੱਚੀ ਜੂਹੇ ਬਹਿ ਕੇ,  
ਧੁੱਪ ਦਾ ਆਲ੍ਹਣਾ ਪਾਵੇ।  
ਇਕੱਲ ਪੀੜਾ ਦੀ ਗੱਠੜੀ ਸਿਰ 'ਤੇ,  
ਕੁੱਬਾ ਹੋਇਆ ਬੰਦਾ।  
ਇਕਾਂਤ ਦੇ ਬੇਲੇ ਵਿਚ ਹੁੰਦਾ,  
ਸੁਖਨ ਸਕੂਨ ਦਾ ਧੰਦਾ।  
ਇਕੱਲ 'ਚ ਕਲਮ-ਕਲਾ ਦੀ ਹਿੱਚਕੀ,  
ਸੀਨੇ ਵੈਣ ਅਲਾਪੇ।  
ਇਕਾਂਤ ਵਿਚ ਕਲਪਨਾ ਦਾ ਅੰਬਰ,  
ਆਪਣਾ ਆਪਣਾ ਜਾਪੇ।  
ਇਕੱਲ ਦੀ ਜੂਨੇ ਕੋਈ ਨਾ ਜਾਇਓ,  
ਇਹ ਕਬਰਾਂ ਦਾ ਵਾਸ।  
ਇਕਾਂਤ ਬਹਿਸ਼ਤੀ ਬਹਿ ਕੇ ਸੱਜਣੋ,  
ਮਾਣੋ ਜਿਉਣ-ਹੁਲਾਸ।

ਇਕੱਲ ਸਮਾਜਿਕ ਰਿਸ਼ਤਿਆਂ ਲਈ ਤ੍ਰੇੜ, ਸੁਹੰਢਣੇ ਸਬੰਧਾਂ ਲਈ ਸਰਾਪ, ਮੁਹੱਬਤ ਲਈ ਮਨਹੂਸ ਅਤੇ ਖੁਸ਼-ਮਜਾਜੀ ਤੇ ਚਹਿਲ-ਪਹਿਲ ਲਈ ਮਾਤਮੀ ਖਾਮੋਸ਼ੀ, ਜਦੋਂ ਕਿ ਇਕਾਂਤ 'ਚ ਤਾਂ ਚੁੱਪ ਵਿਚੋਂ ਵੀ ਬੋਲ ਸੁਣਾਈ ਦਿੰਦੇ, ਰਿਸ਼ਤਿਆਂ ਦੀ ਖੁਸ਼ਬੋ ਵਿਚ ਨਹਾ ਲੈਂਦਾ ਮਨੁੱਖ ਅਤੇ ਆਪਣਿਆਂ ਦੇ ਖਿਆਲ ਵਿਚ ਖਾਮੋਸ਼ੀ ਨੂੰ ਖੁਦਾਈ ਮਿਲਦੀ। ਬਹੁਤ ਕੁਝ ਅਣਕਿਹਾ, ਅਣਲਿਖਿਆ ਤੇ ਅਣਕਿਆਸਿਆ ਇਕਾਂਤ ਦੀ ਜੂਹੇ ਹੀ ਵਾਪਰਦਾ।

ਇਕੱਲ ਵਿਚ ਕੁਤਾਹੀਆਂ, ਕਮੀਨੀਆਂ, ਕੁਰੀਤੀਆਂ, ਕੁਸ਼ਗਨ, ਕਤਲ, ਕਾਲੇ ਕਾਰਨਾਮੇ ਅਤੇ ਕਰਤੂਤਾਂ ਸਿਰ ਚੁੱਕਦੀਆਂ ਜਦੋਂ ਕਿ ਇਕਾਂਤ ਵਿਚ ਸੁਪਨੇ, ਸਾਧਨਾ, ਸਫਾਫਤਾ, ਸਫਲਤਾ, ਸੱਜਣਤਾਈ, ਸਮਰਪਣ ਅਤੇ ਸਥਿਰਤਾ ਨੂੰ ਨਵੀਂ ਤਸਫੀਲ ਤੇ ਤਰਜ਼ੀਹ ਨਸੀਬ ਹੁੰਦੀ।

ਕਦੇ ਵੀ ਇਕੱਲ ਦਾ ਸਾਥ ਨਾ ਭਾਲੋ ਬਲਕਿ ਇਕਾਂਤ ਨੂੰ ਆਪਣਾ ਯਾਰ ਬਣਾਓ। ਇਸ ਨਾਲ ਆਪਣੇ ਦੁੱਖ-ਸੁੱਖ ਹਾਵ-ਭਾਵ, ਮਨੋਕਾਮਨਾਵਾਂ, ਦਿਲਲੱਗੀਆਂ ਅਤੇ ਦਿਲਦਾਰੀਆਂ ਨੂੰ ਸਾਂਝਾ ਕਰੋਗੇ ਤਾਂ ਤੁਸੀਂ ਮਨੁੱਖ ਤੋਂ ਮਾਨਵਤਾ ਵੰਨੀਂ ਪੁਲਾਂਗ ਜਰੂਰ ਪੁਟੋਗੇ।

ਜਦ ਅੱਖਾਂ ਵਿਚ ਸਮੁੰਦਰ, ਹੋਠਾਂ ਤੇ ਚੁੱਪ, ਕਦਮਾਂ ਵਿਚ ਸ਼ਿੱਥਲਤਾ, ਮਨ 'ਤੇ ਮਣਾਂ ਮੂੰਹੀ ਭਾਰ ਅਤੇ ਦਿਲ ਡੋਬੂ ਖਾਂਦਾ ਹੋਵੇ ਤਾਂ ਇਕੱਲੇ ਨਾ ਹੋਵੋ ਸਗੋਂ ਇਕਾਂਤ ਦੀ ਭਾਲ ਕਰੋ। ਇਕੱਲ ਸਿਵਾ ਸੇਕਣ ਲਈ ਉਕਸਾਵੇਗੀ, ਜਦੋਂ ਕਿ ਇਕਾਂਤ ਆਪਣੇ ਆਗੋਸ਼ ਵਿਚ ਲੈ, ਹੰਝੂ ਚੂਸ, ਚੁੱਪ ਨੂੰ ਚਹਿਕਾਉਂਦੀ, ਮਨ ਤੋਂ ਭਾਰ ਲਾਹੁੰਦੀ, ਜੀਵਨ ਰਾਹਾਂ ਦਾ ਮਾਣਮੱਤਾ ਪਾਂਧੀ ਬਣਨ ਵਿਚ ਸਹਾਈ ਹੋਵੇਗੀ।

ਇਕੱਲ ਸਰਾਪ, ਇਕਾਂਤ ਸੁਗਾਤ। ਇਕੱਲ ਗਲਤੀ, ਇਕਾਂਤ ਸੁਧਾਰ। ਇਕੱਲ ਗੁਨਾਹ, ਇਕਾਂਤ ਪਰਉਪਕਾਰ। ਇਕੱਲ ਪਾਪ, ਇਕਾਂਤ ਪੁੰਨ। ਇਕੱਲ ਕੂੜ-ਕਮਾਈ, ਇਕਾਂਤ ਬੰਦਿਆਈ। ਇਕੱਲ ਅਵੱਗਿਆ, ਇਕਾਂਤ ਆਗਿਆਕਾਰੀ। ਇਕੱਲ ਹਉਮੈ, ਇਕਾਂਤ ਹਲੀਮੀ।

ਇਕੱਲ ਸਜ਼ਾ ਹੈ, ਦੁਨਿਆਵੀ ਲੋੜਾਂ-ਥੋੜ੍ਹਾਂ ਦੀ ਅਪੂਰਤੀ ਵਿਚੋਂ, ਸੱਜਣਾਂ ਦੇ ਵਿਛੋੜੇ ਵਿਚੋਂ। ਆਪਣਿਆਂ ਦੀ ਰੁਖਸਤਗੀ, ਨਾਰਾਜ਼ਗੀ, ਬੇ-ਮੁਖਤਾ ਜਾਂ ਬੇਲਿਹਾਜ਼ੀ ਵਿਚੋਂ ਮਿਲਦੀ, ਪਰ ਇਸ ਇਕੱਲ ਨੂੰ ਇਕਾਂਤ ਵਿਚ ਬਦਲਣਾ ਹੀ ਉਚੇ-ਸੁੱਚੇ ਇਨਸਾਨ ਦਾ ਕਰਤਾਰੀ ਕਰਮ। ਤਾਂ ਹੀ ਬੈਰਾਗੀ ਲੋਕ ਇਕੱਲ ਤੋਂ ਇਕਾਂਤ ਵੱਲ ਨੂੰ ਅਹੁਲਦੇ ਤੇ ਮਨ ਦੀਆਂ ਮੁਹਾਰਾਂ ਅੰਦਰ ਵੱਲ ਮੋੜਦੇ।

ਇਕੱਲ ਸਾਨੂੰ ਬਾਹਰੋਂ ਮਿਲਦੀ, ਆਪਣੇ ਦਿੰਦੇ, ਆਦਤਾਂ ਦਿੰਦੀਆਂ ਜਾਂ ਮਨ ਦੀਆਂ ਲਾਲਸਾਵਾਂ ਦੀ ਅਪੂਰਤੀ ਸਾਨੂੰ ਦਿੰਦੀ, ਜਦੋਂ ਕਿ ਇਕਾਂਤ ਅਸੀਂ ਆਪ ਕਮਾਉਂਦੇ, ਆਪਣਾ ਰਾਹ ਖੁਦ ਨਿਰਧਾਰਤ ਕਰਦੇ, ਪੈੜਾਂ ਦੇ ਨਾਮ ਮੰਜ਼ਿਲਾਂ ਦਾ ਸਿਰਨਾਵਾਂ ਵੀ ਮਿਥਦੇ ਅਤੇ ਇਸ 'ਤੇ ਪਹੁੰਚਣ ਦੇ ਅਹਿਸਾਸ ਨਾਲ ਭਰਿਆ ਭਕੁੰਨਿਆ ਵੀ ਮਹਿਸੂਸਦੇ।

ਇਕੱਲ ਵਿਚ ਸਮਾਂ, ਸਦੀਆਂ ਬਣ ਜਾਂਦਾ। ਉਮਰ ਦੀਆਂ ਝੁਰੜੀਆਂ ਹਾਵੀ, ਜਦੋਂ ਕਿ ਇਕਾਂਤ ਵਿਚ ਸਮੇਂ ਦੇ ਠਹਿਰ ਜਾਣ ਦੀ ਅਰਦਾਸ ਕਰਦੇ, ਪਰ ਉਹ ਪਲ ਵਿਚ ਬੀਤ ਜਾਂਦਾ। ਇਕ ਨੂੰ ਬੀਤਣ ਲਈ ਉਡੀਕ ਕਰਨੀ ਪੈਂਦੀ ਅਤੇ ਇਕ ਬੀਤਣ ਦਾ ਭੇਤ ਹੀ ਨਹੀਂ ਦਿੰਦਾ।

ਕੁਝ ਲੋਕ ਉਮਰ ਨਾਲ ਇਕੱਲ ਤੋਂ ਇਕਾਂਤ ਵੰਨੀਂ ਤੁਰਦੇ, ਪਰ ਬਹੁਤ ਵਿਰਲੇ ਲੋਕ ਉਮਰ ਦੇ ਪਹਿਲੇ ਪੜਾਅ ਵਿਚ ਵੀ ਇਕੱਲ ਤੋਂ ਇਕਾਂਤ ਦਾ ਸਫਰ ਸ਼ੁਰੂ ਕਰਦੇ, ਤਾਂ ਹੀ ਉਹ ਵਿਲੱਖਣ, ਮਹਾਨ ਅਤੇ ਪ੍ਰਤਿਭਾਸ਼ਾਲੀ ਹੁੰਦੇ। ਉਨ੍ਹਾਂ ਦੀ ਵਿਭਿੰਨਤਾ ਹੀ ਉਨ੍ਹਾਂ ਦੀ ਪ੍ਰਾਪਤੀ।

ਇਕੱਲ ਇਕਲਾਪਾ, ਇਕਾਂਤ ਇਕੱਠ। ਇਕੱਲ ਉਦਾਸੀ, ਇਕਾਂਤ ਉਤਸ਼ਾਹ। ਇਕੱਲ ਉਪਰਾਮਤਾ, ਇਕਾਂਤ ਉਮਾਹ। ਇਕੱਲ ਉਬਾਸੀ, ਇਕਾਂਤ ਅੰਗੜਾਈ। ਇਕੱਲ ਉਲਸਾਉਣਾ, ਇਕਾਂਤ ਉਠਣਾ। ਇਕੱਲ ਨੀਮ-ਬੇਹੋਸ਼ੀ, ਇਕਾਂਤ ਸੁਜੱਗਤਾ।

ਦਰਅਸਲ ਜ਼ਿੰਦਗੀ ਇਕੱਲ ਤੋਂ ਇਕਾਂਤ ਨੂੰ ਜਾਣ ਦਾ ਸੁਹਾਵਣਾ ਸਫਰ, ਅਨੰਦਮਈ ਅਹਿਸਾਸ। ਅਸ਼ਾਂਤੀ ਤੋਂ ਸ਼ਾਂਤੀ, ਦੁੱਖ ਤੋਂ ਸੁੱਖ, ਹਿੱਚਕੀ ਤੋਂ ਹਾਸੀ, ਮਰਨ ਤੋਂ ਜਿਉਣ, ਸਿੱਸਕੀ ਤੋਂ ਸੰਵੇਦਨਾ, ਚਿੰਤਾ ਤੋਂ ਚੇਤਨਾ, ਫਿਕਰ ਤੋਂ ਫੱਕਰਤਾ, ਖੁਦਦਾਰੀ ਤੋਂ ਖੁਦਾਈ, ਬੇਗਾਨਗੀ ਤੋਂ ਅਪਣੱਤ ਅਤੇ ਬਾਹਰ ਤੋਂ ਅੰਦਰ ਜਾਣ ਦਾ ਮਾਰਗ। ਇਸ ਮਾਰਗ 'ਤੇ ਚੱਲਣ ਲਈ ਖੁਦ ਹੀ ਤਹੱਈਆ ਕਰਨਾ ਪੈਣਾ। ਸੰਭਲ ਕੇ ਤੁਰਨਾ, ਸਫਰ ਪੂਰਾ ਕਰਨ ਤੇ ਅਪੂਰਨਤਾ ਤੋਂ ਪੂਰਨਤਾ ਪ੍ਰਾਪਤ ਕਰਨਾ ਪੈਣੀ। ਇਹ ਸਫਰ ਖੁਦ ਦੀ ਖੁਦ ਵੰਨੀਂ ਜਾਂਦੀ ਪੈੜ-ਚਾਲ। ਇਸ ਦੀ ਸੰਗੀਤਕਾ ਵਿਚੋਂ ਜੀਵਨ ਨੂੰ ਤਰੰਗਤਾ ਅਤੇ ਸੁਰੰਗੀਤਾ ਮਿਲਦੀ। ਖੁਦ ਤੋਂ ਨਾਬਰੀ ਕਿਸ ਤਰ੍ਹਾਂ ਕਰੋਗੇ? ਇਹ ਸਫਰ ਜਿੰਨੀ ਜਲਦੀ ਹੋ ਸਕੇ, ਸ਼ੁਰੂ ਜਰੂਰ ਕਰੋ। ਇਸ ਸਫਰ ਲਈ ਅਗਾਊਂ ਬਹੁਤ ਸਾਰੀਆਂ ਸ਼ੁਭ-ਕਾਮਨਾਵਾਂ।

## ਬੈਚ ਫੁੱਲ ਸਿਰਾਟੋ-ਸਵੈ ਅਵਿਸ਼ਵਾਸ

*(ਪਿਛਲੇ ਸਫੇ ਦੀ ਬਾਕੀ)*

ਇਸ ਦਾ ਇਲਾਜ ਸਿਰਾਟੋ ਹੈ। ਇਨ੍ਹਾਂ ਅਲਾਮਤਾਂ ਨਾਲ ਕੋਈ ਵੀ ਹੋਰ ਤਕਲੀਫ ਹੋਵੇ, ਉਹ ਵੀ ਇਸ ਨਾਲ ਚਲੀ ਜਾਵੇਗੀ।

ਮੋਟੀ ਗੱਲ, ਸਿਰਾਟੋ ਦੇ ਸੇਵਨ ਨਾਲ ਬਹੁਤ ਸਾਰੇ ਬੱਚੇ ਤੇ ਨੌਜਵਾਨ ਆਪਣਾ ਪੇਸ਼ਾ ਠੀਕ ਢੰਗ ਨਾਲ ਚੁਣ ਸਕਣਗੇ। ਉਹ ਹੋਣਹਾਰ ਸਾਹਿਤਕਾਰ, ਇੰਜੀਨੀਅਰ ਤੇ ਵਿਗਿਆਨੀ ਬਣ ਸਕਣਗੇ। ਇਸ ਨੂੰ ਲੈ ਕੇ ਉਹ ਸਹੀ ਤੋਂ ਸਹੀ ਜਾਣਕਾਰੀ ਨੂੰ ਆਪਣੇ ਅੰਦਰ ਸਮੇਟ ਸਕਣਗੇ ਤੇ ਆਪਣੀ ਕਲਾ ਤੇ ਗਿਆਨ ਨੂੰ ਨਵੀਨ ਢੰਗ ਨਾਲ ਪੇਸ਼ ਕਰ ਸਕਣਗੇ। ਇਸ ਫੁੱਲ ਦਵਾਈ ਦੀ ਦੇਖ-ਰੇਖ ਵਿਚ ਉਹ ਆਪਣੇ ਫੈਸਲੇ ਆਪ ਲੈਣ ਦੇ ਕਾਬਲ ਹੋ ਜਾਣਗੇ। ਫਿਰ ਉਹ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰ ਰਹੇ ਉਨ੍ਹਾਂ ਸਰਕਾਰੀ ਮੰਤਰੀਆਂ ਤੇ ਨੁਮਾਇੰਦਿਆਂ ਵਰਗੇ ਕਦਾਚਿਤ ਨਾ ਹੋਣਗੇ, ਜਿਨ੍ਹਾਂ ਨੂੰ ਮੀਟਿੰਗ ਛੱਡ ਕੇ ਘੜੀ ਮੁੜੀ ਅੰਦਰ ਜਾਣਾ ਪੈਂਦਾ ਹੈ!

# ਸੰਜੀਦਾ ਗਾਇਕੀ ਦਾ ਸ਼ਾਹ ਅਸਵਾਰ ਜਗਜੀਤ ਜ਼ੀਰਵੀ

***ਜਗਜੀਤ ਜ਼ੀਰਵੀ ਜ਼ੀਰੇ ਸ਼ਹਿਰ ਦਾ ਹੀ ਨਹੀਂ, ਸਮੁੱਚੀ ਪੰਜਾਬੀ ਗਾਇਕੀ ਦਾ ਮਾਣ ਸੀ। ਉਹ ਪੰਜਾਬੀ ਮਾਂ ਬੋਲੀ ਦਾ ਹੀਰਾ ਪੁੱਤ ਸੀ ਜਿਸ ਨੇ ਗਜ਼ਲ ਵਰਗੀ ਔਖੀ ਵਿਧਾ ਨੂੰ ਵੀ ਇੰਨੀ ਸ਼ਿੱਦਤ ਤੇ ਰੂਹ ਨਾਲ ਗਾਇਆ ਕਿ ਪੰਜਾਬੀ ਗਜ਼ਲ, ਕਵੀ ਦਰਬਾਰਾਂ ਵਿਚੋਂ ਨਿਕਲ ਕੇ ਸਰੋਤਿਆਂ ਦੇ ਘਰਾਂ ਵਿਚ ਵੀ ਜਾ ਪੁੱਜੀ। ਉਨ੍ਹਾਂ ਦੀ ਸੰਜੀਦਾ ਅਤੇ ਸਾਹਿਤਕ ਗਾਇਕੀ ਦੀ ਗੱਲ ਅੱਜ ਘਰ-ਘਰ ਵਿਚ ਹੋ ਰਹੀ ਹੈ।***

ਜਗਜੀਤ ਜ਼ੀਰਵੀ ਦੇ ਚਲੇ ਜਾਣ ਨਾਲ ਗਹਿਰ ਗੰਭੀਰ, ਸਾਹਿਤਕ ਅਤੇ ਸੰਜੀਦਾ ਗਾਇਕੀ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਜ਼ੀਰਵੀ ਦੇ ਚਲੇ ਜਾਣ ਦੀ ਖਬਰ ਸੁਣਦਿਆਂ ਕਈ ਵਰ੍ਹੇ ਪਹਿਲਾਂ ਉਨ੍ਹਾਂ ਨਾਲ ਕੀਤੀ ਲੰਮੀ ਮੁਲਾਕਾਤ ਚੇਤਿਆਂ ਅੰਦਰ ਆ ਤਾਜ਼ਾ ਹੋ ਗਈ। ਉਦੋਂ ਅਸੀਂ 'ਰਾਬਤਾ' ਮੈਗਜ਼ੀਨ ਸੰਪਾਦਿਤ ਕਰਦੇ ਹੁੰਦੇ ਸਾਂ ਤੇ ਮੈਗਜ਼ੀਨ ਦਾ ਪੰਜਾਬੀ ਦੀ ਸੰਜੀਦਾ ਗਾਇਕੀ ਬਾਰੇ ਵਿਸ਼ੇਸ਼ ਅੰਕ ਕੱਢਣਾ ਸੀ। ਜ਼ੀਰਵੀ ਨਾਲ ਮੁਲਾਕਾਤ ਲਈ ਮੈਂ, ਬਲਤੇਜ ਕੜਿਆਲ ਤੇ ਜਸਵਿੰਦਰ ਰੱਤੀਆਂ ਜਗਜੀਤ ਜ਼ੀਰਵੀ ਜੀ ਦੇ ਜ਼ੀਰੇ ਵਾਲੇ ਘਰ ਗਏ ਸਾਂ। ਉਸ ਦੀਆਂ ਗੱਲਾਂ ਵਿਚ ਅਜਿਹੀ ਖਿੱਚ ਸੀ ਕਿ ਪੰਜ ਘੰਟੇ ਦਾ ਸਮਾਂ ਪੰਜ ਮਿੰਟਾਂ ਵਿਚ ਲੰਘ ਗਿਆ ਸੀ। ਗੱਲਾਂ ਸਨ ਕਿ ਮੁੱਕਦੀਆਂ ਹੀ ਨਹੀਂ ਸਨ।

ਜਗਜੀਤ ਜ਼ੀਰਵੀ ਜ਼ਿਲ੍ਹਾ ਫਿਰੋਜ਼ਪੁਰ ਦੇ ਸ਼ਹਿਰ ਜ਼ੀਰੇ ਦਾ ਹੀ ਨਹੀਂ, ਸਮੁੱਚੀ ਪੰਜਾਬੀ ਗਾਇਕੀ ਦਾ ਮਾਣ ਸੀ। ਉਹ ਪੰਜਾਬੀ ਮਾਂ ਬੋਲੀ ਦਾ ਹੀਰਾ ਪੁੱਤ ਸੀ ਜਿਸ ਨੇ ਗਜ਼ਲ ਵਰਗੀ ਔਖੀ ਵਿਧਾ ਨੂੰ ਵੀ ਇੰਨੀ ਸ਼ਿੱਦਤ ਤੇ ਰੂਹ ਨਾਲ ਗਾਇਆ ਕਿ ਪੰਜਾਬੀ ਗਜ਼ਲ, ਕਵੀ ਦਰਬਾਰਾਂ ਵਿਚੋਂ ਨਿਕਲ ਕੇ ਸਰੋਤਿਆਂ ਦੇ ਘਰਾਂ ਵਿਚ ਵੀ ਜਾ ਪੁੱਜੀ।



**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਗਜ਼ਲ ਹੀ ਨਹੀਂ, ਉਸ ਨੇ ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਸੁਰਜੀਤ ਪਾਤਰ, ਸੋਹਣ ਸਿੰਘ ਮੀਸ਼ਾ, ਗੁਰਚਰਨ ਰਾਮਪੁਰੀ ਸਮੇਤ ਅਨੇਕਾਂ ਸਾਹਿਤਕਾਰਾਂ ਦੀਆਂ ਹੋਰ ਰਚਨਾਵਾਂ ਨੂੰ ਵੀ ਆਪਣੀ ਆਵਾਜ਼ ਦਿੱਤੀ। ਬੌਧਿਕ ਸਰੋਤਿਆਂ ਵਿਚ ਉਸ ਦੀ ਮਕਬੂਲੀਅਤ ਸਿਖਰਾਂ 'ਤੇ ਸੀ। ਇਸ ਦੀ ਇੱਕ ਉਦਾਹਰਨ ਦੇਣੀ ਯੋਗ ਹੋਵੇਗੀ। ਜਦੋਂ ਅੰਮ੍ਰਿਤਾ ਪ੍ਰੀਤਮ ਨੂੰ 'ਕਾਗਜ਼ ਤੇ ਕੈਨਵਸ' ਲਈ ਗਿਆਨਪੀਠ ਪੁਰਸਕਾਰ ਮਿਲਿਆ, ਭਾਸ਼ਾ ਵਿਭਾਗ ਪੰਜਾਬ ਨੇ ਉਸ ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ। ਇਸ ਬਾਰੇ ਵਿਭਾਗ ਦੇ ਅਧਿਕਾਰੀਆਂ ਨੇ ਅੰਮ੍ਰਿਤਾ ਨਾਲ ਸੰਪਰਕ ਕੀਤਾ। ਅੰਮ੍ਰਿਤਾ ਨੇ ਜੁਆਬ ਦਿੱਤਾ, "ਪੰਜਾਬ ਦਾ ਗਾਇਕ ਹੈ ਜਗਜੀਤ ਜ਼ੀਰਵੀ। ਮੈਂ ਉਸ ਨੂੰ ਨਹੀਂ ਜਾਣਦੀ। ਕਦੇ ਮਿਲੀ ਵੀ ਨਹੀਂ ਪਰ ਉਸ ਨੂੰ ਬਹੁਤ ਜ਼ਿਆਦਾ ਸੁਣਦੀ ਹਾਂ। ਜਗਜੀਤ ਕੋਲੋਂ ਟਾਈਮ ਲੈ ਲਵੋ। ਜੋ ਟਾਈਮ ਉਸ ਨੇ ਦਿੱਤਾ, ਮੈਨੂੰ ਦੱਸ ਦੇਣਾ, ਮੈਂ ਆ ਜਾਵਾਂਗੀ। ਬੱਸ ਸ਼ਰਤ ਇਹੀ ਹੈ ਕਿ ਮੇਰੇ ਦੋ ਤਿੰਨ ਗੀਤ ਜਗਜੀਤ ਤੋਂ ਗਵਾ ਦੇਇਓ।"

ਬਿਲਕੁਲ ਇਸੇ ਤਰ੍ਹਾਂ ਹੋਇਆ। ਜਦੋਂ ਅੰਮ੍ਰਿਤਾ ਨੇ ਜਗਜੀਤ ਦੇ ਮੱਥੇ ਨੂੰ ਚੁੰਮਿਆ, ਜਗਜੀਤ ਨੂੰ ਲੱਗਾ ਸੀ ਜਿਵੇਂ ਦੁਨੀਆ ਦੇ ਸਾਰੇ ਐਵਾਰਡ ਉਸ ਦੀ ਝੋਲੀ ਆ ਪਏ ਹੋਣ। ਅੰਮ੍ਰਿਤਾ ਲਈ ਇਹ ਗਿਆਨਪੀਠ ਤੋਂ ਵੀ ਵੱਡਾ ਸਨਮਾਨ ਸੀ।

ਜਗਜੀਤ ਜ਼ੀਰਵੀ ਗਾਇਕਾਂ ਦਾ ਗਾਇਕ ਸੀ। ਉਹ ਹਰਮੋਨੀਅਮ ਦੀਆਂ ਸੁਰਾਂ ਨਾਲ ਇੱਕਸੁਰ ਹੋ ਕੇ ਅਲਾਪ ਲਾਉਂਦਾ ਤਾਂ ਹਵਾ ਅੰਦਰ ਸਰਸਰਾਹਟ ਹੋਣ ਲੱਗਦੀ। ਪੱਤਝੜ ਮਾਰੇ ਰੁੱਖਾਂ ਦੀਆਂ ਟਾਹਣੀਆਂ 'ਤੇ ਫੁੱਟ ਰਹੀਆਂ ਕਰੂੰਬਲਾਂ ਸਾਹ ਲੈਣ ਲੱਗਦੀਆਂ। ਕਹਿੰਦੇ ਕਹਾਉਂਦੇ ਗਾਇਕ ਅਤੇ ਸੁਰਾਂ ਦੇ ਸੌਦਾਗਰ ਜਗਜੀਤ ਦੇ ਪੈਰੀਂ ਹੱਥ ਲਾਉਂਦੇ ਸਨ। ਉਸ ਦੇ ਪੋਟਿਆਂ ਵਿਚ ਕੋਈ ਜਾਦੂ ਸੀ। ਉਸ ਦੇ ਗਲੇ ਵਿਚ ਸਰਸਵਤੀ ਦਾ ਵਾਸ ਸੀ। ਉਸ ਦੇ ਬੋਲਾਂ ਵਿਚ ਕੁੱਲ ਦੁਨੀਆ ਦੀ ਸ਼ੱਕਰ ਘੁਲੀ ਪਈ ਸੀ। ਉਸ ਦੀ ਗਾਇਕੀ ਸੁਰਤਾਲ ਅਤੇ ਲੈਅ ਵਿਚ ਬੱਝੀ ਹੋਈ ਸੀ। ਉਸ ਦੇ ਸੁਭਾਅ ਵਾਂਗ ਹੀ ਉਸ ਦੀ ਗਾਇਕੀ ਵਿਚ ਵੀ ਠਹਿਰਾਓ ਸੀ।

ਇੱਕ ਵਾਰ ਖੰਨੇ ਕੋਈ ਪ੍ਰੋਗਰਾਮ ਸੀ। ਪ੍ਰੋਗਰਾਮ ਦੇ ਪ੍ਰਬੰਧਕ ਸਰਦੂਲ ਸਿਕੰਦਰ ਦੇ ਜਾਣੂ ਸਨ। ਉਨ੍ਹਾਂ ਸਰਦੂਲ ਨੂੰ ਪੁੱਛਿਆ ਕਿ ਉਨ੍ਹਾਂ ਸੰਜੀਦਾ ਗਾਇਕੀ ਦਾ ਪ੍ਰੋਗਰਾਮ ਕਰਵਾਉਣਾ ਹੈ, ਕਿਸ ਨੂੰ ਬੁਲਾਈਏ? ਨਾਲ ਬੈਠੀ ਅਮਰ ਨੂਰੀ ਕਹਿਣ ਲੱਗੀ, "ਤੁਸੀਂ ਜਗਜੀਤ ਜ਼ੀਰਵੀ ਨੂੰ ਸੱਦ ਲਵੋ, ਅਸੀਂ ਦੋਵੇਂ ਆਵਾਂਗੇ ਪਰ ਇੱਕ ਸ਼ਰਤ ਹੈ। ਅਸੀਂ ਉਸ ਨੂੰ ਸਾਹਮਣੇ ਬੈਠ ਕੇ ਨਹੀਂ ਸੁਣਾਂਗੇ। ਸਾਡੇ ਅੰਦਰ ਉਨ੍ਹਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਹੈ।" ਇਹ ਸੁਰਾਂ ਦੇ ਬਾਦਸ਼ਾਹ ਸਰਦੂਲ ਅਤੇ ਅਮਰ ਨੂਰੀ ਵਲੋਂ ਸੁਰਾਂ ਦੇ ਸਮਰਾਟ ਪ੍ਰਤੀ ਸਿਰੇ ਦਾ ਸਤਿਕਾਰ, ਸ਼ਰਧਾ ਤੇ ਅਕੀਦਤ ਸੀ। ਦੇਖੋ ਰੱਬ ਦੇ ਰੰਗ, ਜਗਜੀਤ ਦੇ ਪਿੱਛੇ ਹੀ ਸਰਦੂਲ ਵੀ ਤੁਰ ਗਿਆ। ਪਹਿਲਾਂ ਉਨ੍ਹਾਂ ਦੇ ਬੋਲ ਹਵਾ ਵਿਚ ਸਨ- ਹੁਣ ਉਹ ਖੁਦ ਵੀ ਹਵਾ ਵਿਚ ਰਲ ਗਏ।



ਜਗਜੀਤ ਜ਼ੀਰਵੀ ਨੇ ਗਾਇਕੀ ਦੀ ਬਾਕਾਇਦਾ ਤਾਲੀਮ ਕਿਸੇ ਤੋਂ ਨਹੀਂ ਲਈ। ਘਰ ਵਿਚ ਹਰਮੋਨੀਅਮ ਪਿਆ ਹੁੰਦਾ ਸੀ ਜਿਸ ਉਪਰ ਕਦੇ-ਕਦੇ ਬਾਪ ਬਲਵੰਤ ਸਿੰਘ ਅਤੇ ਸ਼ਿਲਪਕਾਰ ਦਾਦਾ ਕਪੂਰ ਸਿੰਘ ਕੀਰਤਨ ਕਰਦੇ। ਨਿੱਕੇ ਹੁੰਦਿਆਂ ਜਗਜੀਤ ਕੋਲ ਬੈਠਾ ਸੁਣਦਾ ਰਹਿੰਦਾ। ਸੁਰਾਂ ਉਸ ਦੇ ਅੰਦਰ ਜ਼ੀਰਦੀਆਂ ਰਹੀਆਂ। ਉਹ ਹੌਲੀ-ਹੌਲੀ ਹਰਮੋਨੀਅਮ ਸੁਰ ਕਰਨ ਲੱਗਾ। ਸਕੂਲ ਦੀਆਂ ਬਾਲ ਸਭਾਵਾਂ ਵਿਚ ਗੀਤ, ਕਵਿਤਾਵਾਂ ਬੋਲਦਾ। ਆਵਾਜ਼ ਤੇ ਸਾਜ਼ ਆਪਸ ਵਿਚ ਥੋੜ੍ਹੇ ਬਹੁਤੇ ਇਕਸੁਰ ਹੋਏ ਤਾਂ ਸ਼ਹਿਰ ਵਿਚ ਬਣੇ ਰਾਮਾ ਡਰਾਮੈਟਿਕ ਕਲੱਬ ਵਿਚ ਜਾ ਕੇ ਗਾਉਣ ਲੱਗਾ। ਫਿਰ ਹਰਨਾਮ ਕੌਰ ਦਾ ਲਾਡਲਾ ਜਗਜੀਤ ਕਾਲਜ ਦੀਆਂ ਸਟੇਜਾਂ 'ਤੇ ਜਾ ਪੁੱਜਾ। ਸਹਿਕਾਰੀ ਸਭਾ ਦੀ ਸਟੇਜ ਤੋਂ ਪਾਲ ਸਿੰਘ ਪਾਲ ਦਾ ਗੀਤ 'ਅੱਖੀਆਂ 'ਚ ਨੀਂਦਰ ਰੜਕੇ, ਬਾਲਮਾ ਸੌਂ ਜਾਵਾਂ' ਗਾ ਕੇ ਆਪਣੀ ਸਟੇਜੀ ਗਾਇਕੀ ਦਾ ਬਾਕਾਇਦਾ ਆਰੰਭ ਕਰ ਲਿਆ।

25 ਅਗਸਤ 1940 ਨੂੰ ਜ਼ੀਰੇ ਸ਼ਹਿਰ ਵਿਚ ਜਨਮੇ ਜਗਜੀਤ ਨੂੰ ਮੋਗੇ ਦੇ ਡੀ. ਐਮ. ਕਾਲਜ ਵਿਚ ਪੜ੍ਹਦਿਆਂ ਹੀ ਮਿਲਟਰੀ 'ਚ ਕਮਿਸ਼ਨ ਮਿਲ ਗਿਆ। ਜਗਜੀਤ ਮਿਲਟਰੀ 'ਚ ਹੁੰਦੇ ਗਾਇਨ ਮੁਕਾਬਲਿਆਂ 'ਚ ਭਾਗ ਲੈਣ ਲੱਗਿਆ। ਉਹ ਸਾਰੇ ਹੀ ਮੁਕਾਬਲੇ ਜਿੱਤ ਲੈਂਦਾ। ਉਦੋਂ ਜਗਜੀਤ ਅਜੇ ਜਗਜੀਤ ਜ਼ੀਰਵੀ ਨਹੀਂ ਸੀ ਬਣਿਆ। ਇੱਕ ਮਿਹਰਬਾਨ ਕਮਾਂਡਿੰਗ ਅਫਸਰ ਨੇ ਜਗਜੀਤ ਨੂੰ ਆਖਿਆ ਕਿ ਤੂੰ ਬੜਾ ਚੰਗਾ ਗਾਇਕ ਬਣ ਸਕਦਾ ਏਂ। ਜਗਜੀਤ ਦਾ ਵੀ ਮਿਲਟਰੀ 'ਚ ਜੀਅ ਨਹੀਂ ਸੀ ਲੱਗਦਾ। ਕਮਾਂਡਿੰਗ ਅਫਸਰ ਕਹਿੰਦਾ, ਮੈਂ ਤੈਨੂੰ ਮੈਡੀਕਲ ਅਨਫਿੱਟ ਕਰਾ ਕੇ ਪੈਨਸ਼ਨ 'ਤੇ ਘਰ ਭੇਜ ਸਕਦਾ ਹਾਂ। ਨਾਲ ਹੀ ਉਸ ਨੇ ਕਿਹਾ ਕਿ ਅਜੇ ਤੱਕ ਅਜਿਹਾ ਨਹੀਂ ਹੋਇਆ ਕਿ ਕਿਸੇ ਅਫਸਰ ਨੂੰ ਕਮਿਸ਼ਨ ਮਿਲਣ ਦੇ ਮਹਿਜ਼ ਦੋ ਸਾਲਾਂ ਦੇ ਸਮੇਂ ਵਿਚ ਹੀ ਪੈਨਸ਼ਨ ਮਿਲ ਗਈ ਹੋਵੇ। ਇਸ ਲਈ ਤੂੰ ਮੈਨੂੰ ਲਿਖ ਕੇ ਦੇਹ ਕਿ ਤੇਰੀ ਪੈਨਸ਼ਨ ਸਾਰੀ ਉਮਰ ਮਿਲਟਰੀ ਰੈੱਡ ਕਰਾਸ ਨੂੰ ਜਾਇਆ ਕਰੇਗੀ। ਜਗਜੀਤ ਨੇ ਇੱਕ ਮਿੰਟ ਨਾ ਲਾਇਆ ਤੇ ਲਿਖ ਕੇ ਦਿੱਤਾ। ਇਸ ਤਰ੍ਹਾਂ ਜਗਜੀਤ ਦਾ ਕਲਾਕਾਰ ਮਨ ਫੌਜੀ ਵਰਦੀ ਦੀਆਂ ਬੰਦਿਸ਼ਾਂ 'ਚੋਂ ਨਿੱਕਲ ਕੇ ਖੁੱਲ੍ਹੀ ਹਵਾ 'ਚ ਉਡਾਰੀਆਂ ਭਰਨ ਲੱਗਾ।

ਫੌਜ ਛੱਡਣ ਲੱਗਿਆਂ ਜਗਜੀਤ ਨੇ ਆਪਣੇ ਭਵਿੱਖ ਬਾਰੇ ਉੱਕਾ ਹੀ ਨਹੀਂ ਸੀ ਸੋਚਿਆ। ਭਾਵੇਂ ਘਰਦੀ ਜ਼ਮੀਨ ਜਾਇਦਾਦ ਚੰਗੀ ਸੀ ਪਰ ਰੁਜ਼ਗਾਰ ਦਾ ਹੋਰ ਕੋਈ ਸਾਧਨ ਕੋਲ ਨਹੀਂ ਸੀ। ਨਾ ਹੀ ਉਸ ਨੇ ਨੌਕਰੀ ਛੱਡ ਦੇਣ 'ਤੇ ਘਰਦਿਆਂ ਦੇ ਹੋਣ ਵਾਲੇ ਪ੍ਰਤੀਕਰਮ ਬਾਰੇ ਸੋਚਿਆ ਸੀ। ਉਹ ਤਾਂ ਆਪਣਾ ਟਰੰਕ ਚੁੱਕ ਕੇ ਘਰ ਆ ਗਿਆ ਸੀ। ਫੌਜੀ ਵਰਦੀ ਘਰ ਦੇ ਕਿੱਲੇ ਨਾਲ ਟੰਗ ਉਸ ਨੇ ਹਰਮੋਨੀਅਮ ਨੂੰ ਹੱਥ ਪਾ ਲਿਆ। ਲੈਫਟ-ਰਾਈਟ ਕਰਦਿਆਂ ਕਦਮਾਂ ਨਾਲ ਕਦਮ ਮਿਲਾਉਣ ਦੀ ਥਾਵੇਂ ਸੁਰ ਨਾਲ ਸੁਰ ਮਿਲਾਉਣ ਲੱਗਾ। ਰੇਡੀਓ ਸਟੇਸ਼ਨ ਜਲੰਧਰ ਲਈ ਗਾਇਕੀ ਦਾ ਐਡੀਸ਼ਨ ਦੇਣ ਜਲੰਧਰ ਚਲਾ ਗਿਆ ਤਾਂ ਪਹਿਲੀ ਵਾਰ 'ਚ ਹੀ ਪਾਸ ਹੋ ਗਿਆ। ਉਨ੍ਹਾਂ ਦਿਨਾਂ 'ਚ ਰੇਡੀਓ ਆਰਟਿਸਟ ਹੋਣਾ ਬਹੁਤ ਵੱਡੀ ਗੱਲ ਹੁੰਦਾ ਸੀ। ਰੇਡੀਓ ਕਲਾਕਾਰ ਬਣ ਜਾਣ ਦਾ ਅਰਥ ਸਥਾਪਿਤ ਕਲਾਕਾਰ ਹੋ ਜਾਣਾ ਹੁੰਦਾ ਸੀ। ਪੰਜਾਬੀ ਗਾਇਕ ਬੜੇ ਚਾਅ ਨਾਲ ਘਰ ਦੇ ਬਾਹਰ 'ਰੇਡੀਓ ਆਰਟਿਸਟ' ਦਾ ਬੋਰਡ ਲਟਕਾਉਣਾ ਮਾਣ ਸਮਝਦੇ ਸਨ। ਰੇਡੀਓ ਕਲਾਕਾਰ ਬਣਦਿਆਂ ਹੀ ਜ਼ੀਰਵੀ ਨੂੰ ਬਹੁਤ ਸਾਰੇ ਪ੍ਰੋਗਰਾਮ ਮਿਲਣ ਲੱਗੇ ਜਿਸ ਸਦਕਾ ਚੰਗੇ ਪੈਸੇ ਘਰ ਆਉਣ ਲੱਗੇ। ਘਰਦਿਆਂ ਨੂੰ ਪੁੱਤ ਦਾ ਫੈਸਲਾ ਘਾਟੇਵੰਦਾ ਨਾ ਲੱਗਾ। ਹਾਂ, ਬਾਪ ਕਦੇ-ਕਦੇ ਆਖ ਦਿੰਦਾ, "ਆਹ ਕੀ ਤੂੰ ਮਰਾਸੀਆਂ ਵਾਲਾ ਕੰਮ ਫੜ ਲਿਆ।" ਉਦੋਂ ਗਾਇਕੀ ਨੂੰ ਕੇਵਲ ਮੀਰਜ਼ਾਦਿਆਂ ਦਾ ਹੀ ਕੰਮ ਸਮਝਿਆ ਜਾਂਦਾ ਸੀ। ਉਨ੍ਹਾਂ ਕੋਲ ਗਾਇਨ ਦੀ ਲੰਮੀ ਪ੍ਰੰਪਰਾ ਵੀ ਹੁੰਦੀ ਸੀ। ਮੀਰਜ਼ਾਦਿਆਂ ਦੇ ਜੁਆਕ ਤਾਂ ਜੰਮਣ ਵੇਲੇ ਚੀਕ ਵੀ ਰਾਗ 'ਚ ਹੀ ਮਾਰਦੇ ਸਨ।

ਰੇਡੀਓ ਸਟੇਸ਼ਨ ਤੋਂ ਚੱਲੇ ਜਗਜੀਤ ਨੂੰ ਹੁਣ ਐਚ. ਐਮ. ਵੀ. ਦੀ ਮਾਨਤਾ ਵੀ ਪ੍ਰਾਪਤ ਹੋ ਚੁੱਕੀ ਸੀ। ਉਦੋਂ ਐਚ. ਐਮ. ਵੀ. ਦੀ ਮਾਨਤਾ ਹਾਰੀ ਸਾਰੀ ਨੂੰ ਨਹੀਂ ਸੀ ਮਿਲਦੀ ਹੁੰਦੀ। ਅੱਜ ਵਾਂਗ ਥਾਂ ਪੁਰ ਥਾਂ ਰਿਕਾਰਡਿੰਗ ਕੰਪਨੀਆਂ ਵੀ ਨਹੀਂ ਸਨ ਹੁੰਦੀਆਂ। ਪੈਸੇ ਦੇ ਕੇ ਕੈਸਟਾਂ ਰਿਕਾਰਡ ਕਰਵਾਉਣ ਦਾ ਰਿਵਾਜ ਵੀ ਨਹੀਂ ਸੀ ਤੇ ਨਾ ਹੀ ਇਸ ਤਰ੍ਹਾਂ ਕੋਈ ਕੰਪਨੀ ਸੁਰਹੀਣ ਬੰਦੇ ਨੂੰ ਰਿਕਾਰਡ ਕਰਦੀ ਸੀ। ਐਚ. ਐਮ. ਵੀ. ਜਿਸ ਗਾਇਕ ਦਾ ਤਵਾ ਰਿਕਾਰਡ ਕਰਦੀ, ਉਸ ਨੂੰ ਸਾਰੀ ਉਮਰ ਰਾਇਲਟੀ ਦਿੰਦੀ ਰਹਿੰਦੀ। ਗੀਤਕਾਰ ਗੁਰਦੇਵ ਸਿੰਘ ਮਾਨ ਦੇ ਯਤਨਾਂ ਸਦਕਾ ਗਾਇਕ ਦੇ ਨਾਲ ਗੀਤਕਾਰ ਨੂੰ ਵੀ ਰਾਇਲਟੀ ਮਿਲਣ ਲੱਗੀ।

ਜਗਜੀਤ ਹੁਣ ਜਗਜੀਤ ਜ਼ੀਰਵੀ ਬਣ ਚੁੱਕਾ ਸੀ। ਵੱਡੇ ਭਰਾ ਸੁਰਜਨ ਸਿੰਘ ਜ਼ੀਰਵੀ ਦੀ ਰੀਸੇ ਉਸ ਨੇ ਵੀ ਆਪਣੇ ਨਾਂ ਨਾਲ ਜ਼ੀਰਵੀ ਤਖੱਲਸ ਲਾ ਲਿਆ। ਸੁਰਜਨ ਸਿੰਘ ਜ਼ੀਰਵੀ ਆਪ ਬਹੁਤ ਵਧੀਆ ਗਾਉਂਦੇ ਸਨ। ਉਹ ਲੰਮਾ ਸਮਾਂ ਪੰਜਾਬੀ ਦੇ ਪ੍ਰਤੀਨਿਧ ਅਖਬਾਰ 'ਨਵਾਂ ਜ਼ਮਾਨਾ' ਦੇ ਐਡੀਟਰ ਇੰਚਾਰਜ ਰਹੇ ਹਨ। ਇਸ ਤਰ੍ਹਾਂ ਘਰ ਦਾ ਮਾਹੌਲ ਪੜ੍ਹਨ ਲਿਖਣ ਵਾਲਾ ਸੀ। ਛੋਟਾ ਭਰਾ ਬਲਵੀਰ ਵੀ ਕਲਾ ਨੂੰ ਪਿਆਰ ਕਰਨ ਵਾਲਾ। ਜਗਜੀਤ ਕੋਲ ਹੁਣ ਗਾਇਕੀ ਦੇ ਅੰਬਰ 'ਤੇ ਉੱਡਣ ਲਈ ਖੁੱਲ੍ਹਾ ਅੰਬਰ ਸੀ। ਉਸ ਨੇ ਸੁਰਿੰਦਰ ਕੌਰ, ਨਰਿੰਦਰ ਬੀਬਾ, ਰਾਜਿੰਦਰ ਰਾਜਨ ਤੇ ਰੰਜਨਾ ਵਰਗੀਆਂ ਸਮੇਂ ਦੀਆਂ ਚਰਚਿਤ ਗਾਇਕਾਵਾਂ ਨਾਲ ਦੇਵ ਥਰੀਕੇ ਅਤੇ ਗੁਰਦੇਵ ਮਾਨ ਜਿਹੇ ਪ੍ਰਸਿੱਧ ਗੀਤਕਾਰਾਂ ਦੇ ਦੋਗਾਣੇ ਰਿਕਾਰਡ ਕਰਵਾਏ। 'ਛੜੇ ਆਉਣਗ ਲੱਸੀ ਨੂੰ ਝਿੜਕਾਂਗੇ', 'ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ' ਅਤੇ 'ਚੰਨ ਚਾਨਣੀ ਰਾਤ ਤਾਰਾ ਕੋਈ ਕੋਈ ਏ, ਛੇੜ ਪਿਆਰ ਦੀ ਬਾਤ ਤਾਰਾ ਕੋਈ ਕੋਈ ਏ' ਜਿਹੇ ਗੀਤ ਰੇਡੀਓ ਸਟੇਸ਼ਨ ਦੀਆਂ ਤਰੰਗਾਂ ਨਾਲ ਘਰਾਂ 'ਚ ਵੱਜਦੇ ਰਹਿੰਦੇ। ਵਿਆਹ ਸ਼ਾਦੀਆਂ ਦੇ ਮੌਕੇ ਕੋਠਿਆਂ 'ਤੇ ਲੱਗੇ ਸਪੀਕਰਾਂ 'ਚੋਂ 'ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ' ਵਾਰ-ਵਾਰ ਸੁਣਨ ਨੂੰ ਮਿਲਦਾ। ਸੁਰਿੰਦਰ ਕੌਰ ਅਤੇ ਜਗਜੀਤ ਜ਼ੀਰਵੀ ਦੀਆਂ ਲਰਜ਼ਦੀਆਂ ਆਵਾਜ਼ਾਂ ਨੇ ਦੋਗਾਣਿਆਂ 'ਚ ਵੀ ਕਲਾਤਮਿਕਤਾ ਭਰ ਦਿੱਤੀ ਸੀ।





*ਇਕ ਸਟੇਜ ਉਤੇ ਉਘੀ ਗਾਇਕਾ ਸੁਰਿੰਦਰ ਕੌਰ ਅਤੇ ਜਗਜੀਤ ਜ਼ੀਰਵੀ ਅਤੇ (ਸੱਜੇ) ਜਗਜੀਤ ਜ਼ੀਰਵੀ ਫੁਰਸਤ ਦੇ ਪਲਾਂ ਦੌਰਾਨ।*

ਜਗਜੀਤ ਜ਼ੀਰਵੀ ਦੀ ਅਸਲ ਪਛਾਣ ਉਸ ਦੇ ਕਲਾਸੀਕਲ ਗਾਇਨ ਸਦਕਾ ਬਣੀ। ਉਹ ਮੇਲਿਆਂ ਦਾ ਨਹੀਂ, ਮਹਿਫਲਾਂ ਦਾ ਗਾਇਕ ਸੀ। ਕਲਾਸੀਕਲ ਸੰਗੀਤ ਉਸ ਦੀ ਰੂਹ ਦੀ ਅਸਲ ਖੁਰਾਕ ਸੀ। ਇਸ ਤੋਂ ਉਸ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ। ਉਹ ਲਤਾ ਮੰਗੇਸ਼ਕਰ ਨੂੰ ਆਪਣਾ ਆਦਰਸ਼ ਮੰਨਦਾ ਸੀ। ਸੁਰਿੰਦਰ ਕੌਰ ਨਾਲ ਕੈਨੇਡਾ ਵਿਚ ਪ੍ਰੋਗਰਾਮ ਦੇਣ ਗਿਆ ਤਾਂ ਵੈਨਕੂਵਰ ਲਤਾ ਮੰਗੇਸ਼ਕਰ ਨਾਲ ਮੇਲ ਹੋ ਗਿਆ। ਉਸ ਨੇ ਸਮਾਗਮ ਤੋਂ ਬਾਅਦ ਰਸਮ ਕਰ ਕੇ ਲਤਾ ਨੂੰ ਗੁਰੂ ਧਾਰ ਲਿਆ। ਲਤਾ ਨੇ ਵੀ ਉਸ ਨੂੰ ਗਲੇ ਲਾ ਕੇ ਆਸ਼ੀਰਵਾਦ ਦਿੱਤਾ। ਲਤਾ ਜੀ ਨੇ ਜਗਜੀਤ ਅੰਦਰ ਛੁਪੇ ਮਹਾਨ ਫਨਕਾਰ ਦੀ ਪਛਾਣ ਕਰ ਲਈ ਸੀ। ਇਹ ਜਗਜੀਤ ਲਈ ਜ਼ਿੰਦਗੀ ਦੇ ਅਤਿ ਯਾਦਗਾਰੀ ਤੇ ਹੁਸੀਨ ਪਲ ਸਨ। ਉਸ ਵੇਲੇ ਦੇ ਫੋਟੋ ਜਗਜੀਤ ਜ਼ੀਰਵੀ ਬੜੇ ਚਾਅ ਨਾਲ ਸਾਂਭ-ਸਾਂਭ ਰੱਖਦਾ ਰਿਹਾ। ਉਹ ਆਖਦਾ, "ਜਦੋਂ ਲਤਾ ਦੀਦੀ ਨੇ ਗਲੇ ਨਾਲ ਲਾਇਆ, ਮੈਨੂੰ ਇੰਜ ਲੱਗਾ ਸੀ ਜਿਵੇਂ ਰੱਬ ਨੇ ਜੱਫੀ 'ਚ ਘੁੱਟ ਲਿਆ ਹੋਵੇ।"

ਜਗਜੀਤ ਭਾਵੇਂ ਫਿਲਮੀ ਗਾਇਨ ਵਾਲੇ ਪਾਸੇ ਨਹੀਂ ਗਿਆ ਪਰ ਮੁੰਬਈ ਦੀ ਫਿਲਮ ਨਗਰੀ 'ਚ ਉਸ ਦਾ ਬੜਾ ਮਾਨ ਸਨਮਾਨ ਸੀ। ਫਿਲਮ ਐਕਟਰ ਪ੍ਰਾਣ ਉਸ ਦਾ ਨੇੜਲਾ ਮਿੱਤਰ ਸੀ। ਉਹ ਜਗਜੀਤ ਨੂੰ ਮੁੰਬਈ ਰਹਿਣ ਲਈ ਜ਼ੋਰ ਪਾਉਂਦਾ ਰਹਿੰਦਾ। ਪ੍ਰਾਣ ਆਖਦਾ, "ਫਿਲਮ ਨਗਰੀ ਬੜੀ ਹੋਰ ਤਰ੍ਹਾਂ ਦੀ ਚੀਜ਼ ਹੈ। ਇੱਥੇ ਖੜ੍ਹੇ ਦਾ ਖਾਲਸਾ ਹੈ। ਤੂੰ ਇੱਥੇ ਹੀ ਰਹਿ ਕੇ ਸੰਘਰਸ਼ ਕਰ। ਤੀਜੇ ਦਿਨ ਜ਼ੀਰੇ ਕਿਉਂ ਭੱਜ ਜਾਨੈਂ। ਉੱਥੇ ਤੇਰੇ ਕੋਲ ਕਿਸੇ ਨੇ ਨਹੀਂ ਜਾਣਾ।" ਪ੍ਰਸੱਧ ਸੰਗੀਤਕਾਰ ਸੁਰਿੰਦਰ ਕੋਹਲੀ ਨੇ ਵੀ ਜਗਜੀਤ ਨੂੰ ਅਜਿਹੀ ਸਲਾਹ ਦਿੱਤੀ। ਯਾਰਾਂ ਆਖੇ ਜਗਜੀਤ ਆਰ. ਡੀ. ਬਰਮਨ ਨੂੰ ਮਿਲਣ ਵੀ ਗਿਆ। ਅੰਦਰ ਸੁਨੇਹਾ ਭੇਜਿਆ। ਦੋ ਤਿੰਨ ਘੰਟੇ ਉਡੀਕ ਕੀਤੀ ਤੇ ਉੱਠ ਕੇ ਤੁਰ ਆਇਆ। ਫਿਲਮ ਨਗਰੀ ਦਾ ਹਊ ਪਰੇ ਤੇ ਚਾਪਲੂਸੀ ਵਾਲਾ ਰਵੱਈਆ ਉਸ ਦੀ ਆਜ਼ਾਦ ਤਬੀਅਤ ਦੇ ਮੇਚ ਨਹੀਂ ਸੀ। ਉਸ ਨੇ ਚਕਾਚੌਂਧ ਵਾਲੀ ਫਿਲਮੀ ਦੁਨੀਆ ਤੋਂ ਦੂਰ ਹੀ ਰਹਿਣ ਦਾ ਮਨ ਬਣਾ ਲਿਆ।

ਜਗਜੀਤ ਜ਼ੀਰਵੀ ਨੂੰ ਦੋ ਵਾਰ ਰਾਸ਼ਟਰਪਤੀ ਸਨਮਾਨ ਮਿਲਿਆ। 1987 'ਚ ਰਾਸ਼ਟਰਪਤੀ ਨੇ 'ਸੰਗੀਤ ਪੁਜਾਰੀ' ਸਨਮਾਨ ਦਿੱਤਾ। ਸੱਤਾ ਦੇ ਗਲਿਆਰਿਆਂ 'ਚ ਵਿਚਰਦੇ ਵੱਡੇ-ਵੱਡੇ ਰਾਜਨੀਤਕ ਲੋਕ, ਦੇਸ਼ ਤੇ ਰਾਜਾਂ ਲਈ ਨੀਤੀਆਂ ਘੜਨ ਵਾਲੇ ਅਫਸਰਸ਼ਾਹ, ਵੱਡੇ-ਵੱਡੇ ਸਾਹਿਤਕਾਰ, ਵਪਾਰੀ ਅਤੇ ਕਾਰਖਾਨੇਦਾਰ ਉਸ ਦਾ ਗਾਇਨ ਸੁਣਨ ਲਈ ਆਪਣੇ ਘਰਾਂ 'ਚ ਮਹਿਫਲਾਂ ਰਚਾਉਂਦੇ। ਲੋਕ ਸਭਾ ਦੇ ਰਹਿ ਚੁੱਕੇ ਸਪੀਕਰ ਬਲਰਾਮ ਜਾਖੜ ਉਸ ਨੂੰ ਮਣਾ ਮੂੰਹੀਂ ਪਿਆਰ ਕਰਦੇ ਸਨ। ਉਹ ਆਖਦੇ, "ਮੇਰਾ ਜੀਅ ਕਰਦਾ ਹੈ ਤੈਥੋਂ ਲੋਕ ਸਭਾ 'ਚ ਗਵਾਵਾਂ।" ਜਾਖੜ ਸਾਹਿਬ ਨੇ ਆਪਣੀ ਡਾਇਰੀ 'ਚ ਜ਼ੀਰਵੀ ਦੇ ਹੱਥੋਂ ਅਨੇਕਾਂ ਸ਼ਿਅਰ ਲਿਖਵਾਏ ਹੋਏ ਸਨ।

ਇਸ ਦਾ ਮਤਲਬ ਇਹ ਨਹੀਂ ਕਿ ਜ਼ੀਰਵੀ ਦਰਬਾਰੀ ਗਾਇਨ 'ਚ ਵਿਸ਼ਵਾਸ਼ ਰੱਖਦਾ ਸੀ। ਉਸ ਨੇ ਹਮੇਸ਼ਾ ਆਪਣੇ ਅੰਦਰਲੇ ਕਲਾਕਾਰ ਦੇ ਸਵੈਮਾਣ ਨੂੰ ਜਿਊਂਦਾ ਰੱਖਿਆ। ਉਹ ਵੱਡੇ ਲੋਕਾਂ ਦੀਆਂ ਮਹਿਫਲਾਂ 'ਚ ਜਾਂਦਾ ਜ਼ਰੂਰ ਪਰ ਗਾਉਂਦਾ ਆਪਣੀ ਰੂਹ ਅਨੁਸਾਰ ਹੀ। ਉਸ ਅਨੁਸਾਰ, "ਮੈਂ ਸੰਜੀਦਾ ਗਾਉਣਾ ਚਾਹੁੰਨਾ ਹਾਂ। ਇਸ ਨਾਲ ਮੈਨੂੰ ਕੋਈ ਮਤਲਬ ਨਹੀਂ ਕਿ ਮੇਰੇ ਸਾਹਮਣੇ ਕੌਣ ਬੈਠੇ ਹਨ ਜਾਂ ਕਿੰਨੀ ਗਿਣਤੀ 'ਚ ਬੈਠੇ ਹਨ। ਮੇਰੀ ਇੱਛਾ ਹੁੰਦੀ ਹੈ, ਮੈਂ ਬੁੱਲ੍ਹੇਸ਼ਾਹ, ਵਾਰਸ, ਗਾਲਿਬ, ਮੀਰ, ਜ਼ੌਕ, ਪਾਤਰ, ਸ਼ਿਵ, ਮੀਸ਼ਾ ਤੇ ਹੋਰ ਅਦੀਬਾਂ ਨੂੰ ਗਾਈ ਜਾਵਾਂ ਅਤੇ ਲੋਕ ਸ਼ਾਂਤ ਚਿੱਤ ਬੈਠੇ ਸੁਣੀ ਜਾਣ। ਮੈਨੂੰ ਹੋ-ਹੱਲਾ ਪਸੰਦ ਨਹੀਂ। ਸੰਗੀਤ ਤਾਂ ਇਬਾਦਤ ਹੈ-ਇਬਾਦਤ ਕਰਦਿਆਂ ਰੌਲਾ ਰੱਪਾ ਚੰਗਾ ਨਹੀਂ ਲੱਗਦਾ।"

ਜ਼ੀਰਵੀ ਦਰਦ ਭਿੱਜੀ ਆਵਾਜ਼ 'ਚ ਸ਼ਿਵ ਕੁਮਾਰ ਨੂੰ ਗਾਉਂਦਾ ਤਾਂ ਭੁਲੇਖਾ ਲੱਗਦਾ ਜਿਵੇਂ ਸ਼ਿਵ ਖੁਦ ਆਪਣੀ ਪੀੜ ਸੁਣਾ ਰਿਹਾ ਹੋਵੇ। 'ਮੈਂ

**(ਬਾਕੀ ਸਫਾ 30 'ਤੇ)**

# ਸਰਦਾਰ ਅਜੀਤ ਸਿੰਘ ਦੀ ਜੱਦੋ-ਜਹਿਦ

***ਹਿੰਦੋਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਸਰਦਾਰ ਅਜੀਤ ਸਿੰਘ ਦਾ ਵੱਡਾ ਯੋਗਦਾਨ ਹੈ। ਉਹ ਆਪਣੀ ਉਮਰ ਦਾ ਵੱਡਾ ਅਰਸਾ ਮੁਲਕ ਦੀ ਆਜ਼ਾਦੀ ਲਈ ਜੂਝਦੇ ਜਲਾਵਤਨ ਰਹੇ ਪਰ ਅੱਜ ਵੀ ਉਨ੍ਹਾਂ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਚਾਚੇ ਦੇ ਪ੍ਰਸੰਗ ਵਿਚ ਹੀ ਲਿਆ ਜਾਂਦਾ ਹੈ। ਉਘੇ ਵਿਗਿਆਨੀ ਅਤੇ ਲਿਖਾਰੀ ਗੁਰੂਮੇਲ ਸਿੱਧੂ ਨੇ ਇਸ ਲੇਖ ਵਿਚ ਸਰਦਾਰ ਅਜੀਤ ਸਿੰਘ ਦੀਆਂ ਅਣਗਿਣਤ ਸਰਗਰਮੀਆਂ ਵਿਚੋਂ ਕੁਝ ਕੁ ਉਤੇ ਪੰਛੀ ਝਾਤ ਪਾਈ ਹੈ। 20ਵੀਂ ਸਦੀ ਦੇ ਆਰੰਭ ਵਿਚ ਚੱਲੀ ਪਗੜੀ ਸੰਭਾਲ ਜੱਟਾ ਲਹਿਰ ਵਿਚ ਉਨ੍ਹਾਂ ਦਾ ਰੋਲ ਮੋਹਰੀ ਸੀ।***

ਸਰਦਾਰ ਅਜੀਤ ਸਿੰਘ (23 ਫਰਵਰੀ 1881-15 ਅਗਸਤ 1947) ਹਿੰਦੋਸਤਾਨ ਦੀ ਆਜ਼ਾਦੀ ਦਾ ਤੁਰਦਾ ਫਿਰਦਾ ਰਾਜਦੂਤ ਸੀ। ਉਸ ਨੂੰ ਅਕਸਰ ਸ਼ਹੀਦ ਭਗਤ ਸਿੰਘ ਦਾ ਚਾਚਾ ਕਹਿ ਕੇ ਯਾਦ ਕੀਤਾ ਜਾਂਦਾ ਹੈ ਪਰ ਅਜੀਤ ਸਿੰਘ ਖੁਦ ਗਦਰ ਲਹਿਰ ਦੀ ਨੁਮਾਇਆ ਹਸਤੀ ਸੀ। ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਚਾਚੇ-ਭਤੀਜੇ ਦਾ ਇਹ ਰਿਸ਼ਤਾ ਬ੍ਰਿਟਿਸ਼ ਰਾਜ ਲਈ ਬਹੁਤ ਘਾਤਕ ਸਾਬਤ ਹੋਇਆ। ਆਜ਼ਾਦੀ ਲੈਣ ਵਿਚ ਦੋਹਾਂ ਨੇ ਆਪੋ-ਆਪਣੇ ਤੌਰ 'ਤੇ ਗੌਰਵਮਈ ਯੋਗਦਾਨ ਪਾਇਆ: ਇਕ ਨੇ ਜਾਨ ਦੀ ਆਹੂਤੀ ਦਿੱਤੀ ਅਤੇ ਦੂਜੇ ਨੇ ਉਮਰ ਭਰ ਜਲਾਵਤਨੀ ਕੱਟੀ। ਜਿਊਂਦੇ ਜੀਅ ਉਹ ਇਕ ਦੂਜੇ ਨੂੰ ਮਿਲ ਨਾ ਸਕੇ ਲੇਕਿਨ ਭਗਤ ਸਿੰਘ ਨੂੰ ਆਪਣੇ ਚਾਚੇ ਨੂੰ ਮਿਲਣ ਦੀ ਬੜੀ ਸਿੱਕ ਰਹੀ। ਜਦ 1907 ਵਿਚ ਭਗਤ

**ਡਾ. ਗੁਰੂਮੇਲ ਸਿੱਧੂ**

ਸਿੰਘ ਜੰਮਿਆ ਤਾਂ ਅਜੀਤ ਸਿੰਘ ਜਲਾਵਤਨੀ ਦੇ ਰਾਹੇ ਪੈ ਚੁਕਿਆ ਸੀ। ਅਜੀਤ ਸਿੰਘ ਨੇ 22 ਕੁ ਸਾਲ ਦੀ ਉਮਰ ਵਿਚ ਕ੍ਰਾਂਤੀਕਾਰੀ ਗਰੁੱਪ ਦੀ ਨੀਂਹ ਧਰੀ ਅਤੇ ਭਗਤ ਸਿੰਘ ਨੇ 22 ਸਾਲ ਦੀ ਉਮਰ ਵਿਚ ਸੈਂਟ੍ਰਲ ਲੈਜਿਸਲੇਟਿਵ ਅਸੈਂਬਲੀ, ਦਿੱਲੀ ਵਿਚ ਬੰਬ ਸੁੱਟਿਆ।

ਭਗਤ ਸਿੰਘ ਨੇ ਆਪਣੇ ਚਾਚੇ ਨਾਲ ਚਿੱਠੀਆਂ ਰਾਹੀਂ ਸੰਪਰਕ ਪੈਦਾ ਕਰਨਾ ਚਾਹਿਆ ਪਰ ਹੋ ਨਾ ਸਕਿਆ। ਬ੍ਰਿਟਿਸ਼ ਸਰਕਾਰ ਦੀ ਖੁਫੀਆ ਏਜੰਸੀ ਹਮੇਸ਼ਾ ਅਜੀਤ ਸਿੰਘ ਦੇ ਪਿੱਛੇ ਲੱਗੀ ਰਹੀ, ਇਸ ਕਰ ਕੇ ਉਸ ਦੇ ਸਾਥੀ ਪਤਾ ਲੁਕੋ ਕੇ ਰੱਖਦੇ ਸਨ। ਅਜੀਤ ਸਿੰਘ ਭਾਵੇਂ ਕਦੇ ਅਮਰੀਕਾ ਨਹੀਂ ਵੜਿਆ ਪਰ ਸੈਨ ਫਰਾਂਸਿਸਕੋ ਦੇ ਗਦਰ ਪਾਰਟੀ ਦੇ ਦਫਤਰ ਨੂੰ ਉਸ ਦੇ ਅਤੇ-ਪਤੇ ਦੀ ਹਮੇਸ਼ਾ ਜਾਣਕਾਰੀ ਹੁੰਦੀ ਸੀ। ਬਕੌਲ ਬਾਬਾ ਭਗਤ ਸਿੰਘ ਬਿਲਗਾ, ਭਗਤ ਸਿੰਘ ਨੇ ਤਿੰਨ ਖਤ ਹਿੰਦੋਸਤਾਨ ਦੇ ਕਾਂਗਰਸੀ ਲੀਡਰਾਂ ਦੇ ਕਿਰਦਾਰਾਂ ਬਾਰੇ ਅਜੀਤ ਸਿੰਘ ਨੂੰ ਲਿਖੇ ਜੋ ਗਦਰ ਪਾਰਟੀ ਦੇ ਦਫਤਰ ਰਾਹੀਂ ਅਜੀਤ ਸਿੰਘ ਨੂੰ ਬਰਾਜ਼ੀਲ ਪੁੱਜਦੇ ਕੀਤੇ ਗਏ। ਅਜੀਤ ਸਿੰਘ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਭਗਤ ਸਿੰਘ ਬਰਾਜ਼ੀਲ ਪਹੁੰਚ ਜਾਵੇ ਪਰ ਹਿੰਦੋਸਤਾਨ ਦੀ ਆਜ਼ਾਦੀ ਲਈ ਵਿੱਢਿਆ ਕ੍ਰਾਂਤੀ ਦਾ ਕੰਮ ਛੱਡ ਕੇ ਆਉਣਾ ਮੁਸ਼ਕਿਲ ਸੀ। ਉਲਟਾ ਭਗਤ ਸਿੰਘ ਨੇ ਚਾਚੇ ਨੂੰ ਚਿੱਠੀ ਵਿਚ ਲਿਖਿਆ, 'ਚਾਚਾ ਜੀ ਜੋ ਕੰਮ ਤੁਸੀਂ ਅਧੂਰਾ ਛੱਡ ਕੇ ਗਏ ਸੀ, ਉਸ ਨੂੰ ਆ ਕੇ ਪੂਰਾ ਕਰੋ।' ਹਿੰਦੋਸਤਾਨ ਵਿਚੋਂ ਜਲਾਵਤਨੀ ਵੇਲੇ ਅਜੀਤ ਸਿੰਘ ਨੇ ਪ੍ਰਣ ਲਿਆ ਸੀ ਕਿ ਜਦ ਤਕ ਵਤਨ ਆਜ਼ਾਦ ਨਹੀਂ ਹੋ ਜਾਂਦਾ, ਉਦੋਂ ਤਕ ਉਹ ਵਾਪਸ ਨਹੀਂ ਪਰਤੇਗਾ। ਇਸ ਪ੍ਰਣ ਨੂੰ ਉਸ ਨੇ ਜੀਅ-ਜਾਨ ਨਾਲ ਨਿਭਾਇਆ। ਇਹ ਬਹੁਤ ਵੱਡੀ ਕੁਰਬਾਨੀ ਸੀ। ਮੰਦੇ ਭਾਗਾਂ ਨੂੰ ਸਰਦਾਰ ਅਜੀਤ ਸਿੰਘ ਦਾ ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਦਾ ਯੋਗ ਮੁੱਲ ਨਹੀਂ ਪਿਆ। ਇਤਿਹਾਸ ਨੇ ਉਸ ਦੀ ਘਾਲਣਾ ਨਾਲ ਪੂਰਾ ਨਿਆਂ ਨਹੀਂ ਕੀਤਾ। ਅਜੀਤ ਸਿੰਘ ਦੀ ਘਾਲਣਾ ਨੂੰ ਜੇ ਭਗਤ ਸਿੰਘ ਦੀ ਸ਼ਹੀਦੀ ਤੋਂ ਅਲੱਗ ਰੱਖ ਕੇ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਉਸ ਦਾ ਯੋਗਦਾਨ ਕਿਸੇ ਸ਼ਹੀਦ ਨਾਲੋਂ ਘੱਟ ਨਹੀਂ ਸੀ। ਇਹੋ ਸਿੱਧ ਕਰਨਾ ਇਸ ਲੇਖ ਦਾ ਮੂਲ ਮੰਤਵ ਹੈ।

ਸਰਦਾਰ ਅਜੀਤ ਸਿੰਘ ਬਾਰੇ ਸਾਰੀ ਵਾਕਫੀਅਤ ਉਸ ਦੀ ਸਵੈ-ਜੀਵਨੀ ਅਤੇ ਹੋਰ ਲਿਖਤਾਂ ਤੋਂ ਮਿਲਦੀ ਹੈ ਜੋ ਪਰਦੁੱਮਨ ਸਿੰਘ ਨੇ ਸੰਪਾਦਤ ਕੀਤੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵੀ ਪਹਿਲਾਂ ਅਜੀਤ ਸਿੰਘ ਦਾ ਪਰਿਵਾਰ ਜਾਗੀਰਦਾਰ ਸੀ। ਸਿੱਖ ਰਾਜ ਵੇਲੇ ਇਸ ਪਰਿਵਾਰ ਪਾਸ ਚੋਖੀ ਜਾਇਦਾਦ ਅਤੇ ਵੱਡੀ ਹਵੇਲੀ ਸੀ ਜਿਸ ਨੂੰ 'ਗੜ੍ਹ ਕਲਾਂ' ਅਰਥਾਤ ਵੱਡਾ ਕਿਲ੍ਹਾ ਕਹਿੰਦੇ ਸਨ। ਇਸ ਹਵੇਲੀ 'ਤੇ ਸਿੱਖ ਰਾਜ ਦਾ ਕੌਮੀ ਝੰਡਾ ਲਹਿਰਾਇਆਂ ਜਾਂਦਾ ਸੀ। ਆਂਢ-ਗੁਆਂਢ ਦੇ ਇਲਾਕੇ ਖਾਸ ਕਰ ਕੇ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਲੋਕ ਹੁਮ-ਹੁਮਾ ਕੇ ਆਉਂਦੇ ਤੇ ਝੰਡੇ ਦੀ ਰਸਮ ਵਿਚ ਸ਼ਾਮਿਲ ਹੁੰਦੇ। ਜੋ ਰਸਦ ਜਾਂ ਚੜ੍ਹਾਵਾ ਚੜ੍ਹਦਾ, ਉਹ ਇਸੇ ਰਸਮ ਖਾਤਰ ਵਰਤਿਆ ਜਾਂਦਾ ਸੀ। ਇਸ ਹਵੇਲੀ ਦਾ ਪਿਛੋਕੜ ਬੜਾ ਦਿਲਚਸਪ ਹੈ।

**ਹਵੇਲੀ ਦਾ ਪਿਛੋਕੜ:** ਅਜੀਤ ਸਿੰਘ ਦੇ ਪੁਰਖੇ ਲਾਹੌਰ ਜ਼ਿਲ੍ਹੇ ਦੇ ਇਕ ਪਿੰਡ ਨਾਰਲੀ ਵਿਚ ਰਹਿੰਦੇ ਸਨ। ਉਥੇ ਦਾ ਇਕ ਮੱਸਫੁੱਟ ਨੌਜਵਾਨ ਮੁੰਡਾ ਆਪਣੇ ਪੁਰਖਿਆਂ ਦੀਆਂ ਅਸਥੀਆਂ ਲੈ ਕੇ ਹਰਦੁਆਰ ਵਿਖੇ ਗੰਗਾ ਦਰਿਆ ਵਿਚ ਤਾਰਨ ਗਿਆ। ਉਦੋਂ ਲੋਕ ਪੈਦਲ ਜਾਂਦੇ ਸਨ, ਰਾਹ ਵਿਚ ਤਰਕਾਲਾਂ ਪੈ ਗਈਆਂ। ਉਸ ਨੇ ਵੱਡੀ ਹਵੇਲੀ ਦੇਖੀ ਅਤੇ ਰਾਤ ਕੱਟਣ ਲਈ ਦਰਬਾਨ ਨੂੰ ਪੁੱਛਿਆ। ਦਰਬਾਨ ਨੇ ਅੰਦਰ ਜਾ ਕੇ ਇਹ ਗੱਲ ਮਾਲਕ ਨੂੰ ਦੱਸੀ ਤਾਂ ਉਸ ਨੇ ਮੁੰਡੇ ਨੂੰ ਅੰਦਰ ਬੁਲਾ ਲਿਆ। ਉਸ ਦਾ ਸਵਾਗਤ ਵੱਡੀ ਸਾਰੀ ਬੈਠਕ ਵਿਚ ਕੀਤਾ ਜਿੱਥੇ ਮਾਲਕ ਦੀ ਬੀਵੀ ਅਤੇ ਧੀ ਵੀ ਮੌਜੂਦ ਸਨ। ਮੁੰਡੇ ਨੇ ਬੜੇ ਅਦਬ ਨਾਲ ਝੁਕ ਕੇ ਫਤਿਹ ਬੁਲਾਈ, ਪਰਿਵਾਰ ਨੇ ਵੀ ਉਸੇ ਲਹਿਜ਼ੇ ਵਿਚ ਉਸ ਦਾ ਸਵਾਗਤ ਕੀਤਾ। ਉਸ ਨੂੰ ਮਾਲਕ ਅਤੇ ਬੀਵੀ ਦੀਆਂ ਕੁਰਸੀਆਂ ਵਿਚਕਾਰ ਬਿਠਾਇਆ ਗਿਆ ਤੇ ਸਾਹਮਣੇ ਵਾਲੀ ਕੁਰਸੀ 'ਤੇ ਉਨ੍ਹਾਂ ਦੀ ਖੂਬਸੂਰਤ ਧੀ ਬੈਠ ਗਈ। ਮੁੰਡੇ ਦੇ ਸਫਰ ਬਾਰੇ ਗੱਲਾਂ-ਬਾਤਾਂ ਹੋਈਆਂ ਜੋ ਸ਼ਾਮ ਦੇ ਖਾਣੇ ਤਕ ਚਲਦੀਆਂ ਰਹੀਆਂ। ਗੱਲਬਾਤ ਦੌਰਾਨ ਉਨ੍ਹਾਂ ਦਾ ਤਾਲਮੇਲ ਘਰਦਿਆਂ ਵਰਗਾ ਹੋ ਗਿਆ। ਆਹਮੋ-ਸਾਹਮਣੇ ਬੈਠੇ ਕੁੜੀ ਅਤੇ ਮੁੰਡੇ ਦੀਆਂ ਅੱਖਾਂ ਮਿਲੀਆਂ। ਖਾਣੇ ਤੋਂ ਬਾਅਦ ਮੁੰਡੇ ਨੂੰ ਸੌਣ ਵਾਲੇ ਕਮਰੇ ਵਿਚ ਛੱਡ ਕੇ ਹਵੇਲੀ ਦੇ ਤਿੰਨੇ ਜੀਅ ਉਸ ਬਾਰੇ ਦੇਰ ਤਕ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿਚ ਕੁੜੀ ਨੇ ਕਿਹਾ ਕਿ ਉਹ ਕਿਸੇ ਇੱਦਾਂ ਦੇ ਮੁੰਡੇ ਨਾਲ ਵਿਆਹ ਕਰਾਉਣਾ ਪਸੰਦ ਕਰੇਗੀ। ਮਾਪਿਆਂ ਨੂੰ ਵੀ ਮੁੰਡਾ ਪਸੰਦ ਸੀ, ਉਹ ਵੀ ਇਹੋ ਸੋਚ ਰਹੇ ਸਨ। ਸਵੇਰੇ ਉਠੇ ਤਾਂ ਮੁੰਡੇ ਨੇ ਵਿਦਿਆ ਲੈਣ ਲਈ ਆਗਿਆ ਮੰਗੀ। ਹਵੇਲੀ ਦੇ ਮਾਲਕ ਨੇ ਪੁੱਛਿਆ, 'ਪੁੱਤਰ, ਤੇਰਾ ਵਿਆਹ ਹੋ ਗਿਆ?' ਉਸ ਨੇ ਕਿਹਾ, 'ਜੀ ਅਜੇ ਨਹੀਂ।' ਤੁਰਨ ਲੱਗਿਆਂ ਮਾਲਕ ਨੇ ਕਿਹਾ, 'ਜੇ ਉਹ ਮੁੜਦਾ ਹੋਇਆ ਉਨ੍ਹਾਂ ਪਾਸ ਹੋ ਕੇ ਜਾਵੇ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ।' ਮੁੰਡੇ ਨੇ ਕਿਹਾ, 'ਜੀ ਜ਼ਰੂਰ।' ਮੁੰਡਾ ਵੀ ਤਾੜ ਗਿਆ ਸੀ ਕਿ ਉਸ ਨੂੰ ਦੁਬਾਰਾ ਕਿਉਂ ਮਿਲਣਾ ਚਾਹੁੰਦੇ ਸਨ। ਇਸ ਖਿਆਲ ਨਾਲ ਮੁੰਡਾ ਅਸਥੀਆਂ ਪਾ ਕੇ ਛੇਤੀ ਵਾਪਸ ਆ ਗਿਆ। ਇਸ ਵਾਰ ਉਸ ਦਾ ਸਵਾਗਤ ਕਿਸੇ ਮੁਸਾਫਰ ਵਾਂਗ ਨਹੀਂ, ਹੋਣ ਵਾਲੇ ਜਵਾਈ ਵਾਂਗ ਕੀਤਾ ਗਿਆ। ਵਿਆਹ ਬਾਰੇ ਗੱਲਬਾਤ ਦੌਰਾਨ ਕੁੜੀ ਦੇ ਮਾਪਿਆਂ ਨੇ ਅਰਜ਼ ਕੀਤੀ ਕਿ ਜੇ ਉਹ ਸ਼ਾਦੀ ਤੋਂ ਬਾਅਦ ਇਸ ਹਵੇਲੀ ਵਿਚ, ਜੁਆਈ ਵਾਂਗ ਨਹੀਂ, ਪੁੱਤਾਂ ਵਾਂਗ ਰਹੇ ਤਾਂ ਉਨ੍ਹਾਂ ਦੀ ਪੁੱਤਰ ਦੀ ਥੁੜ੍ਹ ਪੂਰੀ ਹੋ ਜਾਵੇਗੀ। ਉਨ੍ਹਾਂ ਦਾ ਆਪਣਾ ਕੋਈ ਪੁੱਤ ਨਹੀਂ ਸੀ। ਉਸ ਮੁੰਡੇ ਨੇ ਕਿਹਾ, 'ਜੀ ਘਰਦਿਆਂ ਤੋਂ ਇਜਾਜ਼ਤ ਤੋਂ ਬਗੈਰ ਮੈਂ ਕੁਝ ਨਹੀਂ ਕਹਿ ਸਕਦਾ ਪਰ ਅੰਦਰੋਂ ਮੇਜ਼ਬਾਨ ਦੀ ਅਰਜ਼ੋਈ 'ਤੇ ਪਿਘਲ ਗਿਆ। ਮੁੰਡੇ ਦੇ ਮਾਂ-ਬਾਪ ਦੀ ਰਜ਼ਾਮੰਦੀ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ। ਇਕ ਪ੍ਰਕਾਰ ਨਾਲ ਉਹ ਹਵੇਲੀ ਮੁੰਡੇ ਨੂੰ ਖੱਟ ਵਿਚ ਮਿਲ ਗਈ।


ਸਰਦਾਰ ਅਜੀਤ ਸਿੰਘ ਦੀਆਂ (ਖੱਬਿਓਂ) ਭਾਰਤ, ਇਰਾਨ ਅਤੇ ਬਰਾਜ਼ੀਲ ਵਿਚ ਰਹਿਣ ਵੇਲੇ ਦੀਆਂ ਤਸਵੀਰਾਂ।

ਹਵੇਲੀ ਵਾਲੇ ਪਿੰਡ ਦਾ ਨਾਂ 'ਗੜ੍ਹ ਕਲਾਂ' ਸੀ। ਉਸ ਦਿਨ ਤੋਂ ਇਸ ਦਾ ਨਾਂ ਖੱਟ-ਗੜ੍ਹ ਕਲਾਂ ਪੈ ਗਿਆ ਜਿਸ ਨੂੰ ਹੁਣ ਖਟਕੜ ਕਲਾਂ ਕਹਿੰਦੇ ਹਨ।

**ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਅਜੀਤ ਸਿੰਘ ਦੇ ਪੁਰਖੇ:** ਮਹਾਰਾਜਾ ਰਣਜੀਤ ਸਿੰਘ ਵੇਲੇ ਅਜੀਤ ਸਿੰਘ ਦੇ ਪੁਰਖੇ ਸਰਕਾਰੇ ਦਰਬਾਰੇ ਮੰਨੇ ਪ੍ਰਮੰਨੇ ਸਨ। ਅਜੀਤ ਸਿੰਘ ਦਾ ਪੜਦਾਦਾ ਸਰਦਾਰ ਫਤਿਹ ਸਿੰਘ ਮਹਾਰਾਜੇ ਦੀ ਫੌਜ ਵਿਚ ਆਲ੍ਹਾ ਅਫਸਰ ਸੀ। ਉਸ ਨੇ ਅੰਗਰੇਜ਼ਾਂ ਵਿਰੁਧ ਮੁਦਕੀ, ਬੱਦੋਵਾਲ, ਆਲੀਵਾਲ ਅਤੇ ਸਭਰਾਓਂ ਦੀਆਂ ਲੜਾਈਆਂ ਵਿਚ ਭਾਗ ਲਿਆ ਸੀ। 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚਕਾਰ ਗੱਦੀ ਲਈ ਜੱਦੋ-ਜਹਿਦ ਸ਼ੁਰੂ ਹੋ ਗਈ। ਇਸ ਝਗੜੇ ਦਾ ਲਾਹਾ ਲੈਂਦਿਆਂ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਤੇ ਕਬਜ਼ਾ ਕਰ ਲਿਆ ਅਤੇ ਮਹਾਰਾਜਾ ਦੇ ਹਿਤੈਸ਼ੀਆਂ ਦੀਆਂ ਜਾਇਦਾਦਾਂ ਕੁਰਕ ਲਈਆਂ ਜਾਂ ਘਟਾ ਦਿਤੀਆਂ। ਅਜੀਤ ਸਿੰਘ ਦਾ ਪਰਿਵਾਰ ਵੀ ਇਸ ਮਾਰ ਹੇਠ ਆ ਗਿਆ। 1857 ਦੇ ਗਦਰ ਜੋ ਮੁੱਖ ਤੌਰ 'ਤੇ ਪੰਜਾਬ ਤੋਂ ਬਾਹਰਲੀਆਂ ਰਿਆਸਤਾਂ ਨੇ ਵਿੱਢਿਆ ਸੀ, ਵੇਲੇ ਗੋਰਿਆਂ ਨੂੰ ਪੰਜਾਬੀਆਂ ਦੀ ਲੋੜ ਪਈ। ਪੰਜਾਬ ਦੇ ਗਵਰਨਰ ਨੇ ਐਲਾਨ ਕੀਤਾ ਕਿ ਜਿਹੜੇ ਪੰਜਾਬੀ ਸਾਡਾ ਸਾਥ ਦੇਣਗੇ, ਉਨ੍ਹਾਂ ਦੀਆਂ ਜਾਇਦਾਦਾਂ ਵਾਪਸ ਕਰ ਦਿੱਤੀਆਂ ਜਾਣਗੀਆਂ। ਸਰਦਾਰ ਸੂਰਤ ਸਿੰਘ ਮਜੀਠੀਆ (ਸਰਦਾਰ ਸੁੰਦਰ ਸਿੰਘ ਮਜੀਠੀਆ ਦਾ ਪਿਤਾ) ਨੇ ਫਤਿਹ ਸਿੰਘ ਨੂੰ ਅੰਗਰੇਜ਼ਾਂ ਦਾ ਸਾਥ ਦੇਣ ਲਈ ਕਿਹਾ। ਫਤਿਹ ਸਿੰਘ ਨੇ ਉਤਰ ਦਿੱਤਾ, 'ਜਾਇਦਾਦ ਅਤੇ ਇਨਾਮ ਲੈ ਕੇ ਮੈਂ ਗੱਦਾਰ ਨਹੀਂ ਕਹਾਉਣਾ।' ਗੋਰਿਆਂ ਨੇ ਫਤਿਹ ਸਿੰਘ ਦੀ ਗੜ੍ਹ ਕਲਾਂ ਵਾਲੀ ਕਿਲ੍ਹੇ ਵਰਗੀ ਹਵੇਲੀ ਦੀਆਂ ਕੰਧਾਂ ਢਾਹ ਕੇ ਛੋਟੀ ਕਰ ਦਿੱਤੀ।

ਫਤਿਹ ਸਿੰਘ ਦੇ ਪੁੱਤਰ ਸਰਦਾਰ ਅਰਜਨ ਸਿੰਘ ਦੇ ਤਿੰਨ ਪੁੱਤਰ ਕਿਸ਼ਨ ਸਿੰਘ, ਅਜੀਤ ਸਿੰਘ ਅਤੇ ਸਵਰਨ ਸਿੰਘ ਸਨ। ਅਜੀਤ ਸਿੰਘ ਵਿਚਕਾਰਲਾ ਸੀ ਤੇ ਉਸ ਦਾ ਜਨਮ 23 ਫਰਵਰੀ, 1881 ਵਿਚ ਹੋਇਆ। ਬੰਗਾ ਸਕੂਲ (ਜ਼ਿਲ੍ਹਾ ਨਵਾਂ ਸ਼ਹਿਰ) ਤੋਂ ਪ੍ਰਾਇਮਰੀ ਕਰਨ ਉਪਰੰਤ ਜਲੰਧਰ ਦੇ ਸਾਈਂ ਦਾਸ ਐਂਗਲੋ ਸਕੂਲ ਤੋਂ ਦਸਵੀਂ ਕੀਤੀ। ਉਹ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਦਾਖਲਾ ਲੈਣਾ ਚਾਹੁੰਦੇ ਸਨ ਪਰ ਪਿਤਾ ਨੇ ਬਰੇਲੀ ਦੇ ਲਾਅ ਕਾਲਜ ਵਿਚ ਵਕਾਲਤ ਪੜ੍ਹਨ ਲਈ ਦਾਖਲ ਕਰਾ ਦਿੱਤਾ। ਸਿਹਤ ਵਿਗੜਨ ਕਰ ਕੇ ਕਾਲਜ ਛੱਡਣਾ ਪਿਆ। ਇਲਾਜ ਤੋਂ ਬਾਅਦ ਡੀ.ਏ.ਵੀ. ਕਾਲਜ, ਲਾਹੌਰ ਤੋਂ ਐਫ.ਏ. ਪਾਸ ਕੀਤੀ। ਬ੍ਰਿਟਿਸ਼ ਸਰਕਾਰ ਦੀ ਨੌਕਰੀ ਕਰਨਾ ਗਨੀਮਤ ਨਾ ਸਮਝਦਿਆ ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਲਈ ਗੋਰਿਆਂ ਨੂੰ ਉਰਦੂ, ਪੰਜਾਬੀ, ਹਿੰਦੀ ਅਤੇ ਪਰਸ਼ੀਅਨ (ਫਾਰਸੀ) ਪੜ੍ਹਾਉਣ ਲੱਗ ਪਿਆ। ਇਹ ਜ਼ਬਾਨਾਂ ਉਸ ਨੇ ਪਿਤਾ ਅਤੇ ਸਕੂਲ ਤੋਂ ਸਿੱਖੀਆਂ ਸਨ। ਪੜ੍ਹਾਉਣ ਪਿੱਛੇ ਅਜੀਤ ਸਿੰਘ ਦੀ ਇਨਕਲਾਬੀ ਸੋਚ ਦਾ ਢਾਸਣਾ ਸੀ। ਉਸ ਦਾ ਮੱਤ ਸੀ ਕਿ ਅੰਗਰੇਜ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਸੰਪਰਕ ਰਖਣਾ ਜ਼ਰੂਰੀ ਸੀ। ਪੰਜਾਬੀ ਪੜ੍ਹਾਉਣ ਲਈ ਸ਼ਰਧਾ ਰਾਮ ਫਿਲੌਰੀ ਦੀ ਪੁਸਤਕ 'ਪੰਜਾਬੀ ਬਾਤ ਚੀਤ' ਵਰਤਦਾ ਸੀ। ਯਾਦ ਰਹੇ, ਸ਼ਰਧਾ ਰਾਮ ਫਿਲੌਰੀ ਫਿਲੌਰ (ਜਲੰਧਰ) ਵਿਚ ਜੰਮਿਆ ਸੀ ਅਤੇ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਮੰਨਿਆ ਜਾਂਦਾ ਹੈ।

**ਅੰਦੋਲਨ 'ਪਗੜੀ ਸੰਭਾਲ ਜੱਟਾ':** 1861 ਵਿਚ ਪੱਛਮੀ ਪੰਜਾਬ ਦਾ ਇਲਾਕਾ ਜਿਸ ਨੂੰ 'ਬਾਰ' ਕਹਿੰਦੇ ਸਨ, ਬੇ-ਆਬਾਦ ਪਿਆ ਸੀ। ਲੋਕ ਆਜੜੀ ਸਨ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦੇ ਸਨ। ਅੰਗਰੇਜ਼ਾਂ ਨੇ ਆਪਣੇ ਹਿੱਤ ਲਈ ਇਸ ਇਲਾਕੇ ਨੂੰ ਆਬਾਦ ਕਰਨਾ ਚਾਹਿਆ। ਬਕੌਲ ਬਾਬਾ ਭਗਤ ਸਿੰਘ ਬਿਲਗਾ, 'ਇਕ ਅੰਗਰੇਜ਼ ਮਾਹਿਰ ਨੇ ਸਰਸਰੀ ਤੌਰ 'ਤੇ ਕਿਸੇ ਸਿੱਧੇ-ਸਾਦੇ ਜੱਟ ਤੋਂ ਪੁੱਛਿਆ ਕਿ ਇਹ ਜ਼ਮੀਨ ਆਬਾਦ ਹੋ ਸਕਦੀ ਹੈ? ਉਸ ਨੇ ਜੁਆਬ ਦਿੱਤਾ, 'ਦੇਖੋ ਇਥੇ ਮੱਖੀਆਂ ਨਹੀਂ ਹਨ, ਗੁੜ ਲਿਆ ਕੇ ਰੱਖ ਦਿਓ, ਮੱਖੀਆਂ ਖੁਦ-ਬ-ਖੁਦ ਆ ਜਾਣਗੀਆਂ।' ਜ਼ਮੀਨ ਹੈ, ਪਾਣੀ ਦਿਓ, ਕਿਸਾਨ ਖੁਦ-ਬ-ਖੁਦ ਆ ਜਾਣਗੇ।' ਦੁਆਬੇ ਵਿਚ ਜ਼ਮੀਨਾਂ ਥੋੜ੍ਹੀਆਂ ਸਨ, ਇਥੋਂ ਪਿੰਡਾਂ ਦੇ ਪਿੰਡ ਬਾਰ ਵਿਚ ਜਾ ਵਸੇ। ਪਿੰਡ ਬੰਗਾ (ਜ਼ਿਲ੍ਹਾ ਜਲੰਧਰ) ਜਿੱਥੇ ਅਜੀਤ ਸਿੰਘ ਦਾ ਪਰਿਵਾਰ ਰਹਿੰਦਾ ਸੀ, ਦੇ ਕਿਸਾਨ ਵੀ ਬਾਰ ਵਿਚ ਜਾ ਵਸੇ। ਉਨ੍ਹਾਂ ਨੇ ਚੱਕ ਨੰਬਰ 105-ਬੰਗਾ ਨਾਮੀ ਪਿੰਡ ਵਸਾ ਲਿਆ ਜੋ ਤਹਿਸੀਲ ਜੜ੍ਹਾਂਵਾਲਾ (ਜ਼ਿਲ੍ਹਾ ਲਾਇਲਪੁਰ) ਵਿਚ ਸੀ। ਉਨ੍ਹਾਂ ਨੇ ਮਿਹਨਤ ਮੁਸ਼ੱਕਤ ਕਰ ਕੇ ਜ਼ਮੀਨ ਉਪਜਾਊ ਬਣਾ ਲਈ। ਜਦ ਕਾਸ਼ਤਕਾਰੀ ਵਿਚੋਂ ਮੁਨਾਫਾ ਹੋਣ ਲੱਗ ਪਿਆ ਤਾਂ ਬ੍ਰਿਟਿਸ਼ ਸਰਕਾਰ ਨੇ ਕਿਸਾਨਾਂ ਨੂੰ ਜ਼ਮੀਨ ਤੋਂ ਬੇਦਖਲ ਕਰਨ ਦੀ ਚਾਲ ਚੱਲੀ ਅਤੇ ਮਾਮਲਾ ਵਧਾ ਦਿੱਤਾ। 1891 ਵਿਚ ਕਾਸ਼ਤਕਾਰੀ ਦੇ ਕਾਬਿਲ ਬਣ ਚੁਕੀ ਜ਼ਮੀਨ ਦਾ ਮਾਮਲਾ 15 ਲੱਖ ਪੌਂਡ ਸੀ, 1905 ਵਿਚ ਉਹ 25 ਲੱਖ ਪੌਂਡ ਤੋਂ ਵੀ ਵੱਧ ਹੋ ਗਿਆ। ਸਰਕਾਰ ਨੂੰ ਫਿਰ ਵੀ ਸਬਰ ਨਾ ਅਇਆ ਤਾਂ ਆਬਾਦਕਾਰੀ ਬਿਲ (ਕਲੋਨਾਈਜੇਸ਼ਨ ਬਿੱਲ) ਪਾਸ ਕਰ ਦਿੱਤਾ ਜਿਸ ਤਹਿਤ ਕਿਸਾਨਾਂ ਤੋਂ ਮਾਲਕੀ ਖੋਹ ਕੇ ਮੁਜਾਰੇ ਬਣਾਇਆ ਜਾਣ ਲੱਗਾ। ਕਿਸਾਨ ਤੋਂ ਜ਼ਮੀਨ ਨੂੰ ਵਸੀਅਤ ਕਰਨ ਜਾਂ ਵੇਚਣ ਦਾ ਹੱਕ ਵੀ ਖੋਹ ਲਿਆ। ਇਸ ਬਿੱਲ ਖਿਲਾਫ ਆਵਾਜ਼ ਬੁਲੰਦ ਹੋਈ ਜਿਸ ਦੀ ਵਾਗਡੋਰ ਭਾਰਤ ਮਾਤਾ ਸੁਸਾਇਟੀ, ਲਾਹੌਰ ਨੇ ਆਪਣੇ ਹੱਥਾਂ ਵਿਚ ਲੈ ਲਈ। ਅੰਦੋਲਨ ਸ਼ੁਰੂ ਹੋ ਗਿਆ ਜਿਸ ਵਿਚ ਅਜੀਤ ਸਿੰਘ ਦੇ ਟੱਬਰ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਰਦਾਰ ਅਜੀਤ ਸਿੰਘ ਬਗਾਵਤ ਕਰਨ ਵਾਲਿਆਂ ਦਾ ਮੋਹਰੀ ਸੀ। ਉਨ੍ਹਾਂ ਦਿਨਾਂ ਵਿਚ ਲਾਲਾ ਲਾਜਪਤ ਰਾਏ ਜੋ ਵਕੀਲ ਸਨ, ਬਹੁਤ ਵੱਡੇ ਬੁਲਾਰੇ ਗਿਣੇ ਜਾਂਦੇ ਸਨ। ਉਨ੍ਹਾਂ ਨੂੰ ਪ੍ਰੇਰ ਕੇ ਜਲਸਿਆਂ ਵਿਚ ਭਾਸ਼ਣ ਦੇਣ ਲਈ ਲਿਆਉਣ ਦੀ ਡਿਊਟੀ ਅਜੀਤ ਸਿੰਘ ਦੇ ਸਿਰ ਸੀ। ਇਕ ਜਲਸਾ 3 ਮਾਰਚ 1907 ਵਿਚ ਲਾਇਲਪੁਰ ਵਿਚ ਹੋਇਆ ਜਿਸ ਵਿਚ ਲਾਲਾ ਜੀ ਨੇ ਭਖਵਾਂ ਭਾਸ਼ਣ ਦਿੱਤਾ। ਉਹ ਖੁਦ ਬਗਾਵਤ ਦੇ ਖਿਲਾਫ ਸਨ ਪਰ ਅਜੀਤ ਸਿੰਘ ਧੜੱਲੇਦਾਰ ਬਗਾਵਤੀ ਰੌਅ ਵਿਚ ਬੋਲਿਆ। ਬਾਂਕੇ ਦਿਆਲ ਨੇ ਨਜ਼ਮ 'ਪਗੜੀ ਸੰਭਾਲ ਜੱਟਾ' ਪੜ੍ਹੀ। ਉਸ ਵੇਲੇ ਉਹ 'ਝੰਗ ਸਿਆਲ' ਪਰਚਾ ਕਢਦਾ ਸੀ ਜਿਸ ਵਿਚ ਇਹ ਨਜ਼ਮ ਪਹਿਲੀ ਵਾਰ ਛਪੀ।

**ਪਗੜੀ ਸੰਭਾਲ ਜੱਟਾ**

ਪਗੜੀ ਸੰਭਾਲ ਓ ਜੱਟਾ,
ਪਗੜੀ ਸੰਭਾਲ ਓਏ
ਹਿੰਦ ਹੈ ਤੇਰਾ ਮੰਦਰ, ਇਸ ਦਾ ਪੁਜਾਰੀ ਤੂੰ
ਝੱਲੇਂਗਾ ਕਦੋਂ ਤੀਕਣ ਆਪਣੀ ਖੁਆਰੀ ਤੂੰ
ਲੜਨੇ ਤੇ ਮਰਨੇ ਦੀ ਹੁਣ ਕਰ ਲੈ ਤਿਆਰੀ ਤੂੰ
ਮਰਨੇ ਤੋਂ ਜੀਣਾ ਭੈੜਾ, ਹੋ ਕੇ ਬੇਹਾਲ ਓਏ।
ਪਗੜੀ ਸੰਭਾਲ...

ਮੰਨਦੀ ਨਾ ਗੱਲ ਅਸਾਡੀ, ਭੈੜੀ ਸਰਕਾਰ ਓਏ
ਅਸੀਂ ਕਿਉਂ ਦੇਂਦੇ ਵੀਰੋ, ਕਾਰੋਂ ਬੇਕਾਰ ਓਏ
ਤੁਸੀਂ ਕਿਉਂ ਦਬਦੇ ਵੀਰੋ, ਉਠਦੀ ਪੁਕਾਰ ਓਏ
ਹੋ ਕੇ ਇਕੱਠੇ ਸਾਰੇ, ਮਾਰੋ ਲਲਕਾਰ ਓਏ
ਤਾੜੀ ਦੋ ਹੱਥੀਂ ਵੱਜੇ, ਛਾਤੀ ਨੂੰ ਤਾਣ ਓਏ।
ਪਗੜੀ ਸੰਭਾਲ...

ਫਸਲਾਂ ਨੂੰ ਖਾ ਗਏ ਕੀੜੇ,
ਤਨ 'ਤੇ ਨਹੀਂ ਤੇਰੇ ਲੀੜੇ
ਭੁੱਖਾਂ ਨੇ ਖੂਨ ਨਿਚੋੜੇ, ਰੋਂਦੇ ਨੇ ਬਾਲ ਓਏ।
ਪਗੜੀ ਸੰਭਾਲ...

ਸੀਨੇ ਤੇ ਖਾਵੇਂ ਤੀਰ, ਰਾਂਝਾ ਤੂੰ ਦੇਸ਼ ਏ ਹੀਰ
ਸੰਭਲ ਕੇ ਚੱਲ ਤੂੰ ਵੀਰ,
ਰਸਤੇ ਵਿਚ ਖਾਲ ਓਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ।

ਇਹ ਕਵਿਤਾ ਹਿੰਦੋਸਤਾਨ ਦੀ ਆਜ਼ਾਦੀ ਦੇ ਅੰਦੋਲਨ ਦਾ ਨਾਅਰਾ ਬਣ ਗਈ। ਲੋਕਾਂ ਵਿਚ ਐਨਾ ਜੋਸ਼ ਭਰ ਗਿਆ ਕਿ ਥਾਂ-ਥਾਂ ਦੰਗੇ ਸ਼ੁਰੂ ਹੋ ਗਏ। ਜਾਨ-ਮਾਲ ਦਾ ਨੁਕਸਾਨ ਹੋਇਆ; ਫਲਸਰੂਪ, ਬ੍ਰਿਟਿਸ਼ ਸਰਕਾਰ ਨੂੰ ਭੂਮੀ ਕਾਨੂੰਨ ਵਾਪਸ ਲੈਣੇ ਪਏ। ਸਰਕਾਰ ਨੇ ਇਹ ਨਜ਼ਮ ਅਜੀਤ ਸਿੰਘ ਦੀ ਲਿਖੀ ਸਮਝ ਕੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ ਫੜੋ-ਫੜਾਈ ਸ਼ੁਰੂ ਕਰ

*(ਬਾਕੀ ਅਗਲੇ ਸਫੇ 'ਤੇ)*


ਲੰਡਨ (ਇੰਗਲੈਂਡ) ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਸਰਦਾਰ ਅਜੀਤ ਸਿੰਘ।

# ਸਰਦਾਰ ਅਜੀਤ ਸਿੰਘ ਦੀ ਜੱਦੋ-ਜਹਿਦ

*(ਪਿਛਲੇ ਸਫੇ ਦੀ ਬਾਕੀ)*

ਦਿੱਤੀ। ਅਜੀਤ ਸਿੰਘ ਦੇ ਵੱਡੇ ਭਰਾ ਕਿਸ਼ਨ ਸਿੰਘ (ਪਿਤਾ ਸ਼ਹੀਦ ਭਗਤ ਸਿੰਘ) ਅਤੇ ਛੋਟੇ ਭਰਾ ਸਵਰਨ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਮਾਂਡਲੇ ਦੀ ਜੇਲ੍ਹ ਵਿਚ ਕੈਦ ਕਰ ਦਿੱਤਾ। ਜਨਤਾ ਰੋਹ ਵਿਚ ਆ ਗਈ ਤੇ ਦੰਗੇ ਹੋਰ ਵਧ ਗਏ; ਫਲਸਰੂਪ, ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਰਿਹਾਅ ਕਰਨਾ ਪਿਆ।

**ਜਲਾਵਤਨੀ:** 1907 ਵਿਚ ਸਰਦਾਰ ਅਜੀਤ ਸਿੰਘ ਦੀ ਜਲਾਵਤਨੀ ਸ਼ੁਰੂ ਹੋਈ ਅਤੇ ਉਸੇ ਸਾਲ ਭਗਤ ਸਿੰਘ ਦਾ ਜਨਮ ਹੋਇਆ। ਜਲਾਵਤਨੀ ਦੌਰਾਨ ਉਹ ਦੁਨੀਆ ਦੇ ਅਨੇਕਾਂ ਮੁਲਕਾਂ ਵਿਚ ਗਿਆ। ਵੱਡੇ-ਵੱਡੇ ਕ੍ਰਾਂਤੀਕਾਰੀਆਂ ਨੂੰ ਮਿਲਿਆ ਤੇ ਕਈ ਕ੍ਰਾਂਤੀਕਾਰੀ ਸੰਸਥਾਵਾਂ ਕਾਇਮ ਕੀਤੀਆਂ। ਉਸ ਦੀਆਂ ਵਿਦੇਸ਼ੀ ਗਤੀਵਿਧੀਆਂ ਦਾ ਸੰਖੇਪ ਜਿਹਾ ਵੇਰਵਾ ਇਉਂ ਹੈ:

ਅਜੀਤ ਸਿੰਘ ਮਾਂਡਲੇ ਤੋਂ ਇਰਾਨ ਗਿਆ ਤੇ ਉਥੋਂ ਦੇ ਕ੍ਰਾਂਤੀਕਾਰੀ ਸੱਯਦ ਜ਼ਿਆ-ਉਦ-ਦੀਨ ਨੂੰ ਮਿਲਿਆ ਜੋ ਬਾਅਦ ਵਿਚ ਇਰਾਨ ਦਾ ਪ੍ਰਧਾਨ ਮੰਤਰੀ ਬਣਿਆ। ਅਜੀਤ ਸਿੰਘ ਨਾਲ ਉਸ ਦੀ ਚੰਗੀ ਦੋਸਤੀ ਹੋ ਗਈ। ਮਗਰੋਂ ਉਸ ਨੇ ਯੂਰਪ ਦੇ ਕਈ ਮੁਲਕਾਂ ਦੀ ਯਾਤਰਾ ਕੀਤੀ।

**ਸਵਿਟਜ਼ਰਲੈਂਡ:** ਉਸ ਵੇਲੇ ਸਵਿਟਜ਼ਰਲੈਂਡ ਦਾ ਪ੍ਰਧਾਨ ਮੰਤਰੀ ਗਿਉਸੈਪੇ ਮੋਟਾ ਸੀ ਜੋ ਕ੍ਰਾਂਤੀਕਾਰੀਆਂ ਦੀ ਮਦਦ ਕਰਦਾ ਸੀ। ਜਿਨ੍ਹਾਂ ਦੇਸ਼ਾਂ ਵਿਚ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ, ਉਨ੍ਹਾਂ ਦੇ ਬਹੁਤੇ ਕ੍ਰਾਂਤੀਕਾਰੀ ਇਥੇ ਪਨਾਹ ਲੈਂਦੇ ਸਨ। ਅਜੀਤ ਸਿੰਘ ਸਵਿਟਜ਼ਰਲੈਂਡ ਪਹੁੰਚ ਗਿਆ ਅਤੇ ਕਈ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਨੂੰ ਮਿਲਿਆ, ਜਿਵੇਂ:

1. ਸਦਾਰੋ ਅਸਦ (ਇਰਾਨ ਦਾ ਗ੍ਰਹਿਮੰਤਰੀ)।

2. ਗੋਪਾਲ ਕ੍ਰਿਸ਼ਨ ਗੋਖਲੇ (ਜਿਸ ਨੇ ਅਜੀਤ ਸਿੰਘ ਨੂੰ ਹਿੰਦੋਸਤਾਨ ਮੁੜਨ ਲਿਆ ਕਿਹਾ ਪਰ ਉਹ ਆਜ਼ਾਦ ਭਾਰਤ ਵਿਚ ਮੁੜਨਾ ਚਾਹੁੰਦਾ ਸੀ)।

3. ਵਲਾਦੀਮੀਰ ਲੈਨਿਨ ਜੋ ਰੂਸੀ ਇਨਕਲਾਬੀਆਂ ਨੂੰ ਜਥੇਬੰਦ ਕਰਨ ਲਈ ਆਇਆ ਸੀ। ਬਾਅਦ ਵਿਚ ਸੋਵੀਅਤ ਰੂਸ (ਯੂ. ਐਸ. ਐਸ. ਆਰ) ਦਾ ਪਹਿਲਾ ਪ੍ਰਧਾਨ ਬਣਿਆ।

4. ਲਿਓਨ ਟਰਾਟਸਕੀ ਜੋ ਰੂਸ ਦਾ ਮਹਾਨ ਮਾਰਕਸਵਾਦੀ ਇਨਕਲਾਬੀ ਸੀ ਅਤੇ ਲੈਨਿਨ ਦਾ ਡਟ ਕੇ ਦਮ ਭਰਦਾ ਸੀ।

5. ਬੇਨੀਤੋ ਮਸੋਲਿਨੀ ਨੂੰ ਇਕ ਲਾਇਬਰੇਰੀ ਵਿਚ ਮਿਲਿਆ। ਉਸ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਬਾਅਦ ਵਿਚ ਉਹ ਇਟਲੀ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਫਾਸਿਸਟ ਵਿਚਾਰਧਾਰਾ (ਫਾਸ਼ੀਵਾਦ) ਦੀ ਸਰਕਾਰ ਕਾਇਮ ਕੀਤੀ।

6. ਲਾਲਾ ਹਰਦਿਆਲ ਜੋ ਅਮਰੀਕਾ ਵਿਚ ਗਦਰ ਲਹਿਰ ਦੀ ਨੀਂਹ ਰੱਖ ਕੇ ਆਇਆ ਸੀ। ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਅਮਰੀਕਨ ਗੌਰਮਿੰਟ ਹਰਦਿਆਲ ਨੂੰ ਫੜ ਕੇ ਉਨ੍ਹਾਂ ਦੇ ਹਵਾਲੇ ਕਰ ਦੇਵੇ। ਇਸ ਤੋਂ ਬਚਣ ਲਈ ਉਹ ਸਵਿਟਜ਼ਰਲੈਂਡ ਆ ਗਿਆ ਸੀ।

**ਜਰਮਨੀ ਵਿਚ ਹਿਟਲਰ ਨਾਲ ਮੁਲਾਕਾਤ:** ਦੂਜੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਅਜੀਤ ਸਿੰਘ ਜਰਮਨੀ ਪਹੁੰਚ ਗਏ। ਉਥੇ ਪਹਿਲਾਂ ਹੀ ਹਿੰਦੋਸਤਾਨ ਦੀ ਆਜ਼ਾਦੀ ਲਈ ਬਰਲਿਨ ਕਮੇਟੀ ਬਣਾਈ ਹੋਈ ਸੀ ਜਿਸ ਵਿਚ ਉਹ ਸ਼ਾਮਿਲ ਹੋ ਗਿਆ। ਉਸ ਕਮੇਟੀ ਵਿਚ ਲਾਲਾ ਹਰਦਿਆਲ, ਬਰਕਤ ਉਲ੍ਹਾ, ਮੈਡਮ ਕਾਮਾ, ਵੀਰੇਂਦਰ ਨਾਥ ਚਟੋਪਾਧਿਆਏ ਆਦਿ ਇਨਕਲਾਬੀ ਸ਼ਾਮਿਲ ਸਨ। ਉਸ ਵੇਲੇ ਹਿੰਦੋਸਤਾਨੀ ਫੌਜੀ ਦੇ ਭਗੌੜੇ ਜਰਮਨ ਦੇ ਕੰਸਨਟਰੇਸ਼ਨ ਕੈਂਪ ਵਿਚ ਸਨ। ਉਨ੍ਹਾਂ ਨੇ ਇੰਡੀਅਨ ਨੈਸ਼ਨਲ ਆਰਮੀ (ਆਈ. ਐਨ. ਏ.) ਬਣਾਈ ਜਿਸ ਦੇ ਮੋਹਰੀ ਸੁਭਾਸ਼ ਚੰਦਰ ਬੋਸ ਸਨ। ਅਜੀਤ ਸਿੰਘ, ਬੋਸ ਨੂੰ ਬਰਲਿਨ ਵਿਚ ਮਿਲਿਆ। ਉਨ੍ਹਾਂ ਦਿਨਾਂ ਵਿਚ ਬੜਾ ਪ੍ਰਾਪੇਗੰਡਾ ਸੀ ਕਿ ਜਰਮਨੀ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਵਿਚ ਮਦਦ ਕਰੇਗਾ। ਅਜੀਤ ਸਿੰਘ ਨੇ ਹਿਟਲਰ ਅਤੇ ਉਸ ਦੇ ਸਾਥੀਆਂ ਨੂੰ ਮਿਲ ਕੇ ਕਿਹਾ ਕਿ ਜੰਗ ਵੇਲੇ ਭਾਰਤੀ ਫੌਜੀਆਂ ਨੂੰ ਲੜਨ ਖਾਤਰ ਕੇਵਲ ਹਿੰਦੋਸਤਾਨ ਦੀ ਹੱਦ 'ਤੇ ਹੀ ਭੇਜਿਆ ਜਾਵੇ। ਹਿਟਲਰ ਨੇ ਇਨਕਾਰ ਕਰ ਦਿੱਤਾ ਅਤੇ ਰੋਹ ਵਿਚ ਅਜੀਤ ਸਿੰਘ ਨੇ ਹਿਟਲਰ ਨੂੰ ਕਿਹਾ ਕਿ 'ਆਪਣੀ ਕਿਤਾਬ 'ਮਾਈਨ ਕੈਂਪ' ਵਿਚੋਂ ਉਹ ਫਿਕਰਾ ਕੱਢ ਦੇਣ ਜਿਸ ਵਿਚ ਹਿੰਦੋਸਤਾਨੀਆਂ ਨੂੰ ਘਟੀਆ ਦਰਜੇ ਦੇ ਇਨਸਾਨ ਤੇ ਚਿੱਟੀਆਂ ਕੌਮਾਂ ਦੇ ਗੁਲਾਮ ਕਿਹਾ ਗਿਆ ਹੈ।' ਹਿਟਲਰ ਨੇ ਅਜਿਹਾ ਕਰਨ ਤੋਂ ਵੀ ਨਾਂਹ ਕਰ ਦਿੱਤੀ। ਇਸ ਗੱਲ 'ਤੇ ਝਗੜਾ ਹੋ ਗਿਆ ਅਤੇ ਅਜੀਤ ਸਿੰਘ ਜਰਮਨੀ ਛੱਡ ਕੇ ਇਟਲੀ ਚਲਾ ਗਿਆ। ਉਸ ਵੇਲੇ ਇਟਲੀ ਦਾ ਪ੍ਰਧਾਨ ਮੰਤਰੀ ਮਸੋਲਿਨੀ ਸੀ ਜਿਸ ਨੂੰ ਉਹ ਪਹਿਲਾਂ ਮਿਲ ਚੁਕਿਆ ਸੀ। ਮਸੋਲਿਨੀ ਨੇ ਅਜੀਤ ਸਿੰਘ ਨੂੰ ਰੋਮ ਤੋਂ ਰੇਡੀਓ ਰਾਹੀਂ ਅੰਗਰੇਜ਼ੀ ਸਰਕਾਰ ਵਿਰੁਧ ਪ੍ਰਚਾਰ ਕਰਨ ਦੀ ਇਜਾਜ਼ਤ ਦੇ ਦਿੱਤੀ। ਦੂਜੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਇਟਲੀ ਨੇ ਜਰਮਨੀ ਦਾ ਸਾਥ ਦਿੱਤਾ ਅਤੇ ਰੂਸ ਉਤੇ ਹਮਲਾ ਕਰ ਦਿੱਤਾ। ਰੂਸ ਨੂੰ ਹਿੰਦੋਸਤਾਨ ਦਾ ਹਮਾਇਤੀ ਸਮਝਿਆ ਜਾਂਦਾ ਸੀ। ਅਜੀਤ ਸਿੰਘ ਨੇ ਮਸੋਲਿਨੀ ਨੂੰ ਕਿਹਾ ਕਿ ਇੰਡੀਅਨ ਨੈਸ਼ਨਲ ਆਰਮੀ ਨੂੰ ਰੂਸ ਦੀ ਸਰਹੱਦ ਉਤੇ ਨਾ ਭੇਜਿਆ ਜਾਵੇ। ਉਸ ਨੇ ਅਜੀਤ ਸਿੰਘ ਦੀ ਇਹ ਗੱਲ ਮੰਨੀ ਜਾਂ ਨਹੀਂ, ਇਸ ਬਾਰੇ ਕੋਈ ਉਘ-ਸੁੱਘ ਨਹੀਂ ਮਿਲਦੀ। ਮਸੋਲਿਨੀ ਹਾਰ ਗਿਆ ਤੇ ਅਗਲੇ ਹੁਕਮਰਾਨ ਨੇ ਅਜੀਤ ਸਿੰਘ ਨੂੰ ਕਿਹਾ ਕਿ ਉਹ ਰੇਡੀਓ ਤੋਂ ਮਸੋਲਿਨੀ ਖਿਲਾਫ ਪ੍ਰਚਾਰ ਕਰੇ। ਅਜੀਤ ਸਿੰਘ ਨੇ ਕਿਹਾ, 'ਮੈਂ ਉਸ ਦੇ ਵਿਰੁਧ ਨਹੀਂ, ਉਸ ਦੀ ਫਾਸਿਸਟ ਵਿਚਾਰਧਾਰਾ ਦੇ ਖਿਲਾਫ ਬੋਲ ਸਕਦਾ ਹਾਂ।'

**ਬਰਾਜ਼ੀਲ:** ਸਰਦਾਰ ਅਜੀਤ ਸਿੰਘ ਦੀ ਸਿਹਤ ਖਰਾਬ ਰਹਿੰਦੀ ਸੀ, ਗਦਰੀ ਬਾਬਾ ਰਤਨ ਸਿੰਘ ਦੇ ਕਹਿਣ 'ਤੇ ਉਹ ਬਰਾਜ਼ੀਲ ਚਲਾ ਗਿਆ ਅਤੇ ਉਥੇ ਕ੍ਰਾਂਤੀਕਾਰੀ ਸੰਸਥਾ ਬਣਾਈ। ਕਈ ਸਾਲ ਪੰਜਾਬੀਆਂ ਨੂੰ ਵਸਾਉਣ ਦੇ ਉਪਰਾਲੇ ਕਰਦਾ ਰਿਹਾ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਪੁਲਿਸ ਸੁਪਰਡੈਂਟ ਜੇ.ਪੀ. ਸਾਂਡਰਸ ਦਾ ਕਤਲ (17 ਸਤੰਬਰ, 1928) ਹੋ ਗਿਆ। ਇਹ ਕਤਲ ਭਗਤ ਸਿੰਘ ਅਤੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਕੀਤਾ ਸੀ (ਯਾਦ ਰਹੇ, ਸਾਂਡਰਸ ਦੇ ਕਤਲ ਬਾਰੇ ਲਾਹੌਰ ਪੁਲਿਸ ਸਟੇਸ਼ਨ ਦੀ ਰਿਪੋਰਟ ਵਿਚ ਭਗਤ ਸਿੰਘ ਦਾ ਨਾਂ ਨਹੀਂ)। ਭਗਤ ਸਿੰਘ ਨੇ ਆਪਣੇ ਚਾਚੇ ਨਾਲ ਸੰਪਰਕ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਭਗਤ ਸਿੰਘ ਦੇ ਸਕੂਲ ਵੇਲੇ ਦੇ ਇਕ ਦੋਸਤ ਦਾ ਪਿਤਾ ਗਦਰ ਪਾਰਟੀ ਦਾ ਹਮਾਇਤੀ ਸੀ। ਉਸ ਨੂੰ ਅਜੀਤ ਸਿੰਘ ਦੇ ਟਿਕਾਣੇ ਬਾਰੇ ਪਤਾ ਸੀ। ਉਸ ਨੇ ਕਿਹਾ ਕਿ ਭਗਤ ਸਿੰਘ ਆਪਣੇ ਖਤ ਸੈਨ ਫਰਾਂਸਿਸਕੋ ਦੇ ਗੁਪਤ ਪਤੇ 'ਤੇ ਭੇਜੇ ਜਿਨ੍ਹਾਂ ਨੂੰ ਅਜੀਤ ਸਿੰਘ ਤਕ ਪਹੁੰਚਾ ਦਿੱਤਾ ਜਾਵੇਗਾ। ਇਸ ਤਰ੍ਹਾਂ ਅਜੀਤ ਸਿੰਘ ਨਾਲ ਭਗਤ ਸਿੰਘ ਦਾ ਖਤ ਰਾਹੀਂ ਸੰਪਰਕ ਹੋਇਆ। ਖਤਾਂ ਵਿਚ ਭਗਤ ਸਿੰਘ ਨੇ ਲਿਖਿਆ ਕਿ ਚਾਚਾ ਅਜੀਤ ਸਿੰਘ ਵਾਪਸ ਆ ਕੇ ਆਜ਼ਾਦੀ ਦੀ ਜੰਗ ਜਾਰੀ ਰੱਖੇ। ਜਦ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਅਜੀਤ ਸਿੰਘ 'ਤੇ ਇਸ ਦਾ ਗਹਿਰਾ ਅਸਰ ਹੋਇਆ। ਉਸ ਦਾ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਇਰਾਦਾ ਹੋਰ ਵੀ ਦ੍ਰਿੜ ਹੋ ਗਿਆ।



*ਸਰਦਾਰ ਅਜੀਤ ਸਿੰਘ ਇਟਲੀ ਵਿਚ ਉਥੋਂ ਦੇ ਕ੍ਰਾਂਤੀਕਾਰੀਆਂ ਨਾਲ।*

**ਅਰਜਨਟੀਨਾ:** ਸਿਹਤ ਖਰਾਬ ਰਹਿਣ ਕਰ ਕੇ ਡਾਕਟਰਾਂ ਨੇ ਕਿਹਾ ਕਿ ਅਜੀਤ ਸਿੰਘ ਨੂੰ ਕਿਸੇ ਠੰਢੀ ਥਾਂ ਭੇਜਿਆ ਜਾਵੇ। ਬਾਬਾ ਰਤਨ ਸਿੰਘ ਦੀ ਕੋਸ਼ਿਸ਼ ਨਾਲ ਉਹ ਅਰਜਨਟੀਨਾ ਪਹੁੰਚ ਗਿਆ। ਰਤਨ ਸਿੰਘ ਉਥੇ ਦੀ ਗਦਰ ਪਾਰਟੀ ਦਾ ਜਨਰਲ ਸੈਕਟਰੀ ਸੀ। ਦੂਜੀ ਸੰਸਾਰ ਜੰਗ ਖਤਮ ਹੋ ਗਈ ਤੇ ਜਰਮਨ ਹਾਰ ਗਿਆ। ਅਜੀਤ ਸਿੰਘ ਮੁੜ ਕੇ ਜਰਮਨ ਚਲਾ ਗਿਆ। ਬ੍ਰਿਟਿਸ਼ ਸਰਕਾਰ ਨੇ ਉਥੋਂ ਗ੍ਰਿਫਤਾਰ ਕਰ ਕੇ ਇੰਗਲੈਂਡ ਭੇਜ ਦਿੱਤਾ।

**ਹਿੰਦੋਸਤਾਨ ਵਾਪਸੀ:** ਹਿੰਦੋਸਤਾਨ ਆਜ਼ਾਦ ਹੋ ਗਿਆ। 1946 ਵਿਚ ਰਾਜਭਾਗ ਭਾਰਤੀਆਂ ਦੇ ਹਵਾਲੇ ਕੀਤਾ ਜਾਣਾ ਸੀ। ਅਜੀਤ ਸਿੰਘ ਨੂੰ ਜਰਮਨੀ ਦੀ ਜੇਲ੍ਹ ਤੋਂ ਲੰਡਨ ਲਿਆਂਦਾ ਗਿਆ ਤਾਂ ਕਿ ਉਸ ਨੂੰ ਹਿੰਦੋਸਤਾਨ ਭੇਜਿਆ ਜਾ ਸਕੇ। ਅਜੀਤ ਸਿੰਘ ਲਈ ਲੰਡਨ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਗੁਰਦੁਆਰੇ ਵਿਚ ਸਵਾਗਤੀ ਮੀਟਿੰਗ ਰੱਖੀ। ਇੰਡੀਅਨ ਕੌਂਸਲ ਜਨਰਲ ਨੇ ਕਿਹਾ ਕਿ ਗੁਰਦੁਆਰੇ ਵਿਚ ਮੀਟਿੰਗ ਨਹੀਂ ਹੋ ਸਕਦੀ, ਕਿਉਂਕਿ ਦੇਸ਼ ਭਗਤਾਂ ਵਿਚ ਮੁਸਲਮਾਨ ਅਤੇ ਹਿੰਦੂ ਵੀ ਹਨ। ਉਹ ਖੁਦ ਮੁਸਲਮਾਨ ਸੀ। ਅਜੀਤ ਸਿੰਘ ਅਤੇ ਗੁਰਦੁਆਰੇ ਵਾਲਿਆਂ ਨੂੰ ਕੋਈ ਇਤਰਾਜ਼ ਨਹੀਂ ਸੀ। ਕੌਂਸਲ ਜਨਰਲ ਨੇ ਬਹਾਨਾ ਲਾਇਆ, 'ਪੰਡਤ ਨਹਿਰੂ ਨਹੀਂ ਚਾਹੁੰਦੇ ਕਿ ਅਜੀਤ ਸਿੰਘ ਕੋਈ ਭਾਸ਼ਣ ਦੇਵੇ। ਪਤਾ ਲੱਗਿਆ ਕਿ ਪੰਡਤ ਜੀ ਦਾ ਅਜਿਹਾ ਕੋਈ ਸੰਦੇਸ਼ ਨਹੀਂ ਸੀ ਮਿਲਿਆ। ਅਜੀਤ ਸਿੰਘ ਨੇ ਗੁਰਦੁਆਰੇ ਵਿਚ ਭਾਸ਼ਣ ਦਿੱਤਾ। 7 ਅਗਸਤ, 1947 ਨੂੰ ਹਵਾਈ ਜਹਾਜ਼ ਰਾਹੀਂ ਉਹ ਕਰਾਚੀ ਅੱਪੜ ਗਏ ਜਿੱਥੇ ਹਿੰਦੋਸਤਾਨ ਦੀਆਂ ਸਾਰੀਆਂ ਪਾਰਟੀਆਂ ਨੇ ਭਰਵਾਂ ਸਵਾਗਤ ਕੀਤਾ। ਪੰਡਤ ਨਹਿਰੂ ਨੇ ਉਨ੍ਹਾਂ ਦੇ ਰਹਿਣ ਦਾ ਖਾਸ ਇੰਤਜ਼ਾਮ ਕੀਤਾ ਅਤੇ ਛੇਤੀ ਦਿੱਲੀ ਆ ਕੇ ਮਿਲਣ ਲਈ ਕਿਹਾ।



*ਕਰਾਚੀ ਅੱਪੜਨ 'ਤੇ ਆਪਣੀ ਪਤਨੀ ਹਰਨਾਮ ਕੌਰ ਅਤੇ ਹੋਰਾਂ ਨਾਲ ਸਰਦਾਰ ਅਜੀਤ ਸਿੰਘ।*

**ਪਤਨੀ ਨਾਲ 38 ਸਾਲਾਂ ਬਾਅਦ ਮੁਲਾਕਾਤ:** ਅਜੀਤ ਸਿੰਘ 1903 ਵਿਚ ਬਾਬਾ ਧਨਪਤ ਰਾਏ ਪਾਸ ਕੋਈ ਸਲਾਹ ਲੈਣ ਕਸੂਰ ਗਿਆ ਸੀ। ਬਾਬਾ ਜੀ ਸੂਫੀਵਾਦ ਵਿਚ ਯਕੀਨ ਰੱਖਦੇ ਸਨ। ਉਨ੍ਹਾਂ ਨੇ ਲੜਕੀ ਜਿਸ ਦਾ ਨਾਂ ਨਾਮੋ ਸੀ, ਗੋਦ ਲਈ ਹੋਈ ਸੀ। ਜਦ ਅਜੀਤ ਸਿੰਘ ਬਾਬਾ ਜੀ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ ਤਾਂ ਨਾਮੋ ਬੁੱਲ੍ਹੇ ਸ਼ਾਹ ਦੇ ਮੇਲੇ 'ਤੇ ਜਾਣ ਲਈ ਇਜਾਜ਼ਤ ਲੈਣ ਆਈ। ਜਦ ਇਜਾਜ਼ਤ ਲੈ ਕੇ ਉਹ ਮੇਲੇ ਚਲੀ ਗਈ ਤਾਂ ਬਾਬਾ ਜੀ ਨੇ ਅਜੀਤ ਸਿੰਘ ਨੂੰ ਵਿਆਹ ਬਾਰੇ ਪੁੱਛਿਆ। ਅਜੀਤ ਸਿੰਘ ਨੇ ਕਿਹਾ, 'ਕਾਹਲੀ ਕਾਹਦੀ ਹੈ'! ਬਾਬਾ ਜੀ ਨੇ ਕਿਹਾ, 'ਕੁਦਰਤ ਦਾ ਅਸੂਲ ਹੈ ਕਿ ਇਨਸਾਨੀਅਤ ਦੇ ਵਿਕਾਸ ਲਈ ਮਰਦ-ਔਰਤ ਦਾ ਸਾਥ ਹੋਣਾ ਚਾਹੀਦਾ ਹੈ। ਨਾਮੋ ਤੇਰੇ ਸਾਥ ਲਈ ਯੋਗ ਹੈ'। ਅਜੀਤ ਸਿੰਘ ਮੰਨ ਗਏ ਤਾਂ ਉਨ੍ਹਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਅਦ ਉਹ 1907 ਵਿਚ ਜਲਾਵਤਨ ਹੋ ਗਏ। ਹੁਣ ਉਹ 38 ਸਾਲਾਂ ਬਾਅਦ ਆਪਣੀ ਪਤਨੀ ਹਰਨਾਮ ਕੌਰ ਨੂੰ ਮਿਲ ਰਹੇ ਸਨ।

ਮੰਦੇ ਭਾਗਾਂ ਨੂੰ ਪੰਜਾਬ ਦੀ ਵੰਡ ਸ਼ੁਰੂ ਹੋ ਗਈ ਜਿਸ ਦਾ ਉਨ੍ਹਾਂ ਦੀ ਸਿਹਤ 'ਤੇ ਹੋਰ ਵੀ ਗਹਿਰਾ ਅਸਰ ਪਿਆ। ਉਸ ਮੁਲਕ ਦੀ ਵੰਡ ਉਹ ਕਿਵੇਂ ਜਰ ਸਕਦੇ ਸਨ ਜਿਸ ਦੀ ਆਜ਼ਾਦੀ ਲਈ ਸਾਰਾ ਜੀਵਨ ਅਰਪਣ ਕਰ ਦਿੱਤਾ। ਦਖਲ ਦੇਣ ਦੀ ਕੋਸ਼ਿਸ਼ ਕੀਤੀ ਪਰ ਕੁਝ ਨਾ ਸੌਰਿਆ। ਸਖਤ ਬਿਮਾਰ ਪੈ ਗਏ ਤੇ ਡਾਕਟਰਾਂ ਦੇ ਕਹਿਣ 'ਤੇ ਡਲਹੌਜ਼ੀ ਭੇਜ ਦਿੱਤਾ ਗਿਆ। ਮੁਲਕ ਦੀ ਵੰਡ ਦਾ ਦੁੱਖ ਉਨ੍ਹਾਂ ਨੂੰ ਘੁਣ ਵਾਂਗ ਖਾ ਰਿਹਾ ਸੀ। ਜਦ 15 ਅਗਸਤ, 1947 ਨੂੰ ਲਾਲ ਕਿਲ੍ਹੇ 'ਤੇ ਕੌਮੀ ਤਰੰਗਾ ਝੁਲਾਇਆ ਜਾ ਰਿਹਾ ਸੀ ਤਾਂ ਅਜੀਤ ਸਿੰਘ ਆਖਰੀ ਸਾਹ ਲੈ ਰਿਹਾ ਸੀ। ਸਵੇਰੇ 4 ਵਜੇ ਪਤਨੀ ਨੂੰ ਜਗਾਇਆ, ਹੱਥ ਜੋੜ ਕੇ ਕਿਹਾ, 'ਮੈਂ ਭਾਰਤ ਮਾਤਾ ਦੀ ਸੇਵਾ ਕਰਦਾ ਰਿਹਾ, ਤੁਹਾਡੇ ਪ੍ਰਤੀ ਬਣਦਾ ਰਿਣ ਨਾ ਚੁਕਾ ਸਕਿਆ, ਮੈਨੂੰ ਮੁਆਫ ਕਰਨਾ।' ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ ਅਨੁਸਾਰ, 'ਇਹ ਕਹਿੰਦਿਆਂ ਉਨ੍ਹਾਂ ਦੇ ਦੋਵੇਂ ਹੱਥ ਹਰਨਾਮ ਕੌਰ ਦੇ ਪੈਰਾਂ ਨੂੰ ਛੂਹ ਗਏ। ਉਹ ਚੌਂਕ ਕੇ ਪਿੱਛੇ ਹਟ ਗਈ ਤੇ ਤਕੀਏ ਦੀ ਢੋਹ ਠੀਕ ਕਰਦਿਆਂ ਕਿਹਾ, 'ਸਰਦਾਰ ਜੀ ਇਹ ਕੀ'। ਉਨ੍ਹਾਂ ਕਿਹਾ, 'ਜੈ ਹਿੰਦ' ਤੇ ਜੀਵਨ ਤੋਂ ਮੁਕਤ ਹੋ ਗਏ।'

ਅਜੀਤ ਸਿੰਘ ਕੱਟੜ ਨੈਸ਼ਨਲਿਸਟ ਵਿਚਾਰਾਂ ਦੀ ਹਾਮੀ ਭਰਦੇ ਸਨ ਜਦ ਕਿ ਰਤਨ ਸਿੰਘ ਕੱਟੜ ਕਮਿਊਨਿਜ਼ਮ ਵਿਚ ਵਿਸ਼ਵਾਸ ਰਖਦੇ ਸਨ। ਬਾਬਾ ਭਗਤ ਸਿੰਘ ਬਿਲਗਾ (ਸੰਨ 2000) ਲਿਖਦੇ ਹਨ, 'ਦੋਹਾਂ ਵਿਚ ਬਹਿਸ ਹੁੰਦੀ ਰਹਿੰਦੀ ਅਤੇ ਕਈ ਵਾਰੀ ਤਲਖੀ ਤੱਕ ਵੀ ਅੱਪੜ ਜਾਂਦੀ ਪਰ ਦੁਪਹਿਰ ਦੀ ਰੋਟੀ ਵੇਲੇ ਇਕ ਦੂਜੇ ਨੂੰ ਕਹਿੰਦੇ, 'ਚੱਲ ਭਾਈ ਹੁਣ ਖਾਣਾ ਖਾਈਏ'। ਦਿਨਾਂ ਬੱਧੀ ਬਹਿਸ ਤੋਂ ਬਾਅਦ ਸਹਿਮਤ ਨਾ ਹੁੰਦੇ ਪਰ ਪਾਰਟੀ ਦੀ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਇਨਕਲਾਬੀ ਮੁਹਿੰਮ ਬਾਰੇ ਜ਼ਰੂਰ ਸਹਿਮਤ ਹੋ ਜਾਂਦੇ। ਬਾਬਾ ਰਤਨ ਸਿੰਘ ਦਰਅਸਲ ਸਰਦਾਰ ਅਜੀਤ ਸਿੰਘ ਦੀ ਸਿਹਤ ਬਾਰੇ ਫਿਕਰਮੰਦ ਸਨ। ਇਸੇ ਮਕਸਦ ਲਈ ਗਦਰ ਪਾਰਟੀ ਨੇ ਉਨ੍ਹਾਂ ਨੂੰ ਬਰਾਜ਼ੀਲ ਭੇਜਿਆ ਸੀ। ਡਾਕਟਰਾਂ ਦੀ ਰਿਪੋਰਟ ਸੀ ਕਿ ਸਰਦਾਰ ਅਜੀਤ ਸਿੰਘ ਨੂੰ ਜਲਦੀ ਤੋਂ ਜਲਦੀ ਕਿਸੇ ਠੰਢੀ ਜਗ੍ਹਾ 'ਤੇ ਅਪੜਾ ਦੇਣਾ ਚਾਹੀਦਾ ਹੈ, ਬਰਾਜ਼ੀਲ ਦੀ ਸਖਤ ਗਰਮੀ ਵਿਚ ਰਹਿੰਦਿਆਂ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਮਹੀਨੇ ਤੋਂ ਬਾਅਦ ਬਾਬਾ ਰਤਨ ਸਿੰਘ ਅਰਜਨਟੀਨਾ ਪੁੱਜ ਗਏ ਅਤੇ ਭਗਤ ਸਿੰਘ ਬਿਲਗਾ (ਜਨਰਲ ਸੈਕਟਰੀ, ਗਦਰ ਪਾਰਟੀ, ਅਰਜਨਟੀਨਾ) ਨੂੰ ਅਜੀਤ ਸਿੰਘ ਦੀ ਸਿਹਤ ਬਾਰੇ ਰਿਪੋਰਟ ਦਿੱਤੀ। ਇਸ ਬ੍ਰਾਂਚ ਨੇ ਫੈਸਲਾ ਕੀਤਾ ਕਿ ਸਰਦਾਰ ਅਜੀਤ ਸਿੰਘ ਨੂੰ ਫੌਰਨ ਅਰਜਨਟੀਨਾ ਸੱਦਿਆ ਜਾਵੇ ਅਤੇ ਸ਼ਿਮਲੇ ਵਰਗੀ ਠੰਢੀ ਜਗ੍ਹਾ 'ਤੇ ਇਲਾਜ ਲਈ ਭੇਜਿਆ ਜਾਵੇ। ਸਰਦਾਰ ਅਜੀਤ ਸਿੰਘ ਨੇ ਆਪਣਾ ਸਾਰਾ ਸਮਾਨ ਪੈਕ ਕਰ ਕੇ ਆਪਣੀ ਵੱਡਮੁੱਲੀ ਲਾਇਬ੍ਰੇਰੀ, ਟਾਈਪਰਾਈਟਰ ਆਦਿ ਸਮੁੰਦਰੀ ਜਹਾਜ਼ ਰਾਹੀਂ ਅਰਜਨਟੀਨਾ ਗਦਰ ਬ੍ਰਾਂਚ ਨੂੰ ਭੇਜ ਦਿੱਤਾ ਅਤੇ ਕੁਝ ਅਰਸੇ ਬਾਅਦ ਖੁਦ ਵੀ ਅਰਜਨਟੀਨਾ ਪਹੁੰਚ ਗਏ।

ਰਤਨ ਸਿੰਘ ਅਰਜਨਟੀਨਾ ਵਿਚ ਹਿੰਦੋਸਤਾਨੀਆਂ ਨੂੰ ਜਥੇਬੰਦ ਕਰ ਕੇ ਗਦਰ ਪਾਰਟੀ ਦੀ ਸ਼ਾਖਾ ਖੋਲ੍ਹਣੀ ਚਾਹੁੰਦੇ ਸਨ। ਭਗਤ ਸਿੰਘ ਬਿਲਗਾ ਬਾਰੇ ਉਨ੍ਹਾਂ ਨੂੰ ਪਤਾ ਸੀ ਜੋ ਰੋਸਾਰੀਓ ਸ਼ਹਿਰ ਵਿਚ ਕੰਮ ਕਰਦਾ ਸੀ। ਉਥੇ ਕੁਝ ਹੋਰ ਹਿੰਦੋਸਤਾਨੀ ਵੀ ਵੱਖ-ਵੱਖ ਇਲਾਕਿਆਂ ਵਿਚ ਕੰਮ ਕਰਦੇ ਸਨ ਜਿਨ੍ਹਾਂ ਵਿਚੋਂ ਇਕ ਬਚਨ ਸਿੰਘ ਘੋਲੀਆ ਸੀ। ਬਿਲਗੇ ਨੇ ਰਤਨ ਸਿੰਘ ਨੂੰ ਬਚਨ ਸਿੰਘ ਘੋਲੀਆ ਕੋਲ ਭੇਜਿਆ ਅਤੇ ਉਸ ਨੇ ਗਦਰ ਪਾਰਟੀ ਬਣਾਉਣ ਦਾ ਸੁਝਾਅ ਦਿੱਤਾ। ਘੋਲੀਆ ਨੇ 7-8 ਬੰਦੇ ਮਿਲਾਏ ਅਤੇ ਹੋਰ ਮਿਲਾਉਣ ਲਈ ਅਗਲੇ ਸਟੇਸ਼ਨ ਵਲ ਚਾਲੇ ਪਏ। ਗੱਡੀ ਦਾ ਕੋਈ ਵੇਲਾ ਨਹੀਂ ਸੀ, ਇਸ ਲਈ ਉਹ ਪੈਦਲ ਹੀ 14-15 ਮੀਲ ਤੁਰ ਕੇ ਅਗਲੇ ਸਟੇਸ਼ਨ 'ਤੇ ਪਹੁੰਚ ਗਏ। ਉਥੇ ਵੀ 10 ਕੁ ਹਿੰਦੋਸਤਾਨੀ ਸਨ ਜਿਨ੍ਹਾਂ ਨਾਲ ਸ਼ਾਮ ਨੂੰ ਮੀਟਿੰਗ ਕੀਤੀ। ਇਥੋਂ ਅਗਲਾ ਸਟੇਸ਼ਨ 15 ਕੁ ਕਿਲੋਮੀਟਰ 'ਤੇ ਸੀ ਅਤੇ ਉਥੇ ਵੀ 30-35 ਹਿੰਦੋਸਤਾਨੀ ਕੰਮ ਕਰਦੇ ਸਨ। ਬਚਨ ਸਿੰਘ ਨੇ ਇਨ੍ਹਾਂ ਸਾਰਿਆਂ ਨੂੰ ਗਦਰ ਲਹਿਰ ਬਾਰੇ ਗੱਲ ਸਮਝਾ ਕੇ ਫੰਡ ਦੇਣ ਲਈ ਅਰਜ਼ ਕੀਤੀ। ਸਾਰਿਆਂ ਨੇ ਪੰਜ, ਦਸ ਜਾਂ ਜਿੰਨੇ ਵੀ ਕਿਸੇ ਤੋਂ ਸਰੇ, ਪੈਸੇ ਦਿੱਤੇ। ਬਚਨ ਸਿੰਘ ਨੇ 18 ਡਾਲਰ ਦੀ ਸਹਾਇਤਾ ਕੀਤੀ। ਰਤਨ ਸਿੰਘ ਨੇ ਵਾਪਸ ਆ ਕੇ ਸਾਰੀ ਰਿਪੋਰਟ ਬਾਬਾ ਬਿਲਗਾ ਨੂੰ ਦਿੱਤੀ। ਉਸ ਨੇ ਕੈਲੀਫੋਰਨੀਆ ਵਿਚ ਤੇਜਾ ਸਿੰਘ ਸੁਤੰਤਰ ਨੂੰ ਪਹੁੰਚਾ ਦਿੱਤੀ ਜਿਸ ਵਿਚ ਬਚਨ ਸਿੰਘ ਘੋਲੀਆ ਦੇ ਸਹਿਯੋਗ ਦਾ ਖਾਸ ਜ਼ਿਕਰ ਕੀਤਾ ਅਤੇ ਤਸੱਲੀ ਦਿੱਤੀ ਕਿ ਅਰਜਨਟੀਨਾ ਵਿਚ ਗਦਰ ਪਾਰਟੀ ਬਣ ਸਕਦੀ ਹੈ। ਸੁਤੰਤਰ ਨੇ ਬਚਨ ਸਿੰਘ ਨੂੰ 'ਗਦਰ ਗੂੰਜ' ਅਖਬਾਰ ਲਗਾਤਾਰ ਭੇਜਣਾ ਸ਼ੁਰੂ ਕਰ ਦਿੱਤਾ। ਉਹ ਅਖਬਾਰ ਨੂੰ ਅਰਜਨਟੀਨਾ ਦੇ ਸਾਰੇ ਮੈਂਬਰਾਂ ਨੂੰ ਪੜ੍ਹਾਉਂਦਾ। ਇਸ ਵਿਚ ਬਹੁਤ ਜੋਸ਼ੀਲੀਆਂ ਕਵਿਤਾਵਾਂ ਹੁੰਦੀਆਂ ਜਿਨ੍ਹਾਂ ਨੂੰ ਪੜ੍ਹ ਕੇ ਸਾਰਿਆਂ ਦਾ ਖੂਨ ਖੌਲਣ ਲੱਗ ਪੈਂਦਾ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਜਜ਼ਬਾ ਠਾਠਾਂ ਮਾਰਦਾ।

***(ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ' ਵਿਚੋਂ)***

# ਗਾਇਕੀ ਦਾ ਸ਼ਾਹ ਅਸਵਾਰ ਜਗਜੀਤ ਜ਼ੀਰਵੀ

*(ਸਫਾ 28 ਦੀ ਬਾਕੀ)*

ਮਸੀਹਾ ਵੇਖਿਆ ਬਿਮਾਰ ਤੇਰੇ ਸ਼ਹਿਰ ਦਾ' ਗਾਉਂਦਾ-ਗਾਉਂਦਾ ਜ਼ੀਰਵੀ ਗੀਤ ਨਾਲ ਗੀਤ ਹੋ ਜਾਂਦਾ। 'ਤੂੰ ਵਿਦਾ ਹੋਇਓਂ ਮੇਰੇ ਦਿਲ 'ਤੇ ਉਦਾਸੀ ਛਾ ਗਈ' ਵੇਲੇ ਤਾਂ ਜਿਵੇਂ ਸ਼ਿਵ ਹੀ ਹੋ ਜਾਂਦਾ। ਆਪਣੀ ਸੱਤ ਸਮੁੰਦਰ ਪਾਰ ਜਾ ਵੱਸੀ ਮਹਿਬੂਬ ਨੂੰ ਆਵਾਜ਼ਾਂ ਮਾਰਦਾ। ਵਕਤ ਰੁਕ ਜਾਂਦਾ। ਹਵਾ ਜਿਵੇਂ ਸਿਸਕੀਆਂ ਭਰਨ ਲੱਗਦੀ। ਉਹ ਸ਼ਿਵ ਦੇ ਗੀਤਾਂ ਦੀ ਰੂਹ 'ਚ ਉਤਰ ਜਾਂਦਾ। 'ਇੱਕ ਕੁੜੀ ਜੀਹਦਾ ਨਾਮ ਮੁਹੱਬਤ' ਜਿੱਥੇ ਸ਼ਿਵ ਦੀ ਸ਼ਾਇਰੀ ਦਾ ਸਿਖਰ ਹੈ, ਉਥੇ ਜ਼ੀਰਵੀ ਦੇ ਗਾਇਨ ਦਾ ਵੀ ਸਿਖਰ ਹੋ ਨਿਬੜਿਆ। ਮਹਿੰਦਰ ਕਪੂਰ ਜਿਹਾ ਮਹਾਨ ਫਨਕਾਰ ਬੜੇ ਮੋਹ ਨਾਲ ਆਖਦਾ, "ਜਿਸ ਤਰ੍ਹਾਂ ਸ਼ਿਵ ਨੂੰ ਜਗਜੀਤ ਜ਼ੀਰਵੀ ਨੇ ਗਾਇਆ ਹੈ, ਹੋਰ ਕੋਈ ਨਹੀਂ ਗਾ ਸਕਦਾ।" ਜਗਜੀਤ ਆਪ ਵੀ ਕਦੇ-ਕਦਾਂ ਆਖਦਾ, "ਮੇਰਾ ਤਾਂ ਜਨਮ ਹੀ ਸ਼ਿਵ ਨੂੰ ਗਾਉਣ ਲਈ ਹੋਇਆ ਹੈ।" ਜ਼ੀਰਵੀ ਨੂੰ ਸ਼ਿਵ ਕੁਮਾਰ ਲਗਭਗ ਸਾਰਾ ਯਾਦ ਸੀ।

ਉਰਦੂ ਸ਼ਾਇਰੀ ਨੂੰ ਲੈ ਕੇ ਜਗਜੀਤ ਜ਼ੀਰਵੀ ਦੇ ਅੰਦਰ ਕੋਈ ਸ਼ੁਦਾਅ ਸੀ। ਉਰਦੂ ਸ਼ਾਇਰੀ ਗਾਉਣ ਲਈ ਹੀ ਉਸ ਨੇ ਫਾਰਸੀ ਤੇ ਉਰਦੂ ਭਾਸ਼ਾਵਾਂ ਸਿੱਖੀਆਂ। ਮਿਰਜ਼ਾ ਗਾਲਿਬ ਤੋਂ ਲੈ ਕੇ ਸਾਹਿਰ ਲੁਧਿਆਣਵੀ ਤੱਕ ਲਗਭਗ ਸਾਰੇ ਵੱਡੇ ਤੇ ਮਹਾਨ ਸ਼ਾਇਰਾਂ ਨੂੰ ਗਾਇਆ। ਉਹ ਮਾਂ ਬੋਲੀ ਦੇ ਵਧੀਆ ਸ਼ਾਇਰਾਂ ਨੂੰ ਵੀ ਬੇਪਨਾਹ ਮੁਹੱਬਤ ਕਰਦਾ ਸੀ। ਗੁਰਚਰਨ ਰਾਮਪੁਰੀ, ਦੀਪਕ ਜੈਤੋਈ ਜਿਹੇ ਬਾਬਿਆਂ ਤੋਂ ਲੈ ਕੇ ਨਵੇਂ ਸ਼ਾਇਰਾਂ ਤੱਕ, ਉਹ ਸਭ ਨੂੰ ਪੜ੍ਹਦਾ ਤੇ ਉਨ੍ਹਾਂ ਦੀ ਸ਼ਾਇਰੀ ਨੂੰ ਆਪਣੀ ਆਵਾਜ਼ ਦਿੰਦਾ ਰਿਹਾ। ਪੰਜਾਬੀ ਦੇ ਅਲਬੇਲੇ ਸ਼ਾਇਰ ਸੋਹਣ ਸਿੰਘ ਮੀਸ਼ਾ ਦਾ ਉਹ ਗੂੜ੍ਹਾ ਯਾਰ ਸੀ। ਜਗਜੀਤ ਜ਼ੀਰਵੀ ਨੇ ਮੀਸ਼ੇ ਦੀਆਂ ਚਰਚਿਤ ਰਚਨਾਵਾਂ 'ਮੈਂ ਤੇਰੇ ਪਿਆਰ ਦੇ ਪੱਤਰ ਅਜੇ ਤੱਕ ਸਾਂਭ ਰੱਖੇ ਨੇ', 'ਅੱਧੀ ਰਾਤ ਪਹਿਰ ਦੇ ਤੜਕੇ, ਅੱਖਾਂ ਦੇ ਵਿੱਚ ਨੀਂਦਰ ਰੜਕੇ', 'ਸ਼ਾਮ ਦੀ ਨਾ ਸਵੇਰ ਦੀ ਗੱਲ ਹੈ, ਵਕਤ ਦੇ ਹੇਰ ਫੇਰ ਦੀ ਗੱਲ ਹੈ' ਅਤੇ ਬੇਹੱਦ ਚਰਚਿਤ ਹੋਈ ਗਜ਼ਲ 'ਝਿਜਕਦਾ ਮੈਂ ਵੀ ਰਿਹਾ, ਉਹ ਵੀ ਬਹੁਤ ਸੰਗਦੇ ਰਹੇ, ਇਸ ਤਰ੍ਹਾਂ ਇੱਕ ਦੂਸਰੇ ਦੀ, ਖੈਰ ਸੁੱਖ ਮੰਗਦੇ ਰਹੇ' ਗਾ ਕੇ ਮੀਸ਼ੇ ਨੂੰ ਅਮਰ ਕਰ ਦਿੱਤਾ ਹੈ।

ਜਗਜੀਤ ਜ਼ੀਰਵੀ ਗਜ਼ਲ ਗਾਇਨ ਦਾ ਬੇਤਾਜ਼ ਬਾਦਸ਼ਾਹ ਸੀ। ਉਹ ਜ਼ੀਰੇ ਵਰਗੇ ਪਛੜੇ ਮੰਨੇ ਜਾਂਦੇ ਇਲਾਕੇ ਵਿਚੋਂ ਉੱਠ ਕੇ ਗਾਇਕੀ ਦੇ ਬੜੇ ਉੱਚੇ ਮੁਕਾਮ 'ਤੇ ਪਹੁੰਚਿਆ। ਉਹ ਦੇਸ਼ ਦੇਸ਼ਾਂਤਰ ਘੁੰਮਿਆ। ਬਰਕਲੇ ਵਰਗੀਆਂ ਉੱਚ ਕੋਟੀ ਦੀਆਂ ਯੂਨੀਵਰਸਿਟੀਆਂ ਵਿਚ ਗਾਇਆ। ਉਸ ਦੀ ਆਪਣੀ ਵਿਲੱਖਣ ਸ਼ੈਲੀ ਸੀ। ਉਹ ਕਿਸੇ ਹੋਰ ਦੇ ਬਣਾਏ ਰਾਹਾਂ 'ਤੇ ਨਹੀਂ ਤੁਰਿਆ। ਉਹ ਬਾਜ਼ਾਰੂ ਗਾਇਕੀ ਦੇ ਰਾਹ ਨਹੀਂ ਪਿਆ। ਉਹ 'ਚੱਕਲੋ ਧਰਲੋ' ਵਾਲੀ ਗਾਇਕੀ ਤੋਂ ਕੋਹਾਂ ਦੂਰ ਰਿਹਾ। ਉਸ ਦੀ ਗਾਇਕੀ ਵਿਚ ਸਿਰੇ ਦੀ ਸੂਖਮਤਾ ਸੀ। ਕੁਦਰਤ ਨੇ ਉਸ ਨੂੰ ਬੇਹੱਦ ਸੁਰੀਲਾ ਕੰਠ ਬਖਸ਼ਿਆ ਸੀ ਜਿਸ ਨੂੰ ਉਸ ਨੇ ਰਿਆਜ਼ ਨਾਲ ਹੋਰ ਵੱਧ ਰਸੀਲਾ ਬਣਾ ਲਿਆ। ਇਕਹਿਰੇ ਸਰੀਰ ਵਾਲਾ ਜਗਜੀਤ ਜ਼ੀਰਵੀ ਆਪ ਵੀ ਹਮੇਸ਼ਾ ਸੁਰ ਵਿਚ ਰਹਿੰਦਾ ਸੀ ਤੇ ਆਪਣੀ ਗਾਇਕੀ ਵੀ ਸੁਰ ਵਿਚ ਰੱਖਦਾ ਸੀ। ਜਗਜੀਤ ਜ਼ੀਰਵੀ ਬੇਸ਼ੱਕ ਸਰੀਰਿਕ ਤੌਰ 'ਤੇ ਚਲਾ ਗਿਆ ਹੈ ਪਰ ਉਸ ਦੀ ਰੁਹਦਾਰੀ ਵਾਲੀ ਗਾਇਕੀ ਤੇ ਸੋਜ਼ ਭਰੀ ਆਵਾਜ਼ ਲੰਮੇ ਸਮੇਂ ਤੱਕ ਹਵਾ 'ਚ ਲਰਜ਼ਦੀ ਰਹੇਗੀ।

# ਪੰਜਾਬੀ ਖੇਡ ਸਾਹਿਤ ਦਾ ਪਹਿਲਾ ਪੀਐਚ.ਡੀ. ਡਾ. ਚਹਿਲ

ਪੰਜਾਬੀ ਖੇਡ ਸਾਹਿਤ 32



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਸੁਖਦਰਸ਼ਨ ਸਿੰਘ ਚਹਿਲ ਪਹਿਲਾ ਰਿਸਰਚ ਸਕਾਲਰ ਹੈ, ਜਿਸ ਨੇ ਪੰਜਾਬੀ ਖੇਡ ਸਾਹਿਤ 'ਤੇ ਪੀਐਚ.ਡੀ. ਕੀਤੀ ਹੈ। ਹੁਣ ਤਾਂ ਹੋਰ ਵੀ ਕਈ ਸਕਾਲਰ ਇਸ ਖੇਤਰ ਵਿਚ ਐਮਫਿੱਲ ਤੇ ਪੀਐਚ.ਡੀ. ਕਰ ਰਹੇ ਹਨ। ਡਾ. ਚਹਿਲ ਦੇ ਥੀਸਿਸ ਦਾ ਟਾਈਟਲ 'ਪੰਜਾਬੀ ਖੇਡ ਸਾਹਿਤ: ਇਕ ਸਾਹਿਤਕ ਵਿਸ਼ਲੇਸ਼ਣ' ਹੈ। 2005 ਵਿਚ ਖੋਜ ਸ਼ੁਰੂ ਕਰਦਿਆਂ ਉਹ ਮੇਰੇ ਨਾਲ ਇੰਟਰਵਿਊ ਕਰਨ ਮੁਕੰਦਪੁਰ ਆਇਆ ਤਾਂ ਮੇਰਾ ਸਿਆਣੂ ਹੋ ਗਿਆ। ਫਿਰ ਉਹ ਫੋਨ ਕਰਦਾ ਰਹਿੰਦਾ ਤੇ ਖੇਡ ਪੁਸਤਕਾਂ ਬਾਰੇ ਪੁੱਛਦਾ ਰਹਿੰਦਾ। ਉਹ ਮਿਹਨਤੀ ਤੇ ਸਿਰੜੀ ਹੋਣ ਕਰਕੇ ਡਾ. ਰਾਜਿੰਦਰਪਾਲ ਸਿੰਘ ਬਰਾੜ ਦੀ ਨਿਗਰਾਨੀ ਹੇਠ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡੇਢ ਸਾਲ 'ਚ ਹੀ ਪੀਐਚ.ਡੀ. ਦੀ ਡਿਗਰੀ ਹਾਸਲ ਕਰ ਗਿਆ। ਮੈਨੂੰ ਖੁਸ਼ੀ ਹੋਈ ਕਿ ਜਿਨ੍ਹਾਂ ਖੇਡ ਰਚਨਾਵਾਂ ਨੂੰ ਕੁਝ ਆਲੋਚਕ ਸਾਹਿਤ ਨਹੀਂ ਸਨ ਮੰਨਦੇ, ਉਨ੍ਹਾਂ ਉਤੇ ਸਭ ਤੋਂ ਉੱਚੀ ਪੀਐਚ.ਡੀ. ਦੀ ਡਿਗਰੀ ਮਿਲਣੀ ਸ਼ੁਰੂ ਹੋ ਗਈ ਹੈ।

ਡਾ. ਚਹਿਲ ਦੇ ਵਿਸ਼ਲੇਸ਼ਣ ਅਨੁਸਾਰ ਖੇਡ ਸਾਹਿਤ, ਸਾਹਿਤ ਦੀ ਉਹ ਵੰਨਗੀ ਹੈ, ਜਿਸ ਦਾ ਸਮੁੱਚਾ ਤਾਣਾ-ਬਾਣਾ ਖਿਡਾਰੀਆਂ, ਖੇਡਾਂ ਤੇ ਇਨ੍ਹਾਂ ਨਾਲ ਜੁੜੇ ਵੱਖ-ਵੱਖ ਪਹਿਲੂਆਂ ਨੂੰ ਆਧਾਰ ਬਣਾ ਕੇ ਬੁਣਿਆ ਜਾਂਦਾ ਹੈ। ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਖੇਡ ਸਾਹਿਤ ਦਾ ਵਿਸ਼ਾ-ਵਸਤੂ ਖਿਡਾਰੀਆਂ ਤੇ ਖੇਡਾਂ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ 'ਤੇ ਆਧਾਰਿਤ ਹੁੰਦਾ ਹੈ। ਇਨ੍ਹਾਂ ਵਿਚ ਖਿਡਾਰੀਆਂ ਦੀ ਮਹਾਨਤਾ ਦੇ ਪੱਧਰ ਤੱਕ ਪੁੱਜਣ ਤੋਂ ਪਹਿਲਾਂ ਕੀਤੀ ਗਈ ਸਖਤ ਮਿਹਨਤ ਤੇ ਜਿਨ੍ਹਾਂ ਲੋਕਾਂ ਨੇ ਕਿਸੇ ਖਿਡਾਰੀ ਨੂੰ ਜਿੱਤ-ਮੰਚ ਤੱਕ ਪਹੁੰਚਾਇਆ ਹੋਵੇ, ਉਨ੍ਹਾਂ ਦੇ ਪਾਏ ਯੋਗਦਾਨ ਦੀ ਤਸਵੀਰ ਹੂ-ਬ-ਹੂ ਮਿਲਦੀ ਹੈ। ਖੇਡ ਸਾਹਿਤ ਖਿਡਾਰੀਆਂ ਦੇ ਜੀਵਨ ਦੇ ਨਾਲ-ਨਾਲ ਉਨ੍ਹਾਂ ਦੀ ਜਨਮ-ਭੂਮੀ ਤੇ ਕਰਮ-ਭੂਮੀ ਦੀਆਂ ਸਮਕਾਲੀ ਪ੍ਰਸਥਿਤੀਆਂ ਬਾਰੇ ਵੀ ਬਾਖੂਬੀ ਚਾਨਣਾ ਪਾਉਂਦਾ ਹੈ। ਖੇਡ ਸਾਹਿਤ ਦੀਆਂ ਰੂਪ ਦੇ ਪੱਖ ਤੋਂ ਕੁਝ ਸੀਮਾਵਾਂ ਹਨ। ਕੁਝ ਸਮਾਂ ਪਹਿਲਾਂ ਖੇਡ ਸਾਹਿਤ ਜੀਵਨੀਆਂ, ਸਵੈ-ਜੀਵਨੀਆਂ, ਰੇਖਾ ਚਿੱਤਰਾਂ ਤੇ ਫੁਟਕਲ ਲੇਖਾਂ ਤੱਕ ਹੀ ਸੀਮਿਤ ਸੀ, ਜੋ ਸਮੇਂ ਨਾਲ ਅਜੋਕੇ ਦੌਰ ਵਿਚ ਖੇਡ ਵਾਰਤਾ, ਕਹਾਣੀਆਂ, ਕਵਿਤਾਵਾਂ, ਸ਼ਿਅਰਾਂ ਤੇ ਗੀਤ ਆਦਿ ਲਿਖਣ ਤਕ ਫੈਲ ਗਿਆ ਹੈ।

ਖੇਡ ਸਾਹਿਤ ਨਾਲ ਸਬੰਧਤ ਰਚਨਾਵਾਂ ਦਾ ਅਧਿਐਨ ਕਰਨ 'ਤੇ ਪਤਾ ਚਲਦਾ ਹੈ ਕਿ ਸਾਹਿਤ ਦੀਆਂ ਹੋਰਨਾਂ ਵਿਧਾਵਾਂ ਵਾਂਗ ਇਹ ਰਚਨਾਵਾਂ ਪਾਠਕਾਂ ਨੂੰ ਸੁਹਜ-ਸੁਆਦ ਤੇ ਪ੍ਰੇਰਨਾ ਦੇਣ ਦੇ ਯੋਗ ਤਾਂ ਹੁੰਦੀਆਂ ਹੀ ਹਨ, ਨਾਲ ਦੀ ਨਾਲ ਸਿਹਤਮੰਦ ਤੇ ਸਡੌਲ ਜੁੱਸਿਆਂ ਵਾਲੇ ਇਨਸਾਨ ਬਣਨ ਦੀ ਪ੍ਰੇਰਨਾ ਵੀ ਦਿੰਦੀਆਂ ਹਨ। ਇੰਜ ਇਨ੍ਹਾਂ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਆਧੁਨਿਕ ਸੰਚਾਰ ਸਾਧਨਾਂ ਰਾਹੀਂ ਜਿਸ ਤਰ੍ਹਾਂ ਖੇਡਾਂ ਘਰ-ਘਰ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ, ਉਸੇ ਤਰ੍ਹਾਂ ਖੇਡ ਸਾਹਿਤ ਦੀ ਮੰਗ ਵੀ ਵਧਣੀ ਸ਼ੁਰੂ ਹੋ ਗਈ ਹੈ। ਇਸ ਕਰਕੇ ਖਪਤ ਤੇ ਮੰਗ ਦੇ ਸਿਧਾਂਤ ਅਨੁਸਾਰ ਖੇਡ ਸਾਹਿਤ ਦੀਆਂ ਰਚਨਾਵਾਂ ਦੀ ਗਿਣਤੀ 'ਚ ਵਾਧਾ ਹੋਣਾ ਸੁਭਾਵਿਕ ਹੈ। ਸਾਹਿਤ ਦੀ ਇਸ ਵਿਧਾ ਦੇ ਪ੍ਰਫੁੱਲਤ ਹੋਣ ਨਾਲ ਜਿਥੇ ਆਮ ਪਾਠਕਾਂ ਨੂੰ ਨਰੋਏ ਬਣਨ ਦੀ ਤੇ ਖੇਡਾਂ 'ਚ ਹਿੱਸਾ ਲੈਣ ਦੀ ਪ੍ਰੇਰਨਾ ਮਿਲਦੀ ਹੈ, ਉਥੇ ਖਿਡਾਰੀਆਂ ਦੀ ਹੌਸਲਾ ਅਫਜਾਈ ਵੀ ਸਮੇਂ-ਸਮੇਂ ਸਿਰ ਹੁੰਦੀ ਰਹਿੰਦੀ ਹੈ। ਖੇਡ ਸਾਹਿਤ ਖਾਸ ਤੌਰ 'ਤੇ ਨੌਜਵਾਨ ਵਰਗ ਲਈ ਵਧੇਰੇ ਪ੍ਰੇਰਣਾਦਾਇਕ ਸਿੱਧ ਹੁੰਦਾ ਹੈ, ਕਿਉਂਕਿ ਮਹਾਨ ਖਿਡਾਰੀਆਂ ਦੀਆਂ ਜੀਵਨੀਆਂ ਤੇ ਰੇਖਾ ਚਿੱਤਰ ਪੜ੍ਹ ਕੇ ਉਨ੍ਹਾਂ 'ਚ ਵੀ ਮਹਾਨਤਾ ਦੀਆਂ ਬੁਲੰਦੀਆਂ ਛੂਹਣ ਦੀ ਰੀਝ ਪੈਦਾ ਹੁੰਦੀ ਹੈ। ਖੇਡ ਸਾਹਿਤ ਵਿਸ਼ਾ-ਵਸਤੂ ਪੱਖੋਂ ਹੋਰਨਾਂ ਸਾਹਿਤਕ ਵਿਧਾਵਾਂ ਨਾਲੋਂ ਵੱਖਰਾ ਹੁੰਦਾ ਹੈ। ਸਾਹਿਤ ਦੀਆਂ ਹੋਰਨਾਂ ਵਿਧਾਵਾਂ 'ਚ ਆਮ ਮਨੁੱਖੀ ਜੀਵਨ ਨੂੰ ਆਧਾਰ ਬਣਾ ਕੇ ਰਚਨਾਵਾਂ ਹੋਂਦ ਵਿਚ ਆਉਂਦੀਆਂ ਹਨ, ਜਦੋਂ ਕਿ ਖੇਡ ਸਾਹਿਤ ਦਾ ਵਿਸ਼ਾ ਮੁੱਖ ਤੌਰ 'ਤੇ ਖਿਡਾਰੀਆਂ, ਖੇਡ ਤੇ ਇਨ੍ਹਾਂ ਨਾਲ ਜੁੜੇ ਪਹਿਲੂਆਂ 'ਤੇ ਆਧਾਰਿਤ ਹੁੰਦਾ ਹੈ। ਜਿਥੇ ਸਾਹਿਤ ਦੀਆਂ ਹੋਰਨਾਂ ਵਿਧਾਵਾਂ 'ਚ ਕਲਪਨਾ ਦੀ ਬਹੁਤਾਤ ਹੁੰਦੀ ਹੈ, ਉਥੇ ਖੇਡ ਸਾਹਿਤ ਵਿਚ ਕਲਪਨਾ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਸੇ ਕਰਕੇ ਖੇਡ ਸਾਹਿਤ ਯਥਾਰਥ ਦੇ ਵਧੇਰੇ ਨੇੜੇ ਹੁੰਦਾ ਹੈ, ਕਿਉਂਕਿ ਇਸ ਦੇ ਪਾਤਰਾਂ ਨਾਲ ਸਬੰਧਤ ਘਟਨਾਵਾਂ ਹਕੀਕੀ ਰੂਪ ਵਿਚ ਵਾਪਰਦੀਆਂ ਹਨ। ਇਉਂ ਖੇਡ ਸਾਹਿਤ ਵਧੇਰੇ ਯਥਾਰਥਕ ਤੇ ਤਰਕਮਈ ਹੁੰਦਾ ਹੈ।

ਸੁਖਦਰਸ਼ਨ ਚਹਿਲ ਦਾ ਜਨਮ ਅਧਿਆਪਕ ਜੋੜੀ ਮਾਸਟਰ ਗੁਰਬਚਨ ਸਿੰਘ ਤੇ ਸ਼੍ਰੀਮਤੀ ਗੁਰਮੇਲ ਕੌਰ ਦੇ ਘਰ ਪਿੰਡ ਆਲਮਪੁਰ ਮੰਦਰਾਂ, ਜਿਲਾ ਮਾਨਸਾ ਵਿਚ ਹੋਇਆ। ਪੜ੍ਹਾਈ ਕਰਨ ਦੇ ਮਾਮਲੇ 'ਚ ਉਹਦਾ ਸਫਰ ਬੇਤਰਤੀਬਾ ਹੀ ਰਿਹਾ। ਪਿੰਡੋਂ ਮੈਟ੍ਰਿਕ ਕਰਨ ਪਿੱਛੋਂ ਉਸ ਨੇ ਅਧਿਆਪਕ ਮਾਪਿਆਂ ਦੀ ਇੱਛਾ ਅਨੁਸਾਰ ਥਾਪਰ ਪਾਲੀਟੈਕਨਿਕ ਪਟਿਆਲਾ ਤੋਂ ਡਿਪਲੋਮਾ ਇਨ ਸਿਵਲ ਇੰਜੀਨੀਅਰਿੰਗ ਕੀਤਾ। ਮੁੜ ਕੇ ਪ੍ਰੀਤ ਕਾਲਜ ਬੁਢਲਾਡਾ ਤੋਂ ਗਿਆਨੀ ਨਾਲ ਬੀ. ਏ. ਕੀਤੀ। ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੈਚੂਲਰ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਹਾਸਲ ਕਰ ਕੇ ਗੁਰੂ ਜੰਬੇਸ਼ਵਰ ਯੂਨੀਵਰਸਿਟੀ ਹਿਸਾਰ ਤੋਂ ਮਾਸਟਰ ਇਨ ਮਾਸ ਕਮਿਊਨੀਕੇਸ਼ਨ ਕਰਨ ਚਲਾ ਗਿਆ। ਮੁੜ ਕੇ ਜੇ. ਬੀ. ਟੀ. ਸਕੂਲ ਬੁਢਲਾਡਾ ਤੋਂ ਈ. ਟੀ. ਟੀ. ਕਰ ਕੇ ਉਸ ਨੂੰ 1997 ਵਿਚ ਪ੍ਰਾਇਮਰੀ ਸਕੂਲ ਅਧਿਆਪਕ ਦੀ ਨੌਕਰੀ ਮਿਲ ਗਈ। ਆਖਰ ਬੀ.ਐੱਡ ਕਰ ਕੇ ਉਹ ਐਸ. ਐਸ. ਮਾਸਟਰ ਬਣ ਗਿਆ। ਨੌਕਰੀ ਦੌਰਾਨ ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ. ਏ. ਕੀਤੀ। ਫਿਰ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਖੇ ਪੀਐਚ.ਡੀ. ਕਰਨ ਲਈ 2005 'ਚ ਦਰਖਾਸਤ ਦੇ ਦਿੱਤੀ ਤਾਂ ਉਸ ਵੇਲੇ ਪੰਜਾਬੀ ਵਿਭਾਗ ਦੀ ਮੁਖੀ ਡਾ. ਬਲਵਿੰਦਰ ਕੌਰ ਬਰਾੜ ਨੇ ਉਹਦੀ ਬਾਂਹ ਡਾ. ਰਾਜਿੰਦਰਪਾਲ ਸਿੰਘ ਬਰਾੜ ਨੂੰ ਫੜਾ ਦਿੱਤੀ। ਪੀਐਚ.ਡੀ. ਦੇ ਖੋਜ ਕਾਰਜ ਦੌਰਾਨ ਹੀ ਉਸ ਨੇ ਇੰਡੋ-ਪਾਕਿ ਪੰਜਾਬ ਖੇਡਾਂ 'ਤੇ ਆਧਾਰਿਤ ਆਪਣੀ ਪਹਿਲੀ ਪੁਸਤਕ 'ਜਦ ਖੇਡੇ ਪੰਜੇ ਆਬ' ਦੀ ਰਚਨਾ ਕੀਤੀ। 2006 'ਚ ਉਸ ਨੇ ਪੀਐਚ. ਡੀ. ਦੀ ਡਿਗਰੀ ਹਾਸਲ ਕਰ ਲਈ। ਨਾਲ ਦੀ ਨਾਲ ਉਹ ਅਖਬਾਰਾਂ ਲਈ ਖੇਡ ਪੱਤਰਕਾਰੀ ਵੀ ਕਰਦਾ ਰਿਹਾ।

ਬਹੁਤ ਬੰਦੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਹੁੰਦੇ ਹਨ। ਇਸੇ ਤਰ੍ਹਾਂ ਦੇ ਬੰਦਿਆਂ 'ਚ ਡਾ. ਸੁਖਦਰਸ਼ਨ ਸਿੰਘ ਚਹਿਲ ਦਾ ਸ਼ੁਮਾਰ ਹੁੰਦਾ ਹੈ, ਜੋ ਖੇਡ ਲੇਖਕ, ਪੱਤਰਕਾਰ, ਕੁਮੈਂਟੇਟਰ, ਨਾਟਕਕਾਰ ਤੇ ਅਧਿਆਪਕ ਵਜੋਂ ਸਰਗਰਮ ਹੈ। ਉਹ 10 ਖੇਡ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁਕਾ ਹੈ। ਕਰੋੜਾਂ ਦੀ ਕਬੱਡੀ, ਚੱਕ ਦੇ ਕਬੱਡੀ, ਕਬੱਡੀ ਦੀ ਆਲਮੀ ਹੈਟ੍ਰਿਕ, ਰੰਗਲੀ ਕਬੱਡੀ, ਜੱਗ ਜੇਤੂ ਕਬੱਡੀ ਖਿਡਾਰੀ, ਕਬੱਡੀ ਦੀ ਧਮਾਲ, ਕਬੱਡੀ ਦੀ ਬੱਲੇ-ਬੱਲੇ ਅਤੇ ਵਾਹ ਕਬੱਡੀ ਤੋਂ ਬਾਅਦ 2019 ਵਿਚ ਉਸ ਦੀ ਪੁਸਤਕ 'ਗੁਰੂ ਚਰਨਾਂ 'ਚ ਕਬੱਡੀ ਦਾ ਸਿਜਦਾ' ਛਪੀ ਹੈ।

ਡਾ. ਰਾਜਿੰਦਰਪਾਲ ਸਿੰਘ ਬਰਾੜ ਦੀ ਪ੍ਰੇਰਨਾ ਨਾਲ ਹੀ ਸੁਖਦਰਸ਼ਨ ਚਹਿਲ ਨੇ ਅਖਬਾਰੀ ਲੇਖ ਲਿਖ ਕੇ ਖੇਡ ਸਾਹਿਤ ਵੱਲ ਮੋੜ ਕੱਟਿਆ ਸੀ। ਉਹ ਓਲੰਪਿਕ, ਰਾਸ਼ਟਰਮੰਡਲ, ਵਿਸ਼ਵ ਸੈਨਿਕ ਖੇਡਾਂ, ਹਾਕੀ ਵਿਸ਼ਵ ਕੱਪ ਤੇ ਚੈਂਪੀਅਨਜ਼ ਟਰਾਫੀਆਂ ਅਤੇ ਕਬੱਡੀ ਵਿਸ਼ਵ ਕੱਪਾਂ ਸਮੇਤ ਦੋ ਦਰਜਨ ਦੇ ਕਰੀਬ ਕੌਮਾਂਤਰੀ ਖੇਡ ਮੇਲਿਆਂ ਦੀਆਂ ਰਿਪੋਰਟਾਂ ਲਿਖ ਚੁੱਕੈ। ਸਕੂਲੀ ਵਿਦਿਆਰਥੀਆਂ 'ਚ ਛੁਪੀ ਨਾਟਕੀ ਅਦਾਕਾਰੀ ਨੂੰ ਨਿਖਾਰਨ ਲਈ ਵੀ ਉਹ ਕਾਫੀ ਸਮਾਂ ਦਿੰਦਾ ਆ ਰਿਹੈ। ਉਸ ਨੇ ਪਹਿਲਾ ਨੁੱਕੜ ਨਾਟਕ 'ਅਸੀਂ ਸਭ ਦੋਸ਼ੀ ਹਾਂ' ਲਿਖਿਆ। ਫਿਰ 'ਮੇਰਾ ਘਰ ਕਿਹੜਾ', 'ਮੇਰੀ ਅਵਾਜ਼ ਸੁਣੋ' ਤੇ 'ਮੈਂ ਨਹੀਂ ਜਾਣਾ ਪ੍ਰਦੇਸ' ਦੀ ਰਚਨਾ ਕੀਤੀ। ਮਲਟੀਪਰਪਜ਼ ਸਕੂਲ ਦੇ ਵਿਦਿਆਰਥੀਆਂ ਦੀ ਟੀਮ ਬਣਾ ਕੇ ਇਨ੍ਹਾਂ ਨਾਟਕਾਂ ਦੇ ਸੌ ਤੋਂ ਵਧੇਰੇ ਸ਼ੋਅ ਕੀਤੇ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਉਹ ਸਚਿੱਤਰ ਮੈਗਜ਼ੀਨ 'ਚੱਕ ਦੇ ਕਬੱਡੀ' ਦੇ ਵੀ ਸਾਲ 'ਚ ਤਿੰਨ ਅੰਕ ਕੱਢੀ ਜਾ ਰਿਹੈ।

ਉਹਦੀ ਪਹਿਲੀ ਪੁਸਤਕ ਭਾਰਤ-ਪਾਕਿ ਪੰਜਾਬ ਖੇਡਾਂ 2004 ਬਾਰੇ 2005 ਵਿਚ ਛਪੀ ਸੀ, ਜਿਸ ਦਾ ਨਾਂ 'ਜਦੋਂ ਖੇਡੇ ਪੰਜੇ ਆਬ' ਰੱਖਿਆ ਗਿਆ। ਉਸ ਦੀ ਭੂਮਿਕਾ ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਲਿਖੀ: ਖੇਡਾਂ ਦਾ ਇਤਿਹਾਸ ਮਨੁੱਖੀ ਸਭਿਅਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਆਦਿ ਮਾਨਵ ਕੁਦਰਤੀ ਆਫਤਾਂ ਦਾ ਟਾਕਰਾ ਕਰਨ ਲਈ, ਖੂੰਖਾਰ ਜੰਗਲੀ ਜਾਨਵਰਾਂ ਤੋਂ ਬਚਣ ਅਤੇ ਭੋਜਨ ਦੀ ਭਾਲ ਵਿਚ ਨਿਰੰਤਰ ਭੱਜਦਾ, ਨੱਠਦਾ, ਛਾਲਾਂ ਮਾਰਦਾ, ਹਮਲੇ ਕਰਦਾ ਤੇ ਜ਼ੋਰ-ਅਜ਼ਮਾਈ ਕਰਦਾ ਰਹਿੰਦਾ ਸੀ। ਹਰ ਸਫਲਤਾ ਉਸ ਨੂੰ ਖੁਸ਼ੀ ਬਖਸ਼ਦੀ ਸੀ; ਪਰ ਇਹ ਖੇਡ ਨਹੀਂ ਸੀ, ਜਿਊਣ-ਮਰਨ ਦਾ ਸੰਘਰਸ਼ ਸੀ। ਖੇਡ ਦੀ ਬਨਿਆਦ ਤੁਰੰਤ ਜੀਵਨ-ਮਰਨ ਦੇ ਸੰਘਰਸ਼ ਦੀ ਥਾਂਵੇਂ ਜੀਵਨ-ਮਰਨ ਦੀ ਤਿਆਰੀ ਨਾਲ ਰੱਖੀ ਜਾਂਦੀ ਹੈ। 'ਕੰਮ' ਜਾਂ 'ਲੋੜ' ਦਾ 'ਖੇਡ' ਜਾਂ 'ਸ਼ੌਕ' ਵਿਚ ਪਲਟਣਾ ਹੀ ਮਨੁੱਖੀ ਸਭਿਅਤਾ ਦੀ ਸਿਰਜਣਾ ਹੈ। ਭੋਜਨ ਦੀ ਭਾਲ ਵਿਚ ਦਰਿਆ ਪਾਰ ਕਰਨਾ ਜਾਂ ਸਮੁੰਦਰ ਵਿਚ ਉਤਰਨਾ ਲੋੜ ਹੈ, ਬਿਨਾ ਲੋੜ ਤੋਂ ਖੁਸ਼ੀ ਲਈ ਤੈਰਨਾ ਖੇਡ ਹੈ। ਭੁੱਖ ਦੇ ਸਤਾਇਆਂ ਦਾ ਹਿਰਨ ਮਾਰਨਾ ਜਾਂ ਸਫਰ ਲਈ ਘੋੜੇ ਦੀ ਸਵਾਰੀ ਕਰਨਾ ਲੋੜ ਹੈ, ਰੱਜ ਕੇ ਸ਼ਿਕਾਰ ਕਰਨਾ ਜਾਂ ਘੋੜਿਆਂ 'ਤੇ ਪੋਲੋ ਖੇਡਣੀ ਸ਼ੌਕ ਹੈ। ਦੂਸਰੇ ਕਬੀਲਿਆਂ ਹੱਥੋਂ ਭੋਜਨ ਬਚਾਉਣਾ ਜਾਂ ਖੋਹਣਾ ਮਜਬੂਰੀ ਹੈ, ਪਰ ਮਿਥ ਕੇ ਜ਼ੋਰ-ਅਜ਼ਮਾਈ ਕਰਨੀ ਖੇਡ ਹੈ। ਸਾਰੀਆਂ ਮੁਢਲੀਆਂ ਖੇਡਾਂ ਨੇ ਮਨੁੱਖ ਦੇ ਕੁਦਰਤ ਨਾਲ, ਜਾਨਵਰਾਂ ਨਾਲ ਜਾਂ ਦੂਸਰੇ ਮਨੁੱਖਾਂ ਨਾਲ ਸੰਘਰਸ਼ ਵਿਚੋਂ ਜਨਮ ਲਿਆ ਹੈ। ਇਸ ਪਿੱਛੇ ਮਨੁੱਖ ਦੇ ਅਰੰਭਿਕ ਪੜਾਅ ਦਾ ਅਭਿਆਸ ਜੁੜਿਆ ਹੋਇਆ ਹੈ। ਪਹਿਲਾਂ-ਪਹਿਲ ਨਿਸ਼ਾਨੇਬਾਜ਼ੀ ਅਸਲੀ ਸ਼ਿਕਾਰ ਦੀ ਤਿਆਰੀ ਲਈ ਕੀਤੀ ਜਾਂਦੀ ਸੀ। ਖੇਡਾਂ ਰਾਹੀਂ ਛੋਟਿਆਂ ਨੂੰ ਵੱਡੇ ਹੋ ਕੇ ਟੱਕਰਨ ਵਾਲੀਆਂ ਚੁਣੌਤੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ।

ਇੱਕੋ ਭੂਗੋਲਿਕ ਖਿੱਤੇ ਵਿਚ ਰਹਿਣ ਵਾਲੇ, ਇੱਕੋ ਨਸਲ ਦੇ, ਇੱਕੋ ਭਾਸ਼ਾ ਬੋਲਣ ਅਤੇ ਇੱਕੋ ਜਿਹਾ ਕੰਮ ਕਰਨ ਵਾਲਿਆਂ ਦੀਆਂ ਖੇਡਾਂ ਵੀ ਇੱਕੋ ਜਿਹੀਆਂ ਹੁੰਦੀਆਂ ਹਨ। ਖੇਡਾਂ ਦਾ ਭੂਗੋਲ ਅਤੇ ਕੰਮ ਹਾਲਤਾਂ ਨਾਲ ਨੇੜੇ ਦਾ ਸਬੰਧ ਹੁੰਦਾ ਹੈ। ਪੰਜ-ਆਬਾਂ ਦੀ ਮਿੱਟੀ ਵਿਚ ਜੰਮੇ ਜਾਇਆਂ ਦੇ ਖਾਬੋ-ਖਿਆਲ ਵਿਚ ਵੀ ਨਹੀਂ ਸੀ ਕਿ ਸਾਮਰਾਜ ਦੀ ਬਦਨੀਤੀ ਤੇ ਸੱਤਾ ਦੇ ਭੁੱਖਿਆਂ ਦੀ ਰਾਜਨੀਤੀ ਉਨ੍ਹਾਂ ਨੂੰ ਇਉਂ ਵੰਡ ਦੇਵੇਗੀ ਕਿ ਉਨ੍ਹਾਂ ਦਰਮਿਆਨ ਨਫਰਤ ਦੀ ਦੀਵਾਰ ਖੜ੍ਹੀ ਹੋ ਜਾਵੇਗੀ; ਪਰ ਸਮਾਂ ਬੜਾ ਬਲਵਾਨ ਹੈ ਤੇ ਪਰਿਵਰਤਨ ਕੁਦਰਤ ਦਾ ਨਿਯਮ ਹੈ। ਸਮੇਂ ਨੇ ਪਾਸਾ ਪਲਟਿਆ, ਦੋਹਾਂ ਦੇਸ਼ਾਂ ਦਰਮਿਆਨ ਸਾਂਝ ਦੀ ਹਵਾ ਰੁਮਕਣ ਲੱਗੀ ਤਾਂ ਸਭ ਤੋਂ ਵੱਧ ਖੁਸ਼ੀ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਨੂੰ ਹੋਈ। ਸਰਹੱਦ 'ਤੇ ਅਮਨ ਦੀਆਂ ਮੋਮਬੱਤੀਆਂ ਜਗਾਉਣ ਵਾਲਿਆਂ ਦੀਆਂ ਆਸਾਂ ਨੂੰ ਬੂਰ ਪਿਆ। ਕਲਾਕਾਰਾਂ ਤੇ ਖਿਡਾਰੀਆਂ ਦਾ ਆਦਾਨ-ਪ੍ਰਦਾਨ ਸੰਭਵ ਹੋਇਆ। ਸਿੱਟਾ ਪਹਿਲੀਆਂ ਪੰਜਾਬ ਖੇਡਾਂ ਵਜੋਂ ਨਿਕਲਿਆ। ਦੋਹਾਂ ਪੰਜਾਬਾਂ ਦੇ ਮੁੜ ਮਿਲਾਪ ਵਿਚ ਇਨ੍ਹਾਂ ਖੇਡਾਂ ਦਾ ਇਤਿਹਾਸਕ ਯੋਗਦਾਨ ਹੈ। ਹਥਲੀ ਪੁਸਤਕ 'ਜਦੋਂ ਖੇਡੇ ਪੰਜੇ ਆਬ' ਇਨ੍ਹਾਂ ਖੇਡਾਂ ਦਾ ਸ਼ਬਦ ਚਿੱਤਰ ਹੈ, ਜੋ ਇਤਿਹਾਸ ਵੀ ਹੈ ਅਤੇ ਇਤਿਹਾਸਕ ਪਲਾਂ ਦੀ ਅੱਖੀਂ ਦੇਖੀ ਗਵਾਹੀ ਵੀ ਤੇ ਆਪਣੀ ਖੇਡ ਸ਼ੈਲੀ ਤੇ ਸ਼ਬਦਾਵਲੀ ਕਾਰਨ ਕਲਾਤਮਿਕ ਦਸਤਾਵੇਜ਼ ਵੀ।

ਖਿਡਾਰੀਆਂ ਨੂੰ ਖੇਡ ਲਈ ਹੱਲਾਸ਼ੇਰੀ ਦੇਣ ਵਾਲੇ ਦਰਸ਼ਕਾਂ ਦੀ ਹੀ ਲੋੜ ਨਹੀਂ ਹੁੰਦੀ, ਸਗੋਂ ਉਨ੍ਹਾਂ ਦੀ ਖੇਡ ਦਾ ਮੁੱਲ ਹੀ ਦਰਸ਼ਕਾਂ ਦੀ ਪ੍ਰਵਾਨਗੀ 'ਤੇ ਟਿਕਿਆ ਹੁੰਦਾ ਹੈ। ਆਧੁਨਿਕ ਖੇਡਾਂ ਸਮੇਂ ਸਾਰੇ ਲੋਕ ਤਾਂ ਸਟੇਡੀਅਮ ਵਿਚ ਜਾ ਕੇ ਖੇਡਾਂ ਨਹੀਂ ਦੇਖ ਸਕਦੇ, ਬਹੁਗਿਣਤੀ ਟੈਲੀਵਿਜ਼ਨ ਉਪਰ ਖੇਡਾਂ ਦੇਖਦੀ ਹੈ, ਰੇਡੀਓ ਉਪਰ ਅੱਖੀਂ ਦੇਖਿਆ ਹਾਲ ਸੁਣਦੀ ਹੈ, ਖੇਡਾਂ ਦੀਆਂ ਖਬਰਾਂ ਸੁਣਦੀ-ਪੜ੍ਹਦੀ ਹੈ। ਪੰਜਾਬੀ ਵਿਚ ਖੇਡ-ਪੱਤਰਕਾਰੀ ਦਾ ਵੱਖਰਾ ਖੇਤਰ ਵਿਕਸਿਤ ਹੋ ਰਿਹਾ ਹੈ। ਸੁਖਦਰਸ਼ਨ ਸਿੰਘ ਚਹਿਲ ਇਸੇ ਖੇਤਰ ਦਾ ਖਿਡਾਰੀ ਹੈ। ਉਸ ਕੋਲ ਖੇਡ ਪੱਤਰਕਾਰੀ ਦਾ ਲੰਮਾ ਤਜ਼ਰਬਾ ਹੈ, ਇਸ ਪੁਸਤਕ ਰਾਹੀਂ ਉਹ ਖੇਡ ਪੱਤਰਕਾਰੀ ਦੇ ਨਾਲ-ਨਾਲ ਖੇਡ ਸਾਹਿਤ ਵਿਚ ਲੰਮੀ ਪੁਲਾਂਘ ਪੁੱਟ ਰਿਹਾ ਹੈ।

ਉਸ ਨੇ ਆਪਣੀ ਪੁਸਤਕ ਨੂੰ ਭਾਗਾਂ ਵਿਚ ਵੰਡਿਆ ਹੈ। ਪਹਿਲੇ ਅਧਿਆਏ 'ਪੰਜ ਪਾਣੀਆਂ ਦਾ ਖੇਡ ਵਿਰਸਾ' ਵਿਚ ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ, ਪੰਜਾਬੀਆਂ ਦੇ ਖੇਡ ਵਿਰਸੇ ਨੂੰ ਇਤਿਹਾਸਕ ਪੱਖੋਂ ਦੇਖਿਆ ਹੈ। ਦੂਜੇ ਅਧਿਆਏ 'ਪਟਿਆਲਾ ਰਿਆਸਤ ਦੀ ਖੇਡ ਵਿਰਾਸਤ' ਵਿਚ ਪਟਿਆਲਾ ਰਿਆਸਤ ਦੀ ਖੇਡਾਂ ਨੂੰ ਦੇਣ ਬਾਰੇ ਦੱਸਿਆ ਗਿਆ ਹੈ ਕਿ ਕਿਵੇਂ ਮਹਾਰਾਜਾ ਭੁਪਿੰਦਰ ਸਿੰਘ ਨੇ ਆਧੁਨਿਕ ਪੱਛਮੀ ਖੇਡਾਂ ਨੂੰ ਅਪਨਾਇਆ ਅਤੇ ਪ੍ਰਚੱਲਿਤ ਕੀਤਾ। ਤੀਜੇ ਅਧਿਆਏ 'ਸ਼ਾਹੀ ਰਿਆਸਤ ਦੀ ਖੇਡ ਸਿਆਸਤ' ਵਿਚ ਖੇਡ ਪ੍ਰਬੰਧਾਂ ਵਿਚ ਪਟਿਆਲਾ ਰਾਜ ਘਰਾਣੇ ਦੇ ਯੋਗਦਾਨ ਨੂੰ ਦਰਸਾਇਆ ਗਿਆ ਹੈ। ਅਗਲੇ ਅਧਿਆਏ 'ਕੋਰੀਅਨ ਮਿਲਾਪ ਦੇ ਦੀਵੇ 'ਚੋਂ ਲਈ ਲੋਅ' ਅਧੀਨ ਭਾਰਤ-ਪਾਕਿਸਤਾਨ ਵਾਂਗ ਹੀ ਵੰਡੇ ਹੋਏ ਉੱਤਰੀ ਤੇ ਦੱਖਣੀ ਕੋਰੀਆ ਵੱਲੋਂ ਏਸ਼ੀਅਨ ਖੇਡਾਂ ਸਮੇਂ ਆਪਣੇ ਮਤਭੇਦ ਭੁਲਾ ਕੇ ਇਕੱਠੇ ਖੇਡਣ ਖੇਡਣ ਤੋਂ ਪ੍ਰੇਰਨਾ ਲੈ ਕੇ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਸਕੱਤਰ ਜਨਰਲ ਰਾਜਾ ਰਣਧੀਰ ਸਿੰਘ ਤੇ ਪਾਕਿਸਤਾਨੀ ਓਲੰਪਿਕ ਐਸੋਸੀਏਸ਼ਨ ਦੇ ਸਕੱਤਰ ਜਨਰਲ ਮੁਹੰਮਦ ਲਤੀਫ ਭੱਟ ਦੇ ਲਏ ਸੁਫਨੇ ਦੀ ਗੱਲ ਕੀਤੀ ਗਈ ਹੈ। ਜੋ ਪੂਰਾ ਹੋਇਆ ਅਤੇ ਚੜ੍ਹਦਾ ਪੰਜਾਬ ਮੇਜ਼ਬਾਨ ਬਣਿਆ ਤੇ ਲਹਿੰਦਾ ਪੰਜਾਬ ਮਹਿਮਾਨ ਬਣ ਕੇ ਪਹੁੰਚਾ। ਅਗਲੇ ਅਧਿਆਏ 'ਲਾਹੌਰੋਂ ਆਈ ਅਮਨਜੋਤ' ਵਿਚ ਸਾਰਾ ਅੱਖੀਂ ਡਿੱਠਾ ਹਾਲ ਹੈ। 'ਜਦੋਂ ਮੁਹੱਬਤ ਦਾ ਜਾਮ ਛਲਕਿਆ' ਵਿਚ ਉਦਘਾਟਨੀ ਸਮਾਰੋਹ ਦਾ ਭਾਵਪੂਰਤ ਸ਼ਬਦਾਂ ਵਿਚ ਬਿਆਨ ਹੈ। 'ਜੋ ਅਮਨ ਦਾ ਦੂਤ ਬਣੇ' ਅਧਿਆਏ ਵਿਚ ਖਿਡਾਰੀਆਂ ਅਤੇ ਪ੍ਰਬੰਧਕਾਂ ਬਾਰੇ ਤੱਥਗਤ ਜਾਣਕਾਰੀ ਹੈ, ਜਿਸ ਨੇ ਭਵਿੱਖ ਵਿਚ ਖੇਡ ਇਤਿਹਾਸ ਬਣਨਾ ਹੈ।


'ਖੇਡ ਨਜ਼ਾਰੇ' ਅਧਿਆਏ ਵਿਚ ਸਾਰੀਆਂ ਖੇਡਾਂ ਦੇ ਮੁਕਾਬਲਿਆਂ ਦਾ ਅੱਖੀਂ ਡਿੱਠਾ ਹਾਲ ਦਰਜ ਹੈ। ਇਸੇ ਅਧਿਆਏ ਵਿਚ ਹੀ 'ਤਮਗਾ ਸੂਚੀ' ਹਰ ਖਿਡਾਰੀ ਪਾਠਕ ਨੂੰ ਪ੍ਰੇਰਨਾ ਦਿੰਦੀ ਹੈ। ਅਧਿਆਏ 'ਖੇਡਾਂ ਦੇ ਅੰਗ ਸੰਗ' ਤੇ 'ਅਣਕਿਆਸੇ ਜਲਵੇ' ਵਿਚ ਖੇਡ ਮੈਦਾਨਾਂ ਤੋਂ ਬਾਹਰ ਵਾਪਰੀਆਂ ਘਟਨਾਵਾਂ ਦੇ ਮਹੱਤਵਪੂਰਨ ਪਲਾਂ ਨੂੰ ਸ਼ਬਦੀ ਜਾਮਾ ਪਹਿਨਾਇਆ ਗਿਆ ਹੈ। 'ਉਦਾਸ ਘੜੀਆਂ', 'ਨੱਚਦੇ ਗਾਉਂਦੇ ਪੰਜ ਪਾਣੀ' ਤੇ 'ਮੋਹਭਿੱਜੀ ਸਲਾਮ' ਖੇਡਾਂ ਅਤੇ ਖੇਡਾਂ ਨਾਲ ਜੁੜੇ ਹਰ ਪਲ, ਹਰ ਘਟਨਾ ਨੂੰ ਪਕੜਨ ਦਾ ਖੂਬਸੂਰਤ ਯਤਨ ਹਨ। 'ਸਦੀਵੀ ਅਮਨ ਦੇ ਹੋਕੇ' ਨਾਲ ਖੇਡਾਂ ਮੁੱਕਦੀਆਂ ਹਨ ਤੇ ਇਸੇ ਹੋਕੇ ਨਾਲ ਹੀ ਪੁਸਤਕ ਮੁੱਕਦੀ ਹੈ। ਹਰੇਕ ਅਧਿਆਏ ਦਾ ਢੁਕਵਾਂ ਸਿਰਲੇਖ ਪੂਰੇ ਅਧਿਆਏ ਦੀ ਕਹਾਣੀ ਅੱਖਾਂ ਸਾਹਮਣੇ ਲਿਆਉਣ ਦੀ ਸਮਰੱਥਾ ਰੱਖਦਾ ਹੈ। ਪੂਰੀ ਪੁਸਤਕ ਦੇ ਅਧਿਆਏ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਪੂਰੀ ਰਚਨਾ ਇਕ ਕਹਾਣੀ ਵਾਂਗ ਅੱਗੇ ਵਧਦੀ ਹੈ। ਬਿਨਾ ਸ਼ੱਕ ਇਹ ਪੁਸਤਕ ਕੇਵਲ ਖੇਡ ਪ੍ਰੇਮੀਆਂ ਦੇ ਹੀ ਪੜ੍ਹਨ ਵਾਲੀ ਨਹੀਂ, ਸਗੋਂ ਚੜ੍ਹਦੇ-ਲਹਿੰਦੇ ਪੰਜਾਬ ਦੇ ਮੇਲ-ਮਿਲਾਪ ਨੂੰ ਵਧਦਾ ਫੁਲਦਾ ਵੇਖਣ ਦੇ ਹਰ ਚਾਹਵਾਨ ਲਈ ਪਿਆਰ ਦੀਆਂ ਘੜੀਆਂ ਦਾ ਸ਼ਬਦੀ ਤੋਹਫਾ ਹੈ। ਇਸ ਯਤਨ ਲਈ ਸੁਖਦਰਸ਼ਨ ਚਹਿਲ ਸ਼ਾਬਾਸ਼ ਦਾ ਹੱਕਦਾਰ ਹੈ।

ਸੁਖਦਰਸ਼ਨ ਚਹਿਲ ਨੇ ਲਿਖਿਆ: ਪੰਜ ਪਾਣੀਆਂ ਦੀ ਧਰਤੀ ਹਮੇਸ਼ਾ ਯੁੱਧਾਂ ਦਾ ਅਖਾੜਾ ਬਣੀ ਰਹੀ ਹੈ। ਦੁਨੀਆਂ ਦੇ ਕਿਸੇ ਵੀ ਕੋਨੇ 'ਚੋਂ ਕੋਈ ਵੀ ਧਾੜਵੀ ਹਿੰਦੁਸਤਾਨ 'ਤੇ ਹਮਲਾ ਕਰਦਾ ਤਾਂ ਉਸ ਲਈ ਪ੍ਰਵੇਸ਼ ਦੁਆਰ ਪੰਜ ਆਬ ਦੀ ਧਰਤੀ ਹੀ ਰਹੀ। ਇਸੇ ਕਰ ਕੇ ਇਸ ਧਰਤੀ ਦੇ ਜੰਮਪਲ ਸਦਾ ਧਾੜਵੀਆਂ ਨਾਲ ਜੂਝਦੇ ਰਹੇ। ਦਲੇਰੀ ਤੇ ਜੁਝਾਰੂਪਣ ਹਮੇਸ਼ਾ ਇਸ ਧਰਤੀ ਦੇ ਲੋਕਾਂ ਦੇ ਸੁਭਾਅ 'ਚ ਸ਼ਾਮਲ ਰਿਹਾ। ਚੜ੍ਹਦੀ ਕਲਾ, ਹਿੰਮਤ ਤੇ ਜ਼ਿੰਦਾਦਿਲੀ ਵਾਲੀ ਜ਼ਿੰਦਗੀ ਗੁਜ਼ਾਰਨ ਲਈ ਮਨੁੱਖ ਨੂੰ ਤੰਦਰੁਸਤ ਤੇ ਤਾਕਤਵਰ ਸਰੀਰ ਦੀ ਲੋੜ ਹੁੰਦੀ ਹੈ। ਇਸੇ ਕਰਕੇ ਪੰਜ ਆਬ ਦੇ ਜੰਮਪਲ ਲੋਕ ਚੰਗੀ ਖੁਰਾਕ ਖਾਣ ਤੇ ਵਰਜਿਸ਼ ਕਰਨ ਦੇ ਸ਼ੁਕੀਨ ਰਹੇ ਹਨ...। ਮੁੱਕਦੀ ਗੱਲ ਕਿ ਪੁਰਾਤਨ ਕਾਲ ਤੋਂ ਹੀ ਪੰਜਾਬ ਦੀ ਧਰਤੀ 'ਤੇ ਹੋਏ ਗੁਰੂਆਂ, ਪੀਰਾਂ, ਪੈਗੰਬਰਾਂ, ਰਾਜਿਆਂ, ਰਾਣਿਆਂ ਤੇ ਸ਼ਾਸ਼ਕਾਂ ਨੇ ਖੇਡਾਂ ਰਾਹੀਂ ਲੋਕਾਂ ਨੂੰ ਰਿਸ਼ਟ-ਪੁਸ਼ਟ ਤੇ ਸਡੌਲ ਜੁੱਸਿਆਂ ਵਾਲੇ ਬਣਾਉਣ, ਸਭਨਾਂ ਲੋਕਾਂ 'ਚ ਆਪਸੀ ਭਾਈਚਾਰਾ ਵਧਾਉਣ ਦੀ ਪਰੰਪਰਾ ਕਾਇਮ ਰੱਖੀ। ਇਸੇ ਕਰਕੇ ਖੇਡਾਂ ਪੰਜਾਬੀਆਂ ਦੇ ਜੀਵਨ ਦਾ ਅਟੁੱਟ ਅੰਗ ਰਹੀਆਂ ਹਨ।

2010 ਵਿਚ ਪੰਜਾਬ ਸਰਕਾਰ ਨੇ ਖੇਡ ਵਿਭਾਗ ਪੰਜਾਬ ਵੱਲੋਂ ਪਹਿਲਾ ਕਬੱਡੀ ਵਰਲਡ ਕੱਪ ਕਰਵਾਇਆ ਤਾਂ ਸਪੋਰਟਸ ਡਾਇਰੈਕਟਰ ਪਰਗਟ ਸਿੰਘ ਨੇ ਮੈਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਮੇਰੀ ਡਿਊਟੀ ਕੁਮੈਂਟਰੀ ਦੇ ਕੁਆਰਡੀਨੇਟਰ ਦੀ ਲੱਗੀ ਸੀ। ਕੁਮੈਂਟੇਟਰਾਂ ਵਿਚ

(ਬਾਕੀ ਅਗਲੇ ਸਫੇ 'ਤੇ)






ਡਾ. ਸੁਖਦਰਸ਼ਨ ਸਿੰਘ ਚਹਿਲ ਅਤੇ (ਸੱਜੇ) ਉਸ ਦੀ ਕਿਤਾਬ 'ਜਦੋਂ ਖੇਡੇ ਪੰਜੇ ਆਬ' ਦਾ ਮੁਖੜਾ

# ਚਿੱਠੀ-ਪੱਤਰ ਵਾਲੇ ਪ੍ਰੀਤ ਵਿਆਹਾਂ ਦਾ ਮਰਸੀਆ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਨਵੀਨ ਤਕਨਾਲੋਜੀ ਨੇ ਚਿੱਠੀ-ਪੱਤਰ ਪ੍ਰਣਾਲੀ ਦਾ ਭੋਗ ਪਾ ਦਿੱਤਾ ਹੈ। ਪਿਛਲੀ ਸਦੀ ਦੇ ਅੱਧ ਤੱਕ ਇਸ ਵਿਧਾ ਦਾ ਬੋਲਬਾਲਾ ਸੀ। ਮਿਰਜ਼ਾ ਗਾਲਿਬ ਦੇ ਕਾਲ ਵਿਚ ਤਾਂ ਇਨ੍ਹਾਂ ਦਾ ਮਹੱਤਵ ਏਨਾ ਸੀ ਕਿ ਉਸ ਦੀ ਖੱਤ-ਓ-ਕਿਤਾਬਤ ਉੱਤੇ ਖੋਜ ਪੱਤਰ ਲਿਖ ਕੇ ਅੱਜ ਦੇ ਵਿਦਿਆਰਥੀ ਡਾਕਟਰੇਟਾਂ ਕਰ ਰਹੇ ਹਨ।

ਕੋਵਿਡ-19 ਦੀ ਤਾਲਾਬੰਦੀ ਸਮੇਂ ਹੋਰ ਭਾਸ਼ਾਵਾਂ ਬਾਰੇ ਤਾਂ ਪਤਾ ਨਹੀਂ, ਪੰਜਾਬੀ ਵਿਚ ਦੋ ਪੁਸਤਕਾਂ ਅਜਿਹੀਆਂ ਪ੍ਰਕਾਸ਼ਿਤ ਹੋਈਆਂ ਹਨ, ਜਿਨ੍ਹਾਂ ਵਿਚ ਵਿਅਹੁਤਾ ਜੀਵਨ ਤੇ ਇਸ ਤੋਂ ਪਹਿਲਾਂ ਦੇ ਪ੍ਰੇਮ ਸਬੰਧਾਂ ਦਾ ਮਾਣਨਯੋਗ ਵਰਣਨ ਹੈ-ਚਿੱਠੀ ਪੱਤਰਾਂ ਦੀ ਵਿਧਾ ਵਾਲਾ। ਪਹਿਲੀ ਰਚਨਾ ਪ੍ਰਿਤਪਾਲ ਕੌਰ ਦੀ ਹੈ 'ਲਿਖ ਤੁਮ ਕਮਲਜੀਤ,' ਜੋ ਛੇ ਕੁ ਮਹੀਨੇ ਪਹਿਲਾਂ ਛਪੀ ਹੈ ਤੇ ਦੂਜੀ ਅਮਰਜੀਤ ਸਿੰਘ ਹੇਅਰ ਦੀ 'ਪ੍ਰੇਮਿਕਾ ਤੋਂ ਪਤਨੀ,' ਜੋ ਹੁਣੇ ਹੁਣੇ ਬਾਜ਼ਾਰ ਵਿਚ ਆਈ ਹੈ। ਪਹਿਲੀ ਵਿਚ ਪ੍ਰਿਤਪਾਲ ਨੂੰ ਉਸ ਦੇ ਪਤੀ ਕਰਮਜੀਤ ਵਲੋਂ ਲਿਖੀਆਂ 90 ਲੰਮੀਆਂ ਚਿੱਠੀਆਂ ਹਨ। ਇਸ ਦਾ ਇੱਕ ਹੀ ਵਾਕ ਕਮਲਜੀਤ ਦੇ ਮਨ ਦੀ ਭਾਵਨਾ ਦੱਸਣ ਲਈ ਕਾਫੀ ਹੈ, 'ਪਿਆਰ ਪਹਿਲੀ ਵਾਰ ਦੇਖਦਿਆਂ ਨਹੀਂ ਹੁੰਦਾ, ਸਗੋਂ ਇਹ ਉਹ ਜਜ਼ਬਾ ਹੈ, ਜੋ ਦਿਮਾਗ ਰਾਹੀਂ ਤੁਹਾਡੀ ਰੂਹ ਉਤੇ ਛਾ ਜਾਂਦਾ ਹੈ, ਜਿਸ ਨੂੰ ਕਦੀ ਚਾਹ ਕੇ ਵੀ ਤੁਸੀਂ ਭੁਲਾ ਨਹੀਂ ਸਕਦੇ।'



ਪੁਸਤਕ ਦੇ ਸਰਵਰਕ ਉੱਤੇ ਪ੍ਰਿਤਪਾਲ ਇਸ ਜਜ਼ਬੇ ਉੱਤੇ ਸਹੀ ਪਾਉਂਦੀ ਹੋਈ ਲਿਖਦੀ ਹੈ, "ਤੈਨੂੰ ਗਏ ਨੂੰ 39 ਸਾਲ ਹੋ ਗਏ ਨੇ, ਤੇ ਮੈਂ ਤੇਰੇ ਵਿਯੋਗ ਵਿਚ ਬੁੱਢੀ ਹੋ ਗਈ ਹਾਂ। ਹੁਣ ਤੇਰੀਆਂ ਚਿੱਠੀਆਂ ਹੀ ਮੇਰੀ ਸਿਮਰਨੀ, ਤੇਰਾ 'ਨਾਮ' ਮੇਰੀ ਰਸਨਾ ਦਾ ਜਾਪ ਤੇ ਚਿੱਠੀਆਂ ਵਿਚ ਹਰ ਸ਼ਬਦ ਮੇਰਾ ਮਣਕਾ, ਮੇਰਾ ਕਰਮਜੀਤ ਸਿੰਘ, ਮੇਰਾ ਆਸਰਾ। ਮੈਂ ਸਵਾਸ ਸਵਾਸ ਵਿਚ ਤੈਨੂੰ ਰਾਮ ਵਾਂਗ ਰਸਿਆ ਹੋਇਆ ਹੈ।"

ਅਮਰਜੀਤ ਹੇਅਰ ਦੀ ਰਚਨਾ ਲੰਮੇਰੇ ਤੇ ਭਰਪੂਰ ਵਿਆਹੁਤਾ ਜੀਵਨ ਦਾ ਬਿਰਤਾਂਤ ਹੈ। ਉਸ ਦੀਆਂ ਚਿੱਠੀਆਂ ਨੂੰ ਦੋ ਹਰਫੀਆਂ ਕਹਿ ਸਕਦੇ ਹਾਂ। ਇਹ ਡਾਕ ਰਾਹੀਂ ਨਹੀਂ ਭੇਜੀਆਂ ਗਈਆਂ, ਸਗੋਂ ਰੋਜ਼ਾਨਾ ਡਾਇਰੀ ਵਿਚ ਦਰਜ ਹਨ। ਹਰ ਆਏ ਦਿਨ ਦੀ ਸੋਚ ਤੇ ਕਾਰਗੁਜ਼ਾਰੀ। ਬੀ. ਟੀ. ਕਰਦਿਆਂ ਹਰਦੇਵ ਉਸ ਦੀ ਹਮ ਜਮਾਤਣ ਸੀ। ਡਾਇਰੀ ਵਿਚ ਉਸ ਦਾ ਪੂਰਾ ਨਾਂ ਨਹੀਂ ਮਿਲਦਾ, ਕੇਵਲ 'ਐਚ' ਲਿਖਿਆ ਮਿਲਦਾ ਹੈ।

'ਐਚ' ਦਾ ਗੁੱਸੇ ਵਾਲਾ ਨੋਟ ਮਿਲਿਆ। ਸ਼ਾਇਦ ਇਸ ਲਈ ਕਿ ਮੈਂ ਆਪਣੀ ਡਾਇਰੀ ਉਸ ਨੂੰ ਪੜ੍ਹਨ ਲਈ ਨਹੀਂ ਭੇਜੀ। ਮੈਂ ਵੀ ਜਵਾਬ ਵਿਚ 14 ਸਫੇ ਦੀ ਚਿੱਠੀ ਲਿਖੀ।

'ਮੈਨੂੰ ਆਪਣੀ ਹਾਲਤ ਉੱਤੇ ਤਰਸ ਆਉਂਦਾ ਹੈ। ਕਾਸ਼! ਉਹ ਮੇਰੀ ਜ਼ਿੰਦਗੀ ਵਿਚ ਨਾ ਆਈ ਹੁੰਦੀ। ਆਪਾਂ ਇੱਕ ਦੂਜੇ ਨੂੰ ਨਾ ਮਿਲਦੇ ਤਾਂ ਚੰਗਾ ਸੀ। ਮੇਰੇ ਮਨ ਵਿਚ ਬੜੇ ਖਿਆਲ ਆਪਸ ਵਿਚ ਦੀ ਭਿੜਦੇ ਫਿਰਦੇ ਹਨ। ਦੁਨੀਆਂ ਦਾ ਫਿਕਰ, ਘਰ ਪਰਿਵਾਰ ਦੀਆਂ ਸਮੱਸਿਆਵਾਂ। ਸੰਸਾਰ ਵਿਚ ਕਿੰਨਾ ਦੁੱਖ ਹੈ...ਕੀ ਮੈਂ ਤੇਰੇ ਨਾਲ ਖੁਸ਼ ਰਹਿ ਸਕਾਂਗਾ? ਮੈਨੂੰ ਇਸ 'ਤੇ ਸ਼ੱਕ ਹੈ। ਤੇਰਾ ਪਿਛੋਕੜ ਮੇਰੇ ਤੋਂ ਵੱਖਰਾ ਹੈ।

ਇਹੋ ਜਿਹੇ ਪਿਛੋਕੜ ਨੂੰ ਮੈਂ ਇੱਕੋ ਸਮੇਂ ਪਿਆਰ ਕਰਦਾ ਹਾਂ ਤੇ ਘਿਰਣਾ ਵੀ। ਗਰੀਬੀ ਤੇ ਅਮੀਰੀ ਦਾ ਫਰਕ। ਕਾਸ਼...! ਇਤਿਆਦਿ।

ਹੁਣ ਹਰਦੇਵ ਦੀ ਇੱਕ ਚਿੱਠੀ। ਅਮਰਜੀਤ ਦੀ ਡਾਇਰੀ ਪੜ੍ਹਨ ਤੋਂ ਪਿਛੋਂ ਲਿਖੀ ਹੋਈ। (ਅੰਗਰੇਜ਼ੀ ਤੋਂ ਅਨੁਵਾਦ), "ਤੂੰ ਆਪਦੀ ਜ਼ਿੰਦਗੀ ਵਿਚ ਤਬਦੀਲੀ ਚਾਹੁੰਦਾ ਹੈ, ਪਰ ਤਬਦੀਲੀ ਤਾਂ ਸਾਡੇ ਵਿਚ ਹਰ ਪਲ ਹੁੰਦੀ ਹੈ। ਤੂੰ ਇਸ ਥਾਂ ਤੋਂ ਦੂਰ ਚਲਾ ਜਾਣਾ ਚਾਹੁੰਦਾ ਹੈ। ਜਦ ਸਮਾਂ ਬੀਤ ਗਿਆ, ਤੂੰ ਇਸ ਥਾਂ ਨੂੰ ਹੀ ਯਾਦ ਕਰੇਂਗਾ। ਤੂੰ ਹੁਣ ਕਿਸੇ ਹੋਰ ਲਈ ਹੈਂ, ਇਸ ਕਰਕੇ ਸਿਰਫ ਆਪਦੀ ਹੀ ਨਾਂ ਸੋਚ। ਇਕੱਲੇ ਪਿਆਰ ਬਾਰੇ ਨਾ ਸੋਚ। ਦੱਬ ਕੇ ਕੰਮ ਕਰ। ਪਿਆਰ ਵਿਚ ਚੈਨ ਤੇ ਸਕੂਨ ਮਿਲਦਾ ਹੈ। ਜਦ ਅਸੀਂ ਪਿਆਰ ਕਰਦੇ ਹੋਈਏ ਤਾਂ ਜ਼ਿਆਦਾ ਕੰਮ ਕਰ ਸਕਦੇ ਹਾਂ। ਮੇਰੀ ਹਾਜ਼ਰੀ ਇਸ ਦਾ ਸਬੂਤ ਹੈ।"

ਚਿੱਠੀਆਂ ਤੇ ਚਿੱਠੀ-ਰੂਪੀ ਡਾਇਰੀ ਦੀਆਂ ਸਤਰਾਂ ਵਿਚ ਫਰੀਦਕੋਟ ਵਾਲਾ ਬੀ. ਟੀ. ਕਾਲਜ ਛੱਡਣ ਦੀਆਂ ਯਾਦਾਂ ਵੀ ਹਨ, ਵਿਗੋਚਾ ਵੀ ਤੇ ਬੱਸ ਵਿਚ ਇੱਕ ਹੀ ਸੀਟ ਉੱਤੇ ਬੈਠ ਕੇ ਤੈਅ ਕੀਤਾ ਸਫਰ ਵੀ। ਖਾਸ ਕਰਕੇ ਅਮਰਜੀਤ ਦੇ ਮਨ ਵਿਚ ਰਹਿ ਰਹਿ ਕੇ ਆਉਂਦਾ ਇਹ ਖਿਆਲ ਕਿ ਉਹ ਹਰਦੇਵ ਲਈ ਢੁਕਵਾਂ ਵਿਅਕਤੀ ਨਹੀਂ। ਇਹ ਸੋਚਣਾ ਵੀ ਕਿ ਜੇ ਉਸ ਦਾ ਪਿਆਰ ਸੱਚਾ ਹੈ ਤਾਂ ਉਹ ਚਾਹਵੇਗਾ ਕਿ ਉਸ ਦਾ ਕਿਸੇ ਐਸੇ ਬੰਦੇ ਨਾਲ ਵਿਆਹ ਹੋ ਜਾਵੇ, ਜੋ ਉਸ ਨੂੰ ਖੁਸ਼ ਰਖ ਸਕੇ।

ਓਧਰ ਹਰਦੇਵ ਦਾ ਬਾਪ ਨਸ਼ੇੜੀ ਹੈ। ਨਸ਼ੇ ਵਿਚ ਅਵਾ-ਤਵਾ ਬੋਲਣ ਦਾ ਆਦੀ ਹੈ; ਪਰ ਜਦੋਂ ਅਮਰਜੀਤ ਨੂੰ ਮਿਲਣ ਉਸ ਦੇ ਘਰ ਆਉਂਦਾ ਹੈ ਤਾਂ ਅਮਰਜੀਤ ਇਸ ਨਤੀਜੇ ਉੱਤੇ ਪਹੁੰਚਦਾ ਹੈ ਕਿ ਉਸ ਸ਼ਖਸ ਵਿਚ ਕੁਝ ਤਕੜੇ ਕਮਜ਼ੋਰ ਲੱਛਣ ਹਨ ਤੇ ਕੁਝ ਕਮਜ਼ੋਰ ਤਕੜੇ ਪੁਆਇੰਟਸ। ਜੇ ਸੋਫੀ ਹੋਵੇ ਤਾਂ ਦਿਲਚਸਪ ਆਦਮੀ ਹੈ। ਦਿਲ ਦਾ ਚੰਗਾ ਲਗਦਾ ਹੈ।

ਸੈਂਸ ਆਫ ਹਿਊਮਰ ਦਾ ਮਾਲਕ ਹੈ। ਉਹ ਇਨ੍ਹਾਂ ਦੀ ਸ਼ਾਦੀ 'ਤੇ ਖੁਸ਼ ਨਹੀਂ। ਹੋਣਾ ਵੀ ਨਹੀਂ ਚਾਹੀਦਾ। ਉਸ ਨੂੰ ਇਸ ਸ਼ਾਦੀ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ ਕਿ ਉਹ ਵਿਆਹ ਲਈ ਢੁਕਵੀਂ ਚੁਆਇਸ ਨਹੀਂ। ਇਤਿਆਦਿ।

ਹਰਦੇਵ ਦੀਆਂ ਚਿੱਠੀਆਂ ਵਿਚ ਵਿਸਥਾਰ ਹੈ ਜੋ ਕਿ ਅਮਰਜੀਤ ਦੀ ਡਾਇਰੀ ਦੀਆਂ ਦੋ ਸਤਰੀ ਟੂਕਾਂ ਵਿਚ ਨਹੀਂ।

"ਸਾਨੂੰ ਆਪਣੇ ਅੰਦਰੂਨੀ ਜਜ਼ਬਿਆਂ ਅਤੇ ਅਕੀਦਿਆਂ 'ਤੇ ਚਲਣਾ ਚਾਹੀਦਾ ਹੈ ਤੇ ਪਰਮਾਤਮਾ 'ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜੋ ਅਸੀਂ ਸੱਚੇ ਦਿਲੋਂ ਚਾਹੁੰਦੇ ਹਾਂ, ਉਹ ਮਿਲ ਜਾਂਦਾ ਹੈ। ਮੈਂ ਆਪਣੀਆਂ ਸਰੀਰਕ ਲੋੜਾਂ ਵੀ ਪੂਰੀਆਂ ਕਰਨਾ ਲੋਚਦੀ ਹਾਂ। ਇਹ ਸੁਭਾਵਕ ਹੈ। ਮੇਰੀ ਤੇਰੇ ਨਾਲ ਰਹਿਣ ਦੀ ਤੀਬਰ ਇੱਛਾ ਹੈ। ਮੇਰੀਆਂ ਚਿੱਠੀਆਂ ਕਿਸੇ ਨੂੰ ਨਾ ਦਿਖਾਈਂ, ਪਰ ਜਲਦੀ ਜਵਾਬ ਦੇਈਂ। ਬਹੁਤ ਪਿਆਰ ਤੇ ਬਹੁਤ ਸਾਰੀਆਂ...।"

ਹਰਦੇਵ ਤੇ ਅਮਰਜੀਤ ਦੀ ਸ਼ਾਦੀ ਤਾਂ 1956 ਦੇ ਅੰਤ ਵਿਚ ਹੋਈ, ਪਰ ਚਿੱਠੀ-ਪੱਤਰ ਵਿਆਹ ਤੱਕ ਵੀ ਚਲਦਾ ਰਿਹਾ ਤੇ ਉਸ ਤੋਂ ਪਿੱਛੋਂ ਵੀ। ਇਸ ਪਿਆਰ ਕਥਾ ਦਾ ਤੀਜਾ ਪਾਤਰ ਹਰਦੇਵ ਦਾ ਪਿਤਾ ਸੀ। ਉਸ ਦੀ ਸੋਚ ਉੱਤੇ ਮੁਹਰ ਲਾਏ ਬਿਨਾ ਇਹ ਕਥਾ ਅਧੂਰੀ ਰਹਿ ਜਾਵੇਗੀ। ਉਹਦੇ ਵਲੋਂ ਵਿਆਹ ਤੋਂ ਦਸ ਮਹੀਨੇ ਪਹਿਲਾਂ ਅਮਰਜੀਤ ਨੂੰ ਲਿਖੀ ਚਿੱਠੀ ਦੇ ਦੋ ਵਾਕ ਪੇਸ਼ ਹਨ:

"ਅਮਰਜੀਤ ਤੁਮ ਨੇ ਏਕ ਖਤ ਮੇਂ ਲਿਖਾ ਥਾ ਕਿ ਮੈਨੇ ਆਪ ਕੇ ਸਾਥ ਲੜਨਾ ਹੈ। ਯੇਹ ਹੈ ਵੁਹ ਹੈ। ਮੈਨੇ ਵਾਹਿਗੁਰੂ ਕਾ ਬੜਾ ਸ਼ੁਕਰ ਕੀਆਂ ਕਿ ਲੜ ਪਏ ਤੋ ਮਾਮਲਾ ਖਤਮ। ਪਰ ਮੈਂ ਦੋਨੋਂ ਦਿਨ ਦੇਖਤਾ ਰਹਾ ਤੂੰ ਲੜਾ ਨਹੀਂ। ਮੇਰੇ ਸਾਥ ਕੋਈ ਲੜਤਾ ਨਹੀਂ। ਵਜਾ ਯਹ ਕਿ ਮੈਨੇ ਆਜ ਤੱਕ ਕਿਸੀ ਕੀ ਬੁਰਾਈ ਨਹੀਂ ਕੀ ਔਰ ਨਾ ਹੀ ਕਿਸੀ ਕੇ ਬਾਰੇ ਬੁਰਾ ਸੋਚਾ ਹੈ। ਲੇਕਿਨ ਮੁਝੇ ਦੁੱਖ ਹੈ ਕਿ ਆਪ ਮੁਝੇ ਅਪਨੀ ਡਾਇਰੀ ਭੀ ਨਹੀਂ ਦਿਖਾਨਾ ਚਾਹਤੇ, ਹਾਲਾਂਕਿ ਮੈਂ ਅਪਨੀ ਲੜਕੀ ਆਪ ਕੋ ਅਪਨਾ ਏਕ ਕੀਮਤੀ ਪੁਰਜ਼ਾ (ਹਰਦੇਵ) ਤੁਮਹਾਰੇ ਹਵਾਲੇ ਕਰਨੇ ਕੋ ਤਿਆਰ ਹੂੰ। ਮੈਂ ਹਰ ਹਾਲਤ ਮੇਂ ਦੇਖਨਾ ਚਾਹਤਾ ਹੂੰ, ਬੇਸ਼ਕ ਉਸਮੇਂ ਮੇਰੇ ਲੀਏ ਗਾਲੀ ਗਲੋਚ ਕਿਉਂ ਨਾ ਹੋ। ਮੈਂ ਹਰਗਿਜ਼ ਗੁੱਸਾ ਨਹੀਂ ਕਰੂੰਗਾ। ਅਪਨੇ ਬੱਚੋਂ ਸੇ ਝਗੜਾ ਹੂਆ ਹੀ ਕਰਤਾ ਹੈ।"

ਡਾਇਰੀ ਦੇ ਪੰਨਿਆ ਵਿਚ ਇਹ ਵੀ ਦਰਜ ਹੈ ਕਿ ਦੋਨੋ ਪਤੀ-ਪਤਨੀ ਬਣਨ ਤੋਂ ਪਿੱਛੋਂ ਲੜਦੇ-ਝਗੜਦੇ ਵੀ ਰਹੇ, ਪਰ ਜ਼ਿੰਦਗੀ ਵਿਚ ਸਾਰੇ ਦੁੱਖ-ਸੁੱਖ ਦੋਹਾਂ ਨੇ ਰਲ ਕੇ ਮਾਣੇ। ਅਮਰਜੀਤ ਦੇ ਲਿਖਣ ਅਨੁਸਾਰ ਉਸ ਨੇ ਜ਼ਿੰਦਗੀ ਦੇ ਹਰ ਪਲ ਵਿਚ ਖਿੜੀ ਧੁੱਪ ਖਿਲਾਰਨ ਦਾ ਯਤਨ ਕੀਤਾ। ਇਹ ਸੋਚੇ ਬਿਨਾ ਕਿ ਉਸ ਨੂੰ ਪ੍ਰਸ਼ੰਸਾ ਮਿਲਦੀ ਸੀ ਜਾਂ ਨਹੀਂ। ਅਮਰਜੀਤ ਸਿੰਘ ਹੇਅਰ ਦੀ ਰਚਨਾ 'ਪ੍ਰੇਮਿਕਾ ਤੋਂ ਪਤਨੀ' ਇਹ ਦਸਦੀ ਹੈ ਕਿ ਟੈਲੀਫੋਨਾਂ ਦਾ ਜਾਲ ਵਿਛਣ ਤੋਂ ਪਹਿਲਾਂ ਪ੍ਰੇਮੀ ਜਾਂ ਵਿਆਹੁਤਾ ਜੋੜਿਆਂ ਲਈ ਚਿੱਠੀ ਪੱਤਰਾਂ ਦਾ ਕਿੰਨਾ ਮਹੱਤਵ ਸੀ। ਪੁਸਤਕ ਸਚਿਤਰ ਹੈ। ਅਮਰਜੀਤ, ਹਰਦੇਵ ਤੇ ਉਸ ਦੇ ਪਿਤਾ ਤੋਂ ਬਿਨਾ ਹੋਰ ਵੀ ਕਈ ਤਸਵੀਰਾਂ ਹਨ। ਪੜ੍ਹਨਯੋਗ ਪੁਸਤਕਾ ਹੈ। ਸਵਾਗਤ ਹੈ।

**ਅੰਤਿਕਾ: ਮਿਰਜ਼ਾ ਗਾਲਿਬ**

ਇਸ਼ਕ ਪਰ ਜ਼ੋਰ ਨਹੀਂ ਹੈ
ਯਹ ਵੋਹ ਆਤਿਸ਼ ਗਾਲਿਬ,
ਜੋ ਲਗਾਏ ਨਾ ਲਗੇ
ਔਰ ਬੁਝਾਏ ਨਾ ਬੁਝੇ।

# ਪੰਜਾਬੀ ਖੇਡ ਸਾਹਿਤ ਦਾ ਪਹਿਲਾ ਪੀਐਚ.ਡੀ. ਡਾ. ਚਹਿਲ

*(ਪਿਛਲੇ ਸਫੇ ਦੀ ਬਾਕੀ)*

ਪ੍ਰੋ. ਮੱਖਣ ਸਿੰਘ ਤੇ ਡਾ. ਦਰਸ਼ਨ ਬੜੀ ਨਾਲ ਕਮੇਡੀਅਨ ਭਗਵੰਤ ਮਾਨ ਵੀ ਸੀ, ਜਿਸ ਦੇ ਜ਼ਿੰਮੇ ਦਰਸ਼ਕਾਂ ਦਾ ਚਿੱਤ ਪਰਚਾਉਣਾ ਸੀ। ਮੈਂ ਮਾਨ ਨੂੰ ਆਪਣੀ ਪੁਸਤਕ 'ਕਬੱਡੀ ਕਬੱਡੀ ਕਬੱਡੀ' ਪੜ੍ਹਨ ਨੂੰ ਦਿੱਤੀ ਤਾਂ ਜੋ ਕਬੱਡੀ ਦੀ ਕਾਮੇਡੀ ਸਿਰਜਣ 'ਚ ਸੌਖ ਰਹੇ। ਵਿਸ਼ਵ ਕੱਪ ਦੇ ਵੱਖ-ਵੱਖ ਮੈਚਾਂ ਤੇ ਖਿਡਾਰੀਆਂ ਦੇ ਅੰਕਾਂ ਦਾ ਹਿਸਾਬ ਕਿਤਾਬ ਰੱਖਣ ਲਈ ਡਾ. ਚਹਿਲ ਨੂੰ ਕਬੱਡੀ ਕੱਪ ਨਾਲ ਜੋੜ ਲਿਆ। ਉਦੋਂ ਤੋਂ ਉਹ ਦੇਸ਼ ਵਿਦੇਸ਼ ਦੇ ਕਬੱਡੀ ਕੱਪਾਂ ਨਾਲ ਜੁੜਿਆ ਆ ਰਿਹੈ ਤੇ ਵਿਦੇਸ਼ਾਂ ਦੀ ਸੈਰ ਕਰ ਰਿਹੈ।

'ਗੁਰੂ ਚਰਨਾਂ 'ਚ ਕਬੱਡੀ ਦਾ ਸਿਜਦਾ' ਪੁਸਤਕ ਦੀ ਭੂਮਿਕਾ 'ਚ ਡਾ. ਰਾਜਿੰਦਰਪਾਲ ਸਿੰਘ ਲਿਖਦੈ: ਸਾਡੇ ਕੋਲ ਕਈ ਤਰ੍ਹਾਂ ਦੇ ਵਿਦਿਆਰਥੀ ਸਭ ਤੋਂ ਉੱਚੀ ਡਿਗਰੀ ਭਾਵ ਪੀਐੱਚ.ਡੀ. ਕਰਨ ਆਉਂਦੇ ਹਨ। ਇੱਕ ਉਹ ਜਿਨ੍ਹਾਂ ਦਾ ਮੰਤਵ ਡਿਗਰੀ ਲੈ ਕੇ ਅਸਿਸਟੈਂਟ ਪ੍ਰੋਫੈਸਰ ਲੱਗਣ ਦੇ ਯੋਗ ਹੋਣਾ ਹੁੰਦਾ ਹੈ ਜਾਂ ਫਿਰ ਵਿਅਕਤੀਗਤ ਵਿਭਾਗੀ ਤਰੱਕੀ ਲੈਣੀ ਹੁੰਦੀ ਹੈ। ਦੂਜੇ ਉਹ ਜਿਨ੍ਹਾਂ ਨੂੰ ਸਿਰਫ ਆਪਣੇ ਨਾਂ ਨਾਲ ਡਾਕਟਰ ਲਾਉਣ ਦਾ ਸ਼ੌਕ ਹੁੰਦਾ ਹੈ। ਤੀਜੇ ਉਹ ਜਿਹੜੇ ਆਪਣੀ ਅਕਾਦਮਿਕ ਯੋਗਤਾ ਵਧਾਉਣ ਨਾਲ ਸੱਚਮੁੱਚ ਸਬੰਧਤ ਵਿਸ਼ੇ ਵਿਚ ਰੁਚੀ ਰੱਖਦੇ ਹਨ। ਹਥਲੀ ਪੁਸਤਕ ਦਾ ਲੇਖਕ ਡਾ. ਸੁਖਦਰਸ਼ਨ ਸਿੰਘ ਚਹਿਲ ਤੀਜੇ ਵਰਗ ਦਾ ਮੇਰਾ ਹੋਣਹਾਰ ਵਿਦਿਆਰਥੀ ਹੈ, ਜਿਸ ਦੀਆਂ ਪ੍ਰਾਪਤੀਆਂ 'ਤੇ ਮੈਨੂੰ ਮਾਣ ਹੈ। ਜਦੋਂ ਉਹ ਮੇਰੇ ਕੋਲ ਖੋਜ ਕਰਨ ਲਈ ਆਇਆ ਸੀ ਤਾਂ ਉਸ ਨੇ ਦੱਸਿਆ ਕਿ ਉਹ ਪੰਜਾਬੀ ਤੋਂ ਇਲਾਵਾ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਵੀ ਰੁਚੀ ਰੱਖਦਾ ਹੈ। ਉਸ ਦੀਆਂ ਕਈ ਖੇਡ ਰਚਨਾਵਾਂ ਅਖਬਾਰਾਂ ਰਸਾਲਿਆਂ ਵਿਚ ਛਪ ਚੁਕੀਆਂ ਸਨ। ਉਹ ਖੁਦ ਵੀ ਸਕੂਲ ਪੱਧਰ ਤੇ ਕਬੱਡੀ ਤੇ ਅਥਲੈਟਿਕਸ ਕਰਦਾ ਰਿਹਾ ਸੀ। ਮੈਨੂੰ ਉਸ ਦਾ ਸਵੈ-ਵਿਸ਼ਵਾਸੀ ਹੋਣਾ ਤੇ ਹਲੀਮੀ ਨਾਲ ਗੱਲ ਕਰਨਾ ਚੰਗਾ ਲੱਗਿਆ ਤੇ ਉਸ ਨੂੰ ਪੰਜਾਬੀ ਖੇਡ ਸਾਹਿਤ ਤੇ ਖੋਜ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਸੀ। ਅਸਲ ਵਿਚ ਖੇਡ ਸਾਹਿਤ ਨੂੰ ਸਾਹਿਤ ਦੀ ਇੱਕ ਵੰਨਗੀ ਵਜੋਂ ਕਦੇ ਵੀ ਅਕਾਦਮਿਕ ਪੱਖ ਤੋਂ ਵਿਚਾਰਿਆ ਨਹੀਂ ਸੀ ਗਿਆ। ਪੰਜਾਬੀ ਜਗਤ ਵਿਚ ਪ੍ਰਿੰਸੀਪਲ ਸਰਵਣ ਸਿੰਘ ਤੇ ਬਲਵੀਰ ਸਿੰਘ ਕੰਵਲ ਨੇ ਇਸ ਵੰਨਗੀ ਦੀ ਲਗਾਤਾਰ ਸਾਹਿਤ ਰਚਨਾ ਕੀਤੀ ਸੀ ਅਤੇ ਲੋਕਾਂ ਨੇ ਉਸ ਨੂੰ ਪੜ੍ਹਿਆ ਵੀ ਸੀ, ਪਰ ਖੇਡ ਲਿਖਤ ਨੂੰ ਸਾਹਿਤਕ ਵੰਨਗੀ ਵਜੋਂ ਅਤੇ ਲੇਖਕਾਂ ਨੂੰ ਸਾਹਿਤਕਾਰਾਂ ਵਜੋਂ ਘੱਟ ਹੀ ਪ੍ਰਵਾਨਿਆ ਜਾਂਦਾ ਸੀ। ਸੁਖਦਰਸ਼ਨ ਚਹਿਲ ਨੇ ਬਹੁਤ ਮਿਹਨਤ ਨਾਲ ਪੀਐੱਚ.ਡੀ. ਕੀਤੀ ਅਤੇ ਡਿਗਰੀ ਕੁੱਟਣ ਵਾਲੇ ਵਿਦਿਆਰਥੀਆਂ ਦੇ ਉਲਟ ਡਿਗਰੀ ਕੁੱਟਣ ਤੋਂ ਬਾਅਦ ਖੇਡ ਸਾਹਿਤ ਬਾਰੇ ਸਗੋਂ ਵਧੇਰੇ ਗੰਭੀਰ ਹੋ ਗਿਆ। ਆਮ ਕਰਕੇ ਖੋਜਾਰਥੀ ਨੌਕਰੀ ਅਤੇ ਕੰਮ-ਧੰਦਿਆਂ ਵਿਚ ਇੰਨੇ ਵਿਅਸਤ ਹੋ ਜਾਂਦੇ ਹਨ ਕਿ ਆਪਣੇ ਖੋਜ ਕਾਰਜ ਨੂੰ ਭੁੱਲ ਹੀ ਜਾਂਦੇ ਹਨ, ਪਰ ਸੁਖਦਰਸ਼ਨ ਚਹਿਲ ਦੀ ਖੂਬੀ ਹੈ ਕਿ ਉਹ ਲਗਾਤਾਰ ਇਸ ਖੇਤਰ ਨਾਲ ਜੁੜਿਆ ਹੋਇਆ ਹੈ। ਲਗਭਗ ਹਰ ਸਾਲ ਹੀ ਇੱਕ ਖੇਡ ਪੁਸਤਕ ਲਿਖਦਾ ਹੈ ਅਤੇ ਮੇਰੇ ਕੋਲੋਂ ਭੂਮਿਕਾ ਵਜੋਂ ਕੁਝ ਸ਼ਬਦ ਲਿਖਵਾਉਣ ਲਈ ਆਉਂਦਾ ਹੈ। ਮੈਂ ਉਹਦੀਆਂ ਭੂਮਿਕਾਵਾਂ ਲਿਖਦਾ ਹੀ ਥੱਕ ਗਿਆ ਹਾਂ...।

ਉਸ ਨੇ ਕਬੱਡੀ ਦੇ ਵੱਡੇ ਟੂਰਨਾਮੈਂਟਾਂ ਬਾਰੇ ਲਿਖਿਆ ਹੀ ਨਹੀਂ ਸਗੋਂ ਮੌਕੇ ਸਿਰ ਰੇਡੀਓ ਤੇ ਟੈਲੀਵਿਜ਼ਨ 'ਤੇ ਲਾਈਵ ਕਮੈਂਟਰੀ ਵੀ ਕੀਤੀ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਵਿਸ਼ਵ ਕਬੱਡੀ ਕੱਪਾਂ ਬਾਰੇ ਪੁਸਤਕਾਂ ਲਿਖਣ ਦਾ ਪ੍ਰਾਜੈਕਟ ਹੀ ਸ਼ੁਰੂ ਕਰ ਲਿਆ ਹੈ। ਹਥਲੀ ਪੁਸਤਕ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਪੁਰਬ ਉੱਪਰ ਹੋਏ ਕੌਮਾਂਤਰੀ ਕਬੱਡੀ ਕੱਪ ਨਾਲ ਸਬੰਧਿਤ ਹੈ। ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕਬੱਡੀ ਦੇ ਖਿਡਾਰੀਆਂ ਬਾਰੇ ਹੀ ਨਹੀਂ ਲਿਖਿਆ, ਸਗੋਂ ਟੂਰਨਾਮੈਂਟਾਂ ਦੇ ਇੱਕ-ਇੱਕ ਮੈਚ ਦੇ ਇੱਕ-ਇੱਕ ਅੰਕ ਦਾ ਹਿਸਾਬ ਦੱਸਿਆ ਹੈ, ਜੋ ਇੱਕ ਤਰ੍ਹਾਂ ਨਾਲ ਖੇਡਾਂ ਦਾ ਇਤਿਹਾਸ ਸਾਂਭਣ ਵਾਲੀ ਗੱਲ ਹੈ। ਉਸ ਦੀ ਹਥਲੀ ਪੁਸਤਕ 'ਗੁਰੂ ਚਰਨਾਂ 'ਚ ਕਬੱਡੀ ਦਾ ਸਿਜਦਾ' ਦੇ ਤੇਰਾਂ ਅਧਿਆਇ ਹਨ। ਸ਼ਾਇਦ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਤੇਰਾਂ-ਤੇਰਾਂ ਕਾਰਨ ਹਨ। ਡਾ. ਚਹਿਲ ਦੀ ਇੱਕ ਖੂਬਸੂਰਤੀ ਇਹ ਵੀ ਹੈ ਕਿ ਉਹ ਸਿਰਫ ਅੰਕੜਿਆਂ ਦਾ ਵਿਵਰਣ ਅਤੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਹੀ ਨਹੀਂ ਦੱਸਦਾ, ਸਗੋਂ ਮੇਲੇ ਦੇ ਸਮੁੱਚੇ ਮਾਹੌਲ ਅਤੇ ਜਿੱਥੇ ਮੈਚ ਹੋ ਰਿਹਾ ਹੋਵੇ, ਉਸ ਸਥਾਨ ਦੀ ਇਤਿਹਾਸਕ, ਸੱਭਿਆਚਾਰਕ, ਸਮਾਜਿਕ ਮਹੱਤਤਾ ਵੀ ਦੱਸਦਾ ਹੈ। ਉਹ ਪੁਸਤਕ ਨੂੰ ਰੌਚਕ ਬਣਾਉਣ ਲਈ ਖਿਡਾਰੀਆਂ ਨਾਲ ਜੁੜੇ ਵਿਸ਼ੇਸ਼ ਦਿਲਚਸਪੀ ਵਾਲੇ ਰੌਚਕ ਤੱਥ ਵੱਖਰੇ ਚੈਪਟਰ ਵਿਚ ਬਿਆਨ ਕਰਦਾ ਹੈ। ਉਸ ਦੀ ਇਹ ਪੁਸਤਕ ਕਬੱਡੀ ਦੇ ਇਤਿਹਾਸਕਾਰਾਂ ਲਈ ਸੰਦਰਭ ਪੁਸਤਕ ਹੈ। ਕਬੱਡੀ ਕੁਮੈਂਟੇਟਰਾਂ ਲਈ ਤੱਥਗਤ ਮਸਾਲਾ ਹੈ, ਕਬੱਡੀ ਖਿਡਾਰੀਆਂ ਲਈ ਆਪਣੀ ਪ੍ਰਾਪਤੀ ਦੀ ਲਿਖਤੀ ਸਨਦ ਹੈ ਤੇ ਕਬੱਡੀ ਪ੍ਰੇਮੀਆਂ ਲਈ ਸਾਂਭ ਕੇ ਰੱਖਣ ਵਾਲੀ ਸੌਗਾਤ ਹੈ। ਮੈਂ ਇਸ ਪੁਸਤਕ ਦਾ ਸਵਾਗਤ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਚਹਿਲ ਦੀ ਕਲਮ ਇਸੇ ਤਰ੍ਹਾਂ ਚਲਦੀ ਰਹੇਗੀ ਅਤੇ ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਡੂੰਘੀਆਂ ਪੈੜਾਂ ਪਾਵੇਗੀ।

# ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ

**ਗੁਰਬਾਣੀ ਵਿਆਖਿਆ**

**ੴ ਸਤਿਗੁਰ ਪਰਸਾਦਿ॥**
**ਰਾਮਕਲੀ ਮਹਲਾ ੫॥**
ਕਿਸੁ ਭਰਵਾਸੈ ਬਿਚਰਹਿ ਭਵਨ॥
ਮੂੜ ਮੁਗਧ ਤੇਰਾ ਸੰਗੀ ਕਵਨ॥
ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ॥
ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ॥
ਸੋ ਘਰੁ ਸੇਵਿ ਜਿਤੁ ਉਧਰਹਿ ਮੀਤ॥
ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ
ਸਾਧ ਸੰਗਿ ਕਰਿ ਮਨ ਕੀ ਪ੍ਰੀਤ॥ ਰਹਾਉ॥
ਜਨਮ ਬਿਹਾਨੋ ਅਹੰਕਾਰਿ ਅਰੁ ਵਾਦਿ॥
ਤ੍ਰਿਪਤਿ ਨ ਆਵੈ ਬਿਖਿਆ ਸਾਦਿ॥
ਭਰਮਤ ਭਰਮਤ ਮਹਾ ਦੁਖੁ ਪਾਇਆ॥
ਤਰੀ ਨ ਜਾਈ ਦੁਤਰ ਮਾਇਆ॥
ਕਾਮਿ ਨ ਆਵੈ ਸੁ ਕਾਰ ਕਮਾਵੈ॥
ਆਪਿ ਬੀਜ ਆਪੇ ਹੀ ਖਾਵੈ॥
ਰਾਖਨ ਕਉ ਦੂਸਰ ਨਹੀ ਕੋਇ॥
ਤਉ ਨਿਸਤਰੈ ਜਉ ਕਿਰਪਾ ਹੋਇ॥
ਪਤਿਤ ਪੁਨੀਤ ਪ੍ਰਭ ਤੇਰੋ ਨਾਮੁ॥
ਅਪਨੇ ਦਾਸ ਕਉ ਕੀਜੈ ਦਾਨੁ॥
ਕਰਿ ਕਿਰਪਾ ਪ੍ਰਭ ਗਤਿ ਕਰਿ ਮੇਰੀ॥
ਸਰਣਿ ਗਹੀ ਨਾਨਕ ਪ੍ਰਭ ਤੇਰੀ॥
ਸੋ ਘਰੁ ਸੇਵਿ ਜਿਤੁ ਉਧਰਹਿ ਮੀਤ॥

ਇਸ ਪਵਿੱਤਰ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਾਹਿਬ ਸਿਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਮਿੱਤਰ ਸੁਣ, ਉਹ ਘਰ-ਦਰ ਮੱਲ ਕੇ ਬੈਠਾ ਰਹਿ, ਜਿਸ ਰਾਹੀਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੇਂ; ਹੇ ਭਾਈ ਗੁਰੂ ਦੀ ਸੰਗਤ ਵਿਚ ਆਪਣੇ ਮਨ ਦਾ ਪਿਆਰ ਜੋੜ ਅਤੇ ਉੱਥੇ ਟਿਕ ਕੇ ਗੋਬਿੰਦ ਪ੍ਰਭੂ ਦੇ ਦਿਨ ਰਾਤ ਗੁਣ ਗਾਇਆ ਕਰ।

ਕਿਸੁ ਭਰਵਾਸੈ ਬਿਚਰਹਿ ਭਵਨ॥
ਮੂੜ ਮੁਗਧ ਤੇਰਾ ਸੰਗੀ ਕਵਨ॥
ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ॥
ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ॥

ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਜੀ, ਜੀਵ ਨੂੰ ਤਾੜਨਾ ਕਰਦੇ ਕਹਿੰਦੇ ਹਨ, ਹੇ ਮੂਰਖ ਜੀਵ ਤੂੰ ਪ੍ਰਭੂ ਤੋਂ ਬਿਨਾ ਹੋਰ ਕਿਹਦੇ ਸਹਾਰੇ ਜਗਤ ਵਿਚ ਤੁਰਿਆ ਫਿਰਦਾ ਹੈਂ, ਹੇ ਮੂਰਖ ਉਸ ਮਿਹਰਬਾਨ ਪ੍ਰਭੂ ਤੋਂ ਬਿਨਾ ਹੋਰ ਕੌਣ ਤੇਰਾ ਸਾਥੀ ਬਣ ਸਕਦਾ ਹੈ; ਹੇ ਮੂਰਖ! ਪ੍ਰਭੂ ਹੀ ਤੇਰਾ ਅਸਲ ਸਾਥੀ ਹੈ, ਉਸ ਨਾਲ ਤੂੰ ਜਾਣ-ਪਛਾਣ ਨਹੀਂ ਬਣਾਉਂਦਾ ਅਤੇ ਕਾਮ ਕਰੋਧ ਜਿਹੇ ਪੰਜਾਂ ਚੋਰਾਂ ਨੂੰ ਆਪਣੇ ਮਿੱਤਰ ਬਣਾਈ ਬੈਠਾ ਹੈਂ।

ਜਨਮ ਬਿਹਾਨੋ ਅਹੰਕਾਰਿ ਅਰੁ ਵਾਦਿ॥
ਤ੍ਰਿਪਤਿ ਨ ਆਵੈ ਬਿਖਿਆ ਸਾਦਿ॥
ਭਰਮਤ ਭਰਮਤ ਮਹਾ ਦੁਖੁ ਪਾਇਆ॥
ਤਰੀ ਨ ਜਾਈ ਦੁਤਰ ਮਾਇਆ॥

ਹੇ ਭਾਈ, ਭਟਕੇ ਹੋਏ ਜੀਵ ਦੀ ਉਮਰ ਤਾਂ ਹੰਕਾਰ ਅਤੇ ਵਾਦ-ਵਿਵਾਦ ਵਿਚ ਹੀ ਲੰਘਦੀ ਜਾਂਦੀ ਹੈ; ਬਿਖਿਆ, ਜ਼ਹਿਰ ਰੂਪ ਮਾਇਆ ਦੇ ਸੁਆਦ ਵਿਚ ਇਹ ਕਦੀ ਰੱਜਦਾ ਨਹੀਂ, ਇਸ ਦੀ ਤਸੱਲੀ ਨਹੀਂ ਹੁੰਦੀ; ਭਾਈ ਭਟਕਦਿਆਂ ਭਟਕਦਿਆਂ ਇਸ ਨੇ ਬਹੁਤ ਦੁੱਖ ਪਾਇਆ ਹੈ, ਮਾਇਆ ਦਾ ਪਸਾਰਾ ਇਕ ਸਮੁੰਦਰ ਹੈ, ਪ੍ਰਭੂ ਨਾਮ ਤੋਂ ਬਿਨਾ ਇਸ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ।

ਕਾਮਿ ਨ ਆਵੈ ਸੁ ਕਾਰ ਕਮਾਵੈ॥
ਆਪਿ ਬੀਜ ਆਪੇ ਹੀ ਖਾਵੈ॥
ਰਾਖਨ ਕਉ ਦੂਸਰ ਨਹੀਂ ਕੋਇ॥
ਤਉ ਨਿਸਤਰੈ ਜਉ ਕਿਰਪਾ ਹੋਇ॥

ਜੀਵ ਸਦਾ ਉਹੀ ਕੰਮ ਕਰਦਾ ਹੈ, ਜੋ ਆਖਰ ਇਸ ਦੇ ਕੰਮ ਨਹੀਂ ਆਉਂਦੇ। ਜੀਵ ਆਪ ਮੰਦੇ ਕੰਮਾਂ ਦੇ ਬੀਜ ਬੀਜ ਕੇ ਫਿਰ ਆਪ ਹੀ ਉਨ੍ਹਾਂ ਦੇ ਦੁਖ ਰੂਪ ਫਲ ਖਾਂਦਾ ਹੈ, ਪਰ ਹੇ ਭਾਈ ਇਸ ਮੁਸੀਬਤ ਵਿਚੋਂ ਜੀਵ ਨੂੰ ਬਚਾਉਣ ਵਾਲਾ ਉਸ ਮਿਹਰਬਾਨ ਪ੍ਰਭੂ ਤੋਂ ਬਿਨਾ ਹੋਰ ਦੂਜਾ ਕੋਈ ਹੈ ਹੀ ਨਹੀਂ, ਜਦੋਂ ਉਸ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਉਦੋਂ ਹੀ ਜੀਵ ਇਸ ਵਿਚੋਂ ਪਾਰ ਲੰਘ ਸਕਦਾ ਹੈ।

ਪਤਿਤ ਪੁਨੀਤ ਪ੍ਰਭ ਤੇਰੋ ਨਾਮੁ॥
ਅਪਨੇ ਦਾਸ ਕਉ ਕੀਜੈ ਦਾਨੁ॥
ਕਰਿ ਕਿਰਪਾ ਪ੍ਰਭ ਗਤਿ ਕਰਿ ਮੇਰੀ॥
ਸਰਣਿ ਗਹੀ ਨਾਨਕ ਦਾਸ ਤੇਰੀ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਮਾਲਕ ਅੱਗੇ ਅਰਦਾਸ ਕਰਦੇ ਆਖਦੇ ਹਨ, ਹੇ ਮੇਰੇ ਪ੍ਰਭ ਜੀ, ਤੇਰਾ ਨਾਮ ਵਿਕਾਰਾਂ ਵਿਚ ਡਿੱਗੇ ਹੋਇਆਂ ਨੂੰ ਪਵਿੱਤਰ ਕਰਨ ਵਾਲਾ ਹੈ; ਮੈਨੂੰ ਆਪਣੇ ਸੇਵਕ ਨੂੰ ਆਪਣਾ ਨਾਮ ਦਾਨ ਦੇਹੁ ਜੀ। ਹੇ ਮਿਹਰਬਾਨ ਪਿਤਾ ਜੀ, ਮੈਂ ਤੇਰਾ ਆਸਰਾ ਲਿਆ ਹੈ ਤੇਰੀ ਸ਼ਰਣ ਆਇਆ ਹਾਂ, ਮੇਰੀ ਆਤਮਕ ਅਵਸਥਾ ਉੱਚੀ ਕਰੋ ਜੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਬੁਰਜ਼ੂਆ ਨੈਤਿਕਤਾ ਨੂੰ ਛਾਂਗਦਾ ਮਾਈਕਲਏਂਜਲੋ ਅੰਤੋਨੀਓਨੀ




## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਅਜਿਹੇ ਫਿਲਮਸਾਜ਼ਾਂ ਅਤੇ ਇਨ੍ਹਾਂ ਦੀ ਸਿਰਜੀਆਂ ਫਿਲਮਾਂ ਦਾ ਰੰਗ ਬਿਲਕੁਲ ਵੱਖਰੇ ਰੰਗ ਦਾ ਹੈ। ਐਤਕੀਂ ਇਸ ਕਾਲਮ ਵਿਚ ਸੰਸਾਰ ਪ੍ਰਸਿੱਧ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ (29 ਸਤੰਬਰ 1912-30 ਜੁਲਾਈ 2007), ਉਨ੍ਹਾਂ ਦੀਆਂ ਫਿਲਮਾਂ ਅਤੇ ਦਰਸ਼ਕ ਨੂੰ ਸੋਚਣ ਲਈ ਮਜਬੂਰ ਕਰਦੀਆਂ ਇਨ੍ਹਾਂ ਫਿਲਮਾਂ ਦੀ ਸ਼ੈਲੀ ਬਾਬਤ ਚਰਚਾ ਕੀਤੀ ਗਈ ਹੈ। -ਸੰਪਾਦਕ***

ਆਪਣੀ ਫਿਲਮ 'ਰੈੱਡ ਰੀਜ਼ਰਟ' ਬਾਰੇ ਦਿੱਤੀ ਇੰਟਰਵਿਊ ਵਿਚ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੱਸਦਾ ਹੈ ਕਿ 'ਬਹੁਤ ਸਾਰੇ ਲੋਕ ਸਮਝਦੇ ਹਨ ਕਿ ਮੈਂ ਗੈਰ-ਮਾਨਵੀ ਤੇ ਸੋਚ ਦੇ ਸਨਅਤੀ ਪੱਧਰ 'ਤੇ ਜੀਅ ਰਹੀ ਦੁਨੀਆ ਨੂੰ ਆਪਣੀਆਂ ਫਿਲਮਾਂ ਵਿਚ ਚਿਤਰਦਾ ਹਾਂ; ਉਹ ਦੁਨੀਆ ਜਿਹੜੀ ਬੰਦਿਆਂ ਦੇ ਅੰਦਰੋਂ ਮਾਨਵੀ ਸਰੋਕਾਰ ਖਤਮ ਕਰ ਕੇ ਮਾਨਸਿਕ ਤੌਰ 'ਤੇ ਟੁੱਟ-ਭੱਜ ਦੇ ਵਰਤਾਰੇ ਵਿਚ ਧੱਕਦੀ ਹੈ। ਮੇਰੀਆਂ ਫਿਲਮਾਂ ਸਿਰਫ ਇਹ ਨਹੀਂ ਹਨ। ਮੇਰਾ ਇਰਾਦਾ ਉਨ੍ਹਾਂ ਫੈਕਟਰੀਆਂ ਵਿਚ ਪਨਪਦੀ ਕਵਿਤਾ ਨੂੰ ਫਿਲਮਾਉਣਾ ਹੈ ਜਿਨ੍ਹਾਂ ਦੀਆਂ ਚਿਮਨੀਆਂ ਅਤੇ ਕਾਲਖਾਂ ਭਰੇ ਆਕਾਰ ਉਨ੍ਹਾਂ ਰੁੱਖਾਂ ਤੇ ਬੂਟਿਆਂ ਦੇ ਆਕਾਰਾਂ ਤੋਂ ਕਿਤੇ ਵੱਧ ਖੂਬਸੂਰਤ ਹੋ ਸਕਦੇ ਹਨ ਜਿਨ੍ਹਾਂ ਨੂੰ ਦੇਖ-ਦੇਖ ਅਸੀਂ ਅੱਕ ਚੁੱਕੇ ਹਾਂ। ਇਹ ਭਰੀ-ਭਕੁੰਨੀ ਦੁਨੀਆ ਹੈ ਜਿਹੜੀ ਹਰ ਪਲ ਧੜਕਦੀ ਤੇ ਜਿਊਂਦੀ ਹੈ। ਇਨ੍ਹਾਂ ਥਾਵਾਂ 'ਤੇ ਕੰਮਾਂ ਵਿਚ ਰੁੱਝੇ ਲੋਕਾਂ ਵਿਚ ਕੁਝ ਵੀ ਬਣ ਸਕਣ ਦੀ ਸਮਰੱਥਾ ਮੌਜੂਦ ਹੈ। ਦੂਜੇ ਪਾਸੇ ਉਹ ਲੋਕ ਵੀ ਹਨ ਜਿਹੜੇ ਸਾਧਾਰਨਤਾ ਅਤੇ ਅਕੇਵੇਂ ਦੇ ਮਾਰੇ ਜ਼ਿੰਦਗੀ ਨੂੰ ਝੱਲ ਸਕਣ ਤੋਂ ਅਸਮਰੱਥ ਹਨ'।


ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦਾ ਸਿਨੇਮਾ ਆਧੁਨਿਕਤਾ ਦਾ ਸਿਨੇਮਾ ਹੈ। ਆਪਣੇ ਕੈਮਰੇ ਦੀ ਅੱਖ ਰਾਹੀਂ ਉਹ ਆਪਣੇ ਦੌਰ ਦੇ ਅਮੂਰਤ ਅਤੇ ਖਿੰਡਰੇ ਵਰਤਾਰਿਆਂ ਨੂੰ ਸੰਬੋਧਿਤ ਹੁੰਦਾ ਹੈ। ਉਹ ਅਣਦੇਖੇ ਹਾਦਸਿਆਂ ਦੀ ਉਡੀਕ ਵਿਚ ਆਪਣੇ ਕੈਮਰੇ ਦੇ ਫਰੇਮ ਤੇ ਗਤੀ ਨੂੰ ਰੋਕ ਕੇ ਲਗਾਤਾਰ ਇੰਤਜ਼ਾਰ ਕਰ ਸਕਦਾ ਹੈ। ਉਸ ਦੀਆਂ ਫਿਲਮਾਂ ਦੇ ਕਿਰਦਾਰ ਅਤੇ ਪਲਾਟ ਗੁਜ਼ਰ ਰਹੇ ਸਮੇਂ ਦੇ ਐਨ ਵਿਚਕਾਰ ਸਥਿਰ ਹੋ ਸਕਦੇ ਹਨ ਤੇ ਫਿਲਮ ਦੀਆਂ ਘਟਨਾਵਾਂ ਦੀ ਗਤੀ ਇੰਨੀ ਹੌਲੀ ਹੋ ਸਕਦੀ ਹੈ ਕਿ ਦਰਸ਼ਕਾਂ ਨੂੰ ਭੁਲੇਖਾ ਪੈ ਸਕਦਾ ਹੈ ਕਿ ਕਿਤੇ ਕੁਝ ਵੀ ਨਹੀਂ ਵਾਪਰ ਰਿਹਾ। ਨਿਰੰਤਰ ਅਨਿਸ਼ਚਤਤਾ ਅਤੇ ਬਦਲਾਓ ਦੀ ਸਥਿਤੀ ਦਾ ਚਿਤਰਨ ਕਰਦਾ ਉਸ ਦਾ ਸਿਨੇਮਾ ਸੰਭਾਵਨਾਵਾਂ ਦਾ ਸਿਨੇਮਾ ਹੈ ਜਿਸ ਵਿਚ ਆਧੁਨਿਕ ਇਮਾਰਤਾਂ ਦੇ ਵੱਡ-ਆਕਾਰੀ ਢਾਂਚਿਆਂ ਸਾਹਮਣੇ ਬੌਣੇ ਤੇ ਨਿੱਕੇ ਮਨੁੱਖੀ ਆਕਾਰ ਅਣਦਿਸਦੇ ਖਾਲੀਪਣ ਵਿਚ ਗੁੰਮ ਹੁੰਦੇ ਜਾਂਦੇ ਹਨ। ਉਸ ਦੀਆਂ ਫਿਲਮਾਂ ਵਿਚ ਰੰਗਾਂ ਦੇ ਕੋਲਾਜ਼ ਤੇ ਉਨ੍ਹਾਂ ਦੇ ਵੱਖੋ-ਵੱਖ ਪੈਟਰਨਾਂ ਦੀ ਭਰਮਾਰ ਹੈ।

ਫਿਲਮ ਚਿੰਤਕ ਡੇਵਿਡ ਬੋਰਵੈਲ ਉਸ ਦੀਆਂ ਫਿਲਮਾਂ ਬਾਰੇ ਟਿੱਪਣੀ ਕਰਦਿਆਂ ਆਖਦਾ ਹੈ ਕਿ ਉਸ ਦੀਆਂ ਫਿਲਮਾਂ ਦੇ ਕਿਰਦਾਰ ਆਪਣੀ ਜ਼ਿੰਦਗੀ ਦੇ ਖਾਲੀਪਣ ਤੇ ਉਦੇਸ਼ਹੀਣਤਾ ਤੋਂ ਉਕਤਾਏ ਹੋਏ ਲੋਕ ਹਨ। ਉਹ ਫਿਲਮਾਂ ਵਿਚ ਬਹੁਤ ਸਾਰੀਆਂ ਪਾਰਟੀਆਂ, ਪਿਕਨਿਕਾਂ ਤੇ ਇੱਕਠਿਆਂ ਖਾਣ-ਪੀਣ ਤੇ ਗੱਲਾਂ-ਬਾਤਾਂ ਕਰਨ ਦੇ ਬਹੁਤ ਸਾਰੇ ਦ੍ਰਿਸ਼ ਇਸੇ ਲਈ ਪਾਉਂਦਾ ਹੈ, ਕਿਉਂਕਿ ਉਸ ਦੀਆਂ ਫਿਲਮਾਂ ਦੇ ਕਿਰਦਾਰਾਂ ਕੋਲ ਕਰਨ ਲਈ ਕੁਝ ਨਹੀਂ ਹੈ। ਉਹ ਅਜਿਹੀਆਂ ਥਾਵਾਂ 'ਤੇ ਪੈਦਾ ਹੋ ਗਏ ਹਨ ਜਿੱਥੇ ਪੈਸਾ ਤੇ ਇਮਾਰਤਾਂ ਦਾ ਹੀ ਰਾਜ ਹੈ ਤੇ ਇਨਸਾਨਾਂ ਦੇ ਆਪਸ ਵਿਚ ਮਿਲਣ-ਬੈਠਣ ਦਾ ਕੋਈ ਮਾਨਵੀ ਜਾ ਭਾਵਨਾਤਮਿਕ ਆਧਾਰ ਨਹੀਂ। ਇਨਸਾਨ ਆਪਣੇ ਅੰਦਰ ਬੈਠੇ ਵੀ ਵੱਖ-ਵੱਖ ਦਿਮਾਗੀ ਧਰਾਤਲਾਂ 'ਤੇ ਵਿਚਰ ਰਹੇ ਹਨ। ਉਨ੍ਹਾਂ ਦੀ ਆਪਸੀ ਗੱਲਬਾਤ ਵੀ ਵੇਚਣ-ਖਰੀਦਣ ਜਾਂ ਪੂੰਜੀ ਦੇ ਘਟਾਉ-ਵਧਾਉ ਦੇ ਇਰਦ-ਗਿਰਦ ਘੁੰਮਦੀ ਹੈ। ਇਸ ਸਾਰੀ ਗੱਲਬਾਤ ਤੋਂ ਬਾਅਦ ਉਨ੍ਹਾਂ ਅੰਦਰਲੀ ਇਕੱਲ ਤੇ ਠੰਢਾਪਣ ਹੋਰ ਵੀ ਵਧ ਜਾਂਦਾ ਹੈ। ਉਹ ਪੂੰਜੀ ਦੇ ਸਰਾਪੇ ਕਿਰਦਾਰ ਹਨ ਤੇ ਜ਼ਿੰਦਗੀ ਤੋਂ ਭਗੌੜੇ ਹੋਣ ਦੀ ਕਗਾਰ ਤੇ ਖੜ੍ਹੇ ਹਨ।

ਅਮਰੀਕਾ ਦਾ ਅਖਬਾਰ 'ਦਿ ਨਿਊ ਯਾਰਕਰ' ਅੰਤੋਨੀਓਨੀ ਦੀਆਂ ਫਿਲਮਾਂ ਬਾਰੇ ਟਿੱਪਣੀ ਕਰਦਿਆਂ ਆਖਦਾ ਹੈ ਕਿ ਇਹ ਨਵ-ਉਦਾਰਵਾਦੀ ਤੇ ਪੂੰਜੀਵਾਦ ਦੇ ਆਧੁਨਿਕ ਦੌਰ ਦਾ ਯਥਾਰਥਕ ਚਿਤਰਨ ਹੈ ਜਿੱਥੇ ਪਦਾਰਥਕ ਹਾਲਾਤ ਬਦਲ ਚੁੱਕੇ ਹਨ ਪਰ ਚੇਤਨਾ ਦਾ ਸਵਾਲ ਜਿਉਂ ਦਾ ਤਿਉਂ ਖੜ੍ਹਾ ਹੈ। ਸਮਾਜਿਕ ਸੋਚ ਸਾਂਝੀਵਾਲਤਾ ਤੋਂ ਨਿੱਜ ਤੱਕ ਸਿਮਟ ਰਹੀ ਹੈ। ਚੀਜ਼ਾਂ ਦੇ ਅਕਸ ਉਨ੍ਹਾਂ ਤੋਂ ਵੱਧ ਮਹਤੱਵਪੂਰਨ ਹੋ ਚੁੱਕੇ ਹਨ। ਬੰਦਾ ਆਪਣੀ ਹੋਂਦ ਤੇ ਪਛਾਣ ਨੂੰ ਲੈ ਕੇ ਡੌਰ-ਭੌਰ ਹੈ।

ਬਹੁਤ ਸਾਰੇ ਆਲੋਚਕਾਂ ਨੇ ਉਸ ਦੀਆਂ ਫਿਲਮਾਂ ਵਿਚ ਜਨ-ਸੰਚਾਰ ਮਾਧਿਅਮਾਂ ਦੀ ਵਰਤੋਂ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਉਹ ਆਪਣੀਆਂ ਫਿਲਮਾਂ ਵਿਚ ਇਨ੍ਹਾਂ ਮਾਧਿਅਮਾਂ ਦੁਆਰਾ ਪਰੋਸੇ ਜਾਂਦੇ ਸਮਾਜਿਕ ਘੜਮੱਸ ਨੂੰ ਵਾਰ-ਵਾਰ ਪਰਦੇ 'ਤੇ ਪੇਸ਼ ਕਰਦਾ ਹੈ, ਕਿਉਂਕਿ ਇਨ੍ਹਾਂ ਦੁਆਰਾ ਸਿਰਜੀ ਤੇ ਪ੍ਰਚਾਰੀ ਜਾ ਰਹੀ ਇਮਾਰਤਸਾਜ਼ੀ, ਸੰਗੀਤ, ਰਹਿਣ-ਸਹਿਣ, ਫੈਸ਼ਨ ਤੇ ਸਿਆਸਤ ਦੇ ਦ੍ਰਿਸ਼ਾਂ ਤੇ ਆਵਾਜ਼ਾਂ ਨੇ ਆਧੁਨਿਕ ਸਮਾਜਾਂ ਦੇ ਮਨੋਵਿਗਿਆਨਕ ਖਲਾਅ ਤੇ ਹੋਂਦ ਨੂੰ ਆਪਣੇ ਕੱਚ-ਘਰੜ ਸੱਚ ਨਾਲ ਭਰਨ ਦੀ ਕੋਸ਼ਿਸ਼ ਕੀਤੀ ਹੈ ਤੇ ਉਸ ਵਿਚ ਸਫਲ ਵੀ ਹੋਏ ਹਨ।





*ਫਿਲਮਸਾਜ਼ ਮਾਈਕਲੇਂਜਲੋ ਅੰਤੋਨੀਓਨੀ ਆਪਣੀਆਂ ਫਿਲਮਾਂ ਦੀ ਅਦਾਕਾਰਾ ਮੋਨਿਕਾ ਵਿਤੀ ਨਾਲ ਵੈਨਿਸ ਵਿਚ। ਇਹ ਤਸਵੀਰ 1962 ਦੀ ਹੈ ਅਤੇ (ਸੱਜੇ) ਪਿਛਲੀ ਉਮਰੇ ਮਾਈਕਲਏਂਜਲੋ ਅੰਤੋਨੀਓਨੀ।*


ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀਆਂ ਫਿਲਮਾਂ ਵਿਚੋਂ ਮੁੱਖ ਰੂਪ ਵਿਚ ਤਿੰਨ ਫਿਲਮਾਂ ਜ਼ਿਆਦਾ ਮਹਤੱਵਪੂਰਨ ਹਨ। ਪਹਿਲੀ ਫਿਲਮ ਹੈ 'ਲਾ ਅਵੈਨਚਰਾ', 'ਲਾ ਨੌਂਟੇ' ਅਤੇ 'ਲਾ ਇਕਲੀਜ਼ੇ'। ਇਸ ਤੋਂ ਬਿਨਾਂ ਅੰਗਰੇਜ਼ੀ ਭਾਸ਼ਾ ਵਿਚ ਉਸ ਦੁਆਰਾ ਨਿਰਦੇਸ਼ਤ ਫਿਲਮਾ 'ਬਲੋਅ-ਅੱਪ' ਅਤੇ 'ਪਸੈਂਜਰ' ਨੂੰ ਆਧੁਨਿਕ ਜੀਵਨ ਸ਼ੈਲੀ 'ਤੇ ਸਖਤ ਟਿੱਪਣੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਆਪਣੀ ਇੱਕ ਫਿਲਮ ਦੇ ਰਿਲੀਜ਼ ਮੌਕੇ ਉਹ ਆਪਣੀਆਂ ਫਿਲਮਾਂ ਬਾਰੇ ਦੱਸਦਾ ਹੈ, "ਇਸ ਵਿਗਿਆਨਕ ਅਤੇ ਤਰਕ ਆਧਾਰਿਤ ਮੰਨੇ ਜਾਂਦੇ ਸਮਾਜਾਂ ਵਿਚ ਵੀ ਅਸੀਂ ਪੁਰਾਣੀ ਅਤੇ ਜੜ੍ਹ ਹੋ ਚੁੱਕੀ ਨੈਤਕਿਤਾ ਨੂੰ ਆਪਣੇ ਆਲਸਪੁਣੇ ਤੇ ਕਾਇਰਤਾ ਕਰ ਕੇ ਲਗਾਤਾਰ ਢੋਅ ਰਹੇ ਹਾਂ। ਅਸੀ ਸਦੀਆਂ ਤੋਂ ਇਸ 'ਤੇ ਬਹਿਸਾਂ ਤੇ ਵਿਚਾਰ-ਵਟਾਂਦਰੇ ਕਰ-ਕਰ ਕੇ ਇਸ ਦੀ ਬਥੇਰੀ ਚੀੜ-ਫਾੜ ਕੀਤੀ ਹੈ। ਅਸੀਂ ਇਨ੍ਹਾਂ ਧਾਰਨਾਵਾਂ ਦਾ ਧੂੰਆਂ ਕੱਢ ਦਿੱਤਾ ਹੈ, ਫਿਰ ਵੀ ਅਸੀਂ ਇਨ੍ਹਾਂ ਦਾ ਖਹਿੜਾ ਨਹੀਂ ਛੱਡ ਰਹੇ। ਅਸੀਂ ਇਨ੍ਹਾਂ ਤੋਂ ਖਹਿੜਾ ਨਹੀਂ ਛੁਡਾ ਰਹੇ ਅਤੇ ਨਵੀਂਆਂ ਕਦਰਾਂ-ਕੀਮਤਾਂ ਘੜਨ ਤੋਂ ਭੱਜ ਰਹੇ ਹਾਂ।"

ਆਪਣੀਆਂ ਫਿਲਮਾਂ ਰਾਹੀਂ ਉਸ ਨੇ ਲਗਾਤਾਰ ਨੈਤਕਿਤਾ ਅਤੇ ਬੁਰਜ਼ੁਆਵਾਦੀ ਕਦਰਾਂ ਨੂੰ ਛਾਂਗਿਆ ਹੈ। ਉਸ ਦੀਆਂ ਫਿਲਮਾਂ ਬਾਰੇ ਟਿੱਪਣੀ ਕਰਦਿਆਂ ਉਘਾ ਚਿੰਤਕ ਰੋਲਾਂ ਬਾਰਤ ਲਿਖਦਾ ਹੈ ਕਿ ਉਸ ਦਾ ਸਿਨੇਮਾ ਅਰਥਾਂ ਦੀ ਥਾਂ ਖਾਲੀ ਥਾਵਾਂ ਰੱਖ ਦਿੰਦਾ ਹੈ ਤੇ ਉਨ੍ਹਾਂ ਬਾਰੇ ਅੰਤਿਮ ਸੱਚ ਜਾਂ ਅੰਤਿਮ ਧਾਰਨਾ ਬਣਾਉਣ ਦੀ ਜ਼ਿੱਦ ਤੋਂ ਬਚਦਾ ਹੈ। ਉਹ ਚੀਜ਼ਾਂ ਅਤੇ ਵਰਤਾਰਿਆਂ ਨੂੰ ਇਤਿਹਾਸਕਾਰ ਜਾਂ ਸਿਆਸੀ ਨੇਤਾ ਜਾਂ ਫਿਰ ਪ੍ਰੰਪਰਾ ਵਾਲੇ ਕਿਸੇ ਆਲੋਚਕ ਵਾਂਗ ਦੇਖਣ ਤੋਂ ਗੁਰੇਜ਼ ਕਰਦਾ ਹੈ। ਉਹ ਨਵੀਂ ਦੁਨੀਆ ਦੀ ਕਲਪਨਾ ਕਰਦਾ ਹੈ, ਉਸੇ ਵਿਚ ਜਿਊਂਦਾ ਹੈ ਤੇ ਦਰਸ਼ਕ ਨੂੰ ਉਸ ਦੁਨੀਆ ਦਾ ਹਿੱਸਾ ਬਣਾਉਣ ਲਈ ਤਾਂਘਦਾ ਹੈ।










*ਖੱਬਿਓਂ: ਮਾਈਕਲਏਂਜਲੋ ਅੰਤੋਨੀਓਨੀ ਦੀਆਂ ਫਿਲਮਾਂ 'ਲਾ ਅਵੈਨਚਰਾ', 'ਲਾ ਨੌਂਟੇ' ਅਤੇ 'ਲਾ ਇਕਲੀਜ਼ੇ' ਦੇ ਪੋਸਟਰ।*

***ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀਆਂ ਫਿਲਮਾਂ ਵਿਚੋਂ ਮੁੱਖ ਰੂਪ ਵਿਚ ਤਿੰਨ ਫਿਲਮਾਂ ਜ਼ਿਆਦਾ ਮਹਤੱਵਪੂਰਨ ਹਨ। ਪਹਿਲੀ ਫਿਲਮ ਹੈ 'ਲਾ ਅਵੈਨਚਰਾ', 'ਲਾ ਨੌਂਟੇ' ਅਤੇ 'ਲਾ ਇਕਲੀਜ਼ੇ'। ਇਸ ਤੋਂ ਬਿਨਾਂ ਅੰਗਰੇਜ਼ੀ ਭਾਸ਼ਾ ਵਿਚ ਉਸ ਦੁਆਰਾ ਨਿਰਦੇਸ਼ਤ ਫਿਲਮਾ 'ਬਲੋਅ-ਅੱਪ' ਅਤੇ 'ਪਸੈਂਜਰ' ਨੂੰ ਆਧੁਨਿਕ ਜੀਵਨ ਸ਼ੈਲੀ 'ਤੇ ਸਖਤ ਟਿੱਪਣੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਆਪਣੀ ਇੱਕ ਫਿਲਮ ਦੇ ਰਿਲੀਜ਼ ਮੌਕੇ ਉਹ ਆਪਣੀਆਂ ਫਿਲਮਾਂ ਬਾਰੇ ਦੱਸਦਾ ਹੈ, "ਇਸ ਵਿਗਿਆਨਕ ਅਤੇ ਤਰਕ ਆਧਾਰਿਤ ਮੰਨੇ ਜਾਂਦੇ ਸਮਾਜਾਂ ਵਿਚ ਵੀ ਅਸੀਂ ਪੁਰਾਣੀ ਅਤੇ ਜੜ੍ਹ ਹੋ ਚੁੱਕੀ ਨੈਤਕਿਤਾ ਨੂੰ ਆਪਣੇ ਆਲਸਪੁਣੇ ਤੇ ਕਾਇਰਤਾ ਕਰ ਕੇ ਲਗਾਤਾਰ ਢੋਅ ਰਹੇ ਹਾਂ। ਅਸੀ ਸਦੀਆਂ ਤੋਂ ਇਸ 'ਤੇ ਬਹਿਸਾਂ ਤੇ ਵਿਚਾਰ-ਵਟਾਂਦਰੇ ਕਰ-ਕਰ ਕੇ ਇਸ ਦੀ ਬਥੇਰੀ ਚੀੜ-ਫਾੜ ਕੀਤੀ ਹੈ। ਅਸੀਂ ਇਨ੍ਹਾਂ ਧਾਰਨਾਵਾਂ ਦਾ ਧੂੰਆਂ ਕੱਢ ਦਿੱਤਾ ਹੈ, ਫਿਰ ਵੀ ਅਸੀਂ ਇਨ੍ਹਾਂ ਦਾ ਖਹਿੜਾ ਨਹੀਂ ਛੱਡ ਰਹੇ। ਅਸੀਂ ਇਨ੍ਹਾਂ ਤੋਂ ਖਹਿੜਾ ਨਹੀਂ ਛੁਡਾ ਰਹੇ ਅਤੇ ਨਵੀਂਆਂ ਕਦਰਾਂ-ਕੀਮਤਾਂ ਘੜਨ ਤੋਂ ਭੱਜ ਰਹੇ ਹਾਂ।"***

# Golden State Realty

## Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 6765 E Sussex Way, Fresno, CA 93727
2. 2555 Elderberry Ave, Tracy, CA 95377
3. 451 Helen Dr, Ripon, CA 95366
4. 23915 Madeiros Ave, Hayward, CA 94541
5. 5132 Jetty Dr, Stockton, CA 95206
6. 288 S 12th St, San Jose, CA 95112
7. 83 Shenado Place, San Jose, CA 95136
8. 273 Granville Ct. San Jose, CA 95139
9. 139 Vivid Lane, Hayward, CA 94544
10. 315 Crest Dr. San Jose, CA 95127
11. 27471 Ponderosa Ct. Hayward, CA 94545
12. 27659 Persimmon Dr. Hayward, CA 94544

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

